ੴ

# Siri Guru Granth Sahib Ji

## Volume 3 of 5

Siri Guru Granth Sahib Ang: 572-858
Volume Pages: 1512-2235

With English translation
by Dr. Sant Singh Khalsa

Edition: 2.5, November 2015
© 2015 SikhNet Inc. and Dr. Sant Singh Khalsa

SikhNet
1A Ram Das Guru Pl.
Espanola, NM, 87532
United States

www.SikhNet.com
support@sikhnet.com

| | |
|---|---|
| ਵਡਹੰਸੁ ਮਹਲਾ ੪ ਛੰਤ | Wadahans, Fourth Mehl, Chhant: |
| ੧ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਮੇਰੈ ਮਨਿ ਮੇਰੈ ਮਨਿ ਸਤਿਗੁਰਿ ਪ੍ਰੀਤਿ ਲਗਾਈ ਰਾਮ ॥ | My mind, my mind - the True Guru has blessed it with the Lord's Love. |
| ਹਰਿ ਹਰਿ ਹਰਿ ਹਰਿ ਨਾਮੁ ਮੇਰੈ ਮੰਨਿ ਵਸਾਈ ਰਾਮ ॥ | He has enshrined the Name of the Lord, Har, Har, Har, Har, within my mind. |
| ਹਰਿ ਹਰਿ ਨਾਮੁ ਮੇਰੈ ਮੰਨਿ ਵਸਾਈ ਸਭਿ ਦੂਖ ਵਿਸਾਰਣਹਾਰਾ ॥ | The Name of the Lord, Har, Har, dwells within my mind; He is the Destroyer of all pain. |
| ਵਡਭਾਗੀ ਗੁਰ ਦਰਸਨੁ ਪਾਇਆ ਧਨੁ ਧਨੁ ਸਤਿਗੁਰੂ ਹਮਾਰਾ ॥ | By great good fortune, I have obtained the Blessed Vision of the Guru's Darshan; blessed, blessed is my True Guru. |
| ਊਠਤ ਬੈਠਤ ਸਤਿਗੁਰੁ ਸੇਵਹ ਜਿਤੁ ਸੇਵਿਐ ਸਾਂਤਿ ਪਾਈ ॥ | While standing up and sitting down, I serve the True Guru; serving Him, I have found peace. |
| ਮੇਰੈ ਮਨਿ ਮੇਰੈ ਮਨਿ ਸਤਿਗੁਰ ਪ੍ਰੀਤਿ ਲਗਾਈ ॥੧॥ | My mind, my mind - the True Guru has blessed it with the Lord's Love. ‖1‖ |
| ਹਉ ਜੀਵਾ ਹਉ ਜੀਵਾ ਸਤਿਗੁਰ ਦੇਖਿ ਸਰਸੇ ਰਾਮ ॥ | I live, I live, and I blossom forth, beholding the True Guru. |
| ਹਰਿ ਨਾਮੋ ਹਰਿ ਨਾਮੁ ਦ੍ਰਿੜਾਏ ਜਪਿ ਹਰਿ ਹਰਿ ਨਾਮੁ ਵਿਗਸੇ ਰਾਮ ॥ | The Name of the Lord, the Name of the Lord, He has implanted within me; chanting the Name of the Lord, Har, Har, I blossom forth. |
| ਜਪਿ ਹਰਿ ਹਰਿ ਨਾਮੁ ਕਮਲ ਪਰਗਾਸੇ ਹਰਿ ਨਾਮੁ ਨਵੰ ਨਿਧਿ ਪਾਈ ॥ | Chanting the Name of the Lord, Har, Har, the heart-lotus blossoms forth, and through the Name of the Lord, I have obtained the nine treasures. |
| ਹਉਮੈ ਰੋਗੁ ਗਇਆ ਦੁਖੁ ਲਾਥਾ ਹਰਿ ਸਹਜਿ ਸਮਾਧਿ ਲਗਾਈ ॥ | The disease of egotism has been eradicated, suffering has been eliminated, and I have entered the Lord's state of celestial Samaadhi. |
| ਹਰਿ ਨਾਮੁ ਵਡਾਈ ਸਤਿਗੁਰ ਤੇ ਪਾਈ ਸੁਖੁ ਸਤਿਗੁਰ ਦੇਵ ਮਨੁ ਪਰਸੇ ॥ | I have obtained the glorious greatness of Name of the Lord from the True Guru; beholding the Divine True Guru, my mind is at peace. |
| ਹਉ ਜੀਵਾ ਹਉ ਜੀਵਾ ਸਤਿਗੁਰ ਦੇਖਿ ਸਰਸੇ ॥੨॥ | I live, I live, and I blossom forth, beholding the True Guru. ‖2‖ |
| ਕੋਈ ਆਣਿ ਕੋਈ ਆਣਿ ਮਿਲਾਵੈ ਮੇਰਾ ਸਤਿਗੁਰੁ ਪੂਰਾ ਰਾਮ ॥ | If only someone would come, if only someone would come, and lead me to meet my Perfect True Guru. |
| ਹਉ ਮਨੁ ਤਨੁ ਹਉ ਮਨੁ ਤਨੁ ਦੇਵਾ ਤਿਸੁ ਕਾਟਿ ਸਰੀਰਾ ਰਾਮ ॥ | My mind and body, my mind and body - I cut my body into pieces, and I dedicate these to Him. |

ਹਉ ਮਨੁ ਤਨੁ ਕਾਟਿ ਕਾਟਿ ਤਿਸੁ
ਦੇਈ ਜੋ ਸਤਿਗੁਰ ਬਚਨ ਸੁਣਾਏ ॥

Cutting my mind and body apart, cutting them into pieces, I offer these to the one, who recites to me the Words of the True Guru.

ਮੇਰੈ ਮਨਿ ਬੈਰਾਗੁ ਭਇਆ ਬੈਰਾਗੀ
ਮਿਲਿ ਗੁਰ ਦਰਸਨਿ ਸੁਖੁ ਪਾਏ ॥

My unattached mind has renounced the world; obtaining the Blessed Vision of the Guru's Darshan, it has found peace.

ਹਰਿ ਹਰਿ ਕ੍ਰਿਪਾ ਕਰਹੁ ਸੁਖਦਾਤੇ
ਦੇਹੁ ਸਤਿਗੁਰ ਚਰਨ ਹਮ ਧੂਰਾ ॥

O Lord, Har, Har, O Giver of Peace, please, grant Your Grace, and bless me with the dust of the feet of the True Guru.

ਕੋਈ ਆਣਿ ਕੋਈ ਆਣਿ ਮਿਲਾਵੈ
ਮੇਰਾ ਸਤਿਗੁਰੁ ਪੂਰਾ ॥੩॥

If only someone would come, if only someone would come, and lead me to meet my Perfect True Guru. ||3||

ਗੁਰ ਜੇਵਡੁ ਗੁਰ ਜੇਵਡੁ ਦਾਤਾ ਮੈ
ਅਵਰੁ ਨ ਕੋਈ ਰਾਮ ॥

A Giver as great as the Guru, as great as the Guru - I cannot see any other.

ਹਰਿ ਦਾਨੋ ਹਰਿ ਦਾਨੁ ਦੇਵੈ ਹਰਿ
ਪੁਰਖੁ ਨਿਰੰਜਨੁ ਸੋਈ ਰਾਮ ॥

He blesses me with the gift of the Lord's Name, the gift of the Lord's Name; He is the Immaculate Lord God.

ਹਰਿ ਹਰਿ ਨਾਮੁ ਜਿਨੀ ਆਰਾਧਿਆ
ਤਿਨ ਕਾ ਦੁਖੁ ਭਰਮੁ ਭਉ ਭਾਗਾ ॥

Those who worship in adoration the Name of the Lord, Har, Har - their pain, doubts and fears are dispelled.

ਸੇਵਕ ਭਾਇ ਮਿਲੇ ਵਡਭਾਗੀ ਜਿਨ
ਗੁਰ ਚਰਨੀ ਮਨੁ ਲਾਗਾ ॥

Through their loving service, those very fortunate ones, whose minds are attached to the Guru's Feet, meet Him.

ਕਹੁ ਨਾਨਕ ਹਰਿ ਆਪਿ ਮਿਲਾਏ
ਮਿਲਿ ਸਤਿਗੁਰ ਪੁਰਖ ਸੁਖੁ ਹੋਈ ॥

Says Nanak, the Lord Himself causes us to meet the Guru; meeting the Almighty True Guru, peace is obtained.

ਗੁਰ ਜੇਵਡੁ ਗੁਰ ਜੇਵਡੁ ਦਾਤਾ ਮੈ
ਅਵਰੁ ਨ ਕੋਈ ॥੪॥੧॥

A Giver as great as the Guru, as great as the Guru - I cannot see any other. ||4||1||

ਵਡਹੰਸੁ ਮਹਲਾ ੪ ॥

Wadahans, Fourth Mehl:

ਹੰਉ ਗੁਰ ਬਿਨੁ ਹੰਉ ਗੁਰ ਬਿਨੁ ਖਰੀ
ਨਿਮਾਣੀ ਰਾਮ ॥

Without the Guru, I am - without the Guru, I am totally dishonored.

ਜਗਜੀਵਨੁ ਜਗਜੀਵਨੁ ਦਾਤਾ ਗੁਰ
ਮੇਲਿ ਸਮਾਣੀ ਰਾਮ ॥

The Life of the World, the Life of the World, the Great Giver has led me to meet and merge with the Guru.

ਸਤਿਗੁਰੁ ਮੇਲਿ ਹਰਿ ਨਾਮਿ
ਸਮਾਣੀ ਜਪਿ ਹਰਿ ਹਰਿ ਨਾਮੁ
ਧਿਆਇਆ ॥

Meeting with the True Guru, I have merged into the Naam, the Name of the Lord. I chant the Name of the Lord, Har, Har, and meditate on it.

ਜਿਸੁ ਕਾਰਣਿ ਹੰਉ ਢੂੰਢਿ ਢੂਢੇਦੀ ਸੋ
ਸਜਣੁ ਹਰਿ ਘਰਿ ਪਾਇਆ ॥

I was seeking and searching for Him, the Lord, my best friend, and I have found Him within the home of my own being.

## ੫੭੩ 573

ਏਕ ਦ੍ਰਿਸਿ ਹਰਿ ਏਕੋ ਜਾਤਾ ਹਰਿ ਆਤਮ ਰਾਮੁ ਪਛਾਣੀ ॥

I see the One Lord, and I know the One Lord; I realize Him within my soul.

ਹੰਉ ਗੁਰ ਬਿਨੁ ਹੰਉ ਗੁਰ ਬਿਨੁ ਖਰੀ ਨਿਮਾਣੀ ॥੧॥

Without the Guru, I am - without the Guru, I am totally dishonored. ||1||

ਜਿਨਾ ਸਤਿਗੁਰੁ ਜਿਨ ਸਤਿਗੁਰੁ ਪਾਇਆ ਤਿਨ ਹਰਿ ਪ੍ਰਭੁ ਮੇਲਿ ਮਿਲਾਏ ਰਾਮ ॥

Those who have found the True Guru, the True Guru, the Lord God unites them in His Union.

ਤਿਨ ਚਰਣ ਤਿਨ ਚਰਣ ਸਰੇਵਹ ਹਮ ਲਾਗਹ ਤਿਨ ਕੈ ਪਾਏ ਰਾਮ ॥

Their feet, their feet, I adore; I fall at their feet.

ਹਰਿ ਹਰਿ ਚਰਣ ਸਰੇਵਹ ਤਿਨ ਕੇ ਜਿਨ ਸਤਿਗੁਰੁ ਪੁਰਖੁ ਪ੍ਰਭੁ ਧਿਆਇਆ ॥

O Lord, Har, Har, I adore the feet of those who meditate on the True Guru, and the Almighty Lord God.

ਤੂ ਵਡਦਾਤਾ ਅੰਤਰਜਾਮੀ ਮੇਰੀ ਸਰਧਾ ਪੂਰਿ ਹਰਿ ਰਾਇਆ ॥

You are the Greatest Giver, the Inner-knower, the Searcher of hearts; please, reward my faith, O Lord King.

ਗੁਰਸਿਖ ਮੇਲਿ ਮੇਰੀ ਸਰਧਾ ਪੂਰੀ ਅਨਦਿਨੁ ਰਾਮ ਗੁਣ ਗਾਏ ॥

Meeting the Gursikh, my faith is rewarded; night and day, I sing the Glorious Praises of the Lord.

ਜਿਨ ਸਤਿਗੁਰੁ ਜਿਨ ਸਤਿਗੁਰੁ ਪਾਇਆ ਤਿਨ ਹਰਿ ਪ੍ਰਭੁ ਮੇਲਿ ਮਿਲਾਏ ॥੨॥

Those who have found the True Guru, the True Guru, the Lord God unites them in His Union. ||2||

ਹੰਉ ਵਾਰੀ ਹੰਉ ਵਾਰੀ ਗੁਰਸਿਖ ਮੀਤ ਪਿਆਰੇ ਰਾਮ ॥

I am a sacrifice, I am a sacrifice to the Gursikhs, my dear friends.

ਹਰਿ ਨਾਮੋ ਹਰਿ ਨਾਮੁ ਸੁਣਾਏ ਮੇਰਾ ਪ੍ਰੀਤਮੁ ਨਾਮੁ ਅਧਾਰੇ ਰਾਮ ॥

They chant the Lord's Name, the Lord's Name; the Beloved Naam, the Name of the Lord, is my only Support.

ਹਰਿ ਹਰਿ ਨਾਮੁ ਮੇਰਾ ਪ੍ਰਾਨ ਸਖਾਈ ਤਿਸੁ ਬਿਨੁ ਘੜੀ ਨਿਮਖ ਨਹੀ ਜੀਵਾਂ ॥

The Name of the Lord, Har, Har, is the companion of my breath of life; without it, I cannot live for an instant or a moment.

ਹਰਿ ਹਰਿ ਕ੍ਰਿਪਾ ਕਰੇ ਸੁਖਦਾਤਾ ਗੁਰਮੁਖਿ ਅੰਮ੍ਰਿਤੁ ਪੀਵਾਂ ॥

The Lord, Har, Har, the Giver of peace, shows His Mercy, and the Gurmukh drinks in the Ambrosial Nectar.

ਹਰਿ ਆਪੇ ਸਰਧਾ ਲਾਇ ਮਿਲਾਏ ਹਰਿ ਆਪੇ ਆਪਿ ਸਵਾਰੇ ॥

The Lord blesses him with faith, and unites him in His Union; He Himself adorns him.

ਹੰਉ ਵਾਰੀ ਹੰਉ ਵਾਰੀ ਗੁਰਸਿਖ ਮੀਤ ਪਿਆਰੇ ॥੩॥

I am a sacrifice, I am a sacrifice to the Gursikhs, my dear friends. ||3||

ਹਰਿ ਆਪੇ ਹਰਿ ਆਪੇ ਪੁਰਖੁ ਨਿਰੰਜਨੁ ਸੋਈ ਰਾਮ ॥

The Lord Himself, the Lord Himself, is the Immaculate Almighty Lord God.

ਹਰਿ ਆਪੇ ਹਰਿ ਆਪੇ ਮੇਲੈ ਕਰੈ ਸੋ ਹੋਈ ਰਾਮ ॥

The Lord Himself, the Lord Himself, unites us with Himself; that which He does, comes to pass.

ਜੋ ਹਰਿ ਪ੍ਰਭ ਭਾਵੈ ਸੋਈ ਹੋਵੈ ਅਵਰੁ ਨ ਕਰਣਾ ਜਾਈ ॥

Whatever is pleasing to the Lord God, that alone comes to pass; nothing else can be done.

ਬਹੁਤੁ ਸਿਆਣਪ ਲਇਆ ਨ ਜਾਈ ਕਰਿ ਥਾਕੇ ਸਭਿ ਚਤੁਰਾਈ ॥

Even by very clever tricks, He cannot be obtained; all have grown weary of practicing cleverness.

ਗੁਰ ਪ੍ਰਸਾਦਿ ਜਨ ਨਾਨਕ ਦੇਖਿਆ ਮੈ ਹਰਿ ਬਿਨੁ ਅਵਰੁ ਨ ਕੋਈ ॥

By Guru's Grace, servant Nanak beholds the Lord; without the Lord, I have no other at all.

ਹਰਿ ਆਪੇ ਹਰਿ ਆਪੇ ਪੁਰਖੁ ਨਿਰੰਜਨੁ ਸੋਈ ॥੪॥੨॥

The Lord Himself, the Lord Himself, is the Immaculate Almighty Lord God. ||4||2||

ਵਡਹੰਸੁ ਮਹਲਾ ੪ ॥

Wadahans, Fourth Mehl:

ਹਰਿ ਸਤਿਗੁਰ ਹਰਿ ਸਤਿਗੁਰ ਮੇਲਿ ਹਰਿ ਸਤਿਗੁਰ ਚਰਣ ਹਮ ਭਾਇਆ ਰਾਮ ॥

The Lord, the True Guru, the Lord, the True Guru - if only I could meet the Lord, the True Guru; His Lotus Feet are so pleasing to me.

ਤਿਮਰ ਅਗਿਆਨੁ ਗਵਾਇਆ ਗੁਰ ਗਿਆਨੁ ਅੰਜਨੁ ਗੁਰਿ ਪਾਇਆ ਰਾਮ ॥

The darkness of my ignorance was dispelled, when the Guru applied the healing ointment of spiritual wisdom to my eyes.

ਗੁਰ ਗਿਆਨ ਅੰਜਨੁ ਸਤਿਗੁਰੂ ਪਾਇਆ ਅਗਿਆਨ ਅੰਧੇਰ ਬਿਨਾਸੇ ॥

The True Guru has applied the healing ointment of spiritual wisdom to my eyes, and the darkness of ignorance has been dispelled.

ਸਤਿਗੁਰ ਸੇਵਿ ਪਰਮ ਪਦੁ ਪਾਇਆ ਹਰਿ ਜਪਿਆ ਸਾਸ ਗਿਰਾਸੇ ॥

Serving the Guru, I have obtained the supreme status; I meditate on the Lord with every breath, and every morsel of food.

ਜਿਨ ਕੰਉ ਹਰਿ ਪ੍ਰਭਿ ਕਿਰਪਾ ਧਾਰੀ ਤੇ ਸਤਿਗੁਰ ਸੇਵਾ ਲਾਇਆ ॥

Those, upon whom the Lord God has bestowed His Grace, are committed to the service of the True Guru.

ਹਰਿ ਸਤਿਗੁਰ ਹਰਿ ਸਤਿਗੁਰ ਮੇਲਿ ਹਰਿ ਸਤਿਗੁਰ ਚਰਣ ਹਮ ਭਾਇਆ ॥੧॥

The Lord, the True Guru, the Lord, the True Guru - if only I could meet the Lord, the True Guru; His Lotus Feet are so pleasing to me. ||1||

ਮੇਰਾ ਸਤਿਗੁਰੁ ਮੇਰਾ ਸਤਿਗੁਰੁ ਪਿਆਰਾ ਮੈ ਗੁਰ ਬਿਨੁ ਰਹਣੁ ਨ ਜਾਈ ਰਾਮ ॥

My True Guru, my True Guru is my Beloved; without the Guru, I cannot live.

| | |
|---|---|
| ਹਰਿ ਨਾਮੋ ਹਰਿ ਨਾਮੁ ਦੇਵੈ ਮੇਰਾ ਅੰਤਿ ਸਖਾਈ ਰਾਮ ॥ | He gives me the Name of the Lord, the Name of the Lord, my only companion in the end. |
| ਹਰਿ ਹਰਿ ਨਾਮੁ ਮੇਰਾ ਅੰਤਿ ਸਖਾਈ ਗੁਰਿ ਸਤਿਗੁਰਿ ਨਾਮੁ ਦ੍ਰਿੜਾਇਆ ॥ | The Name of the Lord, Har, Har, is my only companion in the end; the Guru, the True Guru, has implanted the Naam, the Name of the Lord, within me. |
| ਜਿਥੈ ਪੁਤੁ ਕਲਤ੍ਰੁ ਕੋਈ ਬੇਲੀ ਨਾਹੀ ਤਿਥੈ ਹਰਿ ਹਰਿ ਨਾਮਿ ਛਡਾਇਆ ॥ | There, where neither child nor spouse shall accompany you, the Name of the Lord, Har, Har shall emancipate you. |
| ਧਨੁ ਧਨੁ ਸਤਿਗੁਰੁ ਪੁਰਖੁ ਨਿਰੰਜਨੁ ਜਿਤੁ ਮਿਲਿ ਹਰਿ ਨਾਮੁ ਧਿਆਈ ॥ | Blessed, blessed is the True Guru, the Immaculate, Almighty Lord God; meeting Him, I meditate on the Name of the Lord. |
| ਮੇਰਾ ਸਤਿਗੁਰੁ ਮੇਰਾ ਸਤਿਗੁਰੁ ਪਿਆਰਾ ਮੈ ਗੁਰ ਬਿਨੁ ਰਹਣੁ ਨ ਜਾਈ ॥੨॥ | My True Guru, my True Guru is my Beloved; without the Guru, I cannot live. ‖2‖ |

## ੫੭੪ 574

| | |
|---|---|
| ਜਿਨੀ ਦਰਸਨੁ ਜਿਨੀ ਦਰਸਨੁ ਸਤਿਗੁਰ ਪੁਰਖ ਨ ਪਾਇਆ ਰਾਮ ॥ | Those who have not obtained the Blessed Vision, the Blessed Vision of the Darshan of the True Guru, the Almighty Lord God, |
| ਤਿਨ ਨਿਹਫਲੁ ਤਿਨ ਨਿਹਫਲੁ ਜਨਮੁ ਸਭੁ ਬ੍ਰਿਥਾ ਗਵਾਇਆ ਰਾਮ ॥ | they have fruitlessly, fruitlessly wasted their whole lives in vain. |
| ਨਿਹਫਲੁ ਜਨਮੁ ਤਿਨ ਬ੍ਰਿਥਾ ਗਵਾਇਆ ਤੇ ਸਾਕਤ ਮੁਏ ਮਰਿ ਝੂਰੇ ॥ | They have wasted away their whole lives in vain; those faithless cynics die a regretful death. |
| ਘਰਿ ਹੋਦੈ ਰਤਨਿ ਪਦਾਰਥਿ ਭੂਖੇ ਭਾਗਹੀਣ ਹਰਿ ਦੂਰੇ ॥ | They have the jewel-treasure in their own homes, but still, they are hungry; those unlucky wretches are far away from the Lord. |
| ਹਰਿ ਹਰਿ ਤਿਨ ਕਾ ਦਰਸੁ ਨ ਕਰੀਅਹੁ ਜਿਨੀ ਹਰਿ ਹਰਿ ਨਾਮੁ ਨ ਧਿਆਇਆ ॥ | O Lord, please, let me not see those who do not meditate on the Name of the Lord, Har, Har, |
| ਜਿਨੀ ਦਰਸਨੁ ਜਿਨੀ ਦਰਸਨੁ ਸਤਿਗੁਰ ਪੁਰਖ ਨ ਪਾਇਆ ॥੩॥ | and who have not obtained the Blessed Vision, the Blessed Vision of the Darshan of the True Guru, the Almighty Lord God. ‖3‖ |
| ਹਮ ਚਾਤ੍ਰਿਕ ਹਮ ਚਾਤ੍ਰਿਕ ਦੀਨ ਹਰਿ ਪਾਸਿ ਬੇਨੰਤੀ ਰਾਮ ॥ | I am a song-bird, I am a meek song-bird; I offer my prayer to the Lord. |
| ਗੁਰ ਮਿਲਿ ਗੁਰ ਮੇਲਿ ਮੇਰਾ ਪਿਆਰਾ ਹਮ ਸਤਿਗੁਰ ਕਰਹ ਭਗਤੀ ਰਾਮ ॥ | If only I could meet the Guru, meet the Guru, O my Beloved; I dedicate myself to the devotional worship of the True Guru. |

ਹਰਿ ਹਰਿ ਸਤਿਗੁਰ ਕਰਹ ਭਗਤੀ ਜਾਂ ਹਰਿ ਪ੍ਰਭੁ ਕਿਰਪਾ ਧਾਰੇ ॥

I worship the Lord, Har, Har, and the True Guru; the Lord God has granted His Grace.

ਮੈ ਗੁਰ ਬਿਨੁ ਅਵਰੁ ਨ ਕੋਈ ਬੇਲੀ ਗੁਰੁ ਸਤਿਗੁਰੁ ਪ੍ਰਾਣ ਹਮ੍ਾਰੇ ॥

Without the Guru, I have no other friend. The Guru, the True Guru, is my very breath of life.

ਕਹੁ ਨਾਨਕ ਗੁਰਿ ਨਾਮੁ ਦ੍ਰਿੜ੍ਹਾਇਆ ਹਰਿ ਹਰਿ ਨਾਮੁ ਹਰਿ ਸਤੀ ॥

Says Nanak, the Guru has implanted the Naam within me; the Name of the Lord, Har, Har, the True Name.

ਹਮ ਚਾਤ੍ਰਿਕ ਹਮ ਚਾਤ੍ਰਿਕ ਦੀਨ ਹਰਿ ਪਾਸਿ ਬੇਨੰਤੀ ॥੪॥੩॥

I am a song-bird, I am a meek song-bird; I offer my prayer to the Lord. ||4||3||

ਵਡਹੰਸੁ ਮਹਲਾ ੪ ॥

Wadahans, Fourth Mehl:

ਹਰਿ ਕਿਰਪਾ ਹਰਿ ਕਿਰਪਾ ਕਰਿ ਸਤਿਗੁਰੁ ਮੇਲਿ ਸੁਖਦਾਤਾ ਰਾਮ ॥

O Lord, show Your Mercy, show Your Mercy, and let me meet the True Guru, the Giver of peace.

ਹਮ ਪੂਛਹ ਹਮ ਪੂਛਹ ਸਤਿਗੁਰ ਪਾਸਿ ਹਰਿ ਬਾਤਾ ਰਾਮ ॥

I go and ask, I go and ask from the True Guru, about the sermon of the Lord.

ਸਤਿਗੁਰ ਪਾਸਿ ਹਰਿ ਬਾਤ ਪੂਛਹ ਜਿਨਿ ਨਾਮੁ ਪਦਾਰਥੁ ਪਾਇਆ ॥

I ask about the sermon of the Lord from the True Guru, who has obtained the treasure of the Naam.

ਪਾਇ ਲਗਹ ਨਿਤ ਕਰਹ ਬਿਨੰਤੀ ਗੁਰਿ ਸਤਿਗੁਰਿ ਪੰਥੁ ਬਤਾਇਆ ॥

I bow at His Feet constantly, and pray to Him; the Guru, the True Guru, has shown me the Way.

ਸੋਈ ਭਗਤੁ ਦੁਖੁ ਸੁਖੁ ਸਮਤੁ ਕਰਿ ਜਾਣੈ ਹਰਿ ਹਰਿ ਨਾਮਿ ਹਰਿ ਰਾਤਾ ॥

He alone is a devotee, who looks alike upon pleasure and pain; he is imbued with the Name of the Lord, Har, Har.

ਹਰਿ ਕਿਰਪਾ ਹਰਿ ਕਿਰਪਾ ਕਰਿ ਗੁਰੁ ਸਤਿਗੁਰੁ ਮੇਲਿ ਸੁਖਦਾਤਾ ॥੧॥

O Lord, show Your Mercy, show Your Mercy, and let me meet the True Guru, the Giver of peace. ||1||

ਸੁਣਿ ਗੁਰਮੁਖਿ ਸੁਣਿ ਗੁਰਮੁਖਿ ਨਾਮਿ ਸਭਿ ਬਿਨਸੇ ਹੰਉਮੈ ਪਾਪਾ ਰਾਮ ॥

Listen as Gurmukh, listen as Gurmukh, to the Naam, the Name of the Lord; all egotism and sins are eradicated.

ਜਪਿ ਹਰਿ ਹਰਿ ਜਪਿ ਹਰਿ ਹਰਿ ਨਾਮੁ ਲਥਿਅੜੇ ਜਗਿ ਤਾਪਾ ਰਾਮ ॥

Chanting the Name of the Lord, Har, Har, chanting the Name of the Lord, Har, Har, the troubles of the world vanish.

ਹਰਿ ਹਰਿ ਨਾਮੁ ਜਿਨੀ ਆਰਾਧਿਆ ਤਿਨ ਕੇ ਦੁਖ ਪਾਪ ਨਿਵਾਰੇ ॥

Those who contemplate the Name of the Lord, Har, Har, are rid of their suffering and sins.

ਸਤਿਗੁਰਿ ਗਿਆਨ ਖੜਗੁ ਹਥਿ ਦੀਨਾ ਜਮਕੰਕਰ ਮਾਰਿ ਬਿਦਾਰੇ ॥

The True Guru has placed the sword of spiritual wisdom in my hands; I have overcome and slain the Messenger of Death.

| | |
|---|---|
| ਹਰਿ ਪ੍ਰਭਿ ਕ੍ਰਿਪਾ ਧਾਰੀ ਸੁਖਦਾਤੇ ਦੁਖ ਲਾਥੇ ਪਾਪ ਸੰਤਾਪਾ ॥ | The Lord God, the Giver of peace, has granted His Grace, and I am rid of pain, sin and disease. |
| ਸੁਣਿ ਗੁਰਮੁਖਿ ਸੁਣਿ ਗੁਰਮੁਖਿ ਨਾਮੁ ਸਭਿ ਬਿਨਸੇ ਹੰਉਮੈ ਪਾਪਾ ॥੨॥ | Listen as Gurmukh, listen as Gurmukh, to the Naam, the Name of the Lord; all egotism and sins are eradicated. \|\|2\|\| |
| ਜਪਿ ਹਰਿ ਹਰਿ ਜਪਿ ਹਰਿ ਹਰਿ ਨਾਮੁ ਮੇਰੈ ਮਨਿ ਭਾਇਆ ਰਾਮ ॥ | Chanting the Name of the Lord, Har, Har, chanting the Name of the Lord, Har, Har, is so pleasing to my mind. |
| ਮੁਖਿ ਗੁਰਮੁਖਿ ਮੁਖਿ ਗੁਰਮੁਖਿ ਜਪਿ ਸਭਿ ਰੋਗ ਗਵਾਇਆ ਰਾਮ ॥ | Speaking as Gurmukh, speaking as Gurmukh, chanting the Naam, all disease is eradicated. |
| ਗੁਰਮੁਖਿ ਜਪਿ ਸਭਿ ਰੋਗ ਗਵਾਇਆ ਅਰੋਗਤ ਭਏ ਸਰੀਰਾ ॥ | As Gurmukh, chanting the Naam, all disease is eradicated, and the body becomes free of disease. |
| ਅਨਦਿਨੁ ਸਹਜ ਸਮਾਧਿ ਹਰਿ ਲਾਗੀ ਹਰਿ ਜਪਿਆ ਗਹਿਰ ਗੰਭੀਰਾ ॥ | Night and day, one remains absorbed in the Perfect Poise of Samaadhi; meditate on the Name of the Lord, the inaccessible and unfathomable Lord. |
| ਜਾਤਿ ਅਜਾਤਿ ਨਾਮੁ ਜਿਨ ਧਿਆਇਆ ਤਿਨ ਪਰਮ ਪਦਾਰਥੁ ਪਾਇਆ ॥ | Whether of high or low social status, one who meditates on the Naam obtains the supreme treasure. |
| ਜਪਿ ਹਰਿ ਹਰਿ ਜਪਿ ਹਰਿ ਹਰਿ ਨਾਮੁ ਮੇਰੈ ਮਨਿ ਭਾਇਆ ॥੩॥ | Chanting the Name of the Lord, Har, Har, chanting the Name of the Lord, Har, Har, is pleasing to my mind. \|\|3\|\| |
| **੫੭੫** | **575** |
| ਹਰਿ ਧਾਰਹੁ ਹਰਿ ਧਾਰਹੁ ਕਿਰਪਾ ਕਰਿ ਕਿਰਪਾ ਲੇਹੁ ਉਬਾਰੇ ਰਾਮ ॥ | Grant Your Grace, grant Your Grace, O Lord, and save me. |
| ਹਮ ਪਾਪੀ ਹਮ ਪਾਪੀ ਨਿਰਗੁਣ ਦੀਨ ਤੁਮ੍ਾਰੇ ਰਾਮ ॥ | I am a sinner, I am a worthless sinner, I am meek, but I am Yours, O Lord. |
| ਹਮ ਪਾਪੀ ਨਿਰਗੁਣ ਦੀਨ ਤੁਮ੍ਾਰੇ ਹਰਿ ਦੈਆਲ ਸਰਣਾਇਆ ॥ | I am a worthless sinner, and I am meek, but I am Yours; I seek Your Sanctuary, O Merciful Lord. |
| ਤੂ ਦੁਖ ਭੰਜਨੁ ਸਰਬ ਸੁਖਦਾਤਾ ਹਮ ਪਾਥਰ ਤਰੇ ਤਰਾਇਆ ॥ | You are the Destroyer of pain, the Giver of absolute peace; I am a stone - carry me across and save me. |
| ਸਤਿਗੁਰ ਭੇਟਿ ਰਾਮ ਰਸੁ ਪਾਇਆ ਜਨ ਨਾਨਕ ਨਾਮਿ ਉਧਾਰੇ ॥ | Meeting the True Guru, servant Nanak has obtained the subtle essence of the Lord; through the Naam, the Name of the Lord, he is saved. |
| ਹਰਿ ਧਾਰਹੁ ਹਰਿ ਧਾਰਹੁ ਕਿਰਪਾ ਕਰਿ ਕਿਰਪਾ ਲੇਹੁ ਉਬਾਰੇ ਰਾਮ ॥੪॥੪॥ | Grant Your Grace, grant Your Grace, Lord, and save me. \|\|4\|\|4\|\| |

| | |
|---|---|
| ਵਡਹੰਸੁ ਮਹਲਾ ੪ ਘੋੜੀਆ | Wadahans, Fourth Mehl, Ghorees ~ The Wedding Procession Songs: |
| ੧ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਦੇਹ ਤੇਜਣਿ ਜੀ ਰਾਮਿ ਉਪਾਈਆ ਰਾਮ ॥ | This body-horse was created by the Lord. |
| ਧੰਨੁ ਮਾਣਸ ਜਨਮੁ ਪੁੰਨਿ ਪਾਈਆ ਰਾਮ ॥ | Blessed is human life, which is obtained by virtuous actions. |
| ਮਾਣਸ ਜਨਮੁ ਵਡ ਪੁੰਨੇ ਪਾਇਆ ਦੇਹ ਸੁ ਕੰਚਨ ਚੰਗੜੀਆ ॥ | Human life is obtained only by the most virtuous actions; this body is radiant and golden. |
| ਗੁਰਮੁਖਿ ਰੰਗੁ ਚਲੂਲਾ ਪਾਵੈ ਹਰਿ ਹਰਿ ਹਰਿ ਨਵ ਰੰਗੜੀਆ ॥ | The Gurmukh is imbued with the deep red color of the poppy; he is imbued with the new color of the Lord's Name, Har, Har, Har. |
| ਏਹ ਦੇਹ ਸੁ ਬਾਂਕੀ ਜਿਤੁ ਹਰਿ ਜਾਪੀ ਹਰਿ ਹਰਿ ਨਾਮਿ ਸੁਹਾਵੀਆ ॥ | This body is so very beautiful; it chants the Name of the Lord, and it is adorned with the Name of the Lord, Har, Har. |
| ਵਡਭਾਗੀ ਪਾਈ ਨਾਮੁ ਸਖਾਈ ਜਨ ਨਾਨਕ ਰਾਮਿ ਉਪਾਈਆ ॥੧॥ | By great good fortune, the body is obtained; the Naam, the Name of the Lord, is its companion; O servant Nanak, the Lord has created it. ‖1‖ |
| ਦੇਹ ਪਾਵਉ ਜੀਨੁ ਬੁਝਿ ਚੰਗਾ ਰਾਮ ॥ | I place the saddle on the body-horse, the saddle of realization of the Good Lord. |
| ਚੜਿ ਲੰਘਾ ਜੀ ਬਿਖਮੁ ਭੁਇਅੰਗਾ ਰਾਮ ॥ | Riding this horse, I cross over the terrifying world-ocean. |
| ਬਿਖਮੁ ਭੁਇਅੰਗਾ ਅਨਤ ਤਰੰਗਾ ਗੁਰਮੁਖਿ ਪਾਰਿ ਲੰਘਾਏ ॥ | The terrifying world-ocean is rocked by countless waves, but the Gurmukh is carried across. |
| ਹਰਿ ਬੋਹਿਥਿ ਚੜਿ ਵਡਭਾਗੀ ਲੰਘੈ ਗੁਰੁ ਖੇਵਟੁ ਸਬਦਿ ਤਰਾਏ ॥ | Embarking upon the boat of the Lord, the very fortunate ones cross over; the Guru, the Boatman, carries them across through the Word of the Shabad. |
| ਅਨਦਿਨੁ ਹਰਿ ਰੰਗਿ ਹਰਿ ਗੁਣ ਗਾਵੈ ਹਰਿ ਰੰਗੀ ਹਰਿ ਰੰਗਾ ॥ | Night and day, imbued with the Lord's Love, singing the Glorious Praises of the Lord, the Lord's lover loves the Lord. |
| ਜਨ ਨਾਨਕ ਨਿਰਬਾਣ ਪਦੁ ਪਾਇਆ ਹਰਿ ਉਤਮੁ ਹਰਿ ਪਦੁ ਚੰਗਾ ॥੨॥ | Servant Nanak has obtained the state of Nirvaanaa, the state of ultimate goodness, the state of the Lord. ‖2‖ |
| ਕੜੀਆਲੁ ਮੁਖੇ ਗੁਰਿ ਗਿਆਨੁ ਦ੍ਰਿੜਾਇਆ ਰਾਮ ॥ | For a bridle in my mouth, the Guru has implanted spiritual wisdom within me. |
| ਤਨਿ ਪ੍ਰੇਮੁ ਹਰਿ ਚਾਬਕੁ ਲਾਇਆ ਰਾਮ ॥ | He has applied the whip of the Lord's Love to my body. |

| | |
|---|---|
| ਤਨਿ ਪ੍ਰੇਮੁ ਹਰਿ ਹਰਿ ਲਾਇ ਚਾਬਕੁ ਮਨੁ ਜਿਣੈ ਗੁਰਮੁਖਿ ਜੀਤਿਆ ॥ | Applying the whip of the Lord's Love to his body, the Gurmukh conquers his mind, and wins the battle of life. |
| ਅਘੜੋ ਘੜਾਵੈ ਸਬਦੁ ਪਾਵੈ ਅਪਿਉ ਹਰਿ ਰਸੁ ਪੀਤਿਆ ॥ | He trains his untrained mind with the Word of the Shabad, and drinks in the rejuvenating essence of the Lord's Nectar. |
| ਸੁਣਿ ਸ੍ਰਵਣ ਬਾਣੀ ਗੁਰਿ ਵਖਾਣੀ ਹਰਿ ਰੰਗੁ ਤੁਰੀ ਚੜਾਇਆ ॥ | Listen with your ears to the Word, uttered by the Guru, and attune your body-horse to the Lord's Love. |
| ਮਹਾ ਮਾਰਗੁ ਪੰਥੁ ਬਿਖੜਾ ਜਨ ਨਾਨਕ ਪਾਰਿ ਲੰਘਾਇਆ ॥੩॥ | Servant Nanak has crossed over the long and treacherous path. ‖3‖ |
| ਘੋੜੀ ਤੇਜਣਿ ਦੇਹ ਰਾਮਿ ਉਪਾਈਆ ਰਾਮ ॥ | The transitory body-horse was created by the Lord. |
| ਜਿਤੁ ਹਰਿ ਪ੍ਰਭੁ ਜਾਪੈ ਸਾ ਧਨੁ ਧੰਨੁ ਤੁਖਾਈਆ ਰਾਮ ॥ | Blessed, blessed is that body-horse which meditates on the Lord God. |
| ਜਿਤੁ ਹਰਿ ਪ੍ਰਭੁ ਜਾਪੈ ਸਾ ਧੰਨੁ ਸਾਬਾਸੈ ਧੁਰਿ ਪਾਇਆ ਕਿਰਤੁ ਜੁੜੰਦਾ ॥ | Blessed and acclaimed is that body-horse which meditates on the Lord God; it is obtained by the merits of past actions. |
| ਚੜਿ ਦੇਹੜਿ ਘੋੜੀ ਬਿਖਮੁ ਲਘਾਏ ਮਿਲੁ ਗੁਰਮੁਖਿ ਪਰਮਾਨੰਦਾ ॥ | Riding the body-horse, one crosses over the terrifying world ocean; the Gurmukh meets the Lord, the embodiment of supreme bliss. |
| ਹਰਿ ਹਰਿ ਕਾਜੁ ਰਚਾਇਆ ਪੂਰੈ ਮਿਲਿ ਸੰਤ ਜਨਾ ਜੰਞ ਆਈ ॥ | The Lord, Har, Har, has perfectly arranged this wedding; the Saints have come together as a marriage party. |
| ਜਨ ਨਾਨਕ ਹਰਿ ਵਰੁ ਪਾਇਆ ਮੰਗਲੁ ਮਿਲਿ ਸੰਤ ਜਨਾ ਵਾਧਾਈ ॥੪॥੧॥੫॥ | Servant Nanak has obtained the Lord as his Spouse; joining together, the Saints sing the songs of joy and congratulations. ‖4‖1‖5‖ |
| ਵਡਹੰਸੁ ਮਹਲਾ ੪ ॥ | Wadahans, Fourth Mehl: |
| ਦੇਹ ਤੇਜਨੜੀ ਹਰਿ ਨਵ ਰੰਗੀਆ ਰਾਮ ॥ | The body is the Lord's horse; the Lord imbues it with the fresh and new color. |
| ਗੁਰ ਗਿਆਨੁ ਗੁਰੂ ਹਰਿ ਮੰਗੀਆ ਰਾਮ ॥ | From the Guru, I ask for the Lord's spiritual wisdom. |
| **੫੭੬** | **576** |
| ਗਿਆਨ ਮੰਗੀ ਹਰਿ ਕਥਾ ਚੰਗੀ ਹਰਿ ਨਾਮੁ ਗਤਿ ਮਿਤਿ ਜਾਣੀਆ ॥ | I ask for the Lord's spiritual wisdom, and the Lord's sublime sermon; through the Name of the Lord, I have come to know His value and His state. |

| | |
|---|---|
| ਸਭੁ ਜਨਮੁ ਸਫਲਿਉ ਕੀਆ ਕਰਤੈ ਹਰਿ ਰਾਮ ਨਾਮਿ ਵਖਾਣੀਆ ॥ | The Creator has made my life totally fruitful; I chant the Name of the Lord. |
| ਹਰਿ ਰਾਮ ਨਾਮੁ ਸਲਾਹਿ ਹਰਿ ਪ੍ਰਭ ਹਰਿ ਭਗਤਿ ਹਰਿ ਜਨ ਮੰਗੀਆ ॥ | The Lord's humble servant begs for the Lord's Name, for the Lord's Praises, and for devotional worship of the Lord God. |
| ਜਨੁ ਕਹੈ ਨਾਨਕੁ ਸੁਣਹੁ ਸੰਤਹੁ ਹਰਿ ਭਗਤਿ ਗੋਵਿੰਦ ਚੰਗੀਆ ॥੧॥ | Says servant Nanak, listen, O Saints: devotional worship of the Lord, the Lord of the Universe, is sublime and good. ‖1‖ |
| ਦੇਹ ਕੰਚਨ ਜੀਨੁ ਸੁਵਿਨਾ ਰਾਮ ॥ | The golden body is saddled with the saddle of gold. |
| ਜੜਿ ਹਰਿ ਹਰਿ ਨਾਮੁ ਰਤੰਨਾ ਰਾਮ ॥ | It is adorned with the jewel of the Name of the Lord, Har, Har. |
| ਜੜਿ ਨਾਮ ਰਤਨੁ ਗੋਵਿੰਦ ਪਾਇਆ ਹਰਿ ਮਿਲੇ ਹਰਿ ਗੁਣ ਸੁਖ ਘਣੇ ॥ | Adorned with the jewel of the Naam, one obtains the Lord of the Universe; he meets the Lord, sings the Glorious Praises of the Lord, and obtains all sorts of comforts. |
| ਗੁਰ ਸਬਦੁ ਪਾਇਆ ਹਰਿ ਨਾਮੁ ਧਿਆਇਆ ਵਡਭਾਗੀ ਹਰਿ ਰੰਗ ਹਰਿ ਬਣੇ ॥ | He obtains the Word of the Guru's Shabad, and he meditates on the Name of the Lord; by great good fortune, he assumes the color of the Lord's Love. |
| ਹਰਿ ਮਿਲੇ ਸੁਆਮੀ ਅੰਤਰਜਾਮੀ ਹਰਿ ਨਵਤਨ ਹਰਿ ਨਵ ਰੰਗੀਆ ॥ | He meets his Lord and Master, the Inner-knower, the Searcher of hearts; His body is ever-new, and His color is ever-fresh. |
| ਨਾਨਕੁ ਵਖਾਣੈ ਨਾਮੁ ਜਾਣੈ ਹਰਿ ਨਾਮੁ ਹਰਿ ਪ੍ਰਭ ਮੰਗੀਆ ॥੨॥ | Nanak chants and realizes the Naam; he begs for the Name of the Lord, the Lord God. ‖2‖ |
| ਕੜੀਆਲੁ ਮੁਖੇ ਗੁਰਿ ਅੰਕਸੁ ਪਾਇਆ ਰਾਮ ॥ | The Guru has placed the reins in the mouth of the body-horse. |
| ਮਨੁ ਮੈਗਲੁ ਗੁਰ ਸਬਦਿ ਵਸਿ ਆਇਆ ਰਾਮ ॥ | The mind-elephant is overpowered by the Word of the Guru's Shabad. |
| ਮਨੁ ਵਸਗਤਿ ਆਇਆ ਪਰਮ ਪਦੁ ਪਾਇਆ ਸਾ ਧਨ ਕੰਤਿ ਪਿਆਰੀ ॥ | The bride obtains the supreme status, as her mind is brought under control; she is the beloved of her Husband Lord. |
| ਅੰਤਰਿ ਪ੍ਰੇਮੁ ਲਗਾ ਹਰਿ ਸੇਤੀ ਘਰਿ ਸੋਹੈ ਹਰਿ ਪ੍ਰਭ ਨਾਰੀ ॥ | Deep within her inner self, she is in love with her Lord; in His home, she is beautiful - she is the bride of her Lord God. |
| ਹਰਿ ਰੰਗਿ ਰਾਤੀ ਸਹਜੇ ਮਾਤੀ ਹਰਿ ਪ੍ਰਭੁ ਹਰਿ ਹਰਿ ਪਾਇਆ ॥ | Imbued with the Lord's Love, she is intuitively absorbed in bliss; she obtains the Lord God, Har, Har. |
| ਨਾਨਕ ਜਨੁ ਹਰਿ ਦਾਸੁ ਕਹਤੁ ਹੈ ਵਡਭਾਗੀ ਹਰਿ ਹਰਿ ਧਿਆਇਆ ॥੩॥ | Servant Nanak, the Lord's slave, says that only the very fortunate meditate on the Lord, Har, Har. ‖3‖ |

| | |
|---|---|
| ਦੇਹ ਘੋੜੀ ਜੀ ਜਿਤੁ ਹਰਿ ਪਾਇਆ ਰਾਮ ॥ | The body is the horse, upon which one rides to the Lord. |
| ਮਿਲਿ ਸਤਿਗੁਰ ਜੀ ਮੰਗਲੁ ਗਾਇਆ ਰਾਮ ॥ | Meeting with the True Guru, one sings the songs of joy. |
| ਹਰਿ ਗਾਇ ਮੰਗਲੁ ਰਾਮ ਨਾਮਾ ਹਰਿ ਸੇਵ ਸੇਵਕ ਸੇਵਕੀ ॥ | Sing the songs of joy to the Lord, serve the Name of the Lord, and become the servant of His servants. |
| ਪ੍ਰਭ ਜਾਇ ਪਾਵੈ ਰੰਗ ਮਹਲੀ ਹਰਿ ਰੰਗੁ ਮਾਣੈ ਰੰਗ ਕੀ ॥ | You shall go and enter the Mansion of the Beloved Lord's Presence, and lovingly enjoy His Love. |
| ਗੁਣ ਰਾਮ ਗਾਏ ਮਨਿ ਸੁਭਾਏ ਹਰਿ ਗੁਰਮਤੀ ਮਨਿ ਧਿਆਇਆ ॥ | I sing the Glorious Praises of the Lord, so pleasing to my mind; following the Guru's Teachings, I meditate on the Lord within my mind. |
| ਜਨ ਨਾਨਕ ਹਰਿ ਕਿਰਪਾ ਧਾਰੀ ਦੇਹ ਘੋੜੀ ਚੜਿ ਹਰਿ ਪਾਇਆ ॥੪॥੨॥੬॥ | The Lord has showered His Mercy upon servant Nanak; mounting the body-horse, he has found the Lord. \|\|4\|\|2\|\|6\|\| |

ਰਾਗੁ ਵਡਹੰਸੁ ਮਹਲਾ ੫ ਛੰਤ ਘਰੁ ੪

Raag Wadahans, Fifth Mehl, Chhant, Fourth House:

ੴ ਸਤਿਗੁਰ ਪ੍ਰਸਾਦਿ ॥

One Universal Creator God. By The Grace Of The True Guru:

| | |
|---|---|
| ਗੁਰ ਮਿਲਿ ਲਧਾ ਜੀ ਰਾਮੁ ਪਿਆਰਾ ਰਾਮ ॥ | Meeting with the Guru, I have found my Beloved Lord God. |
| ਇਹੁ ਤਨੁ ਮਨੁ ਦਿਤੜਾ ਵਾਰੋ ਵਾਰਾ ਰਾਮ ॥ | I have made this body and mind a sacrifice, a sacrificial offering to my Lord. |
| ਤਨੁ ਮਨੁ ਦਿਤਾ ਭਵਜਲੁ ਜਿਤਾ ਚੂਕੀ ਕਾਂਣਿ ਜਮਾਣੀ ॥ | Dedicating my body and mind, I have crossed over the terrifying world-ocean, and shaken off the fear of death. |
| ਅਸਥਿਰੁ ਥੀਆ ਅੰਮ੍ਰਿਤੁ ਪੀਆ ਰਹਿਆ ਆਵਣ ਜਾਣੀ ॥ | Drinking in the Ambrosial Nectar, I have become immortal; my comings and goings have ceased. |
| ਸੋ ਘਰੁ ਲਧਾ ਸਹਜਿ ਸਮਧਾ ਹਰਿ ਕਾ ਨਾਮੁ ਅਧਾਰਾ ॥ | I have found that home, of celestial Samaadhi; the Name of the Lord is my only Support. |
| ਕਹੁ ਨਾਨਕ ਸੁਖਿ ਮਾਣੇ ਰਲੀਆਂ ਗੁਰ ਪੂਰੇ ਕੰਉ ਨਮਸਕਾਰਾ ॥੧॥ | Says Nanak, I enjoy peace and pleasure; I bow in reverence to the Perfect Guru. \|\|1\|\| |
| ਸੁਣਿ ਸਜਣ ਜੀ ਮੈਡੜੇ ਮੀਤਾ ਰਾਮ ॥ | Listen, O my friend and companion |
| ਗੁਰਿ ਮੰਤ੍ਰੁ ਸਬਦੁ ਸਚੁ ਦੀਤਾ ਰਾਮ ॥ | - the Guru has given the Mantra of the Shabad, the True Word of God. |

| | |
|---|---|
| ਸਚੁ ਸਬਦੁ ਧਿਆਇਆ ਮੰਗਲੁ ਗਾਇਆ ਚੂਕੇ ਮਨਹੁ ਅਦੇਸਾ ॥ | Meditating on this True Shabad, I sing the songs of joy, and my mind is rid of anxiety. |
| ਸੋ ਪ੍ਰਭੁ ਪਾਇਆ ਕਤਹਿ ਨ ਜਾਇਆ ਸਦਾ ਸਦਾ ਸੰਗਿ ਬੈਸਾ ॥ | I have found God, who never leaves; forever and ever, He sits with me. |
| ਪ੍ਰਭ ਜੀ ਭਾਣਾ ਸਚਾ ਮਾਣਾ ਪ੍ਰਭਿ ਹਰਿ ਧਨੁ ਸਹਜੇ ਦੀਤਾ ॥ | One who is pleasing to God receives true honor. The Lord God blesses him with wealth. |

## ੫੭੭ 577

| | |
|---|---|
| ਕਹੁ ਨਾਨਕ ਤਿਸੁ ਜਨ ਬਲਿਹਾਰੀ ਤੇਰਾ ਦਾਨੁ ਸਭਨੀ ਹੈ ਲੀਤਾ ॥੨॥ | Says Nanak, I am a sacrifice to such a humble being. O Lord, You bless all with Your bountiful blessings. ‖2‖ |
| ਤਉ ਭਾਣਾ ਤਾਂ ਤ੍ਰਿਪਤਿ ਅਘਾਏ ਰਾਮ ॥ | When it pleases You, then I am satisfied and satiated. |
| ਮਨੁ ਥੀਆ ਠੰਢਾ ਸਭ ਤ੍ਰਿਸਨ ਬੁਝਾਏ ਰਾਮ ॥ | My mind is soothed and calmed, and all my thirst is quenched. |
| ਮਨੁ ਥੀਆ ਠੰਢਾ ਚੂਕੀ ਡੰਝਾ ਪਾਇਆ ਬਹੁਤੁ ਖਜਾਨਾ ॥ | My mind is soothed and calmed, the burning has ceased, and I have found so many treasures. |
| ਸਿਖ ਸੇਵਕ ਸਭਿ ਭੁੰਚਣ ਲਗੇ ਹੰਉ ਸਤਗੁਰ ਕੈ ਕੁਰਬਾਨਾ ॥ | All the Sikhs and servants partake of them; I am a sacrifice to my True Guru. |
| ਨਿਰਭਉ ਭਏ ਖਸਮ ਰੰਗਿ ਰਾਤੇ ਜਮ ਕੀ ਤ੍ਰਾਸ ਬੁਝਾਏ ॥ | I have become fearless, imbued with the Love of my Lord Master, and I have shaken off the fear of death. |
| ਨਾਨਕ ਦਾਸੁ ਸਦਾ ਸੰਗਿ ਸੇਵਕੁ ਤੇਰੀ ਭਗਤਿ ਕਰੰਉ ਲਿਵ ਲਾਏ ॥੩॥ | Slave Nanak, Your humble servant, lovingly embraces Your meditation; O Lord, be with me always. ‖3‖ |
| ਪੂਰੀ ਆਸਾ ਜੀ ਮਨਸਾ ਮੇਰੇ ਰਾਮ ॥ | My hopes and desires have been fulfilled, O my Lord. |
| ਮੋਹਿ ਨਿਰਗੁਣ ਜੀਉ ਸਭਿ ਗੁਣ ਤੇਰੇ ਰਾਮ ॥ | I am worthless, without virtue; all virtues are Yours, O Lord. |
| ਸਭਿ ਗੁਣ ਤੇਰੇ ਠਾਕੁਰ ਮੇਰੇ ਕਿਤੁ ਮੁਖਿ ਤੁਧੁ ਸਾਲਾਹੀ ॥ | All virtues are Yours, O my Lord and Master; with what mouth should I praise You? |
| ਗੁਣੁ ਅਵਗੁਣੁ ਮੇਰਾ ਕਿਛੁ ਨ ਬੀਚਾਰਿਆ ਬਖਸਿ ਲੀਆ ਖਿਨ ਮਾਹੀ ॥ | You did not consider my merits and demerits; you forgave me in an instant. |
| ਨਉ ਨਿਧਿ ਪਾਈ ਵਜੀ ਵਾਧਾਈ ਵਾਜੇ ਅਨਹਦ ਤੂਰੇ ॥ | I have obtained the nine treasures, congratulations are pouring in, and the unstruck melody resounds. |

| | |
|---|---|
| ਕਹੁ ਨਾਨਕ ਮੈ ਵਰੁ ਘਰਿ ਪਾਇਆ ਮੇਰੇ ਲਾਥੇ ਜੀ ਸਗਲ ਵਿਸੂਰੇ ॥੪॥੧॥ | Says Nanak, I have found my Husband Lord within my own home, and all my anxiety is forgotten. ‖4‖1‖ |
| ਸਲੋਕੁ ॥ | Shalok: |
| ਕਿਆ ਸੁਣੇਦੋ ਕੂੜੁ ਵੰਞਨਿ ਪਵਣ ਝੁਲਾਰਿਆ ॥ | Why do you listen to falsehood? It shall vanish like a gust of wind. |
| ਨਾਨਕ ਸੁਣੀਅਰ ਤੇ ਪਰਵਾਣੁ ਜੋ ਸੁਣੇਦੇ ਸਚੁ ਧਣੀ ॥੧॥ | O Nanak, those ears are acceptable, which listen to the True Master. ‖1‖ |
| ਛੰਤੁ ॥ | Chhant: |
| ਤਿਨ ਘੋਲਿ ਘੁਮਾਈ ਜਿਨ ਪ੍ਰਭੁ ਸ੍ਰਵਣੀ ਸੁਣਿਆ ਰਾਮ ॥ | I am a sacrifice to those who listen with their ears to the Lord God. |
| ਸੇ ਸਹਜਿ ਸੁਹੇਲੇ ਜਿਨ ਹਰਿ ਹਰਿ ਰਸਨਾ ਭਣਿਆ ਰਾਮ ॥ | Blissful and comfortable are those, who with their tongues chant the Name of the Lord, Har, Har. |
| ਸੇ ਸਹਜਿ ਸੁਹੇਲੇ ਗੁਣਹ ਅਮੋਲੇ ਜਗਤ ਉਧਾਰਣ ਆਏ ॥ | They are naturally embellished, with priceless virtues; they have come to save the world. |
| ਭੈ ਬੋਹਿਥ ਸਾਗਰ ਪ੍ਰਭ ਚਰਣਾ ਕੇਤੇ ਪਾਰਿ ਲਘਾਏ ॥ | God's Feet are the boat, which carries so many across the terrifying world-ocean. |
| ਜਿਨ ਕੰਉ ਕ੍ਰਿਪਾ ਕਰੀ ਮੇਰੈ ਠਾਕੁਰਿ ਤਿਨ ਕਾ ਲੇਖਾ ਨ ਗਣਿਆ ॥ | Those who are blessed with the favor of my Lord and Master, are not asked to render their account. |
| ਕਹੁ ਨਾਨਕ ਤਿਸੁ ਘੋਲਿ ਘੁਮਾਈ ਜਿਨਿ ਪ੍ਰਭੁ ਸ੍ਰਵਣੀ ਸੁਣਿਆ ॥੧॥ | Says Nanak, I am a sacrifice to those who listen to God with their ears. ‖1‖ |
| ਸਲੋਕੁ ॥ | Shalok: |
| ਲੋਇਣ ਲੋਈ ਡਿਠ ਪਿਆਸ ਨ ਬੁਝੈ ਮੂ ਘਣੀ ॥ | With my eyes, I have seen the Light of the Lord, but my great thirst is not quenched. |
| ਨਾਨਕ ਸੇ ਅਖੜੀਆਂ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ ॥੧॥ | O Nanak, those eyes are different, which behold my Husband Lord. ‖1‖ |
| ਛੰਤੁ ॥ | Chhant: |
| ਜਿਨੀ ਹਰਿ ਪ੍ਰਭੁ ਡਿਠਾ ਤਿਨ ਕੁਰਬਾਣੇ ਰਾਮ ॥ | I am a sacrifice to those who have seen the Lord God. |

| | |
|---|---|
| ਸੇ ਸਾਚੀ ਦਰਗਹ ਭਾਣੇ ਰਾਮ ॥ | In the True Court of the Lord, they are approved. |
| ਠਾਕੁਰਿ ਮਾਨੇ ਸੇ ਪਰਧਾਨੇ ਹਰਿ ਸੇਤੀ ਰੰਗਿ ਰਾਤੇ ॥ | They are approved by their Lord and Master, and acclaimed as supreme; they are imbued with the Lord's Love. |
| ਹਰਿ ਰਸਹਿ ਅਘਾਏ ਸਹਜਿ ਸਮਾਏ ਘਟਿ ਘਟਿ ਰਮਈਆ ਜਾਤੇ ॥ | They are satiated with the sublime essence of the Lord, and they merge in celestial peace; in each and every heart, they see the all-pervading Lord. |
| ਸੇਈ ਸਜਣ ਸੰਤ ਸੇ ਸੁਖੀਏ ਠਾਕੁਰ ਅਪਣੇ ਭਾਣੇ ॥ | They alone are the friendly Saints, and they alone are happy, who are pleasing to their Lord and Master. |
| ਕਹੁ ਨਾਨਕ ਜਿਨ ਹਰਿ ਪ੍ਰਭੁ ਡਿਠਾ ਤਿਨ ਕੈ ਸਦ ਕੁਰਬਾਣੇ ॥੨॥ | Says Nanak, I am forever a sacrifice to those who have seen the Lord God. \|\|2\|\| |
| ਸਲੋਕੁ ॥ | Shalok: |
| ਦੇਹ ਅੰਧਾਰੀ ਅੰਧ ਸੁੰਞੀ ਨਾਮ ਵਿਹੂਣੀਆ ॥ | The body is blind, totally blind and desolate, without the Naam. |
| ਨਾਨਕ ਸਫਲ ਜਨੰਮੁ ਜੈ ਘਟਿ ਵੁਠਾ ਸਚੁ ਧਣੀ ॥੧॥ | O Nanak, fruitful is the life of that being, within whose heart the True Lord and Master abides. \|\|1\|\| |
| ਛੰਤੁ ॥ | Chhant: |
| ਤਿਨ ਖੰਨੀਐ ਵੰਞਾਂ ਜਿਨ ਮੇਰਾ ਹਰਿ ਪ੍ਰਭੁ ਡੀਠਾ ਰਾਮ ॥ | I am cut into pieces as a sacrifice, to those who have seen my Lord God. |
| ਜਨ ਚਾਖਿ ਅਘਾਣੇ ਹਰਿ ਹਰਿ ਅੰਮ੍ਰਿਤੁ ਮੀਠਾ ਰਾਮ ॥ | His humble servants partake of the Sweet Ambrosial Nectar of the Lord, Har, Har, and are satiated. |
| ਹਰਿ ਮਨਹਿ ਮੀਠਾ ਪ੍ਰਭੂ ਤੂਠਾ ਅਮਿਉ ਵੂਠਾ ਸੁਖ ਭਏ ॥ | The Lord seems sweet to their minds; God is merciful to them, His Ambrosial Nectar rains down upon them, and they are at peace. |
| ਦੁਖ ਨਾਸ ਭਰਮ ਬਿਨਾਸ ਤਨ ਤੇ ਜਪਿ ਜਗਦੀਸ ਈਸਹ ਜੈ ਜਏ ॥ | Pain is eliminated and doubt is dispelled from the body; chanting the Name of the Lord of the World, their victory is celebrated. |
| ਮੋਹ ਰਹਤ ਬਿਕਾਰ ਥਾਕੇ ਪੰਚ ਤੇ ਸੰਗੁ ਤੂਟਾ ॥ | They are rid of emotional attachment, their sins are erased, and their association with the five passions is broken off. |
| **੫੭੮** | **578** |
| ਕਹੁ ਨਾਨਕ ਤਿਨ ਖੰਨੀਐ ਵੰਞਾ ਜਿਨ ਘਟਿ ਮੇਰਾ ਹਰਿ ਪ੍ਰਭੁ ਵੂਠਾ ॥੩॥ | Says Nanak, I am every bit a sacrifice to those, within whose hearts my Lord God abides. \|\|3\|\| |

| | |
|---|---|
| ਸਲੋਕੁ ॥ | Shalok: |
| ਜੋ ਲੋੜੀਦੇ ਰਾਮ ਸੇਵਕ ਸੇਈ ਕਾਂਢਿਆ ॥ | Those who long for the Lord, are said to be His servants. |
| ਨਾਨਕ ਜਾਣੇ ਸਤਿ ਸਾਂਈ ਸੰਤ ਨ ਬਾਹਰਾ ॥੧॥ | Nanak knows this Truth, that the Lord is not different from His Saint. ‖1‖ |
| ਛੰਤੁ ॥ | Chhant: |
| ਮਿਲਿ ਜਲੁ ਜਲਹਿ ਖਟਾਨਾ ਰਾਮ ॥ | As water mixes and blends with water, |
| ਸੰਗਿ ਜੋਤੀ ਜੋਤਿ ਮਿਲਾਨਾ ਰਾਮ ॥ | so does one's light mix and blend with the Lord's Light. |
| ਸੰਮਾਇ ਪੂਰਨ ਪੁਰਖ ਕਰਤੇ ਆਪਿ ਆਪਹਿ ਜਾਣੀਐ ॥ | Merging with the perfect, all-powerful Creator, one comes to know his own self. |
| ਤਹ ਸੁੰਨਿ ਸਹਜਿ ਸਮਾਧਿ ਲਾਗੀ ਏਕੁ ਏਕੁ ਵਖਾਣੀਐ ॥ | Then, he enters the celestial state of absolute Samaadhi, and speaks of the One and Only Lord. |
| ਆਪਿ ਗੁਪਤਾ ਆਪਿ ਮੁਕਤਾ ਆਪਿ ਆਪੁ ਵਖਾਨਾ ॥ | He Himself is unmanifest, and He Himself is liberated; He Himself speaks of Himself. |
| ਨਾਨਕ ਭ੍ਰਮ ਭੈ ਗੁਣ ਬਿਨਾਸੇ ਮਿਲਿ ਜਲੁ ਜਲਹਿ ਖਟਾਨਾ ॥੪॥੨॥ | O Nanak, doubt, fear and the limitations of the three qualities are dispelled, as one merges into the Lord, like water blending with water. ‖4‖2‖ |
| ਵਡਹੰਸੁ ਮਹਲਾ ੫ ॥ | Wadahans, Fifth Mehl: |
| ਪ੍ਰਭ ਕਰਣ ਕਾਰਣ ਸਮਰਥਾ ਰਾਮ ॥ | God is the all-powerful Creator, the Cause of causes. |
| ਰਖੁ ਜਗਤੁ ਸਗਲ ਦੇ ਹਥਾ ਰਾਮ ॥ | He preserves the whole world, reaching out with His hand. |
| ਸਮਰਥ ਸਰਣਾ ਜੋਗੁ ਸੁਆਮੀ ਕ੍ਰਿਪਾ ਨਿਧਿ ਸੁਖਦਾਤਾ ॥ | He is the all-powerful, safe Sanctuary, Lord and Master, Treasure of mercy, Giver of peace. |
| ਹੰਉ ਕੁਰਬਾਣੀ ਦਾਸ ਤੇਰੇ ਜਿਨੀ ਏਕੁ ਪਛਾਤਾ ॥ | I am a sacrifice to Your slaves, who recognize only the One Lord. |
| ਵਰਨੁ ਚਿਹਨੁ ਨ ਜਾਇ ਲਖਿਆ ਕਥਨ ਤੇ ਅਕਥਾ ॥ | His color and shape cannot be seen; His description is indescribable. |
| ਬਿਨਵੰਤਿ ਨਾਨਕ ਸੁਣਹੁ ਬਿਨਤੀ ਪ੍ਰਭ ਕਰਣ ਕਾਰਣ ਸਮਰਥਾ ॥੧॥ | Prays Nanak, hear my prayer, O God, Almighty Creator, Cause of causes. ‖1‖ |
| ਏਹਿ ਜੀਅ ਤੇਰੇ ਤੂ ਕਰਤਾ ਰਾਮ ॥ | These beings are Yours; You are their Creator. |

| | |
|---|---|
| ਪ੍ਰਭ ਦੂਖ ਦਰਦ ਭ੍ਰਮ ਹਰਤਾ ਰਾਮ ॥ | God is the Destroyer of pain, suffering and doubt. |
| ਭ੍ਰਮ ਦੂਖ ਦਰਦ ਨਿਵਾਰਿ ਖਿਨ ਮਹਿ ਰਖਿ ਲੇਹੁ ਦੀਨ ਦੈਆਲਾ ॥ | Eliminate my doubt, pain and suffering in an instant, and preserve me, O Lord, Merciful to the meek. |
| ਮਾਤ ਪਿਤਾ ਸੁਆਮਿ ਸਜਣੁ ਸਭੁ ਜਗਤੁ ਬਾਲ ਗੋਪਾਲਾ ॥ | You are mother, father and friend, O Lord and Master; the whole world is Your child, O Lord of the World. |
| ਜੋ ਸਰਣਿ ਆਵੈ ਗੁਣ ਨਿਧਾਨ ਪਾਵੈ ਸੋ ਬਹੁੜਿ ਜਨਮਿ ਨ ਮਰਤਾ ॥ | One who comes seeking Your Sanctuary, obtains the treasure of virtue, and does not have to enter the cycle of birth and death again. |
| ਬਿਨਵੰਤਿ ਨਾਨਕ ਦਾਸੁ ਤੇਰਾ ਸਭਿ ਜੀਅ ਤੇਰੇ ਤੂ ਕਰਤਾ ॥੨॥ | Prays Nanak, I am Your slave. All beings are Yours; You are their Creator. \|\|2\|\| |
| ਆਠ ਪਹਰ ਹਰਿ ਧਿਆਈਐ ਰਾਮ ॥ | Meditating on the Lord, twenty-four hours a day, |
| ਮਨ ਇਛਿਅੜਾ ਫਲੁ ਪਾਈਐ ਰਾਮ ॥ | the fruits of the heart's desires are obtained. |
| ਮਨ ਇਛ ਪਾਈਐ ਪ੍ਰਭੁ ਧਿਆਈਐ ਮਿਟਹਿ ਜਮ ਕੇ ਤ੍ਰਾਸਾ ॥ | Your heart's desires are obtained, meditating on God, and the fear of death is dispelled. |
| ਗੋਬਿਦੁ ਗਾਇਆ ਸਾਧ ਸੰਗਾਇਆ ਭਈ ਪੂਰਨ ਆਸਾ ॥ | I sing of the Lord of the Universe in the Saadh Sangat, the Company of the Holy, and my hopes are fulfilled. |
| ਤਜਿ ਮਾਨੁ ਮੋਹੁ ਵਿਕਾਰ ਸਗਲੇ ਪ੍ਰਭੂ ਕੈ ਮਨਿ ਭਾਈਐ ॥ | Renouncing egotism, emotional attachment and all corruption, we become pleasing to the Mind of God. |
| ਬਿਨਵੰਤਿ ਨਾਨਕ ਦਿਨਸੁ ਰੈਣੀ ਸਦਾ ਹਰਿ ਹਰਿ ਧਿਆਈਐ ॥੩॥ | Prays Nanak, day and night, meditate forever on the Lord, Har, Har. \|\|3\|\| |
| ਦਰਿ ਵਾਜਹਿ ਅਨਹਤ ਵਾਜੇ ਰਾਮ ॥ | At the Lord's Door, the unstruck melody resounds. |
| ਘਟਿ ਘਟਿ ਹਰਿ ਗੋਬਿੰਦੁ ਗਾਜੇ ਰਾਮ ॥ | In each and every heart, the Lord, the Lord of the Universe, sings. |
| ਗੋਵਿਦ ਗਾਜੇ ਸਦਾ ਬਿਰਾਜੇ ਅਗਮ ਅਗੋਚਰੁ ਊਚਾ ॥ | The Lord of the Universe sings, and abides forever; He is unfathomable, profoundly deep, lofty and exalted. |
| ਗੁਣ ਬੇਅੰਤ ਕਿਛੁ ਕਹਣੁ ਨ ਜਾਈ ਕੋਇ ਨ ਸਕੈ ਪਹੂਚਾ ॥ | His virtues are infinite - none of them can be described. No one can reach Him. |
| ਆਪਿ ਉਪਾਏ ਆਪਿ ਪ੍ਰਤਿਪਾਲੇ ਜੀਅ ਜੰਤ ਸਭਿ ਸਾਜੇ ॥ | He Himself creates, and He Himself sustains; all beings and creatures are fashioned by Him. |
| ਬਿਨਵੰਤਿ ਨਾਨਕ ਸੁਖੁ ਨਾਮਿ ਭਗਤੀ ਦਰਿ ਵਜਹਿ ਅਨਹਦ ਵਾਜੇ ॥੪॥੩॥ | Prays Nanak, happiness comes from devotional worship of the Naam; at His Door, the unstruck melody resounds. \|\|4\|\|3\|\| |

| | |
|---|---|
| ਰਾਗੁ ਵਡਹੰਸੁ ਮਹਲਾ ੧ ਘਰੁ ੫ ਅਲਾਹਣੀਆ | Raag Wadahans, First Mehl, Fifth House, Alaahanees ~ Songs Of Mourning: |
| ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਧੰਨੁ ਸਿਰੰਦਾ ਸਚਾ ਪਾਤਿਸਾਹੁ ਜਿਨਿ ਜਗੁ ਧੰਧੈ ਲਾਇਆ ॥ | Blessed is the Creator, the True King, who has linked the whole world to its tasks. |
| ਮੁਹਲਤਿ ਪੁਨੀ ਪਾਈ ਭਰੀ ਜਾਨੀਅੜਾ ਘਤਿ ਚਲਾਇਆ ॥ | When one's time is up, and the measure is full, this dear soul is caught, and driven off. |
| **੫੭੯** | **579** |
| ਜਾਨੀ ਘਤਿ ਚਲਾਇਆ ਲਿਖਿਆ ਆਇਆ ਰੁੰਨੇ ਵੀਰ ਸਬਾਏ ॥ | This dear soul is driven off, when the pre-ordained Order is received, and all the relatives cry out in mourning. |
| ਕਾਂਇਆ ਹੰਸ ਥੀਆ ਵੇਛੋੜਾ ਜਾਂ ਦਿਨ ਪੁੰਨੇ ਮੇਰੀ ਮਾਏ ॥ | The body and the swan-soul are separated, when one's days are past and done, O my mother. |
| ਜੇਹਾ ਲਿਖਿਆ ਤੇਹਾ ਪਾਇਆ ਜੇਹਾ ਪੁਰਬਿ ਕਮਾਇਆ ॥ | As is one's pre-ordained Destiny, so does one receive, according to one's past actions. |
| ਧੰਨੁ ਸਿਰੰਦਾ ਸਚਾ ਪਾਤਿਸਾਹੁ ਜਿਨਿ ਜਗੁ ਧੰਧੈ ਲਾਇਆ ॥੧॥ | Blessed is the Creator, the True King, who has linked the whole world to its tasks. ‖1‖ |
| ਸਾਹਿਬੁ ਸਿਮਰਹੁ ਮੇਰੇ ਭਾਈਹੋ ਸਭਨਾ ਏਹੁ ਪਇਆਣਾ ॥ | Meditate in remembrance on the Lord and Master, O my Siblings of Destiny; everyone has to pass this way. |
| ਏਥੈ ਧੰਧਾ ਕੂੜਾ ਚਾਰਿ ਦਿਹਾ ਆਗੈ ਸਰਪਰ ਜਾਣਾ ॥ | These false entanglements last for only a few days; then, one must surely move on to the world hereafter. |
| ਆਗੈ ਸਰਪਰ ਜਾਣਾ ਜਿਉ ਮਿਹਮਾਣਾ ਕਾਹੇ ਗਾਰਬੁ ਕੀਜੈ ॥ | He must surely move on to the world hereafter, like a guest; so why does he indulge in ego? |
| ਜਿਤੁ ਸੇਵਿਐ ਦਰਗਹ ਸੁਖੁ ਪਾਈਐ ਨਾਮੁ ਤਿਸੈ ਕਾ ਲੀਜੈ ॥ | Chant the Name of the Lord; serving Him, you shall obtain peace in His Court. |
| ਆਗੈ ਹੁਕਮੁ ਨ ਚਲੈ ਮੂਲੇ ਸਿਰਿ ਸਿਰਿ ਕਿਆ ਵਿਹਾਣਾ ॥ | In the world hereafter, no one's commands will be obeyed. According to their actions, each and every person proceeds. |
| ਸਾਹਿਬੁ ਸਿਮਰਿਹੁ ਮੇਰੇ ਭਾਈਹੋ ਸਭਨਾ ਏਹੁ ਪਇਆਣਾ ॥੨॥ | Meditate in remembrance on the Lord and Master, O my Siblings of Destiny; everyone has to pass this way. ‖2‖ |
| ਜੋ ਤਿਸੁ ਭਾਵੈ ਸੰਮ੍ਰਥ ਸੋ ਥੀਐ ਹੀਲੜਾ ਏਹੁ ਸੰਸਾਰੋ ॥ | Whatever pleases the Almighty Lord, that alone comes to pass; this world is an opportunity to please Him. |

| | |
|---|---|
| ਜਲਿ ਥਲਿ ਮਹੀਅਲਿ ਰਵਿ ਰਹਿਆ ਸਾਚੜਾ ਸਿਰਜਣਹਾਰੋ ॥ | The True Creator Lord is pervading and permeating the water, the land and the air. |
| ਸਾਚਾ ਸਿਰਜਣਹਾਰੋ ਅਲਖ ਅਪਾਰੋ ਤਾ ਕਾ ਅੰਤੁ ਨ ਪਾਇਆ ॥ | The True Creator Lord is invisible and infinite; His limits cannot be found. |
| ਆਇਆ ਤਿਨ ਕਾ ਸਫਲੁ ਭਇਆ ਹੈ ਇਕ ਮਨਿ ਜਿਨੀ ਧਿਆਇਆ ॥ | Fruitful is the coming of those, who meditate single-mindedly on Him. |
| ਢਾਹੇ ਢਾਹਿ ਉਸਾਰੇ ਆਪੇ ਹੁਕਮਿ ਸਵਾਰਣਹਾਰੋ ॥ | He destroys, and having destroyed, He creates; by His Order, He adorns us. |
| ਜੋ ਤਿਸੁ ਭਾਵੈ ਸੰਮ੍ਰਥ ਸੋ ਥੀਐ ਹੀਲੜਾ ਏਹੁ ਸੰਸਾਰੋ ॥੩॥ | Whatever pleases the Almighty Lord, that alone comes to pass; this world is an opportunity to please Him. ‖3‖ |
| ਨਾਨਕ ਰੁੰਨਾ ਬਾਬਾ ਜਾਣੀਐ ਜੇ ਰੋਵੈ ਲਾਇ ਪਿਆਰੋ ॥ | Nanak: he alone truly weeps, O Baba, who weeps in the Lord's Love. |
| ਵਾਲੇਵੇ ਕਾਰਣਿ ਬਾਬਾ ਰੋਈਐ ਰੋਵਣੁ ਸਗਲ ਬਿਕਾਰੋ ॥ | One who weeps for the sake of worldly objects, O Baba, weeps totally in vain. |
| ਰੋਵਣੁ ਸਗਲ ਬਿਕਾਰੋ ਗਾਫਲੁ ਸੰਸਾਰੋ ਮਾਇਆ ਕਾਰਣਿ ਰੋਵੈ ॥ | This weeping is all in vain; the world forgets the Lord, and weeps for the sake of Maya. |
| ਚੰਗਾ ਮੰਦਾ ਕਿਛੁ ਸੂਝੈ ਨਾਹੀ ਇਹੁ ਤਨੁ ਏਵੈ ਖੋਵੈ ॥ | He does not distinguish between good and evil, and wastes away this life in vain. |
| ਐਥੈ ਆਇਆ ਸਭੁ ਕੋ ਜਾਸੀ ਕੂੜਿ ਕਰਹੁ ਅਹੰਕਾਰੋ ॥ | Everyone who comes here, shall have to leave; to act in ego is false. |
| ਨਾਨਕ ਰੁੰਨਾ ਬਾਬਾ ਜਾਣੀਐ ਜੇ ਰੋਵੈ ਲਾਇ ਪਿਆਰੋ ॥੪॥੧॥ | Nanak: he alone truly weeps, O Baba, who weeps in the Lord's Love. ‖4‖1‖ |
| ਵਡਹੰਸੁ ਮਹਲਾ ੧ ॥ | Wadahans, First Mehl: |
| ਆਵਹੁ ਮਿਲਹੁ ਸਹੇਲੀਹੋ ਸਚੜਾ ਨਾਮੁ ਲਏਹਾਂ ॥ | Come, O my companions - let us meet together and dwell upon the True Name. |
| ਰੋਵਹ ਬਿਰਹਾ ਤਨ ਕਾ ਆਪਣਾ ਸਾਹਿਬੁ ਸੰਮ੍ਾਲੇਹਾਂ ॥ | Let us weep over the body's separation from the Lord and Master; let us remember Him in contemplation. |
| ਸਾਹਿਬੁ ਸਮ੍ਾਲਿਹ ਪੰਥੁ ਨਿਹਾਲਿਹ ਅਸਾ ਭਿ ਓਥੈ ਜਾਣਾ ॥ | Let us remember the Lord and Master in contemplation, and keep a watchful eye on the Path. We shall have to go there as well. |
| ਜਿਸ ਕਾ ਕੀਆ ਤਿਨ ਹੀ ਲੀਆ ਹੋਆ ਤਿਸੈ ਕਾ ਭਾਣਾ ॥ | He who has created, also destroys; whatever happens is by His Will. |

| | |
|---|---|
| ਜੋ ਤਿਨਿ ਕਰਿ ਪਾਇਆ ਸੁ ਆਗੈ ਆਇਆ ਅਸੀ ਕਿ ਹੁਕਮੁ ਕਰੇਹਾ ॥ | Whatever He has done, has come to pass; how can we command Him? |
| ਆਵਹੁ ਮਿਲਹੁ ਸਹੇਲੀਹੋ ਸਚੜਾ ਨਾਮੁ ਲਏਹਾ ॥੧॥ | Come, O my companions - let us meet together and dwell upon the True Name. \|\|1\|\| |
| ਮਰਣੁ ਨ ਮੰਦਾ ਲੋਕਾ ਆਖੀਐ ਜੇ ਮਰਿ ਜਾਣੈ ਐਸਾ ਕੋਇ ॥ | Death would not be called bad, O people, if one knew how to truly die. |
| ਸੇਵਿਹੁ ਸਾਹਿਬੁ ਸੰਮ੍ਰਥੁ ਆਪਣਾ ਪੰਥੁ ਸੁਹੇਲਾ ਆਗੈ ਹੋਇ ॥ | Serve your Almighty Lord and Master, and your path in the world hereafter will be easy. |
| ਪੰਥਿ ਸੁਹੇਲੈ ਜਾਵਹੁ ਤਾਂ ਫਲੁ ਪਾਵਹੁ ਆਗੈ ਮਿਲੈ ਵਡਾਈ ॥ | Take this easy path, and you shall obtain the fruits of your rewards, and receive honor in the world hereafter. |
| ਭੇਟੈ ਸਿਉ ਜਾਵਹੁ ਸਚਿ ਸਮਾਵਹੁ ਤਾਂ ਪਤਿ ਲੇਖੈ ਪਾਈ ॥ | Go there with your offering, and you shall merge in the True Lord; your honor shall be confirmed. |
| ਮਹਲੀ ਜਾਇ ਪਾਵਹੁ ਖਸਮੈ ਭਾਵਹੁ ਰੰਗ ਸਿਉ ਰਲੀਆ ਮਾਣੈ ॥ | You shall obtain a place in the Mansion of the Lord Master's Presence; being pleasing to Him, you shall enjoy the pleasures of His Love. |
| ਮਰਣੁ ਨ ਮੰਦਾ ਲੋਕਾ ਆਖੀਐ ਜੇ ਕੋਈ ਮਰਿ ਜਾਣੈ ॥੨॥ | Death would not be called bad, O people, if one knew how to truly die. \|\|2\|\| |
| ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ ॥ | The death of brave heroes is blessed, if it is approved by God. |

## ੫੮੦

## 580

| | |
|---|---|
| ਸੂਰੇ ਸੇਈ ਆਗੈ ਆਖੀਅਹਿ ਦਰਗਹ ਪਾਵਹਿ ਸਾਚੀ ਮਾਣੋ ॥ | They alone are acclaimed as brave warriors in the world hereafter, who receive true honor in the Court of the Lord. |
| ਦਰਗਹ ਮਾਣੁ ਪਾਵਹਿ ਪਤਿ ਸਿਉ ਜਾਵਹਿ ਆਗੈ ਦੂਖੁ ਨ ਲਾਗੈ ॥ | They are honored in the Court of the Lord; they depart with honor, and they do not suffer pain in the world hereafter. |
| ਕਰਿ ਏਕੁ ਧਿਆਵਹਿ ਤਾਂ ਫਲੁ ਪਾਵਹਿ ਜਿਤੁ ਸੇਵਿਐ ਭਉ ਭਾਗੈ ॥ | They meditate on the One Lord, and obtain the fruits of their rewards. Serving the Lord, their fear is dispelled. |
| ਊਚਾ ਨਹੀ ਕਹਣਾ ਮਨ ਮਹਿ ਰਹਣਾ ਆਪੇ ਜਾਣੈ ਜਾਣੋ ॥ | Do not indulge in egotism, and dwell within your own mind; the Knower Himself knows everything. |
| ਮਰਣੁ ਮੁਣਸਾਂ ਸੂਰਿਆ ਹਕੁ ਹੈ ਜੋ ਹੋਇ ਮਰਹਿ ਪਰਵਾਣੋ ॥੩॥ | The death of brave heroes is blessed, if it is approved by God. \|\|3\|\| |

ਨਾਨਕ ਕਿਸ ਨੋ ਬਾਬਾ ਰੋਈਐ ਬਾਜੀ ਹੈ ਇਹੁ ਸੰਸਾਰੋ ॥

Nanak: for whom should we mourn, O Baba? This world is merely a play.

ਕੀਤਾ ਵੇਖੈ ਸਾਹਿਬੁ ਆਪਣਾ ਕੁਦਰਤਿ ਕਰੇ ਬੀਚਾਰੋ ॥

The Lord Master beholds His work, and contemplates His creative potency.

ਕੁਦਰਤਿ ਬੀਚਾਰੇ ਧਾਰਣ ਧਾਰੇ ਜਿਨਿ ਕੀਆ ਸੋ ਜਾਣੈ ॥

He contemplates His creative potency, having established the Universe. He who created it, He alone knows.

ਆਪੇ ਵੇਖੈ ਆਪੇ ਬੂਝੈ ਆਪੇ ਹੁਕਮੁ ਪਛਾਣੈ ॥

He Himself beholds it, and He Himself understands it. He Himself realizes the Hukam of His Command.

ਜਿਨਿ ਕਿਛੁ ਕੀਆ ਸੋਈ ਜਾਣੈ ਤਾ ਕਾ ਰੂਪੁ ਅਪਾਰੋ ॥

He who created these things, He alone knows. His subtle form is infinite.

ਨਾਨਕ ਕਿਸ ਨੋ ਬਾਬਾ ਰੋਈਐ ਬਾਜੀ ਹੈ ਇਹੁ ਸੰਸਾਰੋ ॥੪॥੨॥

Nanak: for whom should we mourn, O Baba? This world is merely a play. ||4||2||

ਵਡਹੰਸੁ ਮਹਲਾ ੧ ਦਖਣੀ ॥

Wadahans, First Mehl, Dakhanee:

ਸਚੁ ਸਿਰੰਦਾ ਸਚਾ ਜਾਣੀਐ ਸਚੜਾ ਪਰਵਦਗਾਰੋ ॥

The True Creator Lord is True - know this well; He is the True Sustainer.

ਜਿਨਿ ਆਪੀਨੈ ਆਪੁ ਸਾਜਿਆ ਸਚੜਾ ਅਲਖ ਅਪਾਰੋ ॥

He Himself fashioned His Own Self; the True Lord is invisible and infinite.

ਦੁਇ ਪੁੜ ਜੋੜਿ ਵਿਛੋੜਿਅਨੁ ਗੁਰ ਬਿਨੁ ਘੋਰੁ ਅੰਧਾਰੋ ॥

He brought together, and then separated, the two grinding stones of the earth and the sky; without the Guru, there is only pitch darkness.

ਸੂਰਜੁ ਚੰਦੁ ਸਿਰਜਿਅਨੁ ਅਹਿਨਿਸਿ ਚਲਤੁ ਵੀਚਾਰੋ ॥੧॥

He created the sun and the moon; night and day, they move according to His Thought. ||1||

ਸਚੜਾ ਸਾਹਿਬੁ ਸਚੁ ਤੂ ਸਚੜਾ ਦੇਹਿ ਪਿਆਰੋ ॥ ਰਹਾਉ ॥

O True Lord and Master, You are True. O True Lord, bless me with Your Love. ||Pause||

ਤੁਧੁ ਸਿਰਜੀ ਮੇਦਨੀ ਦੁਖੁ ਸੁਖੁ ਦੇਵਣਹਾਰੋ ॥

You created the Universe; You are the Giver of pain and pleasure.

ਨਾਰੀ ਪੁਰਖ ਸਿਰਜਿਐ ਬਿਖੁ ਮਾਇਆ ਮੋਹੁ ਪਿਆਰੋ ॥

You created woman and man, the love of poison, and emotional attachment to Maya.

ਖਾਣੀ ਬਾਣੀ ਤੇਰੀਆ ਦੇਹਿ ਜੀਆ ਆਧਾਰੋ ॥

The four sources of creation, and the power of the Word, are also of Your making. You give Support to all beings.

ਕੁਦਰਤਿ ਤਖਤੁ ਰਚਾਇਆ ਸਚਿ ਨਿਬੇੜਣਹਾਰੋ ॥੨॥

You have made the Creation as Your Throne; You are the True Judge. ||2||

ਆਵਾ ਗਵਣੁ ਸਿਰਜਿਆ ਤੂ ਥਿਰੁ ਕਰਣੈਹਾਰੋ ॥

You created comings and goings, but You are ever-stable, O Creator Lord.

ਜੰਮਣੁ ਮਰਣਾ ਆਇ ਗਇਆ ਬਧਿਕੁ ਜੀਉ ਬਿਕਾਰੋ ॥

In birth and death, in coming and going, this soul is held in bondage by corruption.

ਭੂਡੜੈ ਨਾਮੁ ਵਿਸਾਰਿਆ ਬੂਡੜੈ ਕਿਆ ਤਿਸੁ ਚਾਰੋ ॥

The evil person has forgotten the Naam; he has drowned - what can he do now?

ਗੁਣ ਛੋਡਿ ਬਿਖੁ ਲਦਿਆ ਅਵਗੁਣ ਕਾ ਵਣਜਾਰੋ ॥੩॥

Forsaking merit, he has loaded the poisonous cargo of demerits; he is a trader of sins. ||3||

ਸਦੜੇ ਆਏ ਤਿਨਾ ਜਾਨੀਆ ਹੁਕਮਿ ਸਚੇ ਕਰਤਾਰੋ ॥

The beloved soul has received the Call, the Command of the True Creator Lord.

ਨਾਰੀ ਪੁਰਖ ਵਿਛੁੰਨਿਆ ਵਿਛੁੜਿਆ ਮੇਲਣਹਾਰੋ ॥

The soul, the husband, has become separated from the body, the bride. The Lord is the Re-uniter of the separated ones.

ਰੂਪੁ ਨ ਜਾਣੈ ਸੋਹਣੀਐ ਹੁਕਮਿ ਬਧੀ ਸਿਰਿ ਕਾਰੋ ॥

No one cares for your beauty, O beautiful bride.; the Messenger of Death is bound only by the Lord Commander's Command.

ਬਾਲਕ ਬਿਰਧਿ ਨ ਜਾਣਨੀ ਤੋੜਨਿ ਹੇਤੁ ਪਿਆਰੋ ॥੪॥

He does not distinguish between young children and old people; he tears apart love and affection. ||4||

ਨਉ ਦਰ ਠਾਕੇ ਹੁਕਮਿ ਸਚੈ ਹੰਸੁ ਗਇਆ ਗੈਣਾਰੇ ॥

The nine doors are closed by the True Lord's Command, and the swan-soul takes flight into the skies.

ਸਾ ਧਨ ਛੁਟੀ ਮੁਠੀ ਝੂਠਿ ਵਿਧਣੀਆ ਮਿਰਤਕੜਾ ਅੰਙਨੜੇ ਬਾਰੇ ॥

The body-bride is separated, and defrauded by falsehood; she is now a widow - her husband's body lies dead in the courtyard.

ਸੁਰਤਿ ਮੁਈ ਮਰੁ ਮਾਈਏ ਮਹਲ ਰੁੰਨੀ ਦਰ ਬਾਰੇ ॥

The widow cries out at the door, "The light of my mind has gone out, O my mother, with his death."

ਰੋਵਹੁ ਕੰਤ ਮਹੇਲੀਹੋ ਸਚੇ ਕੇ ਗੁਣ ਸਾਰੇ ॥੫॥

So cry out, O soul-brides of the Husband Lord, and dwell on the Glorious Praises of the True Lord. ||5||

ਜਲਿ ਮਲਿ ਜਾਨੀ ਨਾਵਾਲਿਆ ਕਪੜਿ ਪਟਿ ਅੰਬਾਰੇ ॥

Her loved one is cleansed, bathed in water, and dressed in silken robes.

ਵਾਜੇ ਵਜੇ ਸਚੀ ਬਾਣੀਆ ਪੰਚ ਮੁਏ ਮਨੁ ਮਾਰੇ ॥

The musicians play, and the Bani of the True Lord's Words are sung; the five relatives feel as if they too are dead, so deadened are their minds.

ਜਾਨੀ ਵਿਛੁੰਨੜੇ ਮੇਰਾ ਮਰਣੁ ਭਇਆ ਧ੍ਰਿਗੁ ਜੀਵਣੁ ਸੰਸਾਰੇ ॥

"Separation from my beloved is like death to me!" cries the widow. "My life in this world is cursed and worthless!"

| | |
|---|---|
| ਜੀਵਤੁ ਮਰੈ ਸੁ ਜਾਣੀਐ ਪਿਰ ਸਚੜੈ ਹੇਤਿ ਪਿਆਰੇ ॥੬॥ | But she alone is approved, who dies, while yet still alive; she lives for the sake of the Love of her Beloved. ‖6‖ |
| ਤੁਸੀ ਰੋਵਹੁ ਰੋਵਣ ਆਈਹੋ ਝੂਠਿ ਮੁਠੀ ਸੰਸਾਰੇ ॥ | So cry out in mourning, you who have come to mourn; this world is false and fraudulent. |
| **੫੮੧** | 581 |
| ਹਉ ਮੁਠੜੀ ਧੰਧੈ ਧਾਵਣੀਆ ਪਿਰਿ ਛੋਡਿਅੜੀ ਵਿਧਣਕਾਰੇ ॥ | I too have been defrauded, chasing after worldly entanglements; my Husband Lord has forsaken me - I practice the evil deeds of a wife without a spouse. |
| ਘਰਿ ਘਰਿ ਕੰਤੁ ਮਹੇਲੀਆ ਰੂੜੈ ਹੇਤਿ ਪਿਆਰੇ ॥ | In each and every home, are the brides of the Husband Lord; they gaze upon their Handsome Lord with love and affection. |
| ਮੈ ਪਿਰੁ ਸਚੁ ਸਾਲਾਹਣਾ ਹਉ ਰਹਸਿਅੜੀ ਨਾਮਿ ਭਤਾਰੇ ॥੭॥ | I sing the Praises of my True Husband Lord, and through the Naam, the Name of my Husband Lord, I blossom forth. ‖7‖ |
| ਗੁਰਿ ਮਿਲਿਐ ਵੇਸੁ ਪਲਟਿਆ ਸਾ ਧਨ ਸਚੁ ਸੀਗਾਰੋ ॥ | Meeting with the Guru, the soul-bride's dress is transformed, and she is adorned with Truth. |
| ਆਵਹੁ ਮਿਲਹੁ ਸਹੇਲੀਹੋ ਸਿਮਰਹੁ ਸਿਰਜਣਹਾਰੋ ॥ | Come and meet with me, O brides of the Lord; let's meditate in remembrance on the Creator Lord. |
| ਬਈਅਰਿ ਨਾਮਿ ਸੋੁਹਾਗਣੀ ਸਚੁ ਸਵਾਰਣਹਾਰੋ ॥ | Through the Naam, the soul-bride becomes the Lord's favorite; she is adorned with Truth. |
| ਗਾਵਹੁ ਗੀਤੁ ਨ ਬਿਰਹੜਾ ਨਾਨਕ ਬ੍ਰਹਮ ਬੀਚਾਰੋ ॥੮॥੩॥ | Do not sing the songs of separation, O Nanak; reflect upon God. ‖8‖3‖ |
| ਵਡਹੰਸੁ ਮਹਲਾ ੧ ॥ | Wadahans, First Mehl: |
| ਜਿਨਿ ਜਗੁ ਸਿਰਜਿ ਸਮਾਇਆ ਸੋ ਸਾਹਿਬੁ ਕੁਦਰਤਿ ਜਾਣੋਵਾ ॥ | The One who creates and dissolves the world - that Lord and Master alone knows His creative power. |
| ਸਚੜਾ ਦੂਰਿ ਨ ਭਾਲੀਐ ਘਟਿ ਘਟਿ ਸਬਦੁ ਪਛਾਣੋਵਾ ॥ | Do not search for the True Lord far away; recognize the Word of the Shabad in each and every heart. |
| ਸਚੁ ਸਬਦੁ ਪਛਾਣਹੁ ਦੂਰਿ ਨ ਜਾਣਹੁ ਜਿਨਿ ਏਹ ਰਚਨਾ ਰਾਚੀ ॥ | Recognize the Shabad, and do not think that the Lord is far away; He created this creation. |
| ਨਾਮੁ ਧਿਆਏ ਤਾ ਸੁਖੁ ਪਾਏ ਬਿਨੁ ਨਾਵੈ ਪਿੜ ਕਾਚੀ ॥ | Meditating on the Naam, the Name of the Lord, one obtains peace; without the Naam, he plays a losing game. |

| | |
|---|---|
| ਜਿਨਿ ਥਾਪੀ ਬਿਧਿ ਜਾਣੈ ਸੋਈ ਕਿਆ ਕੋ ਕਹੈ ਵਖਾਣੋ ॥ | The One who established the Universe, He alone knows the Way; what can anyone say? |
| ਜਿਨਿ ਜਗੁ ਥਾਪਿ ਵਤਾਇਆ ਜਾਲੋੁ ਸੋ ਸਾਹਿਬੁ ਪਰਵਾਣੋ ॥੧॥ | The One who established the world cast the net of Maya over it; accept Him as your Lord and Master. \|\|1\|\| |
| ਬਾਬਾ ਆਇਆ ਹੈ ਉਠਿ ਚਲਣਾ ਅਧ ਪੰਧੈ ਹੈ ਸੰਸਾਰੋਵਾ ॥ | O Baba, he has come, and now he must get up and depart; this world is only a way-station. |
| ਸਿਰਿ ਸਿਰਿ ਸਚੜੈ ਲਿਖਿਆ ਦੁਖੁ ਸੁਖੁ ਪੁਰਬਿ ਵੀਚਾਰੋਵਾ ॥ | Upon each and every head, the True Lord writes their destiny of pain and pleasure, according to their past actions. |
| ਦੁਖੁ ਸੁਖੁ ਦੀਆ ਜੇਹਾ ਕੀਆ ਸੋ ਨਿਬਹੈ ਜੀਅ ਨਾਲੇ ॥ | He bestows pain and pleasure, according to the deeds done; the record of these deeds stays with the soul. |
| ਜੇਹੇ ਕਰਮ ਕਰਾਏ ਕਰਤਾ ਦੂਜੀ ਕਾਰ ਨ ਭਾਲੇ ॥ | He does those deeds which the Creator Lord causes him to do; he attempts no other actions. |
| ਆਪਿ ਨਿਰਾਲਮੁ ਧੰਧੈ ਬਾਧੀ ਕਰਿ ਹੁਕਮੁ ਛਡਾਵਣਹਾਰੋ ॥ | The Lord Himself is detached, while the world is entangled in conflict; by His Command, He emancipates it. |
| ਅਜੁ ਕਲਿ ਕਰਦਿਆ ਕਾਲੁ ਬਿਆਪੈ ਦੂਜੈ ਭਾਇ ਵਿਕਾਰੋ ॥੨॥ | He may put this off today, but tomorrow he is seized by death; in love with duality, he practices corruption. \|\|2\|\| |
| ਜਮ ਮਾਰਗ ਪੰਥੁ ਨ ਸੁਝਈ ਉਝੜੁ ਅੰਧ ਗੁਬਾਰੋਵਾ ॥ | The path of death is dark and dismal; the way cannot be seen. |
| ਨਾ ਜਲੁ ਲੇਫ ਤੁਲਾਈਆ ਨਾ ਭੋਜਨ ਪਰਕਾਰੋਵਾ ॥ | There is no water, no quilt or mattress, and no food there. |
| ਭੋਜਨ ਭਾਉ ਨ ਠੰਢਾ ਪਾਣੀ ਨਾ ਕਾਪੜੁ ਸੀਗਾਰੋ ॥ | He receives no food there, no honor or water, no clothes or decorations. |
| ਗਲਿ ਸੰਗਲੁ ਸਿਰਿ ਮਾਰੇ ਊਭੌ ਨਾ ਦੀਸੈ ਘਰ ਬਾਰੋ ॥ | The chain is put around his neck, and the Messenger of Death standing over his head strikes him; he cannot see the door of his home. |
| ਇਬ ਕੇ ਰਾਹੇ ਜੰਮਨਿ ਨਾਹੀ ਪਛੁਤਾਣੇ ਸਿਰਿ ਭਾਰੋ ॥ | The seeds planted on this path do not sprout; bearing the weight of his sins upon his head, he regrets and repents. |
| ਬਿਨੁ ਸਾਚੇ ਕੋ ਬੇਲੀ ਨਾਹੀ ਸਾਚਾ ਏਹੁ ਬੀਚਾਰੋ ॥੩॥ | Without the True Lord, no one is his friend; reflect upon this as true. \|\|3\|\| |
| ਬਾਬਾ ਰੋਵਹਿ ਰਵਹਿ ਸੁ ਜਾਣੀਅਹਿ ਮਿਲਿ ਰੋਵੈ ਗੁਣ ਸਾਰੇਵਾ ॥ | O Baba, they alone are known to truly weep and wail, who meet together and weep, chanting the Praises of the Lord. |
| ਰੋਵੈ ਮਾਇਆ ਮੁਠੜੀ ਧੰਧੜਾ ਰੋਵਣਹਾਰੇਵਾ ॥ | Defrauded by Maya and worldly affairs, the weepers weep. |

ਧੰਧਾ ਰੋਵੈ ਮੈਲੁ ਨ ਧੋਵੈ ਸੁਪਨੰਤਰੁ ਸੰਸਾਰੋ ॥

They weep for the sake of worldly affairs, and they do not wash off their own filth; the world is merely a dream.

ਜਿਉ ਬਾਜੀਗਰੁ ਭਰਮੈ ਭੂਲੈ ਝੂਠਿ ਮੁਠੀ ਅਹੰਕਾਰੋ ॥

Like the juggler, deceiving by his tricks, one is deluded by egotism, falsehood and illusion.

ਆਪੇ ਮਾਰਗਿ ਪਾਵਣਹਾਰਾ ਆਪੇ ਕਰਮ ਕਮਾਏ ॥

The Lord Himself reveals the Path; He Himself is the Doer of deeds.

ਨਾਮਿ ਰਤੇ ਗੁਰਿ ਪੂਰੈ ਰਾਖੇ ਨਾਨਕ ਸਹਜਿ ਸੁਭਾਏ ॥੪॥੪॥

Those who are imbued with the Naam, are protected by the Perfect Guru, O Nanak; they merge in celestial bliss. ||4||4||

ਵਡਹੰਸੁ ਮਹਲਾ ੧ ॥

Wadahans, First Mehl:

ਬਾਬਾ ਆਇਆ ਹੈ ਉਠਿ ਚਲਣਾ ਇਹੁ ਜਗੁ ਝੂਠੁ ਪਸਾਰੋਵਾ ॥

O Baba, whoever has come, will rise up and leave; this world is merely a false show.

ਸਚਾ ਘਰੁ ਸਚੜੈ ਸੇਵੀਐ ਸਚੁ ਖਰਾ ਸਚਿਆਰੋਵਾ ॥

One's true home is obtained by serving the True Lord; real Truth is obtained by being truthful.

ਕੂੜਿ ਲਬਿ ਜਾਂ ਥਾਇ ਨ ਪਾਸੀ ਅਗੈ ਲਹੈ ਨ ਠਾਓ ॥

By falsehood and greed, no place of rest is found, and no place in the world hereafter is obtained.

ਅੰਤਰਿ ਆਉ ਨ ਬੈਸਹੁ ਕਹੀਐ ਜਿਉ ਸੁੰਞੈ ਘਰਿ ਕਾਓ ॥

No one invites him to come in and sit down. He is like a crow in a deserted home.

ਜੰਮਣੁ ਮਰਣੁ ਵਡਾ ਵੇਛੋੜਾ ਬਿਨਸੈ ਜਗੁ ਸਬਾਏ ॥

Trapped by birth and death, he is separated from the Lord for such a long time; the whole world is wasting away.

ਲਬਿ ਧੰਧੈ ਮਾਇਆ ਜਗਤੁ ਭੁਲਾਇਆ ਕਾਲੁ ਖੜਾ ਰੂਆਏ ॥੧॥

Greed, worldly entanglements and Maya deceive the world. Death hovers over its head, and causes it to weep. ||1||

## ੫੮੨

## 582

ਬਾਬਾ ਆਵਹੁ ਭਾਈਹੋ ਗਲਿ ਮਿਲਹ ਮਿਲਿ ਮਿਲਿ ਦੇਹ ਆਸੀਸਾ ਹੇ ॥

Come, O Baba, and Siblings of Destiny - let's join together; take me in your arms, and bless me with your prayers.

ਬਾਬਾ ਸਚੜਾ ਮੇਲੁ ਨ ਚੁਕਈ ਪ੍ਰੀਤਮ ਕੀਆ ਦੇਹ ਅਸੀਸਾ ਹੇ ॥

O Baba, union with the True Lord cannot be broken; bless me with your prayers for union with my Beloved.

ਆਸੀਸਾ ਦੇਵਹੋ ਭਗਤਿ ਕਰੇਵਹੋ ਮਿਲਿਆ ਕਾ ਕਿਆ ਮੇਲੋ ॥

Bless me with your prayers, that I may perform devotional worship service to my Lord; for those already united with Him, what is there to unite?

| | |
|---|---|
| ਇਕਿ ਭੂਲੇ ਨਾਵਹੁ ਥੇਹਹੁ ਥਾਵਹੁ ਗੁਰ ਸਬਦੀ ਸਚੁ ਖੇਲੋ ॥ | Some have wandered away from the Name of the Lord, and lost the Path. The Word of the Guru's Shabad is the true game. |
| ਜਮ ਮਾਰਗਿ ਨਹੀ ਜਾਣਾ ਸਬਦਿ ਸਮਾਣਾ ਜੁਗਿ ਜੁਗਿ ਸਾਚੈ ਵੇਸੇ ॥ | Do not go on Death's path; remain merged in the Word of the Shabad, the true form throughout the ages. |
| ਸਾਜਨ ਸੈਣ ਮਿਲਹੁ ਸੰਜੋਗੀ ਗੁਰ ਮਿਲਿ ਖੋਲੇ ਫਾਸੇ ॥੨॥ | Through good fortune, we meet such friends and relatives, who meet with the Guru, and escape the noose of Death. \|\|2\|\| |
| ਬਾਬਾ ਨਾਂਗੜਾ ਆਇਆ ਜਗ ਮਹਿ ਦੁਖੁ ਸੁਖੁ ਲੇਖੁ ਲਿਖਾਇਆ ॥ | O Baba, we come into the world naked, into pain and pleasure, according to the record of our account. |
| ਲਿਖਿਅੜਾ ਸਾਹਾ ਨਾ ਟਲੈ ਜੇਹੜਾ ਪੁਰਬਿ ਕਮਾਇਆ ॥ | The call of our pre-ordained destiny cannot be altered; it follows from our past actions. |
| ਬਹਿ ਸਾਚੈ ਲਿਖਿਆ ਅੰਮ੍ਰਿਤੁ ਬਿਖਿਆ ਜਿਤੁ ਲਾਇਆ ਤਿਤੁ ਲਾਗਾ ॥ | The True Lord sits and writes of ambrosial nectar, and bitter poison; as the Lord attaches us, so are we attached. |
| ਕਾਮਣਿਆਰੀ ਕਾਮਣ ਪਾਏ ਬਹੁ ਰੰਗੀ ਗਲਿ ਤਾਗਾ ॥ | The Charmer, Maya, has worked her charms, and the multi-colored thread is around everyone's neck. |
| ਹੋਛੀ ਮਤਿ ਭਇਆ ਮਨੁ ਹੋਛਾ ਗੁੜੁ ਸਾ ਮਖੀ ਖਾਇਆ ॥ | Through shallow intellect, the mind becomes shallow, and one eats the fly, along with the sweets. |
| ਨਾ ਮਰਜਾਦੁ ਆਇਆ ਕਲਿ ਭੀਤਰਿ ਨਾਂਗੋ ਬੰਧਿ ਚਲਾਇਆ ॥੩॥ | Contrary to custom, he comes into the Dark Age of Kali Yuga naked, and naked he is bound down and sent away again. \|\|3\|\| |
| ਬਾਬਾ ਰੋਵਹੁ ਜੇ ਕਿਸੈ ਰੋਵਣਾ ਜਾਨੀਅੜਾ ਬੰਧਿ ਪਠਾਇਆ ਹੈ ॥ | O Baba, weep and mourn if you must; the beloved soul is bound and driven off. |
| ਲਿਖਿਅੜਾ ਲੇਖੁ ਨ ਮੇਟੀਐ ਦਰਿ ਹਾਕਾਰੜਾ ਆਇਆ ਹੈ ॥ | The pre-ordained record of destiny cannot be erased; the summons has come from the Lord's Court. |
| ਹਾਕਾਰਾ ਆਇਆ ਜਾ ਤਿਸੁ ਭਾਇਆ ਰੁੰਨੇ ਰੋਵਣਹਾਰੇ ॥ | The messenger comes, when it pleases the Lord, and the mourners begin to mourn. |
| ਪੁਤ ਭਾਈ ਭਾਤੀਜੇ ਰੋਵਹਿ ਪ੍ਰੀਤਮ ਅਤਿ ਪਿਆਰੇ ॥ | Sons, brothers, nephews and very dear friends weep and wail. |
| ਭੈ ਰੋਵੈ ਗੁਣ ਸਾਰਿ ਸਮਾਲੇ ਕੋ ਮਰੈ ਨ ਮੁਇਆ ਨਾਲੇ ॥ | Let him weep, who weeps in the Fear of God, cherishing the virtues of God. No one dies with the dead. |
| ਨਾਨਕ ਜੁਗਿ ਜੁਗਿ ਜਾਣ ਸਿਜਾਣਾ ਰੋਵਹਿ ਸਚੁ ਸਮਾਲੇ ॥੪॥੫॥ | O Nanak, throughout the ages, they are known as wise, who weep, remembering the True Lord. \|\|4\|\|5\|\| |

ਵਡਹੰਸੁ ਮਹਲਾ ੩ ਮਹਲਾ ਤੀਜਾ
Wadahans, Third Mehl:

ੴ ਸਤਿਗੁਰ ਪ੍ਰਸਾਦਿ ॥
One Universal Creator God.
By The Grace Of The True Guru:

ਪ੍ਰਭੁ ਸਚੜਾ ਹਰਿ ਸਾਲਾਹੀਐ ਕਾਰਜੁ ਸਭੁ ਕਿਛੁ ਕਰਣੈ ਜੋਗੁ ॥
Praise God, the True Lord; He is all-powerful to do all things.

ਸਾ ਧਨ ਰੰਡ ਨ ਕਬਹੂ ਬੈਸਈ ਨਾ ਕਦੇ ਹੋਵੈ ਸੋਗੁ ॥
The soul-bride shall never be a widow, and she shall never have to endure suffering.

ਨਾ ਕਦੇ ਹੋਵੈ ਸੋਗੁ ਅਨਦਿਨੁ ਰਸ ਭੋਗ ਸਾ ਧਨ ਮਹਲਿ ਸਮਾਣੀ ॥
She shall never suffer - night and day, she enjoys pleasures; that soul-bride merges in the Mansion of her Lord's Presence.

ਜਿਨਿ ਪ੍ਰਿਉ ਜਾਤਾ ਕਰਮ ਬਿਧਾਤਾ ਬੋਲੇ ਅੰਮ੍ਰਿਤ ਬਾਣੀ ॥
She knows her Beloved, the Architect of karma, and she speaks words of ambrosial sweetness.

ਗੁਣਵੰਤੀਆ ਗੁਣ ਸਾਰਹਿ ਅਪਣੇ ਕੰਤ ਸਮਾਲਹਿ ਨਾ ਕਦੇ ਲਗੈ ਵਿਜੋਗੋ ॥
The virtuous soul-brides dwell on the Lord's virtues; they keep their Husband Lord in their remembrance, and so they never suffer separation from Him.

ਸਚੜਾ ਪਿਰੁ ਸਾਲਾਹੀਐ ਸਭੁ ਕਿਛੁ ਕਰਣੈ ਜੋਗੋ ॥੧॥
So praise your True Husband Lord, who is all-powerful to do all things. ||1||

ਸਚੜਾ ਸਾਹਿਬੁ ਸਬਦਿ ਪਛਾਣੀਐ ਆਪੇ ਲਏ ਮਿਲਾਏ ॥
The True Lord and Master is realized through the Word of His Shabad; He blends all with Himself.

ਸਾ ਧਨ ਪ੍ਰਿਅ ਕੈ ਰੰਗਿ ਰਤੀ ਵਿਚਹੁ ਆਪੁ ਗਵਾਏ ॥
That soul-bride is imbued with the Love of her Husband Lord, who banishes her self-conceit from within.

ਵਿਚਹੁ ਆਪੁ ਗਵਾਏ ਫਿਰਿ ਕਾਲੁ ਨ ਖਾਏ ਗੁਰਮੁਖਿ ਏਕੋ ਜਾਤਾ ॥
Eradicating her ego from within herself, death shall not consume her again; as Gurmukh, she knows the One Lord God.

ਕਾਮਣਿ ਇਛ ਪੁੰਨੀ ਅੰਤਰਿ ਭਿੰਨੀ ਮਿਲਿਆ ਜਗਜੀਵਨੁ ਦਾਤਾ ॥
The desire of the soul-bride is fulfilled; deep within herself, she is drenched in His Love. She meets the Great Giver, the Life of the World.

ਸਬਦ ਰੰਗਿ ਰਾਤੀ ਜੋਬਨਿ ਮਾਤੀ ਪਿਰ ਕੈ ਅੰਕਿ ਸਮਾਏ ॥
Imbued with love for the Shabad, she is like a youth intoxicated; she merges into the very being of her Husband Lord.

ਸਚੜਾ ਸਾਹਿਬੁ ਸਬਦਿ ਪਛਾਣੀਐ ਆਪੇ ਲਏ ਮਿਲਾਏ ॥੨॥
The True Lord Master is realized through the Word of His Shabad. He blends all with Himself. ||2||

ਜਿਨੀ ਆਪਣਾ ਕੰਤੁ ਪਛਾਣਿਆ ਹਉ ਤਿਨ ਪੂਛਉ ਸੰਤਾ ਜਾਏ ॥
Those who have realized their Husband Lord - I go and ask those Saints about Him.

| ੫੮੩ | 583 |
|---|---|
| ਆਪੁ ਛੋਡਿ ਸੇਵਾ ਕਰੀ ਪਿਰੁ ਸਚੜਾ ਮਿਲੈ ਸਹਜਿ ਸੁਭਾਏ ॥ | Renouncing ego, I serve them; thus I meet my True Husband Lord, with intuitive ease. |
| ਪਿਰੁ ਸਚਾ ਮਿਲੈ ਆਏ ਸਾਚੁ ਕਮਾਏ ਸਾਚਿ ਸਬਦਿ ਧਨ ਰਾਤੀ ॥ | The True Husband Lord comes to meet the soul-bride who practices Truth, and is imbued with the True Word of the Shabad. |
| ਕਦੇ ਨ ਰਾਂਡ ਸਦਾ ਸੋਹਾਗਣਿ ਅੰਤਰਿ ਸਹਜ ਸਮਾਧੀ ॥ | She shall never become a widow; she shall always be a happy bride. Deep within herself, she dwells in the celestial bliss of Samaadhi. |
| ਪਿਰੁ ਰਹਿਆ ਭਰਪੂਰੇ ਵੇਖੁ ਹਦੂਰੇ ਰੰਗੁ ਮਾਣੇ ਸਹਜਿ ਸੁਭਾਏ ॥ | Her Husband Lord is fully pervading everywhere; beholding Him ever-present, she enjoys His Love, with intuitive ease. |
| ਜਿਨੀ ਆਪਣਾ ਕੰਤੁ ਪਛਾਣਿਆ ਹਉ ਤਿਨ ਪੂਛਉ ਸੰਤਾ ਜਾਏ ॥੩॥ | Those who have realized their Husband Lord - I go and ask those Saints about Him. \|\|3\|\| |
| ਪਿਰਹੁ ਵਿਛੁੰਨੀਆ ਭੀ ਮਿਲਹ ਜੇ ਸਤਿਗੁਰ ਲਾਗਹ ਸਾਚੇ ਪਾਏ ॥ | The separated ones also meet with their Husband Lord, if they fall at the Feet of the True Guru. |
| ਸਤਿਗੁਰੁ ਸਦਾ ਦਇਆਲੁ ਹੈ ਅਵਗੁਣ ਸਬਦਿ ਜਲਾਏ ॥ | The True Guru is forever merciful; through the Word of His Shabad, demerits are burnt away. |
| ਅਉਗੁਣ ਸਬਦਿ ਜਲਾਏ ਦੂਜਾ ਭਾਉ ਗਵਾਏ ਸਚੇ ਹੀ ਸਚਿ ਰਾਤੀ ॥ | Burning away her demerits through the Shabad, the soul-bride eradicates her love of duality, and remains absorbed in the True, True Lord. |
| ਸਚੈ ਸਬਦਿ ਸਦਾ ਸੁਖੁ ਪਾਇਆ ਹਉਮੈ ਗਈ ਭਰਾਤੀ ॥ | Through the True Shabad, everlasting peace is obtained, and egotism and doubt are dispelled. |
| ਪਿਰੁ ਨਿਰਮਾਇਲੁ ਸਦਾ ਸੁਖਦਾਤਾ ਨਾਨਕ ਸਬਦਿ ਮਿਲਾਏ ॥ | The Immaculate Husband Lord is forever the Giver of peace; O Nanak, through the Word of His Shabad, He is met. |
| ਪਿਰਹੁ ਵਿਛੁੰਨੀਆ ਭੀ ਮਿਲਹ ਜੇ ਸਤਿਗੁਰ ਲਾਗਹ ਸਾਚੇ ਪਾਏ ॥੪॥੧॥ | The separated ones also meet with their Husband Lord, if they fall at the feet of the True Guru. \|\|4\|\|1\|\| |
| ਵਡਹੰਸੁ ਮਹਲਾ ੩ ॥ | Wadahans, Third Mehl: |
| ਸੁਣਿਅਹੁ ਕੰਤ ਮਹੇਲੀਹੋ ਪਿਰੁ ਸੇਵਿਹੁ ਸਬਦਿ ਵੀਚਾਰਿ ॥ | Listen, O brides of the Lord: serve your Beloved Husband Lord, and contemplate the Word of His Shabad. |
| ਅਵਗਣਵੰਤੀ ਪਿਰੁ ਨ ਜਾਣਈ ਮੁਠੀ ਰੋਵੈ ਕੰਤ ਵਿਸਾਰਿ ॥ | The worthless bride does not know her Husband Lord - she is deluded; forgetting her Husband Lord, she weeps and wails. |

| | |
|---|---|
| ਰੋਵੈ ਕੰਤ ਸੰਮਾਲਿ ਸਦਾ ਗੁਣ ਸਾਰਿ ਨਾ ਪਿਰੁ ਮਰੈ ਨ ਜਾਏ ॥ | She weeps, thinking of her Husband Lord, and she cherishes His virtues; her Husband Lord does not die, and does not leave. |
| ਗੁਰਮੁਖਿ ਜਾਤਾ ਸਬਦਿ ਪਛਾਤਾ ਸਾਚੈ ਪ੍ਰੇਮਿ ਸਮਾਏ ॥ | As Gurmukh, she knows the Lord; through the Word of His Shabad, He is realized; through True Love, she merges with Him. |
| ਜਿਨਿ ਅਪਣਾ ਪਿਰੁ ਨਹੀ ਜਾਤਾ ਕਰਮ ਬਿਧਾਤਾ ਕੂੜਿ ਮੁਠੀ ਕੂੜਿਆਰੇ ॥ | She who does not know her Husband Lord, the Architect of karma, is deluded by falsehood - she herself is false. |
| ਸੁਣਿਅਹੁ ਕੰਤ ਮਹੇਲੀਹੋ ਪਿਰੁ ਸੇਵਿਹੁ ਸਬਦਿ ਵੀਚਾਰੇ ॥੧॥ | Listen, O brides of the Lord: serve your Beloved Husband Lord, and contemplate the Word of His Shabad. \|\|1\|\| |
| ਸਭੁ ਜਗੁ ਆਪਿ ਉਪਾਇਓਨੁ ਆਵਣੁ ਜਾਣੁ ਸੰਸਾਰਾ ॥ | He Himself created the whole world; the world comes and goes. |
| ਮਾਇਆ ਮੋਹੁ ਖੁਆਇਅਨੁ ਮਰਿ ਜੰਮੈ ਵਾਰੋ ਵਾਰਾ ॥ | The love of Maya has ruined the world; people die, to be re-born, over and over again. |
| ਮਰਿ ਜੰਮੈ ਵਾਰੋ ਵਾਰਾ ਵਧਹਿ ਬਿਕਾਰਾ ਗਿਆਨ ਵਿਹੂਣੀ ਮੂਠੀ ॥ | People die to be re-born, over and over again, while their sins increase; without spiritual wisdom, they are deluded. |
| ਬਿਨੁ ਸਬਦੈ ਪਿਰੁ ਨ ਪਾਇਓ ਜਨਮੁ ਗਵਾਇਓ ਰੋਵੈ ਅਵਗੁਣਿਆਰੀ ਝੂਠੀ ॥ | Without the Word of the Shabad, the Husband Lord is not found; the worthless, false bride wastes her life away, weeping and wailing. |
| ਪਿਰੁ ਜਗਜੀਵਨੁ ਕਿਸ ਨੋ ਰੋਈਐ ਰੋਵੈ ਕੰਤੁ ਵਿਸਾਰੇ ॥ | He is my Beloved Husband Lord, the Life of the World - for whom should I weep? They alone weep, who forget their Husband Lord. |
| ਸਭੁ ਜਗੁ ਆਪਿ ਉਪਾਇਓਨੁ ਆਵਣੁ ਜਾਣੁ ਸੰਸਾਰੇ ॥੨॥ | He Himself created the whole world; the world comes and goes. \|\|2\|\| |
| ਸੋ ਪਿਰੁ ਸਚਾ ਸਦ ਹੀ ਸਾਚਾ ਹੈ ਨਾ ਓਹੁ ਮਰੈ ਨ ਜਾਏ ॥ | That Husband Lord is True, forever True; He does not die, and He does not leave. |
| ਭੂਲੀ ਫਿਰੈ ਧਨ ਇਆਣੀਆ ਰੰਡ ਬੈਠੀ ਦੂਜੈ ਭਾਏ ॥ | The ignorant soul-bride wanders in delusion; in the love of duality, she sits like a widow. |
| ਰੰਡ ਬੈਠੀ ਦੂਜੈ ਭਾਏ ਮਾਇਆ ਮੋਹਿ ਦੁਖੁ ਪਾਏ ਆਵ ਘਟੈ ਤਨੁ ਛੀਜੈ ॥ | She sits like a widow, in the love of duality; through emotional attachment to Maya, she suffers in pain. She is growing old, and her body is withering away. |
| ਜੋ ਕਿਛੁ ਆਇਆ ਸਭੁ ਕਿਛੁ ਜਾਸੀ ਦੁਖੁ ਲਾਗਾ ਭਾਇ ਦੂਜੈ ॥ | Whatever has come, all that shall pass away; through the love of duality, they suffer in pain. |

ਜਮਕਾਲੁ ਨ ਸੂਝੈ ਮਾਇਆ ਜਗੁ ਲੂਝੈ ਲਬਿ ਲੋਭਿ ਚਿਤੁ ਲਾਏ ॥

They do not see the Messenger of Death; they long for Maya, and their consciousness is attached to greed.

ਸੋ ਪਿਰੁ ਸਾਚਾ ਸਦ ਹੀ ਸਾਚਾ ਨਾ ਓਹੁ ਮਰੈ ਨ ਜਾਏ ॥੩॥

That Husband Lord is True, forever True; He does not die, and He does not leave. ||3||

ਇਕਿ ਰੋਵਹਿ ਪਿਰਹਿ ਵਿਛੁੰਨੀਆ ਅੰਧੀ ਨਾ ਜਾਣੈ ਪਿਰੁ ਨਾਲੇ ॥

Some weep and wail, separated from their Husband Lord; the blind ones do not know that their Husband is with them.

ਗੁਰ ਪਰਸਾਦੀ ਸਾਚਾ ਪਿਰੁ ਮਿਲੈ ਅੰਤਰਿ ਸਦਾ ਸਮਾਲੇ ॥

By Guru's Grace, they may meet with their True Husband, and cherish Him always deep within.

ਪਿਰੁ ਅੰਤਰਿ ਸਮਾਲੇ ਸਦਾ ਹੈ ਨਾਲੇ ਮਨਮੁਖਿ ਜਾਤਾ ਦੂਰੇ ॥

She cherishes her Husband deep within herself - He is always with her; the self-willed manmukhs think that He is far away.

ਇਹੁ ਤਨੁ ਰੁਲੈ ਰੁਲਾਇਆ ਕਾਮਿ ਨ ਆਇਆ ਜਿਨਿ ਖਸਮੁ ਨ ਜਾਤਾ ਹਦੂਰੇ ॥

This body rolls in the dust, and is totally useless; it does not realize the Presence of the Lord and Master.

ਨਾਨਕ ਸਾ ਧਨ ਮਿਲੈ ਮਿਲਾਈ ਪਿਰੁ ਅੰਤਰਿ ਸਦਾ ਸਮਾਲੇ ॥

O Nanak, that soul-bride is united in Union; she cherishes her Beloved Husband forever, deep within herself.

ਇਕਿ ਰੋਵਹਿ ਪਿਰਹਿ ਵਿਛੁੰਨੀਆ ਅੰਧੀ ਨ ਜਾਣੈ ਪਿਰੁ ਹੈ ਨਾਲੇ ॥੪॥੨॥

Some weep and wail, separated from their Husband Lord; the blind ones do not know that their Husband is with them. ||4||2||

## ੫੮੪

## 584

ਵਡਹੰਸੁ ਮਃ ੩ ॥

Wadahans, Third Mehl:

ਰੋਵਹਿ ਪਿਰਹਿ ਵਿਛੁੰਨੀਆ ਮੈ ਪਿਰੁ ਸਚੜਾ ਹੈ ਸਦਾ ਨਾਲੇ ॥

Those who are separated from their Beloved Husband Lord weep and wail, but my True Husband Lord is always with me.

ਜਿਨੀ ਚਲਣੁ ਸਹੀ ਜਾਣਿਆ ਸਤਿਗੁਰੁ ਸੇਵਹਿ ਨਾਮੁ ਸਮਾਲੇ ॥

Those who know that they must depart, serve the True Guru, and dwell upon the Naam, the Name of the Lord.

ਸਦਾ ਨਾਮੁ ਸਮਾਲੇ ਸਤਿਗੁਰੁ ਹੈ ਨਾਲੇ ਸਤਿਗੁਰੁ ਸੇਵਿ ਸੁਖੁ ਪਾਇਆ ॥

They dwell constantly upon the Naam, and the True Guru is with them; they serve the True Guru, and so obtain peace.

ਸਬਦੇ ਕਾਲੁ ਮਾਰਿ ਸਚੁ ਉਰਿ ਧਾਰਿ ਫਿਰਿ ਆਵਣ ਜਾਣੁ ਨ ਹੋਇਆ ॥

Through the Shabad, they kill death, and enshrine the True Lord within their hearts; they shall not have to come and go again.

ਸਚਾ ਸਾਹਿਬੁ ਸਚੀ ਨਾਈ ਵੇਖੈ ਨਦਰਿ ਨਿਹਾਲੇ ॥

True is the Lord and Master, and True is His Name; bestowing His Gracious Glance, one is enraptured.

| | |
|---|---|
| ਰੋਵਹਿ ਪਿਰਹੁ ਵਿਛੁੰਨੀਆ ਮੈ ਪਿਰੁ ਸਚੜਾ ਹੈ ਸਦਾ ਨਾਲੇ ॥੧॥ | Those who are separated from their Beloved Husband Lord weep and wail, but my True Husband Lord is always with me. \|\|1\|\| |
| ਪ੍ਰਭੁ ਮੇਰਾ ਸਾਹਿਬੁ ਸਭ ਦੂ ਊਚਾ ਹੈ ਕਿਵ ਮਿਲਾਂ ਪ੍ਰੀਤਮ ਪਿਆਰੇ ॥ | God, my Lord and Master, is the highest of all; how can I meet my Dear Beloved? |
| ਸਤਿਗੁਰਿ ਮੇਲੀ ਤਾਂ ਸਹਜਿ ਮਿਲੀ ਪਿਰੁ ਰਾਖਿਆ ਉਰ ਧਾਰੇ ॥ | When the True Guru united me, then I was naturally united with my Husband Lord, and now, I keep Him clasped to my heart. |
| ਸਦਾ ਉਰ ਧਾਰੇ ਨੇਹੁ ਨਾਲਿ ਪਿਆਰੇ ਸਤਿਗੁਰ ਤੇ ਪਿਰੁ ਦਿਸੈ ॥ | I constantly, lovingly cherish my Beloved within my heart; through the True Guru, I see my Beloved. |
| ਮਾਇਆ ਮੋਹ ਕਾ ਕਚਾ ਚੋਲਾ ਤਿਤੁ ਪੈਧੈ ਪਗੁ ਖਿਸੈ ॥ | The cloak of Maya's love is false; wearing it, one slips and loses his footing. |
| ਪਿਰ ਰੰਗਿ ਰਾਤਾ ਸੋ ਸਚਾ ਚੋਲਾ ਤਿਤੁ ਪੈਧੈ ਤਿਖਾ ਨਿਵਾਰੇ ॥ | That cloak is true, which is dyed in the color of the Love of my Beloved; wearing it, my inner thirst is quenched. |
| ਪ੍ਰਭੁ ਮੇਰਾ ਸਾਹਿਬੁ ਸਭ ਦੂ ਊਚਾ ਹੈ ਕਿਉ ਮਿਲਾ ਪ੍ਰੀਤਮ ਪਿਆਰੇ ॥੨॥ | God, my Lord and Master, is the highest of all; how can I meet my Dear Beloved? \|\|2\|\| |
| ਮੈ ਪ੍ਰਭੁ ਸਚੁ ਪਛਾਣਿਆ ਹੋਰ ਭੂਲੀ ਅਵਗਣਿਆਰੇ ॥ | I have realized my True Lord God, while the other worthless ones have gone astray. |
| ਮੈ ਸਦਾ ਰਾਵੇ ਪਿਰੁ ਆਪਣਾ ਸਚੜੈ ਸਬਦਿ ਵੀਚਾਰੇ ॥ | I dwell constantly upon my Beloved Husband Lord, and reflect upon the True Word of the Shabad. |
| ਸਚੈ ਸਬਦਿ ਵੀਚਾਰੇ ਰੰਗਿ ਰਾਤੀ ਨਾਰੇ ਮਿਲਿ ਸਤਿਗੁਰ ਪ੍ਰੀਤਮੁ ਪਾਇਆ ॥ | The bride reflects upon the True Shabad, and is imbued with His Love; she meets with the True Guru, and finds her Beloved. |
| ਅੰਤਰਿ ਰੰਗਿ ਰਾਤੀ ਸਹਜੇ ਮਾਤੀ ਗਇਆ ਦੁਸਮਨੁ ਦੂਖੁ ਸਬਾਇਆ ॥ | Deep within, she is imbued with His Love, and intoxicated with delight; her enemies and sufferings are all taken away. |
| ਅਪਨੇ ਗੁਰ ਕੰਉ ਤਨੁ ਮਨੁ ਦੀਜੈ ਤਾਂ ਮਨੁ ਭੀਜੈ ਤ੍ਰਿਸਨਾ ਦੂਖ ਨਿਵਾਰੇ ॥ | Surrender body and soul to your Guru, and then you shall become happy; your thirst and pain shall be taken away. |
| ਮੈ ਪਿਰੁ ਸਚੁ ਪਛਾਣਿਆ ਹੋਰ ਭੂਲੀ ਅਵਗਣਿਆਰੇ ॥੩॥ | I have realized my True Lord God, while the other worthless ones have gone astray. \|\|3\|\| |
| ਸਚੜੈ ਆਪਿ ਜਗਤੁ ਉਪਾਇਆ ਗੁਰ ਬਿਨੁ ਘੋਰ ਅੰਧਾਰੋ ॥ | The True Lord Himself created the world; without the Guru, there is only pitch darkness. |
| ਆਪਿ ਮਿਲਾਏ ਆਪਿ ਮਿਲੈ ਆਪੇ ਦੇਇ ਪਿਆਰੋ ॥ | He Himself unites, and causes us to unite with Him; He Himself blesses us with His Love. |

| | |
|---|---|
| ਆਪੇ ਦੇਇ ਪਿਆਰੋ ਸਹਜਿ ਵਾਪਾਰੋ ਗੁਰਮੁਖਿ ਜਨਮੁ ਸਵਾਰੇ ॥ | He Himself blesses us with His Love, and deals in celestial peace; the life of the Gurmukh is reformed. |
| ਧਨੁ ਜਗ ਮਹਿ ਆਇਆ ਆਪੁ ਗਵਾਇਆ ਦਰਿ ਸਾਚੈ ਸਚਿਆਰੋ ॥ | Blessed is his coming into the world; he banishes his self-conceit, and is acclaimed as true in the Court of the True Lord. |
| ਗਿਆਨਿ ਰਤਨਿ ਘਟਿ ਚਾਨਣੁ ਹੋਆ ਨਾਨਕ ਨਾਮ ਪਿਆਰੋ ॥ | The light of the jewel of spiritual wisdom shines within his heart, O Nanak, and he loves the Naam, the Name of the Lord. |
| ਸਚੜੈ ਆਪਿ ਜਗਤੁ ਉਪਾਇਆ ਗੁਰ ਬਿਨੁ ਘੋਰ ਅੰਧਾਰੋ ॥੪॥੩॥ | The True Lord Himself created the world; without the Guru, there is only pitch darkness. \|\|4\|\|3\|\| |
| ਵਡਹੰਸੁ ਮਹਲਾ ੩ ॥ | Wadahans, Third Mehl: |
| ਇਹੁ ਸਰੀਰੁ ਜਜਰੀ ਹੈ ਇਸ ਨੋ ਜਰੁ ਪਹੁਚੈ ਆਏ ॥ | This body is frail; old age is overtaking it. |
| ਗੁਰਿ ਰਾਖੇ ਸੇ ਉਬਰੇ ਹੋਰੁ ਮਰਿ ਜੰਮੈ ਆਵੈ ਜਾਏ ॥ | Those who are protected by the Guru are saved, while others die, to be reincarnated; they continue coming and going. |
| ਹੋਰਿ ਮਰਿ ਜੰਮਹਿ ਆਵਹਿ ਜਾਵਹਿ ਅੰਤਿ ਗਏ ਪਛੁਤਾਵਹਿ ਬਿਨੁ ਨਾਵੈ ਸੁਖੁ ਨ ਹੋਈ ॥ | Others die, to be reincarnated; they continue coming and going, and in the end, they depart regretfully. Without the Name, there is no peace. |
| ਐਥੈ ਕਮਾਵੈ ਸੋ ਫਲੁ ਪਾਵੈ ਮਨਮੁਖਿ ਹੈ ਪਤਿ ਖੋਈ ॥ | As one acts here, so does he obtain his rewards; the self-willed manmukh loses his honor. |
| ਜਮ ਪੁਰਿ ਘੋਰ ਅੰਧਾਰੁ ਮਹਾ ਗੁਬਾਰੁ ਨਾ ਤਿਥੈ ਭੈਣ ਨ ਭਾਈ ॥ | In the City of Death, there is pitch darkness, and huge clouds of dust; neither sister nor brother is there. |
| ਇਹੁ ਸਰੀਰੁ ਜਜਰੀ ਹੈ ਇਸ ਨੋ ਜਰੁ ਪਹੁਚੈ ਆਈ ॥੧॥ | This body is frail; old age is overtaking it. \|\|1\|\| |
| ਕਾਇਆ ਕੰਚਨੁ ਤਾਂ ਥੀਐ ਜਾਂ ਸਤਿਗੁਰੁ ਲਏ ਮਿਲਾਏ ॥ | The body becomes like gold, when the True Guru unites one with Himself. |
| **੫੮੫** | **585** |
| ਭ੍ਰਮੁ ਮਾਇਆ ਵਿਚਹੁ ਕਟੀਐ ਸਚੜੈ ਨਾਮਿ ਸਮਾਏ ॥ | Doubt and Maya have been removed from within me, and I am merged in the Naam, the True Name of the Lord. |
| ਸਚੈ ਨਾਮਿ ਸਮਾਏ ਹਰਿ ਗੁਣ ਗਾਏ ਮਿਲਿ ਪ੍ਰੀਤਮ ਸੁਖੁ ਪਾਏ ॥ | Merged in the True Name of the Lord, I sing the Glorious Praises of the Lord; meeting my Beloved, I have found peace. |

ਸਦਾ ਅਨੰਦਿ ਰਹੈ ਦਿਨੁ ਰਾਤੀ ਵਿਚਹੁ ਹੰਉਮੈ ਜਾਏ ॥

I am in constant bliss, day and night; egotism has been dispelled from within me.

ਜਿਨੀ ਪੁਰਖੀ ਹਰਿ ਨਾਮਿ ਚਿਤੁ ਲਾਇਆ ਤਿਨ ਕੈ ਹੰਉ ਲਾਗਉ ਪਾਏ ॥

I fall at the feet of those who enshrine the Naam within their consciousness.

ਕਾਂਇਆ ਕੰਚਨੁ ਤਾਂ ਥੀਐ ਜਾ ਸਤਿਗੁਰੁ ਲਏ ਮਿਲਾਏ ॥੨॥

The body becomes like gold, when the True Guru unites one with Himself. ||2||

ਸੋ ਸਚਾ ਸਚੁ ਸਲਾਹੀਐ ਜੇ ਸਤਿਗੁਰੁ ਦੇਇ ਬੁਝਾਏ ॥

We truly praise the True Lord, when the True Guru imparts understanding.

ਬਿਨੁ ਸਤਿਗੁਰ ਭਰਮਿ ਭੁਲਾਣੀਆ ਕਿਆ ਮੁਹੁ ਦੇਸਨਿ ਆਗੈ ਜਾਏ ॥

Without the True Guru, they are deluded by doubt; going to the world hereafter, what face will they display?

ਕਿਆ ਦੇਨਿ ਮੁਹੁ ਜਾਏ ਅਵਗੁਣਿ ਪਛੁਤਾਏ ਦੁਖੋ ਦੁਖੁ ਕਮਾਏ ॥

What face will they show, when they go there? They will regret and repent for their sins; their actions will bring them only pain and suffering.

ਨਾਮਿ ਰਤੀਆ ਸੇ ਰੰਗਿ ਚਲੂਲਾ ਪਿਰ ਕੈ ਅੰਕਿ ਸਮਾਏ ॥

Those who are imbued with the Naam are dyed in the deep crimson color of the Lord's Love; they merge into the Being of their Husband Lord.

ਤਿਸੁ ਜੇਵਡੁ ਅਵਰੁ ਨ ਸੂਝਈ ਕਿਸੁ ਆਗੈ ਕਹੀਐ ਜਾਏ ॥

I can conceive of no other as great as the Lord; unto whom should I go and speak?

ਸੋ ਸਚਾ ਸਚੁ ਸਲਾਹੀਐ ਜੇ ਸਤਿਗੁਰੁ ਦੇਇ ਬੁਝਾਏ ॥੩॥

We truly praise the True Lord, when the True Guru imparts understanding. ||3||

ਜਿਨੀ ਸਚੜਾ ਸਚੁ ਸਲਾਹਿਆ ਹੰਉ ਤਿਨ ਲਾਗਉ ਪਾਏ ॥

I fall at the feet of those who praise the Truest of the True.

ਸੇ ਜਨ ਸਚੇ ਨਿਰਮਲੇ ਤਿਨ ਮਿਲਿਆ ਮਲੁ ਸਭ ਜਾਏ ॥

Those humble beings are true, and immaculately pure; meeting them, all filth is washed off.

ਤਿਨ ਮਿਲਿਆ ਮਲੁ ਸਭ ਜਾਏ ਸਚੈ ਸਰਿ ਨਾਏ ਸਚੈ ਸਹਜਿ ਸੁਭਾਏ ॥

Meeting them, all filth is washed off; bathing in the Pool of Truth, one becomes truthful, with intuitive ease.

ਨਾਮੁ ਨਿਰੰਜਨੁ ਅਗਮੁ ਅਗੋਚਰੁ ਸਤਿਗੁਰਿ ਦੀਆ ਬੁਝਾਏ ॥

The True Guru has given me the realization of the Naam, the Immaculate Name of the Lord, the unfathomable, the imperceptible.

ਅਨਦਿਨੁ ਭਗਤਿ ਕਰਹਿ ਰੰਗਿ ਰਾਤੇ ਨਾਨਕ ਸਚਿ ਸਮਾਏ ॥

Those who perform devotional worship to the Lord night and day, are imbued with His Love; O Nanak, they are absorbed in the True Lord.

ਜਿਨੀ ਸਚੜਾ ਸਚੁ ਧਿਆਇਆ ਹੰਉ ਤਿਨ ਕੈ ਲਾਗਉ ਪਾਏ ॥੪॥੪॥

I fall at the feet of those who meditate on the Truest of the True. ||4||4||

| | |
|---|---|
| ਵਡਹੰਸ ਕੀ ਵਾਰ ਮਹਲਾ ੪ ਲਲਾਂ ਬਹਲੀਮਾ ਕੀ ਧੁਨਿ ਗਾਵਣੀ | Vaar Of Wadahans, Fourth Mehl: To Be Sung In The Tune Of Lalaa-Behleemaa: |
| ੧ਓ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਸਲੋਕ ਮਃ ੩ ॥ | Shalok, Third Mehl: |
| ਸਬਦਿ ਰਤੇ ਵਡ ਹੰਸ ਹੈ ਸਚੁ ਨਾਮੁ ਉਰਿ ਧਾਰਿ ॥ | The great swans are imbued with the Word of the Shabad; they enshrine the True Name within their hearts. |
| ਸਚੁ ਸੰਗ੍ਰਹਹਿ ਸਦ ਸਚਿ ਰਹਹਿ ਸਚੈ ਨਾਮਿ ਪਿਆਰਿ ॥ | They gather Truth, remain always in Truth, and love the True Name. |
| ਸਦਾ ਨਿਰਮਲ ਮੈਲੁ ਨ ਲਗਈ ਨਦਰਿ ਕੀਤੀ ਕਰਤਾਰਿ ॥ | They are always pure and immaculate - filth does not touch them; they are blessed with the Grace of the Creator Lord. |
| ਨਾਨਕ ਹਉ ਤਿਨ ਕੈ ਬਲਿਹਾਰਣੈ ਜੋ ਅਨਦਿਨੁ ਜਪਹਿ ਮੁਰਾਰਿ ॥੧॥ | O Nanak, I am a sacrifice to those who, night and day, meditate on the Lord. ‖1‖ |
| ਮਃ ੩ ॥ | Third Mehl: |
| ਮੈ ਜਾਨਿਆ ਵਡ ਹੰਸੁ ਹੈ ਤਾ ਮੈ ਕੀਆ ਸੰਗੁ ॥ | I thought that he was a great swan, so I associated with him. |
| ਜੇ ਜਾਣਾ ਬਗੁ ਬਪੁੜਾ ਤ ਜਨਮਿ ਨ ਦੇਦੀ ਅੰਗੁ ॥੨॥ | If I had known that he was only a wretched heron from birth, I would not have touched him. ‖2‖ |
| ਮਃ ੩ ॥ | Third Mehl: |
| ਹੰਸਾ ਵੇਖਿ ਤਰੰਦਿਆ ਬਗਾਂ ਭਿ ਆਯਾ ਚਾਉ ॥ | Seeing the swans swimming, the herons became envious. |
| ਡੁਬਿ ਮੁਏ ਬਗ ਬਪੁੜੇ ਸਿਰੁ ਤਲਿ ਉਪਰਿ ਪਾਉ ॥੩॥ | But the poor herons drowned and died, and floated with their heads down, and their feet above. ‖3‖ |
| ਪਉੜੀ ॥ | Pauree: |
| ਤੂ ਆਪੇ ਹੀ ਆਪਿ ਆਪਿ ਹੈ ਆਪਿ ਕਾਰਣੁ ਕੀਆ ॥ | You Yourself are Yourself, all by Yourself; You Yourself created the creation. |
| ਤੂ ਆਪੇ ਆਪਿ ਨਿਰੰਕਾਰੁ ਹੈ ਕੋ ਅਵਰੁ ਨ ਬੀਆ ॥ | You Yourself are Yourself the Formless Lord; there is no other than You. |
| ਤੂ ਕਰਣ ਕਾਰਣ ਸਮਰਥੁ ਹੈ ਤੂ ਕਰਹਿ ਸੁ ਥੀਆ ॥ | You are the all-powerful Cause of causes; what You do, comes to be. |

ਤੂ ਅਣਮੰਗਿਆ ਦਾਨੁ ਦੇਵਣਾ ਸਭਨਾਹਾ ਜੀਆ ॥

You give gifts to all beings, without their asking.

ਸਭਿ ਆਖਹੁ ਸਤਿਗੁਰੁ ਵਾਹੁ ਵਾਹੁ ਜਿਨਿ ਦਾਨੁ ਹਰਿ ਨਾਮੁ ਮੁਖਿ ਦੀਆ ॥੧॥

Everyone proclaims, "Waaho! Waaho! Blessed, blessed is the True Guru, who has given the supreme gift of the Name of the Lord." ||1||

## ੫੮੬

## 586

ਸਲੋਕੁ ਮਃ ੩ ॥

Shalok, Third Mehl:

ਭੈ ਵਿਚਿ ਸਭੁ ਆਕਾਰੁ ਹੈ ਨਿਰਭਉ ਹਰਿ ਜੀਉ ਸੋਇ ॥

The entire universe is in fear; only the Dear Lord is fearless.

ਸਤਿਗੁਰਿ ਸੇਵਿਐ ਹਰਿ ਮਨਿ ਵਸੈ ਤਿਥੈ ਭਉ ਕਦੇ ਨ ਹੋਇ ॥

Serving the True Guru, the Lord comes to dwell in the mind, and then, fear cannot stay there.

ਦੁਸਮਨੁ ਦੁਖੁ ਤਿਸ ਨੋ ਨੇੜਿ ਨ ਆਵੈ ਪੋਹਿ ਨ ਸਕੈ ਕੋਇ ॥

Enemies and pain cannot come close, and no one can touch him.

ਗੁਰਮੁਖਿ ਮਨਿ ਵੀਚਾਰਿਆ ਜੋ ਤਿਸੁ ਭਾਵੈ ਸੁ ਹੋਇ ॥

The Gurmukh reflects upon the Lord in his mind; whatever pleases the Lord - that alone comes to pass.

ਨਾਨਕ ਆਪੇ ਹੀ ਪਤਿ ਰਖਸੀ ਕਾਰਜ ਸਵਾਰੇ ਸੋਇ ॥੧॥

O Nanak, He Himself preserves one's honor; He alone resolves our affairs. ||1||

ਮਃ ੩ ॥

Third Mehl:

ਇਕਿ ਸਜਣ ਚਲੇ ਇਕਿ ਚਲਿ ਗਏ ਰਹਦੇ ਭੀ ਫੁਨਿ ਜਾਹਿ ॥

Some friends are leaving, some have already left, and those remaining will eventually leave.

ਜਿਨੀ ਸਤਿਗੁਰੁ ਨ ਸੇਵਿਓ ਸੇ ਆਇ ਗਏ ਪਛੁਤਾਹਿ ॥

Those who do not serve the True Guru, come and go regretting.

ਨਾਨਕ ਸਚਿ ਰਤੇ ਸੇ ਨ ਵਿਛੁੜਹਿ ਸਤਿਗੁਰੁ ਸੇਵਿ ਸਮਾਹਿ ॥੨॥

O Nanak, those who are attuned to Truth are not separated; serving the True Guru, they merge into the Lord. ||2||

ਪਉੜੀ ॥

Pauree:

ਤਿਸੁ ਮਿਲੀਐ ਸਤਿਗੁਰ ਸਜਣੈ ਜਿਸੁ ਅੰਤਰਿ ਹਰਿ ਗੁਣਕਾਰੀ ॥

Meet with that True Guru, the True Friend, within whose mind the Lord, the virtuous One, abides.

ਤਿਸੁ ਮਿਲੀਐ ਸਤਿਗੁਰ ਪ੍ਰੀਤਮੈ ਜਿਨਿ ਹੰਉਮੈ ਵਿਚਹੁ ਮਾਰੀ ॥

Meet with that Beloved True Guru, who has subdued ego from within himself.

| | |
|---|---|
| ਸੋ ਸਤਿਗੁਰੁ ਪੂਰਾ ਧਨੁ ਧੰਨੁ ਹੈ ਜਿਨਿ ਹਰਿ ਉਪਦੇਸੁ ਦੇ ਸਭ ਸ੍ਰਿਸ੍ਟਿ ਸਵਾਰੀ ॥ | Blessed, blessed is the Perfect True Guru, who has given the Lord's Teachings to reform the whole world. |
| ਨਿਤ ਜਪਿਅਹੁ ਸੰਤਹੁ ਰਾਮ ਨਾਮੁ ਭਉਜਲ ਬਿਖੁ ਤਾਰੀ ॥ | O Saints, meditate constantly on the Lord's Name, and cross over the terrifying, poisonous world-ocean. |
| ਗੁਰਿ ਪੂਰੈ ਹਰਿ ਉਪਦੇਸਿਆ ਗੁਰ ਵਿਟੜਿਅਹੁ ਹੰਉ ਸਦ ਵਾਰੀ ॥੨॥ | The Perfect Guru has taught me about the Lord; I am forever a sacrifice to the Guru. ‖2‖ |
| ਸਲੋਕੁ ਮਃ ੩ ॥ | Shalok, Third Mehl: |
| ਸਤਿਗੁਰ ਕੀ ਸੇਵਾ ਚਾਕਰੀ ਸੁਖੀ ਹੂੰ ਸੁਖ ਸਾਰੁ ॥ | Service to, and obedience to the True Guru, is the essence of comfort and peace. |
| ਐਥੈ ਮਿਲਨਿ ਵਡਿਆਈਆ ਦਰਗਹ ਮੋਖ ਦੁਆਰੁ ॥ | Doing so, one obtains honor here, and the door of salvation in the Court of the Lord. |
| ਸਚੀ ਕਾਰ ਕਮਾਵਣੀ ਸਚੁ ਪੈਨਣੁ ਸਚੁ ਨਾਮੁ ਅਧਾਰੁ ॥ | In this way, perform the tasks of Truth, wear Truth, and take the Support of the True Name. |
| ਸਚੀ ਸੰਗਤਿ ਸਚਿ ਮਿਲੈ ਸਚੈ ਨਾਇ ਪਿਆਰੁ ॥ | Associating with Truth, obtain Truth, and love the True Name. |
| ਸਚੈ ਸਬਦਿ ਹਰਖੁ ਸਦਾ ਦਰਿ ਸਚੈ ਸਚਿਆਰੁ ॥ | Through the True Word of the Shabad, be always happy, and you shall be acclaimed as True in the True Court. |
| ਨਾਨਕ ਸਤਿਗੁਰ ਕੀ ਸੇਵਾ ਸੋ ਕਰੈ ਜਿਸ ਨੋ ਨਦਰਿ ਕਰੈ ਕਰਤਾਰੁ ॥੧॥ | O Nanak, he alone serves the True Guru, whom the Creator has blessed with His Glance of Grace. ‖1‖ |
| ਮਃ ੩ ॥ | Third Mehl: |
| ਹੋਰ ਵਿਡਾਣੀ ਚਾਕਰੀ ਧ੍ਰਿਗੁ ਜੀਵਣੁ ਧ੍ਰਿਗੁ ਵਾਸੁ ॥ | Cursed is the life, and cursed is the dwelling, of those who serve another. |
| ਅੰਮ੍ਰਿਤੁ ਛੋਡਿ ਬਿਖੁ ਲਗੇ ਬਿਖੁ ਖਟਣਾ ਬਿਖੁ ਰਾਸਿ ॥ | Abandoning the Ambrosial Nectar, they turn to poison; they earn poison, and poison is their only wealth. |
| ਬਿਖੁ ਖਾਣਾ ਬਿਖੁ ਪੈਨਣਾ ਬਿਖੁ ਕੇ ਮੁਖਿ ਗਿਰਾਸ ॥ | Poison is their food, and poison is their dress; they fill their mouths with morsels of poison. |
| ਐਥੈ ਦੁਖੋ ਦੁਖੁ ਕਮਾਵਣਾ ਮੁਇਆ ਨਰਕਿ ਨਿਵਾਸੁ ॥ | In this world, they earn only pain and suffering, and dying, they go to abide in hell. |
| ਮਨਮੁਖ ਮੁਹਿ ਮੈਲੈ ਸਬਦੁ ਨ ਜਾਣਨੀ ਕਾਮ ਕਰੋਧਿ ਵਿਣਾਸੁ ॥ | The self-willed manmukhs have filthy faces; they do not know the Word of the Shabad; in sexual desire and anger they waste away. |

| | |
|---|---|
| ਸਤਿਗੁਰ ਕਾ ਭਉ ਛੋਡਿਆ ਮਨਹਠਿ ਕੰਮੁ ਨ ਆਵੈ ਰਾਸਿ ॥ | They forsake the Fear of the True Guru, and because of their stubborn ego, their efforts do not come to fruition. |
| ਜਮ ਪੁਰਿ ਬਧੇ ਮਾਰੀਅਹਿ ਕੋ ਨ ਸੁਣੇ ਅਰਦਾਸਿ ॥ | In the City of Death, they are bound and beaten, and no one hears their prayers. |
| ਨਾਨਕ ਪੂਰਬਿ ਲਿਖਿਆ ਕਮਾਵਣਾ ਗੁਰਮੁਖਿ ਨਾਮਿ ਨਿਵਾਸੁ ॥੨॥ | O Nanak, they act according to their pre-ordained destiny; the Gurmukh abides in the Naam, the Name of the Lord. ‖2‖ |
| ਪਉੜੀ ॥ | Pauree: |
| ਸੋ ਸਤਿਗੁਰੁ ਸੇਵਿਹੁ ਸਾਧ ਜਨੁ ਜਿਨਿ ਹਰਿ ਹਰਿ ਨਾਮੁ ਦ੍ਰਿੜਾਇਆ ॥ | Serve the True Guru, O Holy people; He implants the Name of the Lord, Har, Har, in our minds. |
| ਸੋ ਸਤਿਗੁਰੁ ਪੂਜਹੁ ਦਿਨਸੁ ਰਾਤਿ ਜਿਨਿ ਜਗੰਨਾਥੁ ਜਗਦੀਸੁ ਜਪਾਇਆ ॥ | Worship the True Guru day and night; He leads us the meditate on the Lord of the Universe, the Master of the Universe. |
| ਸੋ ਸਤਿਗੁਰੁ ਦੇਖਹੁ ਇਕ ਨਿਮਖ ਨਿਮਖ ਜਿਨਿ ਹਰਿ ਕਾ ਹਰਿ ਪੰਥੁ ਬਤਾਇਆ ॥ | Behold the True Guru, each and every moment; He shows us the Divine Path of the Lord. |
| ਤਿਸੁ ਸਤਿਗੁਰ ਕੀ ਸਭ ਪਗੀ ਪਵਹੁ ਜਿਨਿ ਮੋਹ ਅੰਧੇਰੁ ਚੁਕਾਇਆ ॥ | Let everyone fall at the feet of the True Guru; He has dispelled the darkness of emotional attachment. |
| ਸੋ ਸਤਗੁਰੁ ਕਹਹੁ ਸਭਿ ਧੰਨੁ ਧੰਨੁ ਜਿਨਿ ਹਰਿ ਭਗਤਿ ਭੰਡਾਰ ਲਹਾਇਆ ॥੩॥ | Let everyone hail and praise the True Guru, who has led us to find the treasure of the Lord's devotional worship. ‖3‖ |
| ਸਲੋਕੁ ਮਃ ੩ ॥ | Shalok, Third Mehl: |
| ਸਤਿਗੁਰਿ ਮਿਲਿਐ ਭੁਖ ਗਈ ਭੇਖੀ ਭੁਖ ਨ ਜਾਇ ॥ | Meeting with the True Guru, hunger departs; by wearing the robes of a beggar, hunger does not depart. |
| **੫੮੭** | **587** |
| ਦੁਖਿ ਲਗੈ ਘਰਿ ਘਰਿ ਫਿਰੈ ਅਗੈ ਦੂਣੀ ਮਿਲੈ ਸਜਾਇ ॥ | Afflicted with pain, he wanders from house to house, and in the world hereafter, he receives double punishment. |
| ਅੰਦਰਿ ਸਹਜੁ ਨ ਆਇਓ ਸਹਜੇ ਹੀ ਲੈ ਖਾਇ ॥ | Peace does not come to his heart - he is not content to eat what comes his way. |
| ਮਨਹਠਿ ਜਿਸ ਤੇ ਮੰਗਣਾ ਲੈਣਾ ਦੁਖੁ ਮਨਾਇ ॥ | With his stubborn mind, he begs, and grabs, and annoys those who give. |

| | |
|---|---|
| ਇਸੁ ਭੇਖੈ ਥਾਵਹੁ ਗਿਰਹੋ ਭਲਾ ਜਿਥਹੁ ਕੋ ਵਰਸਾਇ ॥ | Instead of wearing these beggar's robes, it is better to be a householder, and give to others. |
| ਸਬਦਿ ਰਤੇ ਤਿਨਾ ਸੋਝੀ ਪਈ ਦੂਜੈ ਭਰਮਿ ਭੁਲਾਇ ॥ | Those who are attuned to the Word of the Shabad, acquire understanding; the others wander, deluded by doubt. |
| ਪਇਐ ਕਿਰਤਿ ਕਮਾਵਣਾ ਕਹਣਾ ਕਛੂ ਨ ਜਾਇ ॥ | They act according to their past actions; it is useless to talk to them. |
| ਨਾਨਕ ਜੋ ਤਿਸੁ ਭਾਵਹਿ ਸੇ ਭਲੇ ਜਿਨ ਕੀ ਪਤਿ ਪਾਵਹਿ ਥਾਇ ॥੧॥ | O Nanak, those who are pleasing unto the Lord are good; He upholds their honor. \|\|1\|\| |
| ਮਃ ੩ ॥ | Third Mehl: |
| ਸਤਿਗੁਰਿ ਸੇਵਿਐ ਸਦਾ ਸੁਖੁ ਜਨਮ ਮਰਣ ਦੁਖੁ ਜਾਇ ॥ | Serving the True Guru, one finds a lasting peace; the pains of birth and death are removed. |
| ਚਿੰਤਾ ਮੂਲਿ ਨ ਹੋਵਈ ਅਚਿੰਤੁ ਵਸੈ ਮਨਿ ਆਇ ॥ | He is not troubled by anxiety, and the carefree Lord comes to dwell in the mind. |
| ਅੰਤਰਿ ਤੀਰਥੁ ਗਿਆਨੁ ਹੈ ਸਤਿਗੁਰਿ ਦੀਆ ਬੁਝਾਇ ॥ | Deep within himself, is the sacred shrine of spiritual wisdom, revealed by the True Guru. |
| ਮੈਲੁ ਗਈ ਮਨੁ ਨਿਰਮਲੁ ਹੋਆ ਅੰਮ੍ਰਿਤ ਸਰਿ ਤੀਰਥਿ ਨਾਇ ॥ | His filth is removed, and his soul becomes immaculately pure, bathing in the sacred shrine, the pool of Ambrosial Nectar. |
| ਸਜਣ ਮਿਲੇ ਸਜਣਾ ਸਚੈ ਸਬਦਿ ਸੁਭਾਇ ॥ | The friend meets with the True Friend, the Lord, through the love of the Shabad. |
| ਘਰ ਹੀ ਪਰਚਾ ਪਾਇਆ ਜੋਤੀ ਜੋਤਿ ਮਿਲਾਇ ॥ | Within the home of his own being, he finds the Divine Self, and his light blends with the Light. |
| ਪਾਖੰਡਿ ਜਮਕਾਲੁ ਨ ਛੋਡਈ ਲੈ ਜਾਸੀ ਪਤਿ ਗਵਾਇ ॥ | The Messenger of Death does not leave the hypocrite; he is led away in dishonor. |
| ਨਾਨਕ ਨਾਮਿ ਰਤੇ ਸੇ ਉਬਰੇ ਸਚੇ ਸਿਉ ਲਿਵ ਲਾਇ ॥੨॥ | O Nanak, those who are imbued with the Naam are saved; they are in love with the True Lord. \|\|2\|\| |
| ਪਉੜੀ ॥ | Pauree: |
| ਤਿਤੁ ਜਾਇ ਬਹਹੁ ਸਤਸੰਗਤੀ ਜਿਥੈ ਹਰਿ ਕਾ ਹਰਿ ਨਾਮੁ ਬਿਲੋਈਐ ॥ | Go, and sit in the Sat Sangat, the True Congregation, where the Name of the Lord is churned. |
| ਸਹਜੇ ਹੀ ਹਰਿ ਨਾਮੁ ਲੇਹੁ ਹਰਿ ਤਤੁ ਨ ਖੋਈਐ ॥ | In peace and poise, contemplate the Lord's Name - don't lose the essence of the Lord. |

| | |
|---|---|
| ਨਿਤ ਜਪਿਅਹੁ ਹਰਿ ਹਰਿ ਦਿਨਸੁ ਰਾਤਿ ਹਰਿ ਦਰਗਹ ਢੋਈਐ ॥ | Chant the Name of the Lord, Har, Har, constantly, day and night, and you shall be accepted in the Court of the Lord. |
| ਸੋ ਪਾਏ ਪੂਰਾ ਸਤਗੁਰੂ ਜਿਸੁ ਧੁਰਿ ਮਸਤਕਿ ਲਿਲਾਟਿ ਲਿਖੋਈਐ ॥ | He alone finds the Perfect True Guru, on whose forehead such a pre-ordained destiny is written. |
| ਤਿਸੁ ਗੁਰ ਕੰਉ ਸਭਿ ਨਮਸਕਾਰੁ ਕਰਹੁ ਜਿਨਿ ਹਰਿ ਕੀ ਹਰਿ ਗਾਲ ਗਲੋਈਐ ॥੪॥ | Let everyone bow in worship to the Guru, who utters the sermon of the Lord. ‖4‖ |
| ਸਲੋਕ ਮਃ ੩ ॥ | Shalok, Third Mehl: |
| ਸਜਣ ਮਿਲੇ ਸਜਣਾ ਜਿਨ ਸਤਗੁਰ ਨਾਲਿ ਪਿਆਰੁ ॥ | The friends who love the True Guru, meet with the Lord, the True Friend. |
| ਮਿਲਿ ਪ੍ਰੀਤਮ ਤਿਨੀ ਧਿਆਇਆ ਸਚੈ ਪ੍ਰੇਮਿ ਪਿਆਰੁ ॥ | Meeting their Beloved, they meditate on the True Lord with love and affection. |
| ਮਨ ਹੀ ਤੇ ਮਨੁ ਮਾਨਿਆ ਗੁਰ ਕੈ ਸਬਦਿ ਅਪਾਰਿ ॥ | Their minds are appeased by their own minds, through the incomparable Word of the Guru's Shabad. |
| ਏਹਿ ਸਜਣ ਮਿਲੇ ਨ ਵਿਛੁੜਹਿ ਜਿ ਆਪਿ ਮੇਲੇ ਕਰਤਾਰਿ ॥ | These friends are united, and will not be separated again; they have been united by the Creator Lord Himself. |
| ਇਕਨਾ ਦਰਸਨ ਕੀ ਪਰਤੀਤਿ ਨ ਆਈਆ ਸਬਦਿ ਨ ਕਰਹਿ ਵੀਚਾਰੁ ॥ | Some do not believe in the Blessed Vision of the Guru's Darshan; they do not contemplate the Shabad. |
| ਵਿਛੁੜਿਆ ਕਾ ਕਿਆ ਵਿਛੁੜੈ ਜਿਨਾ ਦੂਜੈ ਭਾਇ ਪਿਆਰੁ ॥ | The separated ones are in love with duality - what more separation can they suffer? |
| ਮਨਮੁਖ ਸੇਤੀ ਦੋਸਤੀ ਥੋੜੜਿਆ ਦਿਨ ਚਾਰਿ ॥ | Friendship with the self-willed manmukhs lasts for only a few short days. |
| ਇਸੁ ਪਰੀਤੀ ਤੁਟਦੀ ਵਿਲਮੁ ਨ ਹੋਵਈ ਇਤੁ ਦੋਸਤੀ ਚਲਨਿ ਵਿਕਾਰ ॥ | This friendship is broken in an instant; this friendship leads to corruption. |
| ਜਿਨਾ ਅੰਦਰਿ ਸਚੇ ਕਾ ਭਉ ਨਾਹੀ ਨਾਮਿ ਨ ਕਰਹਿ ਪਿਆਰੁ ॥ | They do not fear the True Lord within their hearts, and they do not love the Naam. |
| ਨਾਨਕ ਤਿਨ ਸਿਉ ਕਿਆ ਕੀਚੈ ਦੋਸਤੀ ਜਿ ਆਪਿ ਭੁਲਾਏ ਕਰਤਾਰਿ ॥੧॥ | O Nanak, why become friends with those whom the Creator Lord Himself has misled? ‖1‖ |

| | |
|---|---|
| ਮਃ ੩ ॥ | Third Mehl: |
| ਇਕਿ ਸਦਾ ਇਕਤੈ ਰੰਗਿ ਰਹਹਿ ਤਿਨ ਕੈ ਹਉ ਸਦ ਬਲਿਹਾਰੈ ਜਾਉ ॥ | Some remain constantly imbued with the Lord's Love; I am forever a sacrifice to them. |
| ਤਨੁ ਮਨੁ ਧਨੁ ਅਰਪੀ ਤਿਨ ਕਉ ਨਿਵਿ ਨਿਵਿ ਲਾਗਉ ਪਾਇ ॥ | I dedicate my mind, soul and wealth to them; bowing low, I fall at their feet. |
| ਤਿਨ ਮਿਲਿਆ ਮਨੁ ਸੰਤੋਖੀਐ ਤ੍ਰਿਸਨਾ ਭੁਖ ਸਭ ਜਾਇ ॥ | Meeting them, the soul is satisfied, and one's hunger and thirst all depart. |
| ਨਾਨਕ ਨਾਮਿ ਰਤੇ ਸੁਖੀਏ ਸਦਾ ਸਚੇ ਸਿਉ ਲਿਵ ਲਾਇ ॥੨॥ | O Nanak, those who are attuned to the Naam are happy forever; they lovingly focus their minds on the True Lord. \|\|2\|\| |
| ਪਉੜੀ ॥ | Pauree: |
| ਤਿਸੁ ਗੁਰ ਕਉ ਹਉ ਵਾਰਿਆ ਜਿਨਿ ਹਰਿ ਕੀ ਹਰਿ ਕਥਾ ਸੁਣਾਈ ॥ | I am a sacrifice to the Guru, who recites the sermon of the Lord's Teachings. |
| **੫੮੮** | **588** |
| ਤਿਸੁ ਗੁਰ ਕਉ ਸਦ ਬਲਿਹਾਰਣੈ ਜਿਨਿ ਹਰਿ ਸੇਵਾ ਬਣਤ ਬਣਾਈ ॥ | I am forever a sacrifice to that Guru, who has led me to serve the Lord. |
| ਸੋ ਸਤਿਗੁਰੁ ਪਿਆਰਾ ਮੇਰੈ ਨਾਲਿ ਹੈ ਜਿਥੈ ਕਿਥੈ ਮੈਨੋ ਲਏ ਛਡਾਈ ॥ | That Beloved True Guru is always with me; wherever I may be, He will save me. |
| ਤਿਸੁ ਗੁਰ ਕਉ ਸਾਬਾਸਿ ਹੈ ਜਿਨਿ ਹਰਿ ਸੋਝੀ ਪਾਈ ॥ | Most blessed is that Guru, who imparts understanding of the Lord. |
| ਨਾਨਕੁ ਗੁਰ ਵਿਟਹੁ ਵਾਰਿਆ ਜਿਨਿ ਹਰਿ ਨਾਮੁ ਦੀਆ ਮੇਰੇ ਮਨ ਕੀ ਆਸ ਪੁਰਾਈ ॥੫॥ | O Nanak, I am a sacrifice to the Guru, who has given me the Lord's Name, and fulfilled the desires of my mind. \|\|5\|\| |
| ਸਲੋਕ ਮਃ ੩ ॥ | Shalok, Third Mehl: |
| ਤ੍ਰਿਸਨਾ ਦਾਧੀ ਜਲਿ ਮੁਈ ਜਲਿ ਜਲਿ ਕਰੇ ਪੁਕਾਰ ॥ | Consumed by desires, the world is burning and dying; burning and burning, it cries out. |
| ਸਤਿਗੁਰ ਸੀਤਲ ਜੇ ਮਿਲੈ ਫਿਰਿ ਜਲੈ ਨ ਦੂਜੀ ਵਾਰ ॥ | But if it meets with the cooling and soothing True Guru, it does not burn any longer. |
| ਨਾਨਕ ਵਿਣੁ ਨਾਵੈ ਨਿਰਭਉ ਕੋ ਨਹੀ ਜਿਚਰੁ ਸਬਦਿ ਨ ਕਰੇ ਵੀਚਾਰੁ ॥੧॥ | O Nanak, without the Name, and without contemplating the Word of the Shabad, no one becomes fearless. \|\|1\|\| |

ਮਃ ੩ ॥

Third Mehl:

ਭੇਖੀ ਅਗਨਿ ਨ ਬੁਝਈ ਚਿੰਤਾ ਹੈ ਮਨ ਮਾਹਿ ॥

Wearing ceremonial robes, the fire is not quenched, and the mind is filled with anxiety.

ਵਰਮੀ ਮਾਰੀ ਸਾਪੁ ਨ ਮਰੈ ਤਿਉ ਨਿਗੁਰੇ ਕਰਮ ਕਮਾਹਿ ॥

Destroying the snake's hole, the snake is not killed; it is just like doing deeds without a Guru.

ਸਤਿਗੁਰੁ ਦਾਤਾ ਸੇਵੀਐ ਸਬਦੁ ਵਸੈ ਮਨਿ ਆਇ ॥

Serving the Giver, the True Guru, the Shabad comes to abide in the mind.

ਮਨੁ ਤਨੁ ਸੀਤਲੁ ਸਾਂਤਿ ਹੋਇ ਤ੍ਰਿਸਨਾ ਅਗਨਿ ਬੁਝਾਇ ॥

The mind and body are cooled and soothed; peace ensues, and the fire of desire is quenched.

ਸੁਖਾ ਸਿਰਿ ਸਦਾ ਸੁਖੁ ਹੋਇ ਜਾ ਵਿਚਹੁ ਆਪੁ ਗਵਾਇ ॥

The supreme comforts and lasting peace are obtained, when one eradicates ego from within.

ਗੁਰਮੁਖਿ ਉਦਾਸੀ ਸੋ ਕਰੇ ਜਿ ਸਚਿ ਰਹੈ ਲਿਵ ਲਾਇ ॥

He alone becomes a detached Gurmukh, who lovingly focuses his consciousness on the True Lord.

ਚਿੰਤਾ ਮੂਲਿ ਨ ਹੋਵਈ ਹਰਿ ਨਾਮਿ ਰਜਾ ਆਘਾਇ ॥

Anxiety does not affect him at all; he is satisfied and satiated with the Name of the Lord.

ਨਾਨਕ ਨਾਮ ਬਿਨਾ ਨਹ ਛੂਟੀਐ ਹਉਮੈ ਪਚਹਿ ਪਚਾਇ ॥੨॥

O Nanak, without the Naam, no one is saved; they are utterly ruined by egotism. ||2||

ਪਉੜੀ ॥

Pauree:

ਜਿਨੀ ਹਰਿ ਹਰਿ ਨਾਮੁ ਧਿਆਇਆ ਤਿਨੀ ਪਾਇਅੜੇ ਸਰਬ ਸੁਖਾ ॥

Those who meditate on the Lord, Har, Har, obtain all peace and comforts.

ਸਭੁ ਜਨਮੁ ਤਿਨਾ ਕਾ ਸਫਲੁ ਹੈ ਜਿਨ ਹਰਿ ਕੇ ਨਾਮ ਕੀ ਮਨਿ ਲਾਗੀ ਭੁਖਾ ॥

Fruitful is the entire life of those, who hunger for the Name of the Lord in their minds.

ਜਿਨੀ ਗੁਰ ਕੈ ਬਚਨਿ ਆਰਾਧਿਆ ਤਿਨ ਵਿਸਰਿ ਗਏ ਸਭਿ ਦੁਖਾ ॥

Those who worship the Lord in adoration, through the Word of the Guru's Shabad, forget all their pains and suffering.

ਤੇ ਸੰਤ ਭਲੇ ਗੁਰਸਿਖ ਹੈ ਜਿਨ ਨਾਹੀ ਚਿੰਤ ਪਰਾਈ ਚੁਖਾ ॥

Those Gursikhs are good Saints, who care for nothing other than the Lord.

ਧਨੁ ਧੰਨੁ ਤਿਨਾ ਕਾ ਗੁਰੂ ਹੈ ਜਿਸੁ ਅੰਮ੍ਰਿਤ ਫਲ ਹਰਿ ਲਾਗੇ ਮੁਖਾ ॥੬॥

Blessed, blessed is their Guru, whose mouth tastes the Ambrosial Fruit of the Lord's Name. ||6||

| | |
|---|---|
| ਸਲੋਕ ਮਃ ੩ ॥ | Shalok, Third Mehl: |
| ਕਲਿ ਮਹਿ ਜਮੁ ਜੰਦਾਰੁ ਹੈ ਹੁਕਮੇ ਕਾਰ ਕਮਾਇ ॥ | In the Dark Age of Kali Yuga, the Messenger of Death is the enemy of life, but he acts according to the Lord's Command. |
| ਗੁਰਿ ਰਾਖੇ ਸੇ ਉਬਰੇ ਮਨਮੁਖਾ ਦੇਇ ਸਜਾਇ ॥ | Those who are protected by the Guru are saved, while the self-willed manmukhs receive their punishment. |
| ਜਮਕਾਲੈ ਵਸਿ ਜਗੁ ਬਾਂਧਿਆ ਤਿਸ ਦਾ ਫਰੂ ਨ ਕੋਇ ॥ | The world is under the control, and in the bondage of the Messenger of Death; no one can hold him back. |
| ਜਿਨਿ ਜਮੁ ਕੀਤਾ ਸੋ ਸੇਵੀਐ ਗੁਰਮੁਖਿ ਦੁਖੁ ਨ ਹੋਇ ॥ | So serve the One who created Death; as Gurmukh, no pain shall touch you. |
| ਨਾਨਕ ਗੁਰਮੁਖਿ ਜਮੁ ਸੇਵਾ ਕਰੇ ਜਿਨ ਮਨਿ ਸਚਾ ਹੋਇ ॥੧॥ | O Nanak, Death serves the Gurmukhs; the True Lord abides in their minds. ‖1‖ |
| ਮਃ ੩ ॥ | Third Mehl: |
| ਏਹਾ ਕਾਇਆ ਰੋਗਿ ਭਰੀ ਬਿਨੁ ਸਬਦੈ ਦੁਖੁ ਹਉਮੈ ਰੋਗੁ ਨ ਜਾਇ ॥ | This body is filled with disease; without the Word of the Shabad, the pain of the disease of ego does not depart. |
| ਸਤਿਗੁਰੁ ਮਿਲੈ ਤਾ ਨਿਰਮਲ ਹੋਵੈ ਹਰਿ ਨਾਮੋ ਮੰਨਿ ਵਸਾਇ ॥ | When one meets the True Guru, then he becomes immaculately pure, and he enshrines the Lord's Name within his mind. |
| ਨਾਨਕ ਨਾਮੁ ਧਿਆਇਆ ਸੁਖਦਾਤਾ ਦੁਖੁ ਵਿਸਰਿਆ ਸਹਜਿ ਸੁਭਾਇ ॥੨॥ | O Nanak, meditating on the Naam, the Name of the Peace-Giving Lord, his pains are automatically forgotten. ‖2‖ |
| ਪਉੜੀ ॥ | Pauree: |
| ਜਿਨਿ ਜਗਜੀਵਨੁ ਉਪਦੇਸਿਆ ਤਿਸੁ ਗੁਰ ਕਉ ਹਉ ਸਦਾ ਘੁਮਾਇਆ ॥ | I am forever a sacrifice to the Guru, who has taught me about the Lord, the Life of the World. |
| ਤਿਸੁ ਗੁਰ ਕਉ ਹਉ ਖੰਨੀਐ ਜਿਨਿ ਮਧੁਸੂਦਨੁ ਹਰਿ ਨਾਮੁ ਸੁਣਾਇਆ ॥ | I am every bit a sacrifice to the Guru, the Lover of Nectar, who has revealed the Name of the Lord. |
| ਤਿਸੁ ਗੁਰ ਕਉ ਹਉ ਵਾਰਣੈ ਜਿਨਿ ਹਉਮੈ ਬਿਖੁ ਸਭੁ ਰੋਗੁ ਗਵਾਇਆ ॥ | I am a sacrifice to the Guru, who has totally cured me of the fatal disease of egotism. |
| ਤਿਸੁ ਸਤਿਗੁਰ ਕਉ ਵਡ ਪੁੰਨੁ ਹੈ ਜਿਨਿ ਅਵਗਣ ਕਟਿ ਗੁਣੀ ਸਮਝਾਇਆ ॥ | Glorious and great are the virtues of the Guru, who has eradicated evil, and instructed me in virtue. |

| ੫੮੯ | 589 |
|---|---|
| ਸੋ ਸਤਿਗੁਰੁ ਤਿਨ ਕਉ ਭੇਟਿਆ ਜਿਨ ਕੈ ਮੁਖਿ ਮਸਤਕਿ ਭਾਗੁ ਲਿਖਿ ਪਾਇਆ ॥੭॥ | The True Guru meets with those upon whose foreheads such blessed destiny is recorded. ‖7‖ |
| ਸਲੋਕੁ ਮਃ ੩ ॥ | Shalok, Third Mehl: |
| ਭਗਤਿ ਕਰਹਿ ਮਰਜੀਵੜੇ ਗੁਰਮੁਖਿ ਭਗਤਿ ਸਦਾ ਹੋਇ ॥ | They alone worship the Lord, who remain dead while yet alive; the Gurmukhs worship the Lord continually. |
| ਓਨਾ ਕਉ ਧੁਰਿ ਭਗਤਿ ਖਜਾਨਾ ਬਖਸਿਆ ਮੇਟਿ ਨ ਸਕੈ ਕੋਇ ॥ | The Lord blesses them with the treasure of devotional worship, which no one can destroy. |
| ਗੁਣ ਨਿਧਾਨੁ ਮਨਿ ਪਾਇਆ ਏਕੋ ਸਚਾ ਸੋਇ ॥ | They obtain the treasure of virtue, the One True Lord, within their minds. |
| ਨਾਨਕ ਗੁਰਮੁਖਿ ਮਿਲਿ ਰਹੇ ਫਿਰਿ ਵਿਛੋੜਾ ਕਦੇ ਨ ਹੋਇ ॥੧॥ | O Nanak, the Gurmukhs remain united with the Lord; they shall never be separated again. ‖1‖ |
| ਮਃ ੩ ॥ | Third Mehl: |
| ਸਤਿਗੁਰ ਕੀ ਸੇਵ ਨ ਕੀਨੀਆ ਕਿਆ ਓਹੁ ਕਰੇ ਵੀਚਾਰੁ ॥ | He does not serve the True Guru; how can he reflect upon the Lord? |
| ਸਬਦੈ ਸਾਰ ਨ ਜਾਣਈ ਬਿਖੁ ਭੂਲਾ ਗਾਵਾਰੁ ॥ | He does not appreciate the value of the Shabad; the fool wanders in corruption and sin. |
| ਅਗਿਆਨੀ ਅੰਧੁ ਬਹੁ ਕਰਮ ਕਮਾਵੈ ਦੂਜੈ ਭਾਇ ਪਿਆਰੁ ॥ | The blind and ignorant perform all sorts of ritualistic actions; they are in love with duality. |
| ਅਣਹੋਦਾ ਆਪੁ ਗਣਾਇਦੇ ਜਮੁ ਮਾਰਿ ਕਰੇ ਤਿਨ ਖੁਆਰੁ ॥ | Those who take unjustified pride in themselves, are punished and humiliated by the Messenger of Death. |
| ਨਾਨਕ ਕਿਸ ਨੋ ਆਖੀਐ ਜਾ ਆਪੇ ਬਖਸਣਹਾਰੁ ॥੨॥ | O Nanak, who else is there to ask? The Lord Himself is the Forgiver. ‖2‖ |
| ਪਉੜੀ ॥ | Pauree: |
| ਤੂ ਕਰਤਾ ਸਭੁ ਕਿਛੁ ਜਾਣਦਾ ਸਭਿ ਜੀਅ ਤੁਮਾਰੇ ॥ | You, O Creator, know all things; all beings belong to You. |
| ਜਿਸੁ ਤੂ ਭਾਵੈ ਤਿਸੁ ਤੂ ਮੇਲਿ ਲੈਹਿ ਕਿਆ ਜੰਤ ਵਿਚਾਰੇ ॥ | Those who are pleasing to You, You unite with Yourself; what can the poor creatures do? |

| | |
|---|---|
| ਤੂ ਕਰਣ ਕਾਰਣ ਸਮਰਥੁ ਹੈ ਸਚੁ ਸਿਰਜਣਹਾਰੇ ॥ | You are all-powerful, the Cause of causes, the True Creator Lord. |
| ਜਿਸੁ ਤੂ ਮੇਲਹਿ ਪਿਆਰਿਆ ਸੋ ਤੁਧੁ ਮਿਲੈ ਗੁਰਮੁਖਿ ਵੀਚਾਰੇ ॥ | Only those unite with you, Beloved Lord, whom you approve and who meditate on Guru's Word. |
| ਹਉ ਬਲਿਹਾਰੀ ਸਤਿਗੁਰ ਆਪਣੇ ਜਿਨਿ ਮੇਰਾ ਹਰਿ ਅਲਖੁ ਲਖਾਰੇ ॥੮॥ | I am a sacrifice to my True Guru, who has allowed me to see my unseen Lord. \|\|8\|\| |
| ਸਲੋਕ ਮਃ ੩ ॥ | Shalok, Third Mehl: |
| ਰਤਨਾ ਪਾਰਖੁ ਜੋ ਹੋਵੈ ਸੁ ਰਤਨਾ ਕਰੇ ਵੀਚਾਰੁ ॥ | He is the Assayer of jewels; He contemplates the jewel. |
| ਰਤਨਾ ਸਾਰ ਨ ਜਾਣਈ ਅਗਿਆਨੀ ਅੰਧੁ ਅੰਧਾਰੁ ॥ | He is ignorant and totally blind - he does not appreciate the value of the jewel. |
| ਰਤਨੁ ਗੁਰੂ ਕਾ ਸਬਦੁ ਹੈ ਬੂਝੈ ਬੂਝਣਹਾਰੁ ॥ | The Jewel is the Word of the Guru's Shabad; the Knower alone knows it. |
| ਮੂਰਖ ਆਪੁ ਗਣਾਇਦੇ ਮਰਿ ਜੰਮਹਿ ਹੋਇ ਖੁਆਰੁ ॥ | The fools take pride in themselves, and are ruined in birth and death. |
| ਨਾਨਕ ਰਤਨਾ ਸੋ ਲਹੈ ਜਿਸੁ ਗੁਰਮੁਖਿ ਲਗੈ ਪਿਆਰੁ ॥ | O Nanak, he alone obtains the jewel, who, as Gurmukh, enshrines love for it. |
| ਸਦਾ ਸਦਾ ਨਾਮੁ ਉਚਰੈ ਹਰਿ ਨਾਮੋ ਨਿਤ ਬਿਉਹਾਰੁ ॥ | Chanting the Naam, the Name of the Lord, forever and ever, make the Name of the Lord your daily occupation. |
| ਕ੍ਰਿਪਾ ਕਰੇ ਜੇ ਆਪਣੀ ਤਾ ਹਰਿ ਰਖਾ ਉਰ ਧਾਰਿ ॥੧॥ | If the Lord shows His Mercy, then I keep Him enshrined within my heart. \|\|1\|\| |
| ਮਃ ੩ ॥ | Third Mehl: |
| ਸਤਿਗੁਰ ਕੀ ਸੇਵ ਨ ਕੀਨੀਆ ਹਰਿ ਨਾਮਿ ਨ ਲਗੋ ਪਿਆਰੁ ॥ | They do not serve the True Guru, and they do not embrace love for the Lord's Name. |
| ਮਤ ਤੁਮ ਜਾਣਹੁ ਓਇ ਜੀਵਦੇ ਓਇ ਆਪਿ ਮਾਰੇ ਕਰਤਾਰਿ ॥ | Do not even think that they are alive - the Creator Lord Himself has killed them. |
| ਹਉਮੈ ਵਡਾ ਰੋਗੁ ਹੈ ਭਾਇ ਦੂਜੈ ਕਰਮ ਕਮਾਇ ॥ | Egotism is such a terrible disease; in the love of duality, they do their deeds. |
| ਨਾਨਕ ਮਨਮੁਖਿ ਜੀਵਦਿਆ ਮੁਏ ਹਰਿ ਵਿਸਰਿਆ ਦੁਖੁ ਪਾਇ ॥੨॥ | O Nanak, the self-willed manmukhs are in a living death; forgetting the Lord, they suffer in pain. \|\|2\|\| |

| | |
|---|---|
| ਪਉੜੀ ॥ | Pauree: |
| ਜਿਸੁ ਅੰਤਰੁ ਹਿਰਦਾ ਸੁਧੁ ਹੈ ਤਿਸੁ ਜਨ ਕਉ ਸਭਿ ਨਮਸਕਾਰੀ ॥ | Let all bow in reverence, to that humble being whose heart is pure within. |
| ਜਿਸੁ ਅੰਦਰਿ ਨਾਮੁ ਨਿਧਾਨੁ ਹੈ ਤਿਸੁ ਜਨ ਕਉ ਹਉ ਬਲਿਹਾਰੀ ॥ | I am a sacrifice to that humble being whose mind is filled with the treasure of the Naam. |
| ਜਿਸੁ ਅੰਦਰਿ ਬੁਧਿ ਬਿਬੇਕੁ ਹੈ ਹਰਿ ਨਾਮੁ ਮੁਰਾਰੀ ॥ | He has a discriminating intellect; he meditates on the Name of the Lord. |
| ਸੋ ਸਤਿਗੁਰੁ ਸਭਨਾ ਕਾ ਮਿਤੁ ਹੈ ਸਭ ਤਿਸਹਿ ਪਿਆਰੀ ॥ | That True Guru is a friend to all; everyone is dear to Him. |
| ਸਭੁ ਆਤਮ ਰਾਮੁ ਪਸਾਰਿਆ ਗੁਰ ਬੁਧਿ ਬੀਚਾਰੀ ॥੯॥ | The Lord, the Supreme Soul, is pervading everywhere; reflect upon the wisdom of the Guru's Teachings. \|\|9\|\| |
| ਸਲੋਕ ਮਃ ੩ ॥ | Shalok, Third Mehl: |
| ਬਿਨੁ ਸਤਿਗੁਰ ਸੇਵੇ ਜੀਅ ਕੇ ਬੰਧਨਾ ਵਿਚਿ ਹਉਮੈ ਕਰਮ ਕਮਾਹਿ ॥ | Without serving the True Guru, the soul is in the bondage of deeds done in ego. |
| ਬਿਨੁ ਸਤਿਗੁਰ ਸੇਵੇ ਠਉਰ ਨ ਪਾਵਹੀ ਮਰਿ ਜੰਮਹਿ ਆਵਹਿ ਜਾਹਿ ॥ | Without serving the True Guru, one finds no place of rest; he dies, and is reincarnated, and continues coming and going. |
| ਬਿਨੁ ਸਤਿਗੁਰ ਸੇਵੇ ਫਿਕਾ ਬੋਲਣਾ ਨਾਮੁ ਨ ਵਸੈ ਮਨ ਮਾਹਿ ॥ | Without serving the True Guru, one's speech is vapid and insipid; the Naam, the Name of the Lord, does not abide in his mind. |
| **੫੯੦** | **590** |
| ਨਾਨਕ ਬਿਨੁ ਸਤਿਗੁਰ ਸੇਵੇ ਜਮ ਪੁਰਿ ਬਧੇ ਮਾਰੀਅਨਿ ਮੁਹਿ ਕਾਲੈ ਉਠਿ ਜਾਹਿ ॥੧॥ | O Nanak, without serving the True Guru, they are bound and beaten in the City of Death; they arise and depart with blackened faces. \|\|1\|\| |
| ਮਹਲਾ ੧ ॥ | First Mehl: |
| ਜਾਲਉ ਐਸੀ ਰੀਤਿ ਜਿਤੁ ਮੈ ਪਿਆਰਾ ਵੀਸਰੈ ॥ | Burn away those rituals which lead you to forget the Beloved Lord. |
| ਨਾਨਕ ਸਾਈ ਭਲੀ ਪਰੀਤਿ ਜਿਤੁ ਸਾਹਿਬ ਸੇਤੀ ਪਤਿ ਰਹੈ ॥੨॥ | O Nanak, sublime is that love, which preserves my honor with my Lord Master. \|\|2\|\| |

ਪਉੜੀ ॥

ਹਰਿ ਇਕੋ ਦਾਤਾ ਸੇਵੀਐ ਹਰਿ ਇਕੁ ਧਿਆਈਐ ॥

ਹਰਿ ਇਕੋ ਦਾਤਾ ਮੰਗੀਐ ਮਨ ਚਿੰਦਿਆ ਪਾਈਐ ॥

ਜੇ ਦੂਜੇ ਪਾਸਹੁ ਮੰਗੀਐ ਤਾ ਲਾਜ ਮਰਾਈਐ ॥

ਜਿਨਿ ਸੇਵਿਆ ਤਿਨਿ ਫਲੁ ਪਾਇਆ ਤਿਸੁ ਜਨ ਕੀ ਸਭ ਭੁਖ ਗਵਾਈਐ ॥

ਨਾਨਕੁ ਤਿਨ ਵਿਟਹੁ ਵਾਰਿਆ ਜਿਨ ਅਨਦਿਨੁ ਹਿਰਦੈ ਹਰਿ ਨਾਮੁ ਧਿਆਈਐ ॥੧੦॥

Pauree:

Serve the One Lord, the Great Giver; meditate on the One Lord.

Beg from the One Lord, the Great Giver, and you shall obtain your heart's desires.

But if you beg from another, then you shall be shamed and destroyed.

One who serves the Lord obtains the fruits of his rewards; all of his hunger is satisfied.

Nanak is a sacrifice to those, who night and day, meditate within their hearts on the Name of the Lord. ||10||

ਸਲੋਕੁ ਮਃ ੩ ॥

ਭਗਤ ਜਨਾ ਕੰਉ ਆਪਿ ਤੁਠਾ ਮੇਰਾ ਪਿਆਰਾ ਆਪੇ ਲਇਅਨੁ ਜਨ ਲਾਇ ॥

ਪਾਤਿਸਾਹੀ ਭਗਤ ਜਨਾ ਕਉ ਦਿਤੀਅਨੁ ਸਿਰਿ ਛਤੁ ਸਚਾ ਹਰਿ ਬਣਾਇ ॥

ਸਦਾ ਸੁਖੀਏ ਨਿਰਮਲੇ ਸਤਿਗੁਰ ਕੀ ਕਾਰ ਕਮਾਇ ॥

ਰਾਜੇ ਓਇ ਨ ਆਖੀਅਹਿ ਭਿੜਿ ਮਰਹਿ ਫਿਰਿ ਜੂਨੀ ਪਾਹਿ ॥

ਨਾਨਕ ਵਿਣੁ ਨਾਵੈ ਨਕੀਂ ਵਢੀਂ ਫਿਰਹਿ ਸੋਭਾ ਮੂਲਿ ਨ ਪਾਹਿ ॥੧॥

Shalok, Third Mehl:

He Himself is pleased with His humble devotees; my Beloved Lord attaches them to Himself.

The Lord blesses His humble devotees with royalty; He fashions the true crown upon their heads.

They are always at peace, and immaculately pure; they perform service for the True Guru.

They are not said to be kings, who die in conflict, and then enter again the cycle of reincarnation.

O Nanak, without the Name of the Lord, they wander about with their noses cut off in disgrace; they get no respect at all. ||1||

ਮਃ ੩ ॥

ਸੁਣਿ ਸਿਖਿਐ ਸਾਦੁ ਨ ਆਇਓ ਜਿਚਰੁ ਗੁਰਮੁਖਿ ਸਬਦਿ ਨ ਲਾਗੈ ॥

ਸਤਿਗੁਰਿ ਸੇਵਿਐ ਨਾਮੁ ਮਨਿ ਵਸੈ ਵਿਚਹੁ ਭ੍ਰਮੁ ਭਉ ਭਾਗੈ ॥

Third Mehl:

Hearing the teachings, he does not appreciate them, as long as he is not Gurmukh, attached to the Word of the Shabad.

Serving the True Guru, the Naam comes to abide in the mind, and doubts and fears run away.

ਜੇਹਾ ਸਤਿਗੁਰ ਨੋ ਜਾਣੈ ਤੇਹੋ ਹੋਵੈ ਤਾ ਸਚਿ ਨਾਮਿ ਲਿਵ ਲਾਗੈ ॥

As he knows the True Guru, so he is transformed, and then, he lovingly focuses his consciousness on the Naam.

ਨਾਨਕ ਨਾਮਿ ਮਿਲੈ ਵਡਿਆਈ ਹਰਿ ਦਰਿ ਸੋਹਨਿ ਆਗੈ ॥੨॥

O Nanak, through the Naam, the Name of the Lord, greatness is obtained; he shall be resplendent in the Court of the Lord hereafter. ||2||

ਪਉੜੀ ॥

Pauree:

ਗੁਰਸਿਖਾਂ ਮਨਿ ਹਰਿ ਪ੍ਰੀਤਿ ਹੈ ਗੁਰੁ ਪੂਜਣ ਆਵਹਿ ॥

The minds of the Gursikhs are filled with the love of the Lord; they come and worship the Guru.

ਹਰਿ ਨਾਮੁ ਵਣੰਜਹਿ ਰੰਗ ਸਿਉ ਲਾਹਾ ਹਰਿ ਨਾਮੁ ਲੈ ਜਾਵਹਿ ॥

They trade lovingly in the Lord's Name, and depart after earning the profit of the Lord's Name.

ਗੁਰਸਿਖਾ ਕੇ ਮੁਖ ਉਜਲੇ ਹਰਿ ਦਰਗਹ ਭਾਵਹਿ ॥

The faces of the Gursikhs are radiant; in the Court of the Lord, they are approved.

ਗੁਰੁ ਸਤਿਗੁਰੁ ਬੋਹਲੁ ਹਰਿ ਨਾਮ ਕਾ ਵਡਭਾਗੀ ਸਿਖ ਗੁਣ ਸਾਂਝ ਕਰਾਵਹਿ ॥

The Guru, the True Guru, is the treasure of the Lord's Name; how very fortunate are the Sikhs who share in this treasure of virtue.

ਤਿਨਾ ਗੁਰਸਿਖਾ ਕੰਉ ਹਉ ਵਾਰਿਆ ਜੋ ਬਹਦਿਆ ਉਠਦਿਆ ਹਰਿ ਨਾਮੁ ਧਿਆਵਹਿ ॥੧੧॥

I am a sacrifice to those Gursikhs who, sitting and standing, meditate on the Lord's Name. ||11||

ਸਲੋਕ ਮਃ ੩ ॥

Shalok, Third Mehl:

ਨਾਨਕ ਨਾਮੁ ਨਿਧਾਨੁ ਹੈ ਗੁਰਮੁਖਿ ਪਾਇਆ ਜਾਇ ॥

O Nanak, the Naam, the Name of the Lord, is the treasure, which the Gurmukhs obtain.

ਮਨਮੁਖ ਘਰਿ ਹੋਦੀ ਵਥੁ ਨ ਜਾਣਨੀ ਅੰਧੇ ਭਉਕਿ ਮੁਏ ਬਿਲਲਾਇ ॥੧॥

The self-willed manmukhs are blind; they do not realize that it is within their own home. They die barking and crying. ||1||

ਮਃ ੩ ॥

Third Mehl:

ਕੰਚਨ ਕਾਇਆ ਨਿਰਮਲੀ ਜੋ ਸਚਿ ਨਾਮਿ ਸਚਿ ਲਾਗੀ ॥

That body is golden and immaculate, which is attached to the True Name of the True Lord.

ਨਿਰਮਲ ਜੋਤਿ ਨਿਰੰਜਨੁ ਪਾਇਆ ਗੁਰਮੁਖਿ ਭ੍ਰਮੁ ਭਉ ਭਾਗੀ ॥

The Gurmukh obtains the Pure Light of the Luminous Lord, and his doubts and fears run away.

ਨਾਨਕ ਗੁਰਮੁਖਿ ਸਦਾ ਸੁਖੁ ਪਾਵਹਿ ਅਨਦਿਨੁ ਹਰਿ ਬੈਰਾਗੀ ॥੨॥

O Nanak, the Gurmukhs find lasting peace; night and day, they remain detached, while in the Love of the Lord. ||2||

| | |
|---|---|
| ਪਉੜੀ ॥ | Pauree: |
| ਸੇ ਗੁਰਸਿਖ ਧਨੁ ਧੰਨੁ ਹੈ ਜਿਨੀ ਗੁਰ ਉਪਦੇਸੁ ਸੁਣਿਆ ਹਰਿ ਕੰਨੀ ॥ | Blessed, blessed are those Gursikhs, who, with their ears, listen to the Guru's Teachings about the Lord. |
| ਗੁਰਿ ਸਤਿਗੁਰਿ ਨਾਮੁ ਦ੍ਰਿੜਾਇਆ ਤਿਨਿ ਹੰਉਮੈ ਦੁਬਿਧਾ ਭੰਨੀ ॥ | The Guru, the True Guru, implants the Naam within them, and their egotism and duality are silenced. |
| ਬਿਨੁ ਹਰਿ ਨਾਵੈ ਕੋ ਮਿਤ੍ਰੁ ਨਾਹੀ ਵੀਚਾਰਿ ਡਿਠਾ ਹਰਿ ਜੰਨੀ ॥ | There is no friend, other than the Name of the Lord; the Lord's humble servants reflect upon this and see. |
| **੫੯੧** | **591** |
| ਜਿਨਾ ਗੁਰਸਿਖਾ ਕਉ ਹਰਿ ਸੰਤੁਸਟੁ ਹੈ ਤਿਨੀ ਸਤਿਗੁਰ ਕੀ ਗਲ ਮੰਨੀ ॥ | Those Gursikhs, with whom the Lord is pleased, accept the Word of the True Guru. |
| ਜੋ ਗੁਰਮੁਖਿ ਨਾਮੁ ਧਿਆਇਦੇ ਤਿਨੀ ਚੜੀ ਚਵਗਣਿ ਵੰਨੀ ॥੧੨॥ | Those Gurmukhs who meditate on the Naam are imbued with the four-fold color of the Lord's Love. \|\|12\|\| |
| ਸਲੋਕ ਮਃ ੩ ॥ | Shalok, Third Mehl: |
| ਮਨਮੁਖੁ ਕਾਇਰੁ ਕਰੂਪੁ ਹੈ ਬਿਨੁ ਨਾਵੈ ਨਕੁ ਨਾਹਿ ॥ | The self-willed manmukh is cowardly and ugly; lacking the Name of the Lord, his nose is cut off in disgrace. |
| ਅਨਦਿਨੁ ਧੰਧੈ ਵਿਆਪਿਆ ਸੁਪਨੈ ਭੀ ਸੁਖੁ ਨਾਹਿ ॥ | Night and day, he is engrossed in worldly affairs, and even in his dreams, he finds no peace. |
| ਨਾਨਕ ਗੁਰਮੁਖਿ ਹੋਵਹਿ ਤਾ ਉਬਰਹਿ ਨਾਹਿ ਤ ਬਧੇ ਦੁਖ ਸਹਾਹਿ ॥੧॥ | O Nanak, if he becomes Gurmukh, then he shall be saved; otherwise, he is held in bondage, and suffers in pain. \|\|1\|\| |
| ਮਃ ੩ ॥ | Third Mehl: |
| ਗੁਰਮੁਖਿ ਸਦਾ ਦਰਿ ਸੋਹਣੇ ਗੁਰ ਕਾ ਸਬਦੁ ਕਮਾਹਿ ॥ | The Gurmukhs always look beautiful in the Court of the Lord; they practice the Word of the Guru's Shabad. |
| ਅੰਤਰਿ ਸਾਂਤਿ ਸਦਾ ਸੁਖੁ ਦਰਿ ਸਚੈ ਸੋਭਾ ਪਾਹਿ ॥ | There is a lasting peace and happiness deep within them; at the Court of the True Lord, they receive honor. |
| ਨਾਨਕ ਗੁਰਮੁਖਿ ਹਰਿ ਨਾਮੁ ਪਾਇਆ ਸਹਜੇ ਸਚਿ ਸਮਾਹਿ ॥੨॥ | O Nanak, the Gurmukhs are blessed with the Name of the Lord; they merge imperceptibly into the True Lord. \|\|2\|\| |

| | |
|---|---|
| ਪਉੜੀ ॥ | Pauree: |
| ਗੁਰਮੁਖਿ ਪ੍ਰਹਿਲਾਦਿ ਜਪਿ ਹਰਿ ਗਤਿ ਪਾਈ ॥ | As Gurmukh, Prahlaad meditated on the Lord, and was saved. |
| ਗੁਰਮੁਖਿ ਜਨਕਿ ਹਰਿ ਨਾਮਿ ਲਿਵ ਲਾਈ ॥ | As Gurmukh, Janak lovingly centered his consciousness on the Lord's Name. |
| ਗੁਰਮੁਖਿ ਬਸਿਸਟਿ ਹਰਿ ਉਪਦੇਸੁ ਸੁਣਾਈ ॥ | As Gurmukh, Vashisht taught the Teachings of the Lord. |
| ਬਿਨੁ ਗੁਰ ਹਰਿ ਨਾਮੁ ਨ ਕਿਨੈ ਪਾਇਆ ਮੇਰੇ ਭਾਈ ॥ | Without the Guru, no one has found the Lord's Name, O my Siblings of Destiny. |
| ਗੁਰਮੁਖਿ ਹਰਿ ਭਗਤਿ ਹਰਿ ਆਪਿ ਲਹਾਈ ॥੧੩॥ | The Lord blesses the Gurmukh with devotion. \|\|13\|\| |
| ਸਲੋਕੁ ਮਃ ੩ ॥ | Shalok, Third Mehl: |
| ਸਤਿਗੁਰ ਕੀ ਪਰਤੀਤਿ ਨ ਆਈਆ ਸਬਦਿ ਨ ਲਾਗੋ ਭਾਉ ॥ | One who has no faith in the True Guru, and who does not love the Word of the Shabad, |
| ਓਸ ਨੋ ਸੁਖੁ ਨ ਉਪਜੈ ਭਾਵੈ ਸਉ ਗੇੜਾ ਆਵਉ ਜਾਉ ॥ | shall find no peace, even though he may come and go hundreds of times. |
| ਨਾਨਕ ਗੁਰਮੁਖਿ ਸਹਜਿ ਮਿਲੈ ਸਚੇ ਸਿਉ ਲਿਵ ਲਾਉ ॥੧॥ | O Nanak, the Gurmukh meets the True Lord with natural ease; he is in love with the Lord. \|\|1\|\| |
| ਮਃ ੩ ॥ | Third Mehl: |
| ਏ ਮਨ ਐਸਾ ਸਤਿਗੁਰੁ ਖੋਜਿ ਲਹੁ ਜਿਤੁ ਸੇਵਿਐ ਜਨਮ ਮਰਣ ਦੁਖੁ ਜਾਇ ॥ | O mind, search for such a True Guru, by serving whom the pains of birth and death are dispelled. |
| ਸਹਸਾ ਮੂਲਿ ਨ ਹੋਵਈ ਹਉਮੈ ਸਬਦਿ ਜਲਾਇ ॥ | Doubt shall never afflict you, and your ego shall be burnt away through the Word of the Shabad. |
| ਕੂੜੈ ਕੀ ਪਾਲਿ ਵਿਚਹੁ ਨਿਕਲੈ ਸਚੁ ਵਸੈ ਮਨਿ ਆਇ ॥ | The veil of falsehood shall be torn down from within you, and Truth shall come to dwell in the mind. |
| ਅੰਤਰਿ ਸਾਂਤਿ ਮਨਿ ਸੁਖੁ ਹੋਇ ਸਚ ਸੰਜਮਿ ਕਾਰ ਕਮਾਇ ॥ | Peace and happiness shall fill your mind deep within, if you act according to truth and self-discipline. |
| ਨਾਨਕ ਪੂਰੈ ਕਰਮਿ ਸਤਿਗੁਰੁ ਮਿਲੈ ਹਰਿ ਜੀਉ ਕਿਰਪਾ ਕਰੇ ਰਜਾਇ ॥੨॥ | O Nanak, by perfect good karma, you shall meet the True Guru, and then the Dear Lord, by His Sweet Will, shall bless you with His Mercy. \|\|2\|\| |

| | |
|---|---|
| ਪਉੜੀ ॥ | Pauree: |
| ਜਿਸ ਕੈ ਘਰਿ ਦੀਬਾਨੁ ਹਰਿ ਹੋਵੈ ਤਿਸ ਕੀ ਮੁਠੀ ਵਿਚਿ ਜਗਤੁ ਸਭੁ ਆਇਆ ॥ | The whole world comes under the control of one whose home is filled with the Lord, the King. |
| ਤਿਸ ਕਉ ਤਲਕੀ ਕਿਸੈ ਦੀ ਨਾਹੀ ਹਰਿ ਦੀਬਾਨਿ ਸਭਿ ਆਣਿ ਪੈਰੀ ਪਾਇਆ ॥ | He is subject to no one else's rule, and the Lord, the King, causes everyone to fall at his feet. |
| ਮਾਣਸਾ ਕਿਅਹੁ ਦੀਬਾਣਹੁ ਕੋਈ ਨਸਿ ਭਜਿ ਨਿਕਲੈ ਹਰਿ ਦੀਬਾਣਹੁ ਕੋਈ ਕਿਥੈ ਜਾਇਆ ॥ | One may run away from the courts of other men, but where can one go to escape the Lord's Kingdom? |
| ਸੋ ਐਸਾ ਹਰਿ ਦੀਬਾਨੁ ਵਸਿਆ ਭਗਤਾ ਕੈ ਹਿਰਦੈ ਤਿਨਿ ਰਹਦੇ ਖੁਹਦੇ ਆਣਿ ਸਭਿ ਭਗਤਾ ਅਗੈ ਖਲਵਾਇਆ ॥ | The Lord is such a King, who abides in the hearts of His devotees; He brings the others, and makes them stand before His devotees. |
| ਹਰਿ ਨਾਵੈ ਕੀ ਵਡਿਆਈ ਕਰਮਿ ਪਰਾਪਤਿ ਹੋਵੈ ਗੁਰਮੁਖਿ ਵਿਰਲੈ ਕਿਨੈ ਧਿਆਇਆ ॥੧੪॥ | The glorious greatness of the Lord's Name is obtained only by His Grace; how few are the Gurmukhs who meditate on Him. \|\|14\|\| |
| ਸਲੋਕੁ ਮਃ ੩ ॥ | Shalok, Third Mehl: |
| ਬਿਨੁ ਸਤਿਗੁਰ ਸੇਵੇ ਜਗਤੁ ਮੁਆ ਬਿਰਥਾ ਜਨਮੁ ਗਵਾਇ ॥ | Without serving the True Guru, the people of the world are dead; they waste their lives away in vain. |
| ਦੂਜੈ ਭਾਇ ਅਤਿ ਦੁਖੁ ਲਗਾ ਮਰਿ ਜੰਮੈ ਆਵੈ ਜਾਇ ॥ | In love with duality, they suffer terrible pain; they die, and are reincarnated, and continue coming and going. |
| ਵਿਸਟਾ ਅੰਦਰਿ ਵਾਸੁ ਹੈ ਫਿਰਿ ਫਿਰਿ ਜੂਨੀ ਪਾਇ ॥ | They live in manure, and are reincarnated again and again. |
| ਨਾਨਕ ਬਿਨੁ ਨਾਵੈ ਜਮੁ ਮਾਰਸੀ ਅੰਤਿ ਗਇਆ ਪਛੁਤਾਇ ॥੧॥ | O Nanak, without the Name, the Messenger of Death punishes them; in the end, they depart regretting and repenting. \|\|1\|\| |
| ਮਃ ੩ ॥ | Third Mehl: |
| ਇਸੁ ਜਗ ਮਹਿ ਪੁਰਖੁ ਏਕੁ ਹੈ ਹੋਰ ਸਗਲੀ ਨਾਰਿ ਸਬਾਈ ॥ | In this world, there is one Husband Lord; all other beings are His brides. |

# ੫੯੨ 592

ਸਭਿ ਘਟ ਭੋਗਵੈ ਅਲਿਪਤੁ ਰਹੈ ਅਲਖੁ ਨ ਲਖਣਾ ਜਾਈ ॥
He enjoys the hearts of all, and yet He remains detached; He is unseen; He cannot be described.

ਪੂਰੈ ਗੁਰਿ ਵੇਖਾਲਿਆ ਸਬਦੇ ਸੋਝੀ ਪਾਈ ॥
The Perfect Guru reveals Him, and through the Word of His Shabad, we come to understand Him.

ਪੁਰਖੈ ਸੇਵਹਿ ਸੇ ਪੁਰਖ ਹੋਵਹਿ ਜਿਨੀ ਹਉਮੈ ਸਬਦਿ ਜਲਾਈ ॥
Those who serve their Husband Lord, become like Him; their egos are burnt away by His Shabad.

ਤਿਸ ਕਾ ਸਰੀਕੁ ਕੋ ਨਹੀ ਨਾ ਕੋ ਕੰਟਕੁ ਵੈਰਾਈ ॥
He has no rival, no attacker, no enemy.

| ਦੀਨ ਦਇਆਲ ਕ੍ਰਿਪਾਲ ਸੁਖ ਸਾਗਰ ਸਰਬ ਘਟਾ ਭਰਪੂਰੀ ਰੇ ॥ | The Compassionate Lord is Merciful to the meek, the ocean of peace; He fills all hearts. |

| | |
|---|---|
| ਪੇਖਤ ਸੁਨਤ ਸਦਾ ਹੈ ਸੰਗੇ ਮੈ ਮੂਰਖ ਜਾਨਿਆ ਦੂਰੀ ਰੇ ॥੨॥ | He sees, hears, and is always with me; but I am a fool, and I think that He is far away. \|\|2\|\| |
| ਹਰਿ ਬਿਅੰਤੁ ਹਉ ਮਿਤਿ ਕਰਿ ਵਰਨਉ ਕਿਆ ਜਾਨਾ ਹੋਇ ਕੈਸੋ ਰੇ ॥ | The Lord is limitless, but I can only describe Him within my limitations; what do I know, about what He is like? |
| ਕਰਉ ਬੇਨਤੀ ਸਤਿਗੁਰ ਅਪੁਨੇ ਮੈ ਮੂਰਖ ਦੇਹੁ ਉਪਦੇਸੋ ਰੇ ॥੩॥ | I offer my prayer to my True Guru; I am so foolish - please, teach me! \|\|3\|\| |
| ਮੈ ਮੂਰਖ ਕੀ ਕੇਤਕ ਬਾਤ ਹੈ ਕੋਟਿ ਪਰਾਧੀ ਤਰਿਆ ਰੇ ॥ | I am just a fool, but millions of sinners just like me have been saved. |
| ਗੁਰੁ ਨਾਨਕੁ ਜਿਨ ਸੁਣਿਆ ਪੇਖਿਆ ਸੇ ਫਿਰਿ ਗਰਭਾਸਿ ਨ ਪਰਿਆ ਰੇ ॥੪॥੨॥੧੩॥ | Those who have heard, and seen Guru Nanak, do not descend into the womb of reincarnation again. \|\|4\|\|2\|\|13\|\| |
| ਸੋਰਠਿ ਮਹਲਾ ੫ ॥ | Sorat'h, Fifth Mehl: |
| ਜਿਨਾ ਬਾਤ ਕੋ ਬਹੁਤੁ ਅੰਦੇਸਰੋ ਤੇ ਮਿਟੇ ਸਭਿ ਗਇਆ ॥ | Those things, which caused me such anxiety, have all vanished. |
| ਸਹਜ ਸੈਨ ਅਰੁ ਸੁਖਮਨ ਨਾਰੀ ਊਧ ਕਮਲ ਬਿਗਸਇਆ ॥੧॥ | Now, I sleep in peace and tranquility, and my mind is in a state of deep and profound peace; the inverted lotus of my heart has blossomed forth. \|\|1\|\| |
| ਦੇਖਹੁ ਅਚਰਜੁ ਭਇਆ ॥ | Behold, a wondrous miracle has happened! |
| ਜਿਹ ਠਾਕੁਰ ਕਉ ਸੁਨਤ ਅਗਾਧਿ ਬੋਧਿ ਸੋ ਰਿਦੈ ਗੁਰਿ ਦਇਆ ॥ ਰਹਾਉ ॥ | That Lord and Master, whose wisdom is said to be unfathomable, has been enshrined within my heart, by the Guru. \|\|Pause\|\| |
| ਜੋਇ ਦੂਤ ਮੋਹਿ ਬਹੁਤੁ ਸੰਤਾਵਤ ਤੇ ਭਇਆਨਕ ਭਇਆ ॥ | The demons which tormented me so much, have themselves become terrified. |
| ਕਰਹਿ ਬੇਨਤੀ ਰਾਖੁ ਠਾਕੁਰ ਤੇ ਹਮ ਤੇਰੀ ਸਰਨਇਆ ॥੨॥ | They pray: please, save us from your Lord Master; we seek your protection. \|\|2\|\| |
| ਜਹ ਭੰਡਾਰੁ ਗੋਬਿੰਦ ਕਾ ਖੁਲਿਆ ਜਿਹ ਪ੍ਰਾਪਤਿ ਤਿਹ ਲਇਆ ॥ | When the treasure of the Lord of the Universe is opened, those who are pre-destined, receive it. |
| ਏਕੁ ਰਤਨੁ ਮੋ ਕਉ ਗੁਰਿ ਦੀਨਾ ਮੇਰਾ ਮਨੁ ਤਨੁ ਸੀਤਲੁ ਥਿਆ ॥੩॥ | The Guru has given me the one jewel, and my mind and body have become peaceful and tranquil. \|\|3\|\| |

ਏਕ ਬੂੰਦ ਗੁਰਿ ਅੰਮ੍ਰਿਤੁ ਦੀਨੋ ਤਾ ਅਟਲੁ ਅਮਰੁ ਨ ਮੁਆ ॥

The Guru has blessed me with the one drop of Ambrosial Nectar, and so I have become stable, unmoving and immortal - I shall not die.

ਭਗਤਿ ਭੰਡਾਰ ਗੁਰਿ ਨਾਨਕ ਕਉ ਸਉਪੇ ਫਿਰਿ ਲੇਖਾ ਮੂਲਿ ਨ ਲਇਆ ॥੪॥੩॥੧੪॥

The Lord blessed Guru Nanak with the treasure of devotional worship, and did not call him to account again. ||4||3||14||

ਸੋਰਠਿ ਮਹਲਾ ੫ ॥

Sorat'h, Fifth Mehl:

ਚਰਨ ਕਮਲ ਸਿਉ ਜਾ ਕਾ ਮਨੁ ਲੀਨਾ ਸੇ ਜਨ ਤ੍ਰਿਪਤਿ ਅਘਾਈ ॥

Those whose minds are attached to the lotus feet of the Lord - those humble beings are satisfied and fulfilled.

ਗੁਣ ਅਮੋਲ ਜਿਸੁ ਰਿਦੈ ਨ ਵਸਿਆ ਤੇ ਨਰ ਤ੍ਰਿਸਨ ਤ੍ਰਿਖਾਈ ॥੧॥

But those, within whose hearts the priceless virtue does not abide - those men remain thirsty and unsatisfied. ||1||

ਹਰਿ ਆਰਾਧੇ ਅਰੋਗ ਅਨਦਾਈ ॥

Worshipping the Lord in adoration, one becomes happy, and free of disease.

ਜਿਸ ਨੋ ਵਿਸਰੈ ਮੇਰਾ ਰਾਮ ਸਨੇਹੀ ਤਿਸੁ ਲਾਖ ਬੇਦਨ ਜਣੁ ਆਈ ॥ ਰਹਾਉ ॥

But one who forgets my Dear Lord - know him to be afflicted with tens of thousands of illnesses. ||Pause||

## ੬੧੩

## 613

ਜਿਹ ਜਨ ਓਟ ਗਹੀ ਪ੍ਰਭ ਤੇਰੀ ਸੇ ਸੁਖੀਏ ਪ੍ਰਭ ਸਰਣੇ ॥

Those who hold tightly to Your Support, God, are happy in Your Sanctuary.

ਜਿਹ ਨਰ ਬਿਸਰਿਆ ਪੁਰਖੁ ਬਿਧਾਤਾ ਤੇ ਦੁਖੀਆ ਮਹਿ ਗਨਣੇ ॥੨॥

But those humble beings who forget the Primal Lord, the Architect of Destiny, are counted among the most miserable beings. ||2||

ਜਿਹ ਗੁਰ ਮਾਨਿ ਪ੍ਰਭੂ ਲਿਵ ਲਾਈ ਤਿਹ ਮਹਾ ਅਨੰਦ ਰਸੁ ਕਰਿਆ ॥

One who has faith in the Guru, and who is lovingly attached to God, enjoys the delights of supreme ecstasy.

ਜਿਹ ਪ੍ਰਭੂ ਬਿਸਾਰਿ ਗੁਰ ਤੇ ਬੇਮੁਖਾਈ ਤੇ ਨਰਕ ਘੋਰ ਮਹਿ ਪਰਿਆ ॥੩॥

One who forgets God and forsakes the Guru, falls into the most horrible hell. ||3||

ਜਿਤੁ ਕੋ ਲਾਇਆ ਤਿਤ ਹੀ ਲਾਗਾ ਤੈਸੋ ਹੀ ਵਰਤਾਰਾ ॥

As the Lord engages someone, so he is engaged, and so does he perform.

ਨਾਨਕ ਸਹ ਪਕਰੀ ਸੰਤਨ ਕੀ ਰਿਦੈ ਭਏ ਮਗਨ ਚਰਨਾਰਾ ॥੪॥੪॥੧੫॥

Nanak has taken to the Shelter of the Saints; his heart is absorbed in the Lord's feet. ||4||4||15||

| | |
|---|---|
| ਸੋਰਠਿ ਮਹਲਾ ੫ ॥ | Sorat'h, Fifth Mehl: |
| ਰਾਜਨ ਮਹਿ ਰਾਜਾ ਉਰਝਾਇਓ ਮਾਨਨ ਮਹਿ ਅਭਿਮਾਨੀ ॥ | As the king is entangled in kingly affairs, and the egotist in his own egotism, |
| ਲੋਭਨ ਮਹਿ ਲੋਭੀ ਲੋਭਾਇਓ ਤਿਉ ਹਰਿ ਰੰਗਿ ਰਚੇ ਗਿਆਨੀ ॥੧॥ | and the greedy man is enticed by greed, so is the spiritually enlightened being absorbed in the Love of the Lord. \|\|1\|\| |
| ਹਰਿ ਜਨ ਕਉ ਇਹੀ ਸੁਹਾਵੈ ॥ | This is what befits the Lord's servant. |
| ਪੇਖਿ ਨਿਕਟਿ ਕਰਿ ਸੇਵਾ ਸਤਿਗੁਰ ਹਰਿ ਕੀਰਤਨਿ ਹੀ ਤ੍ਰਿਪਤਾਵੈ ॥ ਰਹਾਉ ॥ | Beholding the Lord near at hand, he serves the True Guru, and he is satisfied through the Kirtan of the Lord's Praises. \|\|Pause\|\| |
| ਅਮਲਨ ਸਿਉ ਅਮਲੀ ਲਪਟਾਇਓ ਭੂਮਨ ਭੂਮਿ ਪਿਆਰੀ ॥ | The addict is addicted to his drug, and the landlord is in love with his land. |
| ਖੀਰ ਸੰਗਿ ਬਾਰਿਕੁ ਹੈ ਲੀਨਾ ਪ੍ਰਭ ਸੰਤ ਐਸੇ ਹਿਤਕਾਰੀ ॥੨॥ | As the baby is attached to his milk, so the Saint is in love with God. \|\|2\|\| |
| ਬਿਦਿਆ ਮਹਿ ਬਿਦੁਅੰਸੀ ਰਚਿਆ ਨੈਨ ਦੇਖਿ ਸੁਖੁ ਪਾਵਹਿ ॥ | The scholar is absorbed in scholarship, and the eyes are happy to see. |
| ਜੈਸੇ ਰਸਨਾ ਸਾਦਿ ਲੁਭਾਨੀ ਤਿਉ ਹਰਿ ਜਨ ਹਰਿ ਗੁਣ ਗਾਵਹਿ ॥੩॥ | As the tongue savors the tastes, so does the humble servant of the Lord sing the Glorious Praises of the Lord. \|\|3\|\| |
| ਜੈਸੀ ਭੂਖ ਤੈਸੀ ਕਾ ਪੂਰਕੁ ਸਗਲ ਘਟਾ ਕਾ ਸੁਆਮੀ ॥ | As is the hunger, so is the fulfiller; He is the Lord and Master of all hearts. |
| ਨਾਨਕ ਪਿਆਸ ਲਗੀ ਦਰਸਨ ਕੀ ਪ੍ਰਭੁ ਮਿਲਿਆ ਅੰਤਰਜਾਮੀ ॥੪॥੫॥੧੬॥ | Nanak thirsts for the Blessed Vision of the Lord's Darshan; he has met God, the Inner-knower, the Searcher of hearts. \|\|4\|\|5\|\|16\|\| |
| ਸੋਰਠਿ ਮਹਲਾ ੫ ॥ | Sorat'h, Fifth Mehl: |
| ਹਮ ਮੈਲੇ ਤੁਮ ਊਜਲ ਕਰਤੇ ਹਮ ਨਿਰਗੁਨ ਤੂ ਦਾਤਾ ॥ | We are filthy, and You are immaculate, O Creator Lord; we are worthless, and You are the Great Giver. |
| ਹਮ ਮੂਰਖ ਤੁਮ ਚਤੁਰ ਸਿਆਣੇ ਤੂ ਸਰਬ ਕਲਾ ਕਾ ਗਿਆਤਾ ॥੧॥ | We are fools, and You are wise and all-knowing. You are the knower of all things. \|\|1\|\| |
| ਮਾਧੋ ਹਮ ਐਸੇ ਤੂ ਐਸਾ ॥ | O Lord, this is what we are, and this is what You are. |
| ਹਮ ਪਾਪੀ ਤੁਮ ਪਾਪ ਖੰਡਨ ਨੀਕੋ ਠਾਕੁਰ ਦੇਸਾ ॥ ਰਹਾਉ ॥ | We are sinners, and You are the Destroyer of sins. Your abode is so beautiful, O Lord and Master. \|\|Pause\|\| |

| | |
|---|---|
| ਤੁਮ ਸਭ ਸਾਜੇ ਸਾਜਿ ਨਿਵਾਜੇ ਜੀਉ ਪਿੰਡੁ ਦੇ ਪ੍ਰਾਨਾ ॥ | You fashion all, and having fashioned them, You bless them. You bestow upon them soul, body and the breath of life. |
| ਨਿਰਗੁਨੀਆਰੇ ਗੁਨੁ ਨਹੀ ਕੋਈ ਤੁਮ ਦਾਨੁ ਦੇਹੁ ਮਿਹਰਵਾਨਾ ॥੨॥ | We are worthless - we have no virtue at all; please, bless us with Your gift, O Merciful Lord and Master. \|\|2\|\| |
| ਤੁਮ ਕਰਹੁ ਭਲਾ ਹਮ ਭਲੋ ਨ ਜਾਨਹ ਤੁਮ ਸਦਾ ਸਦਾ ਦਇਆਲਾ ॥ | You do good for us, but we do not see it as good; You are kind and compassionate, forever and ever. |
| ਤੁਮ ਸੁਖਦਾਈ ਪੁਰਖ ਬਿਧਾਤੇ ਤੁਮ ਰਾਖਹੁ ਅਪੁਨੇ ਬਾਲਾ ॥੩॥ | You are the Giver of peace, the Primal Lord, the Architect of Destiny; please, save us, Your children! \|\|3\|\| |
| ਤੁਮ ਨਿਧਾਨ ਅਟਲ ਸੁਲਿਤਾਨ ਜੀਅ ਜੰਤ ਸਭਿ ਜਾਚੈ ॥ | You are the treasure, eternal Lord King; all beings and creatures beg of You. |
| ਕਹੁ ਨਾਨਕ ਹਮ ਇਹੈ ਹਵਾਲਾ ਰਾਖੁ ਸੰਤਨ ਕੈ ਪਾਛੈ ॥੪॥੬॥੧੭॥ | Says Nanak, such is our condition; please, Lord, keep us on the Path of the Saints. \|\|4\|\|6\|\|17\|\| |
| ਸੋਰਠਿ ਮਹਲਾ ੫ ਘਰੁ ੨ ॥ | Sorat'h, Fifth Mehl, Second House: |
| ਮਾਤ ਗਰਭ ਮਹਿ ਆਪਨ ਸਿਮਰਨੁ ਦੇ ਤਹ ਤੁਮ ਰਾਖਨਹਾਰੇ ॥ | In our mother's womb, You blessed us with Your meditative remembrance, and You preserved us there. |
| ਪਾਵਕ ਸਾਗਰ ਅਥਾਹ ਲਹਰਿ ਮਹਿ ਤਾਰਹੁ ਤਾਰਨਹਾਰੇ ॥੧॥ | Through the countless waves of the ocean of fire, please, carry us across and save us, O Savior Lord! \|\|1\|\| |
| ਮਾਧੌ ਤੂ ਠਾਕੁਰੁ ਸਿਰਿ ਮੋਰਾ ॥ | O Lord, You are the Master above my head. |
| ਈਹਾ ਊਹਾ ਤੁਹਾਰੋ ਧੋਰਾ ॥ ਰਹਾਉ ॥ | Here and hereafter, You alone are my Support. \|\|Pause\|\| |
| ਕੀਤੇ ਕਉ ਮੇਰੈ ਸੰਮਾਨੈ ਕਰਣਹਾਰੁ ਤ੍ਰਿਣੁ ਜਾਨੈ ॥ | He looks upon the creation like a mountain of gold, and sees the Creator as a blade of grass. |
| ਤੂ ਦਾਤਾ ਮਾਗਨ ਕਉ ਸਗਲੀ ਦਾਨੁ ਦੇਹਿ ਪ੍ਰਭ ਭਾਨੈ ॥੨॥ | You are the Great Giver, and we are all mere beggars; O God, You give gifts according to Your Will. \|\|2\|\| |
| ਖਿਨ ਮਹਿ ਅਵਰੁ ਖਿਨੈ ਮਹਿ ਅਵਰਾ ਅਚਰਜ ਚਲਤ ਤੁਮਾਰੇ ॥ | In an instant, You are one thing, and in another instant, You are another. Wondrous are Your ways! |
| ਰੂੜੋ ਗੂੜੋ ਗਹਿਰ ਗੰਭੀਰੋ ਊਚੌ ਅਗਮ ਅਪਾਰੇ ॥੩॥ | You are beautiful, mysterious, profound, unfathomable, lofty, inaccessible and infinite. \|\|3\|\| |

੬੧੪

614

ਸਾਧਸੰਗਿ ਜਉ ਤੁਮਹਿ ਮਿਲਾਇਓ ਤਉ ਸੁਨੀ ਤੁਮਾਰੀ ਬਾਣੀ ॥

When You brought me to the Saadh Sangat, the Company of the Holy, then I heard the Bani of Your Word.

ਅਨਦੁ ਭਇਆ ਪੇਖਤ ਹੀ ਨਾਨਕ ਪ੍ਰਤਾਪ ਪੁਰਖ ਨਿਰਬਾਣੀ ॥੪॥੭॥੧੮॥

Nanak is in ecstasy, beholding the Glory of the Primal Lord of Nirvaanaa. ||4||7||18||

ਸੋਰਠਿ ਮਹਲਾ ੫ ॥

Sorat'h, Fifth Mehl:

ਹਮ ਸੰਤਨ ਕੀ ਰੇਨੁ ਪਿਆਰੇ ਹਮ ਸੰਤਨ ਕੀ ਸਰਣਾ ॥

I am the dust of the feet of the Beloved Saints; I seek the Protection of their Sanctuary.

ਸੰਤ ਹਮਾਰੀ ਓਟ ਸਤਾਣੀ ਸੰਤ ਹਮਾਰਾ ਗਹਣਾ ॥੧॥

The Saints are my all-powerful Support; the Saints are my ornament and decoration. ||1||

ਹਮ ਸੰਤਨ ਸਿਉ ਬਣਿ ਆਈ ॥

I am hand and glove with the Saints.

ਪੂਰਬਿ ਲਿਖਿਆ ਪਾਈ ॥

I have realized my pre-ordained destiny.

ਇਹੁ ਮਨੁ ਤੇਰਾ ਭਾਈ ॥ ਰਹਾਉ ॥

This mind is yours, O Siblings of Destiny. ||Pause||

ਸੰਤਨ ਸਿਉ ਮੇਰੀ ਲੇਵਾ ਦੇਵੀ ਸੰਤਨ ਸਿਉ ਬਿਉਹਾਰਾ ॥

My dealings are with the Saints, and my business is with the Saints.

ਸੰਤਨ ਸਿਉ ਹਮ ਲਾਹਾ ਖਾਟਿਆ ਹਰਿ ਭਗਤਿ ਭਰੇ ਭੰਡਾਰਾ ॥੨॥

I have earned the profit with the Saints, and the treasure filled to over-flowing with devotion to the Lord. ||2||

ਸੰਤਨ ਮੋ ਕਉ ਪੂੰਜੀ ਸਉਪੀ ਤਉ ਉਤਰਿਆ ਮਨ ਕਾ ਧੋਖਾ ॥

The Saints entrusted to me the capital, and my mind's delusion was dispelled.

ਧਰਮ ਰਾਇ ਅਬ ਕਹਾ ਕਰੈਗੋ ਜਉ ਫਾਟਿਓ ਸਗਲੋ ਲੇਖਾ ॥੩॥

What can the Righteous Judge of Dharma do now? All my accounts have been torn up. ||3||

ਮਹਾ ਅਨੰਦ ਭਏ ਸੁਖੁ ਪਾਇਆ ਸੰਤਨ ਕੈ ਪਰਸਾਦੇ ॥

I have found the greatest bliss, and I am at peace, by the Grace of the Saints.

ਕਹੁ ਨਾਨਕ ਹਰਿ ਸਿਉ ਮਨੁ ਮਾਨਿਆ ਰੰਗਿ ਰਤੇ ਬਿਸਮਾਦੇ ॥੪॥੮॥੧੯॥

Says Nanak, my mind is reconciled with the Lord; it is imbued with the wondrous Love of the Lord. ||4||8||19||

ਸੋਰਠਿ ਮਃ ੫ ॥

Sorat'h, Fifth Mehl:

ਜੇਤੀ ਸਮਗ੍ਰੀ ਦੇਖਹੁ ਰੇ ਨਰ ਤੇਤੀ ਹੀ ਛਡਿ ਜਾਨੀ ॥

All the things that you see, O man, you shall have to leave behind.

| | |
|---|---|
| ਰਾਮ ਨਾਮ ਸੰਗਿ ਕਰਿ ਬਿਉਹਾਰਾ ਪਾਵਹਿ ਪਦੁ ਨਿਰਬਾਨੀ ॥੧॥ | Let your dealings be with the Lord's Name, and you shall attain the state of Nirvaanaa. \|\|1\|\| |
| ਪਿਆਰੇ ਤੂ ਮੇਰੋ ਸੁਖਦਾਤਾ ॥ | O my Beloved, You are the Giver of peace. |
| ਗੁਰਿ ਪੂਰੈ ਦੀਆ ਉਪਦੇਸਾ ਤੁਮ ਹੀ ਸੰਗਿ ਪਰਾਤਾ ॥ ਰਹਾਉ ॥ | The Perfect Guru has given me these Teachings, and I am attuned to You. \|\|Pause\|\| |
| ਕਾਮ ਕ੍ਰੋਧ ਲੋਭ ਮੋਹ ਅਭਿਮਾਨਾ ਤਾ ਮਹਿ ਸੁਖੁ ਨਹੀ ਪਾਈਐ ॥ | In sexual desire, anger, greed, emotional attachment and self-conceit, peace is not to be found. |
| ਹੋਹੁ ਰੇਨ ਤੂ ਸਗਲ ਕੀ ਮੇਰੇ ਮਨ ਤਉ ਅਨਦ ਮੰਗਲ ਸੁਖੁ ਪਾਈਐ ॥੨॥ | So be the dust of the feet of all, O my mind, and then you shall find bliss, joy and peace. \|\|2\|\| |
| ਘਾਲ ਨ ਭਾਨੈ ਅੰਤਰ ਬਿਧਿ ਜਾਨੈ ਤਾ ਕੀ ਕਰਿ ਮਨ ਸੇਵਾ ॥ | He knows the condition of your inner self, and He will not let your work go in vain - serve Him, O mind. |
| ਕਰਿ ਪੂਜਾ ਹੋਮਿ ਇਹੁ ਮਨੂਆ ਅਕਾਲ ਮੂਰਤਿ ਗੁਰਦੇਵਾ ॥੩॥ | Worship Him, and dedicate this mind unto Him, the Image of the Undying Lord, the Divine Guru. \|\|3\|\| |
| ਗੋਬਿਦ ਦਾਮੋਦਰ ਦਇਆਲ ਮਾਧਵੇ ਪਾਰਬ੍ਰਹਮ ਨਿਰੰਕਾਰਾ ॥ | He is the Lord of the Universe, the Compassionate Lord, the Supreme Lord God, the Formless Lord. |
| ਨਾਮੁ ਵਰਤਣਿ ਨਾਮੋ ਵਾਲੇਵਾ ਨਾਮੁ ਨਾਨਕ ਪ੍ਰਾਨ ਅਧਾਰਾ ॥੪॥੯॥੨੦॥ | The Naam is my merchandise, the Naam is my nourishment; the Naam, O Nanak, is the Support of my breath of life. \|\|4\|\|9\|\|20\|\| |
| ਸੋਰਠਿ ਮਹਲਾ ੫ ॥ | Sorat'h, Fifth Mehl: |
| ਮਿਰਤਕ ਕਉ ਪਾਇਓ ਤਨਿ ਸਾਸਾ ਬਿਛੁਰਤ ਆਨਿ ਮਿਲਾਇਆ ॥ | He infuses the breath into the dead bodies, and he reunited the separated ones. |
| ਪਸੂ ਪਰੇਤ ਮੁਗਧ ਭਏ ਸ੍ਰੋਤੇ ਹਰਿ ਨਾਮਾ ਮੁਖਿ ਗਾਇਆ ॥੧॥ | Even beasts, demons and fools become attentive listeners, when He sings the Praises of the Lord's Name. \|\|1\|\| |
| ਪੂਰੇ ਗੁਰ ਕੀ ਦੇਖੁ ਵਡਾਈ ॥ | Behold the glorious greatness of the Perfect Guru. |
| ਤਾ ਕੀ ਕੀਮਤਿ ਕਹਣੁ ਨ ਜਾਈ ॥ ਰਹਾਉ ॥ | His worth cannot be described. \|\|Pause\|\| |
| ਦੂਖ ਸੋਗ ਕਾ ਢਾਹਿਓ ਡੇਰਾ ਅਨਦ ਮੰਗਲ ਬਿਸਰਾਮਾ ॥ | He has demolished the abode of sorrow and disease, and brought bliss, joy and happiness. |
| ਮਨ ਬਾਂਛਤ ਫਲ ਮਿਲੇ ਅਚਿੰਤਾ ਪੂਰਨ ਹੋਏ ਕਾਮਾ ॥੨॥ | He effortlessly awards the fruits of the mind's desire, and all works are brought to perfection. \|\|2\|\| |

| | |
|---|---|
| ਈਹਾ ਸੁਖੁ ਆਗੈ ਮੁਖ ਊਜਲ ਮਿਟਿ ਗਏ ਆਵਣ ਜਾਣੇ ॥ | He finds peace in this world, and his face is radiant in the world hereafter; his comings and goings are finished. |
| ਨਿਰਭਉ ਭਏ ਹਿਰਦੈ ਨਾਮੁ ਵਸਿਆ ਅਪੁਨੇ ਸਤਿਗੁਰ ਕੈ ਮਨਿ ਭਾਣੇ ॥੩॥ | He becomes fearless, and his heart is filled with the Naam, the Name of the Lord; his mind is pleasing to the True Guru. ‖3‖ |
| ਊਠਤ ਬੈਠਤ ਹਰਿ ਗੁਣ ਗਾਵੈ ਦੂਖੁ ਦਰਦੁ ਭ੍ਰਮੁ ਭਾਗਾ ॥ | Standing up and sitting down, he sings the Glorious Praises of the Lord; his pain, sorrow and doubt are dispelled. |
| ਕਹੁ ਨਾਨਕ ਤਾ ਕੇ ਪੂਰ ਕਰੰਮਾ ਜਾ ਕਾ ਗੁਰ ਚਰਨੀ ਮਨੁ ਲਾਗਾ ॥੪॥੧੦॥੨੧॥ | Says Nanak, his karma is perfect; his mind is attached to the Guru's feet. ‖4‖10‖21‖ |
| ਸੋਰਠਿ ਮਹਲਾ ੫ ॥ | Sorat'h, Fifth Mehl: |
| ਰਤਨੁ ਛਾਡਿ ਕਉਡੀ ਸੰਗਿ ਲਾਗੇ ਜਾ ਤੇ ਕਛੂ ਨ ਪਾਈਐ ॥ | Forsaking the jewel, he is attached to the shell; nothing will come of it. |
| **੬੧੫** | **615** |
| ਪੂਰਨ ਪਾਰਬ੍ਰਹਮ ਪਰਮੇਸੁਰ ਮੇਰੇ ਮਨ ਸਦਾ ਧਿਆਈਐ ॥੧॥ | O my mind, meditate forever on the Perfect, Supreme Lord God, the Transcendent Lord. ‖1‖ |
| ਸਿਮਰਹੁ ਹਰਿ ਹਰਿ ਨਾਮੁ ਪਰਾਨੀ ॥ | Meditate in remembrance on the Name of the Lord, Har, Har, O mortal. |
| ਬਿਨਸੈ ਕਾਚੀ ਦੇਹ ਅਗਿਆਨੀ ॥ ਰਹਾਉ ॥ | Your frail body shall perish, you ignorant fool. ‖Pause‖ |
| ਮ੍ਰਿਗ ਤ੍ਰਿਸਨਾ ਅਰੁ ਸੁਪਨ ਮਨੋਰਥ ਤਾ ਕੀ ਕਛੁ ਨ ਵਡਾਈ ॥ | Illusions and dream-objects possess nothing of greatness. |
| ਰਾਮ ਭਜਨ ਬਿਨੁ ਕਾਮਿ ਨ ਆਵਸਿ ਸੰਗਿ ਨ ਕਾਹੂ ਜਾਈ ॥੨॥ | Without meditating on the Lord, nothing succeeds, and nothing will go along with you. ‖2‖ |
| ਹਉ ਹਉ ਕਰਤ ਬਿਹਾਇ ਅਵਰਦਾ ਜੀਅ ਕੋ ਕਾਮੁ ਨ ਕੀਨਾ ॥ | Acting in egotism and pride, his life passes away, and he does nothing for his soul. |
| ਧਾਵਤ ਧਾਵਤ ਨਹ ਤ੍ਰਿਪਤਾਸਿਆ ਰਾਮ ਨਾਮੁ ਨਹੀ ਚੀਨਾ ॥੩॥ | Wandering and wandering all around, he is never satisfied; he does not remember the Name of the Lord. ‖3‖ |
| ਸਾਦ ਬਿਕਾਰ ਬਿਖੈ ਰਸ ਮਾਤੋ ਅਸੰਖ ਖਤੇ ਕਰਿ ਫੇਰੇ ॥ | Intoxicated with the taste of corruption, cruel pleasures and countless sins, he is consigned to the cycle of reincarnation. |

| | |
|---|---|
| ਨਾਨਕ ਕੀ ਪ੍ਰਭ ਪਾਹਿ ਬਿਨੰਤੀ ਕਾਟਹੁ ਅਵਗੁਣ ਮੇਰੇ ॥੪॥੧੧॥੨੨॥ | Nanak offers his prayer to God, to eradicate his demerits. ‖4‖11‖22‖ |
| ਸੋਰਠਿ ਮਹਲਾ ੫ ॥ | Sorat'h, Fifth Mehl: |
| ਗੁਣ ਗਾਵਹੁ ਪੂਰਨ ਅਬਿਨਾਸੀ ਕਾਮ ਕ੍ਰੋਧ ਬਿਖੁ ਜਾਰੇ ॥ | Sing the Glorious Praises of the Perfect, Imperishable Lord, and the poison of sexual desire and anger shall be burnt away. |
| ਮਹਾ ਬਿਖਮੁ ਅਗਨਿ ਕੋ ਸਾਗਰੁ ਸਾਧੂ ਸੰਗਿ ਉਧਾਰੇ ॥੧॥ | You shall cross over the awesome, arduous ocean of fire, in the Saadh Sangat, the Company of the Holy. ‖1‖ |
| ਪੂਰੈ ਗੁਰਿ ਮੇਟਿਓ ਭਰਮੁ ਅੰਧੇਰਾ ॥ | The Perfect Guru has dispelled the darkness of doubt. |
| ਭਜੁ ਪ੍ਰੇਮ ਭਗਤਿ ਪ੍ਰਭੁ ਨੇਰਾ ॥ ਰਹਾਉ ॥ | Remember God with love and devotion; He is near at hand. ‖Pause‖ |
| ਹਰਿ ਹਰਿ ਨਾਮੁ ਨਿਧਾਨ ਰਸੁ ਪੀਆ ਮਨ ਤਨ ਰਹੇ ਅਘਾਈ ॥ | Drink in the sublime essence, the treasure of the Name of the Lord, Har, Har, and your mind and body shall remain satisfied. |
| ਜਤ ਕਤ ਪੂਰਿ ਰਹਿਓ ਪਰਮੇਸਰੁ ਕਤ ਆਵੈ ਕਤ ਜਾਈ ॥੨॥ | The Transcendent Lord is totally permeating and pervading everywhere; where would He come from, and where would He go? ‖2‖ |
| ਜਪ ਤਪ ਸੰਜਮ ਗਿਆਨ ਤਤ ਬੇਤਾ ਜਿਸੁ ਮਨਿ ਵਸੈ ਗੋੁਪਾਲਾ ॥ | One whose mind is filled with the Lord, is a person of meditation, penance, self-restraint and spiritual wisdom, and a knower of reality. |
| ਨਾਮੁ ਰਤਨੁ ਜਿਨਿ ਗੁਰਮੁਖਿ ਪਾਇਆ ਤਾ ਕੀ ਪੂਰਨ ਘਾਲਾ ॥੩॥ | The Gurmukh obtains the jewel of the Naam; his efforts come to perfect fruition. ‖3‖ |
| ਕਲਿ ਕਲੇਸ ਮਿਟੇ ਦੁਖ ਸਗਲੇ ਕਾਟੀ ਜਮ ਕੀ ਫਾਸਾ ॥ | All his struggles, sufferings and pains are dispelled, and the noose of death is cut away from him. |
| ਕਹੁ ਨਾਨਕ ਪ੍ਰਭਿ ਕਿਰਪਾ ਧਾਰੀ ਮਨ ਤਨ ਭਏ ਬਿਗਾਸਾ ॥੪॥੧੨॥੨੩॥ | Says Nanak, God has extended His Mercy, and so his mind and body blossom forth. ‖4‖12‖23‖ |
| ਸੋਰਠਿ ਮਹਲਾ ੫ ॥ | Sorat'h, Fifth Mehl: |
| ਕਰਣ ਕਰਾਵਣਹਾਰ ਪ੍ਰਭੁ ਦਾਤਾ ਪਾਰਬ੍ਰਹਮ ਪ੍ਰਭੁ ਸੁਆਮੀ ॥ | God is the Doer, the Cause of causes, the Great Giver; God is the Supreme Lord and Master. |
| ਸਗਲੇ ਜੀਅ ਕੀਏ ਦਇਆਲਾ ਸੋ ਪ੍ਰਭੁ ਅੰਤਰਜਾਮੀ ॥੧॥ | The Merciful Lord created all beings; God is the Inner-knower, the Searcher of hearts. ‖1‖ |

| | |
|---|---|
| ਮੇਰਾ ਗੁਰੁ ਹੋਆ ਆਪਿ ਸਹਾਈ ॥ | My Guru is Himself my friend and support. |
| ਸੂਖ ਸਹਜ ਆਨੰਦ ਮੰਗਲ ਰਸ ਅਚਰਜ ਭਈ ਬਡਾਈ ॥ ਰਹਾਉ ॥ | I am in celestial peace, bliss, joy, pleasure and wondrous glory. \|\|Pause\|\| |
| ਗੁਰ ਕੀ ਸਰਣਿ ਪਏ ਭੈ ਨਾਸੇ ਸਾਚੀ ਦਰਗਹ ਮਾਨੇ ॥ | Seeking the Sanctuary of the Guru, my fears have been dispelled, and I am accepted in the Court of the True Lord. |
| ਗੁਣ ਗਾਵਤ ਆਰਾਧਿ ਨਾਮੁ ਹਰਿ ਆਏ ਅਪੁਨੈ ਥਾਨੇ ॥੨॥ | Singing His Glorious Praises, and worshipping in adoration the Name of the Lord, I have reached my destination. \|\|2\|\| |
| ਜੈ ਜੈ ਕਾਰੁ ਕਰੈ ਸਭ ਉਸਤਤਿ ਸੰਗਤਿ ਸਾਧ ਪਿਆਰੀ ॥ | Everyone applauds and congratulates me; the Saadh Sangat, the Company of the Holy, is dear to me. |
| ਸਦ ਬਲਿਹਾਰਿ ਜਾਉ ਪ੍ਰਭ ਅਪੁਨੇ ਜਿਨਿ ਪੂਰਨ ਪੈਜ ਸਵਾਰੀ ॥੩॥ | I am forever a sacrifice to my God, who has totally protected and preserved my honor. \|\|3\|\| |
| ਗੋਸਟਿ ਗਿਆਨੁ ਨਾਮੁ ਸੁਣਿ ਉਧਰੇ ਜਿਨਿ ਜਿਨਿ ਦਰਸਨੁ ਪਾਇਆ ॥ | They are saved, who receive the Blessed Vision of His Darshan; they listen to the spiritual dialogue of the Naam. |
| ਭਇਓ ਕ੍ਰਿਪਾਲੁ ਨਾਨਕ ਪ੍ਰਭੁ ਅਪੁਨਾ ਅਨਦ ਸੇਤੀ ਘਰਿ ਆਇਆ ॥੪॥੧੩॥੨੪॥ | Nanak's God has become Merciful to him; he has arrived home in ecstasy. \|\|4\|\|13\|\|24\|\| |
| ਸੋਰਠਿ ਮਹਲਾ ੫ ॥ | Sorat'h, Fifth Mehl: |
| ਪ੍ਰਭ ਕੀ ਸਰਣਿ ਸਗਲ ਭੈ ਲਾਥੇ ਦੁਖ ਬਿਨਸੇ ਸੁਖੁ ਪਾਇਆ ॥ | In God's Sanctuary, all fears depart, suffering disappears, and peace is obtained. |
| ਦਇਆਲੁ ਹੋਆ ਪਾਰਬ੍ਰਹਮੁ ਸੁਆਮੀ ਪੂਰਾ ਸਤਿਗੁਰੁ ਧਿਆਇਆ ॥੧॥ | When the Supreme Lord God and Master becomes merciful, we meditate on the Perfect True Guru. \|\|1\|\| |
| ਪ੍ਰਭ ਜੀਉ ਤੂ ਮੇਰੋ ਸਾਹਿਬੁ ਦਾਤਾ ॥ | O Dear God, You are my Lord Master and Great Giver. |
| ਕਰਿ ਕਿਰਪਾ ਪ੍ਰਭ ਦੀਨ ਦਇਆਲਾ ਗੁਣ ਗਾਵਉ ਰੰਗਿ ਰਾਤਾ ॥ ਰਹਾਉ ॥ | By Your Mercy, O God, Merciful to the meek, imbue me with Your Love, that I might sing Your Glorious Praises. \|\|Pause\|\| |
| ਸਤਿਗੁਰਿ ਨਾਮੁ ਨਿਧਾਨੁ ਦ੍ਰਿੜਾਇਆ ਚਿੰਤਾ ਸਗਲ ਬਿਨਾਸੀ ॥ | The True Guru has implanted the treasure of the Naam within me, and all my anxieties have been dispelled. |

# ੬੧੬ | 616

| | |
|---|---|
| ਕਰਿ ਕਿਰਪਾ ਅਪੁਨੋ ਕਰਿ ਲੀਨਾ ਮਨਿ ਵਸਿਆ ਅਬਿਨਾਸੀ ॥੨॥ | By His Mercy, He has made me His own, and the imperishable Lord has come to dwell within my mind. \|\|2\|\| |
| ਤਾ ਕਉ ਬਿਘਨੁ ਨ ਕੋਊ ਲਾਗੈ ਜੋ ਸਤਿਗੁਰਿ ਅਪੁਨੈ ਰਾਖੇ ॥ | No misfortune afflicts one who is protected by the True Guru. |
| ਚਰਨ ਕਮਲ ਬਸੇ ਰਿਦ ਅੰਤਰਿ ਅੰਮ੍ਰਿਤ ਹਰਿ ਰਸੁ ਚਾਖੇ ॥੩॥ | The Lotus Feet of God come to abide within his heart, and he savors the sublime essence of the Lord's Ambrosial Nectar. \|\|3\|\| |
| ਕਰਿ ਸੇਵਾ ਸੇਵਕ ਪ੍ਰਭ ਅਪੁਨੇ ਜਿਨਿ ਮਨ ਕੀ ਇਛ ਪੁਜਾਈ ॥ | So, as a servant, serve your God, who fulfills your mind's desires. |
| ਨਾਨਕ ਦਾਸ ਤਾ ਕੈ ਬਲਿਹਾਰੈ ਜਿਨਿ ਪੂਰਨ ਪੈਜ ਰਖਾਈ ॥੪॥੧੪॥੨੫॥ | Slave Nanak is a sacrifice to the Perfect Lord, who has protected and preserved his honor. \|\|4\|\|14\|\|25\|\| |
| ਸੋਰਠਿ ਮਹਲਾ ੫ ॥ | Sorat'h, Fifth Mehl: |
| ਮਾਇਆ ਮੋਹ ਮਗਨੁ ਅੰਧਿਆਰੈ ਦੇਵਨਹਾਰੁ ਨ ਜਾਨੈ ॥ | Infatuated with the darkness of emotional attachment to Maya, he does not know the Lord, the Great Giver. |
| ਜੀਉ ਪਿੰਡੁ ਸਾਜਿ ਜਿਨਿ ਰਚਿਆ ਬਲੁ ਅਪੁਨੋ ਕਰਿ ਮਾਨੈ ॥੧॥ | The Lord created his body and fashioned his soul, but he claims that his power is his own. \|\|1\|\| |
| ਮਨ ਮੂੜੇ ਦੇਖਿ ਰਹਿਓ ਪ੍ਰਭ ਸੁਆਮੀ ॥ | O foolish mind, God, your Lord and Master is watching over you. |
| ਜੋ ਕਿਛੁ ਕਰਹਿ ਸੋਈ ਸੋਈ ਜਾਣੈ ਰਹੈ ਨ ਕਛੂਐ ਛਾਨੀ ॥ ਰਹਾਉ ॥ | Whatever you do, He knows; nothing can remain concealed from Him. \|\|Pause\|\| |
| ਜਿਹਵਾ ਸੁਆਦ ਲੋਭ ਮਦਿ ਮਾਤੋ ਉਪਜੇ ਅਨਿਕ ਬਿਕਾਰਾ ॥ | You are intoxicated with the tastes of the tongue, with greed and pride; countless sins spring from these. |
| ਬਹੁਤੁ ਜੋਨਿ ਭਰਮਤ ਦੁਖੁ ਪਾਇਆ ਹਉਮੈ ਬੰਧਨ ਕੇ ਭਾਰਾ ॥੨॥ | You wandered in pain through countless incarnations, weighed down by the chains of egotism. \|\|2\|\| |
| ਦੇਇ ਕਿਵਾੜ ਅਨਿਕ ਪੜਦੇ ਮਹਿ ਪਰ ਦਾਰਾ ਸੰਗਿ ਫਾਕੈ ॥ | Behind closed doors, hidden by many screens, the man takes his pleasure with another man's wife. |
| ਚਿਤ੍ਰ ਗੁਪਤੁ ਜਬ ਲੇਖਾ ਮਾਗਹਿ ਤਬ ਕਉਣੁ ਪੜਦਾ ਤੇਰਾ ਢਾਕੈ ॥੩॥ | When Chitr and Gupt, the celestial accountants of the conscious and subconscious, call for your account, who will screen you then? \|\|3\|\| |

| | |
|---|---|
| ਦੀਨ ਦਇਆਲ ਪੂਰਨ ਦੁਖ ਭੰਜਨ ਤੁਮ ਬਿਨੁ ਓਟ ਨ ਕਾਈ ॥ | O Perfect Lord, Merciful to the meek, Destroyer of pain, without You, I have no shelter at all. |
| ਕਾਢਿ ਲੇਹੁ ਸੰਸਾਰ ਸਾਗਰ ਮਹਿ ਨਾਨਕ ਪ੍ਰਭ ਸਰਣਾਈ ॥੪॥੧੫॥੨੬॥ | Please, lift me up out of the world-ocean; O God, I have come to Your Sanctuary. \|\|4\|\|15\|\|26\|\| |
| ਸੋਰਠਿ ਮਹਲਾ ੫ ॥ | Sorat'h, Fifth Mehl: |
| ਪਾਰਬ੍ਰਹਮੁ ਹੋਆ ਸਹਾਈ ਕਥਾ ਕੀਰਤਨੁ ਸੁਖਦਾਈ ॥ | The Supreme Lord God has become my helper and friend; His sermon and the Kirtan of His Praises have brought me peace. |
| ਗੁਰ ਪੂਰੇ ਕੀ ਬਾਣੀ ਜਪਿ ਅਨਦੁ ਕਰਹੁ ਨਿਤ ਪ੍ਰਾਣੀ ॥੧॥ | Chant the Word of the Perfect Guru's Bani, and be ever in bliss, O mortal. \|\|1\|\| |
| ਹਰਿ ਸਾਚਾ ਸਿਮਰਹੁ ਭਾਈ ॥ | Remember the True Lord in meditation, O Siblings of Destiny. |
| ਸਾਧਸੰਗਿ ਸਦਾ ਸੁਖੁ ਪਾਈਐ ਹਰਿ ਬਿਸਰਿ ਨ ਕਬਹੂ ਜਾਈ ॥ ਰਹਾਉ ॥ | In the Saadh Sangat, the Company of the Holy, eternal peace is obtained, and the Lord is never forgotten. \|\|Pause\|\| |
| ਅੰਮ੍ਰਿਤ ਨਾਮੁ ਪਰਮੇਸਰੁ ਤੇਰਾ ਜੋ ਸਿਮਰੈ ਸੋ ਜੀਵੈ ॥ | Your Name, O Transcendent Lord, is Ambrosial Nectar; whoever meditates on it, lives. |
| ਜਿਸ ਨੋ ਕਰਮਿ ਪਰਾਪਤਿ ਹੋਵੈ ਸੋ ਜਨੁ ਨਿਰਮਲੁ ਥੀਵੈ ॥੨॥ | One who is blessed with God's Grace - that humble servant becomes immaculate and pure. \|\|2\|\| |
| ਬਿਘਨ ਬਿਨਾਸਨ ਸਭਿ ਦੁਖ ਨਾਸਨ ਗੁਰ ਚਰਣੀ ਮਨੁ ਲਾਗਾ ॥ | Obstacles are removed, and all pains are eliminated; my mind is attached to the Guru's feet. |
| ਗੁਣ ਗਾਵਤ ਅਚੁਤ ਅਬਿਨਾਸੀ ਅਨਦਿਨੁ ਹਰਿ ਰੰਗਿ ਜਾਗਾ ॥੩॥ | Singing the Glorious Praises of the immovable and imperishable Lord, one remains awake to the Lord's Love, day and night. \|\|3\|\| |
| ਮਨ ਇਛੇ ਸੇਈ ਫਲ ਪਾਏ ਹਰਿ ਕੀ ਕਥਾ ਸੁਹੇਲੀ ॥ | He obtains the fruits of his mind's desires, listening to the comforting sermon of the Lord. |
| ਆਦਿ ਅੰਤਿ ਮਧਿ ਨਾਨਕ ਕਉ ਸੋ ਪ੍ਰਭੁ ਹੋਆ ਬੇਲੀ ॥੪॥੧੬॥੨੭॥ | In the beginning, in the middle, and in the end, God is Nanak's best friend. \|\|4\|\|16\|\|27\|\| |
| ਸੋਰਠਿ ਮਹਲਾ ੫ ਪੰਚਪਦਾ ॥ | Sorat'h, Fifth Mehl, Panch-Padas: |
| ਬਿਨਸੈ ਮੋਹੁ ਮੇਰਾ ਅਰੁ ਤੇਰਾ ਬਿਨਸੈ ਅਪਨੀ ਧਾਰੀ ॥੧॥ | May my emotional attachment, my sense of mine and yours, and my self-conceit be dispelled. \|\|1\|\| |

| | |
|---|---|
| ਸੰਤਹੁ ਇਹਾ ਬਤਾਵਹੁ ਕਾਰੀ ॥ | O Saints, show me such a way, |
| ਜਿਤੁ ਹਉਮੈ ਗਰਬੁ ਨਿਵਾਰੀ ॥੧॥ ਰਹਾਉ ॥ | by which my egotism and pride might be eliminated. ‖1‖Pause‖ |
| ਸਰਬ ਭੂਤ ਪਾਰਬ੍ਰਹਮੁ ਕਰਿ ਮਾਨਿਆ ਹੋਵਾਂ ਸਗਲ ਰੇਨਾਰੀ ॥੨॥ | I see the Supreme Lord God in all beings, and I am the dust of all. ‖2‖ |
| ਪੇਖਿਓ ਪ੍ਰਭ ਜੀਉ ਅਪੁਨੈ ਸੰਗੇ ਚੂਕੈ ਭੀਤਿ ਭ੍ਰਮਾਰੀ ॥੩॥ | I see God always with me, and the wall of doubt has been shattered. ‖3‖ |
| ਅਉਖਧੁ ਨਾਮੁ ਨਿਰਮਲ ਜਲੁ ਅੰਮ੍ਰਿਤੁ ਪਾਈਐ ਗੁਰੂ ਦੁਆਰੀ ॥੪॥ | The medicine of the Naam, and the Immaculate Water of Ambrosial Nectar, are obtained through the Guru's Gate. ‖4‖ |
| ਕਹੁ ਨਾਨਕ ਜਿਸੁ ਮਸਤਕਿ ਲਿਖਿਆ ਤਿਸੁ ਗੁਰ ਮਿਲਿ ਰੋਗ ਬਿਦਾਰੀ ॥੫॥੧੭॥੨੮॥ | Says Nanak, one who has such pre-ordained destiny inscribed upon his forehead, meets with the Guru, and his diseases are cured. ‖5‖17‖28‖ |

## ੬੧੭ 617

| | |
|---|---|
| ਸੋਰਠਿ ਮਹਲਾ ੫ ਘਰੁ ੨ ਦੁਪਦੇ | Sorat'h, Fifth Mehl, Second House, Du-Padas: |
| ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਸਗਲ ਬਨਸਪਤਿ ਮਹਿ ਬੈਸੰਤਰੁ ਸਗਲ ਦੂਧ ਮਹਿ ਘੀਆ ॥ | Fire is contained in all firewood, and butter is contained in all milk. |
| ਊਚ ਨੀਚ ਮਹਿ ਜੋਤਿ ਸਮਾਣੀ ਘਟਿ ਘਟਿ ਮਾਧਉ ਜੀਆ ॥੧॥ | God's Light is contained in the high and the low; the Lord is in the hearts of all beings. ‖1‖ |
| ਸੰਤਹੁ ਘਟਿ ਘਟਿ ਰਹਿਆ ਸਮਾਹਿਓ ॥ | O Saints, He is pervading and permeating each and every heart. |
| ਪੂਰਨ ਪੂਰਿ ਰਹਿਓ ਸਰਬ ਮਹਿ ਜਲਿ ਥਲਿ ਰਮਈਆ ਆਹਿਓ ॥੧॥ ਰਹਾਉ ॥ | The Perfect Lord is completely permeating everyone, everywhere; He is diffused in the water and the land. ‖1‖Pause‖ |
| ਗੁਣ ਨਿਧਾਨ ਨਾਨਕੁ ਜਸੁ ਗਾਵੈ ਸਤਿਗੁਰਿ ਭਰਮੁ ਚੁਕਾਇਓ ॥ | Nanak sings the Praises of the Lord, the treasure of excellence; the True Guru has dispelled his doubt. |
| ਸਰਬ ਨਿਵਾਸੀ ਸਦਾ ਅਲੇਪਾ ਸਭ ਮਹਿ ਰਹਿਆ ਸਮਾਇਓ ॥੨॥੧॥੨੯॥ | The Lord is pervading everywhere, permeating all, and yet, He is unattached from all. ‖2‖1‖29‖ |

<table>
<tr><td>ਸੋਰਠਿ ਮਹਲਾ ੫ ॥</td><td>Sorat'h, Fifth Mehl:</td></tr>
<tr><td>ਜਾ ਕੈ ਸਿਮਰਣਿ ਹੋਇ ਅਨੰਦਾ ਬਿਨਸੈ ਜਨਮ ਮਰਣ ਭੈ ਦੁਖੀ ॥</td><td>Meditating on Him, one is in ecstasy; the pains of birth and death and fear are removed.</td></tr>
<tr><td>ਚਾਰਿ ਪਦਾਰਥ ਨਵ ਨਿਧਿ ਪਾਵਹਿ ਬਹੁਰਿ ਨ ਤ੍ਰਿਸਨਾ ਭੁਖੀ ॥੧॥</td><td>The four cardinal blessings, and the nine treasures are received; you shall never feel hunger or thirst again. ||1||</td></tr>
<tr><td>ਜਾ ਕੋ ਨਾਮੁ ਲੈਤ ਤੂ ਸੁਖੀ ॥</td><td>Chanting His Name, you shall be at peace.</td></tr>
<tr><td>ਸਾਸਿ ਸਾਸਿ ਧਿਆਵਹੁ ਠਾਕੁਰ ਕਉ ਮਨ ਤਨ ਜੀਅਰੇ ਮੁਖੀ ॥੧॥ ਰਹਾਉ ॥</td><td>With each and every breath, meditate on the Lord and Master, O my soul, with mind, body and mouth. ||1||Pause||</td></tr>
<tr><td>ਸਾਂਤਿ ਪਾਵਹਿ ਹੋਵਹਿ ਮਨ ਸੀਤਲ ਅਗਨਿ ਨ ਅੰਤਰਿ ਧੁਖੀ ॥</td><td>You shall find peace, and your mind shall be soothed and cooled; the fire of desire shall not burn within you.</td></tr>
<tr><td>ਗੁਰ ਨਾਨਕ ਕਉ ਪ੍ਰਭੂ ਦਿਖਾਇਆ ਜਲਿ ਥਲਿ ਤ੍ਰਿਭਵਣਿ ਰੁਖੀ ॥੨॥੨॥੩੦॥</td><td>The Guru has revealed God to Nanak, in the three worlds, in the water, the earth and the woods. ||2||2||30||</td></tr>
<tr><td>ਸੋਰਠਿ ਮਹਲਾ ੫ ॥</td><td>Sorat'h, Fifth Mehl:</td></tr>
<tr><td>ਕਾਮ ਕ੍ਰੋਧ ਲੋਭ ਝੂਠ ਨਿੰਦਾ ਇਨ ਤੇ ਆਪਿ ਛਡਾਵਹੁ ॥</td><td>Sexual desire, anger, greed, falsehood and slander - please, save me from these, O Lord.</td></tr>
<tr><td>ਇਹ ਭੀਤਰ ਤੇ ਇਨ ਕਉ ਡਾਰਹੁ ਆਪਨ ਨਿਕਟਿ ਬੁਲਾਵਹੁ ॥੧॥</td><td>Please eradicate these from within me, and call me to come close to You. ||1||</td></tr>
<tr><td>ਅਪੁਨੀ ਬਿਧਿ ਆਪਿ ਜਨਾਵਹੁ ॥</td><td>You alone teach me Your Ways.</td></tr>
<tr><td>ਹਰਿ ਜਨ ਮੰਗਲ ਗਾਵਹੁ ॥੧॥ ਰਹਾਉ ॥</td><td>With the Lord's humble servants, I sing His Praises. ||1||Pause||</td></tr>
<tr><td>ਬਿਸਰੁ ਨਾਹੀ ਕਬਹੂ ਹੀਏ ਤੇ ਇਹ ਬਿਧਿ ਮਨ ਮਹਿ ਪਾਵਹੁ ॥</td><td>May I never forget the Lord within my heart; please, instill such understanding within my mind.</td></tr>
<tr><td>ਗੁਰੁ ਪੂਰਾ ਭੇਟਿਓ ਵਡਭਾਗੀ ਜਨ ਨਾਨਕ ਕਤਹਿ ਨ ਧਾਵਹੁ ॥੨॥੩॥੩੧॥</td><td>By great good fortune, servant Nanak has met with the Perfect Guru, and now, he will not go anywhere else. ||2||3||31||</td></tr>
<tr><td>ਸੋਰਠਿ ਮਹਲਾ ੫ ॥</td><td>Sorat'h, Fifth Mehl:</td></tr>
<tr><td>ਜਾ ਕੈ ਸਿਮਰਣਿ ਸਭੁ ਕਛੁ ਪਾਈਐ ਬਿਰਥੀ ਘਾਲ ਨ ਜਾਈ ॥</td><td>Meditating in remembrance on Him, all things are obtained, and one's efforts shall not be in vain.</td></tr>
</table>

| | |
|---|---|
| ਤਿਸੁ ਪ੍ਰਭ ਤਿਆਗਿ ਅਵਰ ਕਤ ਰਾਚਹੁ ਜੋ ਸਭ ਮਹਿ ਰਹਿਆ ਸਮਾਈ ॥੧॥ | Forsaking God, why do you attach yourself to another? He is contained in everything. \|\|1\|\| |
| ਹਰਿ ਹਰਿ ਸਿਮਰਹੁ ਸੰਤ ਗੋਪਾਲਾ ॥ | O Saints, meditate in remembrance on the World-Lord, Har, Har. |
| ਸਾਧਸੰਗਿ ਮਿਲਿ ਨਾਮੁ ਧਿਆਵਹੁ ਪੂਰਨ ਹੋਵੈ ਘਾਲਾ ॥੧॥ ਰਹਾਉ ॥ | Joining the Saadh Sangat, the Company of the Holy, meditate on the Naam, the Name of the Lord; your efforts shall be rewarded. \|\|1\|\|Pause\|\| |
| ਸਾਰਿ ਸਮਾਲੈ ਨਿਤਿ ਪ੍ਰਤਿਪਾਲੈ ਪ੍ਰੇਮ ਸਹਿਤ ਗਲਿ ਲਾਵੈ ॥ | He ever preserves and cherishes His servant; with Love, He hugs him close. |
| ਕਹੁ ਨਾਨਕ ਪ੍ਰਭ ਤੁਮਰੇ ਬਿਸਰਤ ਜਗਤ ਜੀਵਨੁ ਕੈਸੇ ਪਾਵੈ ॥੨॥੪॥੩੨॥ | Says Nanak, forgetting You, O God, how can the world find life? \|\|2\|\|4\|\|32\|\| |
| ਸੋਰਠਿ ਮਹਲਾ ੫ ॥ | Sorat'h, Fifth Mehl: |
| ਅਬਿਨਾਸੀ ਜੀਅਨ ਕੋ ਦਾਤਾ ਸਿਮਰਤ ਸਭ ਮਲੁ ਖੋਈ ॥ | He is imperishable, the Giver of all beings; meditating on Him, all filth is removed. |
| ਗੁਣ ਨਿਧਾਨ ਭਗਤਨ ਕਉ ਬਰਤਨਿ ਬਿਰਲਾ ਪਾਵੈ ਕੋਈ ॥੧॥ | He is the treasure of excellence, the object of His devotees, but rare are those who find Him. \|\|1\|\| |
| ਮੇਰੇ ਮਨ ਜਪਿ ਗੁਰ ਗੋਪਾਲ ਪ੍ਰਭੁ ਸੋਈ ॥ | O my mind, meditate on the Guru, and God, the Cherisher of the world. |
| ਜਾ ਕੀ ਸਰਣਿ ਪਇਆਂ ਸੁਖੁ ਪਾਈਐ ਬਾਹੁੜਿ ਦੂਖੁ ਨ ਹੋਈ ॥੧॥ ਰਹਾਉ ॥ | Seeking His Sanctuary, one finds peace, and he shall not suffer in pain again. \|\|1\|\|Pause\|\| |
| ਵਡਭਾਗੀ ਸਾਧਸੰਗੁ ਪਰਾਪਤਿ ਤਿਨ ਭੇਟਤ ਦੁਰਮਤਿ ਖੋਈ ॥ | By great good fortune, one obtains the Saadh Sangat, the Company of the Holy. Meeting them, evil-mindedness is eliminated. |
| ੬੧੮ | 618 |
| ਤਿਨ ਕੀ ਧੂਰਿ ਨਾਨਕੁ ਦਾਸੁ ਬਾਛੈ ਜਿਨ ਹਰਿ ਨਾਮੁ ਰਿਦੈ ਪਰੋਈ ॥੨॥੫॥੩੩॥ | Slave Nanak yearns for the dust of the feet of those, who have woven the Lord's Name into their hearts. \|\|2\|\|5\|\|33\|\| |

ਸੋਰਠਿ ਮਹਲਾ ੫ ॥

Sorat'h, Fifth Mehl:

ਜਨਮ ਜਨਮ ਕੇ ਦੂਖ ਨਿਵਾਰੈ ਸੂਕਾ ਮਨੁ ਸਾਧਾਰੈ ॥

He dispels the pains of countless incarnations, and lends support to the dry and shrivelled mind.

ਦਰਸਨੁ ਭੇਟਤ ਹੋਤ ਨਿਹਾਲਾ ਹਰਿ ਕਾ ਨਾਮੁ ਬੀਚਾਰੈ ॥੧॥

Beholding the Blessed Vision of His Darshan, one is enraptured, contemplating the Name of the Lord. ||1||

ਮੇਰਾ ਬੈਦੁ ਗੁਰੂ ਗੋਵਿੰਦਾ ॥

My physician is the Guru, the Lord of the Universe.

ਹਰਿ ਹਰਿ ਨਾਮੁ ਅਉਖਧੁ ਮੁਖਿ ਦੇਵੈ ਕਾਟੈ ਜਮ ਕੀ ਫੰਧਾ ॥੧॥ ਰਹਾਉ ॥

He places the medicine of the Naam into my mouth, and cuts away the noose of Death. ||1||Pause||

ਸਮਰਥ ਪੁਰਖ ਪੂਰਨ ਬਿਧਾਤੇ ਆਪੇ ਕਰਣੈਹਾਰਾ ॥

He is the all-powerful, Perfect Lord, the Architect of Destiny; He Himself is the Doer of deeds.

ਅਪੁਨਾ ਦਾਸੁ ਹਰਿ ਆਪਿ ਉਬਾਰਿਆ ਨਾਨਕ ਨਾਮ ਅਧਾਰਾ ॥੨॥੬॥੩੪॥

The Lord Himself saves His slave; Nanak takes the Support of the Naam. ||2||6||34||

ਸੋਰਠਿ ਮਹਲਾ ੫ ॥

Sorat'h, Fifth Mehl:

ਅੰਤਰ ਕੀ ਗਤਿ ਤੁਮ ਹੀ ਜਾਨੀ ਤੁਝ ਹੀ ਪਾਹਿ ਨਿਬੇਰੋ ॥

Only You know the state of my innermost self; You alone can judge me.

ਬਖਸਿ ਲੈਹੁ ਸਾਹਿਬ ਪ੍ਰਭ ਅਪਨੇ ਲਾਖ ਖਤੇ ਕਰਿ ਫੇਰੋ ॥੧॥

Please forgive me, O Lord God Master; I have committed thousands of sins and mistakes. ||1||

ਪ੍ਰਭ ਜੀ ਤੂ ਮੇਰੋ ਠਾਕੁਰੁ ਨੇਰੋ ॥

O my Dear Lord God Master, You are always near me.

ਹਰਿ ਚਰਣ ਸਰਣ ਮੋਹਿ ਚੇਰੋ ॥੧॥ ਰਹਾਉ ॥

O Lord, please bless Your disciple with the shelter of Your feet. ||1||Pause||

ਬੇਸੁਮਾਰ ਬੇਅੰਤ ਸੁਆਮੀ ਊਚੋ ਗੁਨੀ ਗਹੇਰੋ ॥

Infinite and endless is my Lord and Master; He is lofty, virtuous and profoundly deep.

ਕਾਟਿ ਸਿਲਕ ਕੀਨੋ ਅਪੁਨੋ ਦਾਸਰੋ ਤਉ ਨਾਨਕ ਕਹਾ ਨਿਹੋਰੋ ॥੨॥੭॥੩੫॥

Cutting away the noose of death, the Lord has made Nanak His slave, and now, what does he owe to anyone else? ||2||7||35||

ਸੋਰਠਿ ਮਃ ੫ ॥

Sorat'h, Fifth Mehl:

ਭਏ ਕ੍ਰਿਪਾਲ ਗੁਰੂ ਗੋਵਿੰਦਾ ਸਗਲ ਮਨੋਰਥ ਪਾਏ ॥

The Guru, the Lord of the Universe, became merciful to me, and I obtained all of my mind's desires.

ਅਸਥਿਰ ਭਏ ਲਾਗਿ ਹਰਿ ਚਰਣੀ ਗੋਵਿੰਦ ਕੇ ਗੁਣ ਗਾਏ ॥੧॥

I have become stable and steady, touching the Lord's Feet, and singing the Glorious Praises of the Lord of the Universe. ||1||

| | |
|---|---|
| ਭਲੋ ਸਮੂਰਤੁ ਪੂਰਾ ॥ | It is a good time, a perfectly auspicious time. |
| ਸਾਂਤਿ ਸਹਜ ਆਨੰਦ ਨਾਮੁ ਜਪਿ ਵਾਜੇ ਅਨਹਦ ਤੂਰਾ ॥੧॥ ਰਹਾਉ ॥ | I am in celestial peace, tranquility and ecstasy, chanting the Naam, the Name of the Lord; the unstruck melody of the sound current vibrates and resounds. \|\|1\|\|Pause\|\| |
| ਮਿਲੇ ਸੁਆਮੀ ਪ੍ਰੀਤਮ ਅਪੁਨੇ ਘਰ ਮੰਦਰ ਸੁਖਦਾਈ ॥ | Meeting with my Beloved Lord and Master, my home has become a mansion filled with happiness. |
| ਹਰਿ ਨਾਮੁ ਨਿਧਾਨੁ ਨਾਨਕ ਜਨ ਪਾਇਆ ਸਗਲੀ ਇਛ ਪੁਜਾਈ ॥੨॥੮॥੩੬॥ | Servant Nanak has attained the treasure of the Lord's Name; all his desires have been fulfilled. \|\|2\|\|8\|\|36\|\| |
| ਸੋਰਠਿ ਮਹਲਾ ੫ ॥ | Sorat'h, Fifth Mehl: |
| ਗੁਰ ਕੇ ਚਰਨ ਬਸੇ ਰਿਦ ਭੀਤਰਿ ਸੁਭ ਲਖਣ ਪ੍ਰਭਿ ਕੀਨੇ ॥ | The Guru's feet abide within my heart; God has blessed me with good fortune. |
| ਭਏ ਕ੍ਰਿਪਾਲ ਪੂਰਨ ਪਰਮੇਸਰ ਨਾਮ ਨਿਧਾਨ ਮਨਿ ਚੀਨੇ ॥੧॥ | The Perfect Transcendent Lord became merciful to me, and I found the treasure of the Naam within my mind. \|\|1\|\| |
| ਮੇਰੋ ਗੁਰੁ ਰਖਵਾਰੋ ਮੀਤ ॥ | My Guru is my Saving Grace, my only best friend. |
| ਦੂਣ ਚਊਣੀ ਦੇ ਵਡਿਆਈ ਸੋਭਾ ਨੀਤਾ ਨੀਤ ॥੧॥ ਰਹਾਉ ॥ | Over and over again, He blesses me with double, even four-fold, greatness. \|\|1\|\|Pause\|\| |
| ਜੀਅ ਜੰਤ ਪ੍ਰਭਿ ਸਗਲ ਉਧਾਰੇ ਦਰਸਨੁ ਦੇਖਣਹਾਰੇ ॥ | God saves all beings and creatures, giving them the Blessed Vision of His Darshan. |
| ਗੁਰ ਪੂਰੇ ਕੀ ਅਚਰਜ ਵਡਿਆਈ ਨਾਨਕ ਸਦ ਬਲਿਹਾਰੇ ॥੨॥੯॥੩੭॥ | Wondrous is the glorious greatness of the Perfect Guru; Nanak is forever a sacrifice to Him. \|\|2\|\|9\|\|37\|\| |
| ਸੋਰਠਿ ਮਹਲਾ ੫ ॥ | Sorat'h, Fifth Mehl: |
| ਸੰਚਨਿ ਕਰਉ ਨਾਮ ਧਨੁ ਨਿਰਮਲ ਥਾਤੀ ਅਗਮ ਅਪਾਰ ॥ | I gather in and collect the immaculate wealth of the Naam; this commodity is inaccessible and incomparable. |
| ਬਿਲਛਿ ਬਿਨੋਦ ਆਨੰਦ ਸੁਖ ਮਾਣਹੁ ਖਾਇ ਜੀਵਹੁ ਸਿਖ ਪਰਵਾਰ ॥੧॥ | Revel in it, delight in it, be happy and enjoy peace, and live long, O Sikhs and brethren. \|\|1\|\| |
| ਹਰਿ ਕੇ ਚਰਨ ਕਮਲ ਆਧਾਰ ॥ | I have the support of the Lotus Feet of the Lord. |
| ਸੰਤ ਪ੍ਰਸਾਦਿ ਪਾਇਓ ਸਚ ਬੋਹਿਥੁ ਚੜਿ ਲੰਘਉ ਬਿਖੁ ਸੰਸਾਰ ॥੧॥ ਰਹਾਉ ॥ | By the Grace of the Saints, I have found the boat of Truth; embarking on it, I sail across the ocean of poison. \|\|1\|\|Pause\|\| |

| | |
|---|---|
| ਭਏ ਕ੍ਰਿਪਾਲ ਪੂਰਨ ਅਬਿਨਾਸੀ ਆਪਹਿ ਕੀਨੀ ਸਾਰ ॥ | The perfect, imperishable Lord has become merciful; He Himself has taken care of me. |
| ਪੇਖਿ ਪੇਖਿ ਨਾਨਕ ਬਿਗਸਾਨੋ ਨਾਨਕ ਨਾਹੀ ਸੁਮਾਰ ॥੨॥੧੦॥੩੮॥ | Beholding, beholding His Vision, Nanak has blossomed forth in ecstasy. O Nanak, He is beyond estimation. \|\|2\|\|10\|\|38 \|\| |
| ਸੋਰਠਿ ਮਹਲਾ ੫ ॥ | Sorat'h, Fifth Mehl: |
| ਗੁਰਿ ਪੂਰੈ ਅਪਨੀ ਕਲ ਧਾਰੀ ਸਭ ਘਟ ਉਪਜੀ ਦਇਆ ॥ | The Perfect Guru has revealed His power, and compassion has welled up in every heart. |
| ਆਪੇ ਮੇਲਿ ਵਡਾਈ ਕੀਨੀ ਕੁਸਲ ਖੇਮ ਸਭ ਭਇਆ ॥੧॥ | Blending me with Himself, He has blessed me with glorious greatness, and I have found pleasure and happiness. \|\|1\|\| |
| ਸਤਿਗੁਰੁ ਪੂਰਾ ਮੇਰੈ ਨਾਲਿ ॥ | The Perfect True Guru is always with me. |
| ੬੧੯ | 619 |
| ਪਾਰਬ੍ਰਹਮੁ ਜਪਿ ਸਦਾ ਨਿਹਾਲ ॥ ਰਹਾਉ ॥ | Meditating on the Supreme Lord God, I am forever in ecstasy. \|\|Pause\|\| |
| ਅੰਤਰਿ ਬਾਹਰਿ ਥਾਨ ਥਨੰਤਰਿ ਜਤ ਕਤ ਪੇਖਉ ਸੋਈ ॥ | Inwardly and outwardly, in all places and interspaces, wherever I look, He is there. |
| ਨਾਨਕ ਗੁਰੁ ਪਾਇਓ ਵਡਭਾਗੀ ਤਿਸੁ ਜੇਵਡੁ ਅਵਰੁ ਨ ਕੋਈ ॥੨॥੧੧॥੩੯॥ | Nanak has found the Guru, by great good fortune; no one else is as great as He. \|\|2\|\|11\|\|39\|\| |
| ਸੋਰਠਿ ਮਹਲਾ ੫ ॥ | Sorat'h, Fifth Mehl: |
| ਸੂਖ ਮੰਗਲ ਕਲਿਆਣ ਸਹਜ ਧੁਨਿ ਪ੍ਰਭ ਕੇ ਚਰਣ ਨਿਹਾਰਿਆ ॥ | I have been blessed with peace, pleasure, bliss, and the celestial sound current, gazing upon the feet of God. |
| ਰਾਖਨਹਾਰੈ ਰਾਖਿਓ ਬਾਰਿਕੁ ਸਤਿਗੁਰਿ ਤਾਪੁ ਉਤਾਰਿਆ ॥੧॥ | The Savior has saved His child, and the True Guru has cured his fever. \|\|1\|\| |
| ਉਬਰੇ ਸਤਿਗੁਰ ਕੀ ਸਰਣਾਈ ॥ | I have been saved, in the True Guru's Sanctuary; |
| ਜਾ ਕੀ ਸੇਵ ਨ ਬਿਰਥੀ ਜਾਈ ॥ ਰਹਾਉ ॥ | service to Him does not go in vain. \|\|1\|\|Pause\|\| |
| ਘਰ ਮਹਿ ਸੂਖ ਬਾਹਰਿ ਫੁਨਿ ਸੂਖਾ ਪ੍ਰਭ ਅਪੁਨੇ ਭਏ ਦਇਆਲਾ ॥ | There is peace within the home of one's heart, and there is peace outside as well, when God becomes kind and compassionate. |

| | |
|---|---|
| ਨਾਨਕ ਬਿਘਨੁ ਨ ਲਾਗੈ ਕੋਊ ਮੇਰਾ ਪ੍ਰਭੁ ਹੋਆ ਕਿਰਪਾਲਾ ॥੨॥੧੨॥੪੦॥ | O Nanak, no obstacles block my way; my God has become gracious and merciful to me. \|\|2\|\|12\|\|40\|\| |
| ਸੋਰਠਿ ਮਹਲਾ ੫ ॥ | Sorat'h, Fifth Mehl: |
| ਸਾਧੂ ਸੰਗਿ ਭਇਆ ਮਨਿ ਉਦਮੁ ਨਾਮੁ ਰਤਨੁ ਜਸੁ ਗਾਈ ॥ | In the Saadh Sangat, the Company of the Holy, my mind became excited, and I sang the Praises of the jewel of the Naam. |
| ਮਿਟਿ ਗਈ ਚਿੰਤਾ ਸਿਮਰਿ ਅਨੰਤਾ ਸਾਗਰੁ ਤਰਿਆ ਭਾਈ ॥੧॥ | My anxiety was dispelled, meditating in remembrance on the Infinite Lord; I have crossed over the world ocean, O Siblings of Destiny. \|\|1\|\| |
| ਹਿਰਦੈ ਹਰਿ ਕੇ ਚਰਣ ਵਸਾਈ ॥ | I enshrine the Lord's Feet within my heart. |
| ਸੁਖੁ ਪਾਇਆ ਸਹਜ ਧੁਨਿ ਉਪਜੀ ਰੋਗਾ ਘਾਣਿ ਮਿਟਾਈ ॥ ਰਹਾਉ ॥ | I have found peace, and the celestial sound current resounds within me; countless diseases have been eradicated. \|\|Pause\|\| |
| ਕਿਆ ਗੁਣ ਤੇਰੇ ਆਖਿ ਵਖਾਣਾ ਕੀਮਤਿ ਕਹਣੁ ਨ ਜਾਈ ॥ | Which of Your Glorious Virtues can I speak and describe? Your worth cannot be estimated. |
| ਨਾਨਕ ਭਗਤ ਭਏ ਅਬਿਨਾਸੀ ਅਪੁਨਾ ਪ੍ਰਭੁ ਭਇਆ ਸਹਾਈ ॥੨॥੧੩॥੪੧॥ | O Nanak, the Lord's devotees become imperishable and immortal; their God becomes their friend and support. \|\|2\|\|13\|\|41\|\| |
| ਸੋਰਠਿ ਮਃ ੫ ॥ | Sorat'h, Fifth Mehl: |
| ਗਏ ਕਲੇਸ ਰੋਗ ਸਭਿ ਨਾਸੇ ਪ੍ਰਭਿ ਅਪੁਨੈ ਕਿਰਪਾ ਧਾਰੀ ॥ | My sufferings have come to an end, and all diseases have been eradicated. |
| ਆਠ ਪਹਰ ਆਰਾਧਹੁ ਸੁਆਮੀ ਪੂਰਨ ਘਾਲ ਹਮਾਰੀ ॥੧॥ | God has showered me with His Grace. Twenty-four hours a day, I worship and adore my Lord and Master; my efforts have come to fruition. \|\|1\|\| |
| ਹਰਿ ਜੀਉ ਤੂ ਸੁਖ ਸੰਪਤਿ ਰਾਸਿ ॥ | O Dear Lord, You are my peace, wealth and capital. |
| ਰਾਖਿ ਲੈਹੁ ਭਾਈ ਮੇਰੇ ਕਉ ਪ੍ਰਭ ਆਗੈ ਅਰਦਾਸਿ ॥ ਰਹਾਉ ॥ | Please, save me, O my Beloved! I offer this prayer to my God. \|\|Pause\|\| |
| ਜੋ ਮਾਗਉ ਸੋਈ ਸੋਈ ਪਾਵਉ ਅਪਨੇ ਖਸਮ ਭਰੋਸਾ ॥ | Whatever I ask for, I receive; I have total faith in my Master. |
| ਕਹੁ ਨਾਨਕ ਗੁਰੁ ਪੂਰਾ ਭੇਟਿਓ ਮਿਟਿਓ ਸਗਲ ਅੰਦੇਸਾ ॥੨॥੧੪॥੪੨॥ | Says Nanak, I have met with the Perfect Guru, and all my fears have been dispelled. \|\|2\|\|14\|\|42\|\| |

ਸੋਰਠਿ ਮਹਲਾ ੫ ॥

Sorat'h, Fifth Mehl:

ਸਿਮਰਿ ਸਿਮਰਿ ਗੁਰੁ ਸਤਿਗੁਰੁ ਅਪਨਾ ਸਗਲਾ ਦੂਖੁ ਮਿਟਾਇਆ ॥

Meditating, meditating in remembrance on my Guru, the True Guru, all pains have been eradicated.

ਤਾਪ ਰੋਗ ਗਏ ਗੁਰ ਬਚਨੀ ਮਨ ਇਛੇ ਫਲ ਪਾਇਆ ॥੧॥

The fever and the disease are gone, through the Word of the Guru's Teachings, and I have obtained the fruits of my mind's desires. ||1||

ਮੇਰਾ ਗੁਰੁ ਪੂਰਾ ਸੁਖਦਾਤਾ ॥

My Perfect Guru is the Giver of peace.

ਕਰਣ ਕਾਰਣ ਸਮਰਥ ਸੁਆਮੀ ਪੂਰਨ ਪੁਰਖੁ ਬਿਧਾਤਾ ॥ ਰਹਾਉ ॥

He is the Doer, the Cause of causes, the Almighty Lord and Master, the Perfect Primal Lord, the Architect of Destiny. ||Pause||

ਅਨੰਦ ਬਿਨੋਦ ਮੰਗਲ ਗੁਣ ਗਾਵਹੁ ਗੁਰ ਨਾਨਕ ਭਏ ਦਇਆਲਾ ॥

Sing the Glorious Praises of the Lord in bliss, joy and ecstasy; Guru Nanak has become kind and compassionate.

ਜੈ ਜੈ ਕਾਰ ਭਏ ਜਗ ਭੀਤਰਿ ਹੋਆ ਪਾਰਬ੍ਰਹਮੁ ਰਖਵਾਲਾ ॥੨॥੧੫॥੪੩॥

Shouts of cheers and congratulations ring out all over the world; the Supreme Lord God has become my Savior and Protector. ||2||15||43||

ਸੋਰਠਿ ਮਹਲਾ ੫ ॥

Sorat'h, Fifth Mehl:

ਹਮਰੀ ਗਣਤ ਨ ਗਣੀਆ ਕਾਈ ਅਪਣਾ ਬਿਰਦੁ ਪਛਾਣਿ ॥

He did not take my accounts into account; such is His forgiving nature.

ਹਾਥ ਦੇਇ ਰਾਖੇ ਕਰਿ ਅਪੁਨੇ ਸਦਾ ਸਦਾ ਰੰਗੁ ਮਾਣਿ ॥੧॥

He gave me His hand, and saved me and made me His own; forever and ever, I enjoy His Love. ||1||

ਸਾਚਾ ਸਾਹਿਬੁ ਸਦ ਮਿਹਰਵਾਣ ॥

The True Lord and Master is forever merciful and forgiving.

ਬੰਧੁ ਪਾਇਆ ਮੇਰੈ ਸਤਿਗੁਰਿ ਪੂਰੈ ਹੋਈ ਸਰਬ ਕਲਿਆਣ ॥ ਰਹਾਉ ॥

My Perfect Guru has bound me to Him, and now, I am in absolute ecstasy. ||Pause||

ਜੀਉ ਪਾਇ ਪਿੰਡੁ ਜਿਨਿ ਸਾਜਿਆ ਦਿਤਾ ਪੈਨਣੁ ਖਾਣੁ ॥

The One who fashioned the body and placed the soul within, who gives you clothing and nourishment

ਅਪਣੇ ਦਾਸ ਕੀ ਆਪਿ ਪੈਜ ਰਾਖੀ ਨਾਨਕ ਸਦ ਕੁਰਬਾਣੁ ॥੨॥੧੬॥੪੪॥

- He Himself preserves the honor of His slaves. Nanak is forever a sacrifice to Him. ||2||16||44||

## ੬੨੦

## 620

ਸੋਰਠਿ ਮਹਲਾ ੫ ॥

Sorat'h, Fifth Mehl:

ਦੁਰਤੁ ਗਵਾਇਆ ਹਰਿ ਪ੍ਰਭਿ ਆਪੇ ਸਭੁ ਸੰਸਾਰੁ ਉਬਾਰਿਆ ॥

The Lord God Himself has rid the whole world of its sins, and saved it.

| | |
|---|---|
| ਪਾਰਬ੍ਰਹਮਿ ਪ੍ਰਭਿ ਕਿਰਪਾ ਧਾਰੀ ਅਪਣਾ ਬਿਰਦੁ ਸਮਾਰਿਆ ॥੧॥ | The Supreme Lord God extended His mercy, and confirmed His innate nature. \|\|1\|\| |
| ਹੋਈ ਰਾਜੇ ਰਾਮ ਕੀ ਰਖਵਾਲੀ ॥ | I have attained the Protective Sanctuary of the Lord, my King. |
| ਸੂਖ ਸਹਜ ਆਨਦ ਗੁਣ ਗਾਵਹੁ ਮਨੁ ਤਨੁ ਦੇਹ ਸੁਖਾਲੀ ॥ ਰਹਾਉ ॥ | In celestial peace and ecstasy, I sing the Glorious Praises of the Lord, and my mind, body and being are at peace. \|\|Pause\|\| |
| ਪਤਿਤ ਉਧਾਰਣੁ ਸਤਿਗੁਰੁ ਮੇਰਾ ਮੋਹਿ ਤਿਸ ਕਾ ਭਰਵਾਸਾ ॥ | My True Guru is the Savior of sinners; I have placed my trust and faith in Him. |
| ਬਖਸਿ ਲਏ ਸਭਿ ਸਚੈ ਸਾਹਿਬਿ ਸੁਣਿ ਨਾਨਕ ਕੀ ਅਰਦਾਸਾ ॥੨॥੧੭॥੪੫॥ | The True Lord has heard Nanak's prayer, and He has forgiven everything. \|\|2\|\|17\|\|45\|\| |
| ਸੋਰਠਿ ਮਹਲਾ ੫ ॥ | Sorat'h, Fifth Mehl: |
| ਬਖਸਿਆ ਪਾਰਬ੍ਰਹਮ ਪਰਮੇਸਰਿ ਸਗਲੇ ਰੋਗ ਬਿਦਾਰੇ ॥ | The Supreme Lord God, the Transcendent Lord, has forgiven me, and all diseases have been cured. |
| ਗੁਰ ਪੂਰੇ ਕੀ ਸਰਣੀ ਉਬਰੇ ਕਾਰਜ ਸਗਲ ਸਵਾਰੇ ॥੧॥ | Those who come to the Sanctuary of the True Guru are saved, and all their affairs are resolved. \|\|1\|\| |
| ਹਰਿ ਜਨਿ ਸਿਮਰਿਆ ਨਾਮ ਅਧਾਰਿ ॥ | The Lord's humble servant meditates in remembrance on the Naam, the Name of the Lord; this is his only support. |
| ਤਾਪੁ ਉਤਾਰਿਆ ਸਤਿਗੁਰਿ ਪੂਰੈ ਅਪਣੀ ਕਿਰਪਾ ਧਾਰਿ ॥ ਰਹਾਉ ॥ | The Perfect True Guru extended His Mercy, and the fever has been dispelled. \|\|Pause\|\| |
| ਸਦਾ ਅਨੰਦ ਕਰਹ ਮੇਰੇ ਪਿਆਰੇ ਹਰਿ ਗੋਵਿਦੁ ਗੁਰਿ ਰਾਖਿਆ ॥ | So celebrate and be happy, my beloveds - the Guru has saved Hargobind. |
| ਵਡੀ ਵਡਿਆਈ ਨਾਨਕ ਕਰਤੇ ਕੀ ਸਾਚੁ ਸਬਦੁ ਸਤਿ ਭਾਖਿਆ ॥੨॥੧੮॥੪੬॥ | Great is the glorious greatness of the Creator, O Nanak; True is the Word of His Shabad, and True is the sermon of His Teachings. \|\|2\|\|18\|\|46\|\| |
| ਸੋਰਠਿ ਮਹਲਾ ੫ ॥ | Sorat'h, Fifth Mehl: |
| ਭਏ ਕ੍ਰਿਪਾਲ ਸੁਆਮੀ ਮੇਰੇ ਤਿਤੁ ਸਾਚੈ ਦਰਬਾਰਿ ॥ | My Lord and Master has become Merciful, in His True Court. |
| ਸਤਿਗੁਰਿ ਤਾਪੁ ਗਵਾਇਆ ਭਾਈ ਠਾਂਢਿ ਪਈ ਸੰਸਾਰਿ ॥ | The True Guru has taken away the fever, and the whole world is at peace, O Siblings of Destiny. |

| | |
|---|---|
| ਅਪਣੇ ਜੀਅ ਜੰਤ ਆਪੇ ਰਾਖੇ ਜਮਹਿ ਕੀਓ ਹਟਤਾਰਿ ॥੧॥ | The Lord Himself protects His beings and creatures, and the Messenger of Death is out of work. \|\|1\|\| |
| ਹਰਿ ਕੇ ਚਰਣ ਰਿਦੈ ਉਰਿ ਧਾਰਿ ॥ | Enshrine the Lord's feet within your heart. |
| ਸਦਾ ਸਦਾ ਪ੍ਰਭੁ ਸਿਮਰੀਐ ਭਾਈ ਦੁਖ ਕਿਲਬਿਖ ਕਾਟਣਹਾਰੁ ॥੧॥ ਰਹਾਉ ॥ | Forever and ever, meditate in remembrance on God, O Siblings of Destiny. He is the Eradicator of suffering and sins. \|\|1\|\|Pause\|\| |
| ਤਿਸ ਕੀ ਸਰਣੀ ਊਬਰੈ ਭਾਈ ਜਿਨਿ ਰਚਿਆ ਸਭੁ ਕੋਇ ॥ | He fashioned all beings, O Siblings of Destiny, and His Sanctuary saves them. |
| ਕਰਣ ਕਾਰਣ ਸਮਰਥੁ ਸੋ ਭਾਈ ਸਚੈ ਸਚੀ ਸੋਇ ॥ | He is the Almighty Creator, the Cause of causes, O Siblings of Destiny; He, the True Lord, is True. |
| ਨਾਨਕ ਪ੍ਰਭੂ ਧਿਆਈਐ ਭਾਈ ਮਨੁ ਤਨੁ ਸੀਤਲੁ ਹੋਇ ॥੨॥੧੯॥੪੭॥ | Nanak: meditate on God, O Siblings of Destiny, and your mind and body shall be cool and calm. \|\|2\|\|19\|\|47\|\| |
| ਸੋਰਠਿ ਮਹਲਾ ੫ ॥ | Sorat'h, Fifth Mehl: |
| ਸੰਤਹੁ ਹਰਿ ਹਰਿ ਨਾਮੁ ਧਿਆਈ ॥ | O Saints, meditate on the Name of the Lord, Har, Har. |
| ਸੁਖ ਸਾਗਰ ਪ੍ਰਭੁ ਵਿਸਰਉ ਨਾਹੀ ਮਨ ਚਿੰਦਿਅੜਾ ਫਲੁ ਪਾਈ ॥੧॥ ਰਹਾਉ ॥ | Never forget God, the ocean of peace; thus you shall obtain the fruits of your mind's desires. \|\|1\|\|Pause\|\| |
| ਸਤਿਗੁਰਿ ਪੂਰੈ ਤਾਪੁ ਗਵਾਇਆ ਅਪਣੀ ਕਿਰਪਾ ਧਾਰੀ ॥ | Extending His Mercy, the Perfect True Guru has dispelled the fever. |
| ਪਾਰਬ੍ਰਹਮ ਪ੍ਰਭ ਭਏ ਦਇਆਲਾ ਦੁਖੁ ਮਿਟਿਆ ਸਭ ਪਰਵਾਰੀ ॥੧॥ | The Supreme Lord God has become kind and compassionate, and my whole family is now free of pain and suffering. \|\|1\|\| |
| ਸਰਬ ਨਿਧਾਨ ਮੰਗਲ ਰਸ ਰੂਪਾ ਹਰਿ ਕਾ ਨਾਮੁ ਅਧਾਰੋ ॥ | The Treasure of absolute joy, sublime elixir and beauty, the Name of the Lord is my only Support. |
| ਨਾਨਕ ਪਤਿ ਰਾਖੀ ਪਰਮੇਸਰਿ ਉਧਰਿਆ ਸਭੁ ਸੰਸਾਰੋ ॥੨॥੨੦॥੪੮॥ | O Nanak, the Transcendent Lord has preserved my honor, and saved the whole world. \|\|2\|\|20\|\|48\|\| |
| ਸੋਰਠਿ ਮਹਲਾ ੫ ॥ | Sorat'h, Fifth Mehl: |
| ਮੇਰਾ ਸਤਿਗੁਰੁ ਰਖਵਾਲਾ ਹੋਆ ॥ | My True Guru is my Savior and Protector. |
| ਧਾਰਿ ਕ੍ਰਿਪਾ ਪ੍ਰਭ ਹਾਥ ਦੇ ਰਾਖਿਆ ਹਰਿ ਗੋਵਿਦੁ ਨਵਾ ਨਿਰੋਆ ॥੧॥ ਰਹਾਉ ॥ | Showering us with His Mercy and Grace, God extended His Hand, and saved Hargobind, who is now safe and secure. \|\|1\|\|Pause\|\| |

| | |
|---|---|
| ਤਾਪੁ ਗਇਆ ਪ੍ਰਭਿ ਆਪਿ ਮਿਟਾਇਆ ਜਨ ਕੀ ਲਾਜ ਰਖਾਈ ॥ | The fever is gone - God Himself eradicated it, and preserved the honor of His servant. |
| ਸਾਧਸੰਗਤਿ ਤੇ ਸਭ ਫਲ ਪਾਏ ਸਤਿਗੁਰ ਕੈ ਬਲਿ ਜਾਂਈ ॥੧॥ | I have obtained all blessings from the Saadh Sangat, the Company of the Holy; I am a sacrifice to the True Guru. \|\|1\|\| |
| ਹਲਤੁ ਪਲਤੁ ਪ੍ਰਭ ਦੋਵੈ ਸਵਾਰੇ ਹਮਰਾ ਗੁਣੁ ਅਵਗੁਣੁ ਨ ਬੀਚਾਰਿਆ ॥ | God has saved me, both here and hereafter. He has not taken my merits and demerits into account. |
| **੬੨੧** | **621** |
| ਅਟਲ ਬਚਨੁ ਨਾਨਕ ਗੁਰ ਤੇਰਾ ਸਫਲ ਕਰੁ ਮਸਤਕਿ ਧਾਰਿਆ ॥੨॥੨੧॥੪੯॥ | Your Word is eternal, O Guru Nanak; You placed Your Hand of blessing upon my forehead. \|\|2\|\|21\|\|49\|\| |
| ਸੋਰਠਿ ਮਹਲਾ ੫ ॥ | Sorat'h, Fifth Mehl: |
| ਜੀਅ ਜੰਤ੍ਰ ਸਭਿ ਤਿਸ ਕੇ ਕੀਏ ਸੋਈ ਸੰਤ ਸਹਾਈ ॥ | All beings and creatures were created by Him; He alone is the support and friend of the Saints. |
| ਅਪੁਨੇ ਸੇਵਕ ਕੀ ਆਪੇ ਰਾਖੈ ਪੂਰਨ ਭਈ ਬਡਾਈ ॥੧॥ | He Himself preserves the honor of His servants; their glorious greatness becomes perfect. \|\|1\|\| |
| ਪਾਰਬ੍ਰਹਮੁ ਪੂਰਾ ਮੇਰੈ ਨਾਲਿ ॥ | The Perfect Supreme Lord God is always with me. |
| ਗੁਰਿ ਪੂਰੈ ਪੂਰੀ ਸਭ ਰਾਖੀ ਹੋਏ ਸਰਬ ਦਇਆਲ ॥੧॥ ਰਹਾਉ ॥ | The Perfect Guru has perfectly and totally protected me, and now everyone is kind and compassionate to me. \|\|1\|\|Pause\|\| |
| ਅਨਦਿਨੁ ਨਾਨਕੁ ਨਾਮੁ ਧਿਆਏ ਜੀਅ ਪ੍ਰਾਨ ਕਾ ਦਾਤਾ ॥ | Night and day, Nanak meditates on the Naam, the Name of the Lord; He is the Giver of the soul, and the breath of life itself. |
| ਅਪੁਨੇ ਦਾਸ ਕਉ ਕੰਠਿ ਲਾਇ ਰਾਖੈ ਜਿਉ ਬਾਰਿਕ ਪਿਤ ਮਾਤਾ ॥੨॥੨੨॥੫੦॥ | He hugs His slave close in His loving embrace, like the mother and father hug their child. \|\|2\|\|22\|\|50\|\| |
| ਸੋਰਠਿ ਮਹਲਾ ੫ ਘਰੁ ੩ ਚਉਪਦੇ | Sorat'h, Fifth Mehl, Third House, Chau-Padas: |
| ੧ਓ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਮਿਲਿ ਪੰਚਹੁ ਨਹੀ ਸਹਸਾ ਚੁਕਾਇਆ ॥ | Meeting with the council, my doubts were not dispelled. |
| ਸਿਕਦਾਰਹੁ ਨਹ ਪਤੀਆਇਆ ॥ | The chiefs did not give me satisfaction. |

| | |
|---|---|
| ਉਮਰਾਵਹੁ ਆਗੈ ਝੇਰਾ ॥ | I presented my dispute to the noblemen as well. |
| ਮਿਲਿ ਰਾਜਨ ਰਾਮ ਨਿਬੇਰਾ ॥੧॥ | But it was only settled by meeting with the King, my Lord. \|\|1\|\| |
| ਅਬ ਢੂਢਨ ਕਤਹੁ ਨ ਜਾਈ ॥ | Now, I do not go searching anywhere else, |
| ਗੋਬਿਦ ਭੇਟੇ ਗੁਰ ਗੋਸਾਈ ॥ ਰਹਾਉ ॥ | because I have met the Guru, the Lord of the Universe. \|\|Pause\|\| |
| ਆਇਆ ਪ੍ਰਭ ਦਰਬਾਰਾ ॥ | When I came to God's Darbaar, His Holy Court, |
| ਤਾ ਸਗਲੀ ਮਿਟੀ ਪੂਕਾਰਾ ॥ | then all of my cries and complaints were settled. |
| ਲਬਧਿ ਆਪਣੀ ਪਾਈ ॥ | Now that I have attained what I had sought, |
| ਤਾ ਕਤ ਆਵੈ ਕਤ ਜਾਈ ॥੨॥ | where should I come and where should I go? \|\|2\|\| |
| ਤਹ ਸਾਚ ਨਿਆਇ ਨਿਬੇਰਾ ॥ | There, true justice is administered. |
| ਊਹਾ ਸਮ ਠਾਕੁਰੁ ਸਮ ਚੇਰਾ ॥ | There, the Lord Master and His disciple are one and the same. |
| ਅੰਤਰਜਾਮੀ ਜਾਨੈ ॥ | The Inner-knower, the Searcher of hearts, knows. |
| ਬਿਨੁ ਬੋਲਤ ਆਪਿ ਪਛਾਨੈ ॥੩॥ | Without our speaking, He understands. \|\|3\|\| |
| ਸਰਬ ਥਾਨ ਕੋ ਰਾਜਾ ॥ | He is the King of all places. |
| ਤਹ ਅਨਹਦ ਸਬਦ ਅਗਾਜਾ ॥ | There, the unstruck melody of the Shabad resounds. |
| ਤਿਸੁ ਪਹਿ ਕਿਆ ਚਤੁਰਾਈ ॥ | Of what use is cleverness when dealing with Him? |
| ਮਿਲੁ ਨਾਨਕ ਆਪੁ ਗਵਾਈ ॥੪॥੧॥੫੧॥ | Meeting with Him, O Nanak, one loses his self-conceit. \|\|4\|\|1\|\|51\|\| |
| ਸੋਰਠਿ ਮਹਲਾ ੫ ॥ | Sorat'h, Fifth Mehl: |
| ਹਿਰਦੈ ਨਾਮੁ ਵਸਾਇਹੁ ॥ | Enshrine the Naam, the Name of the Lord, within your heart; |
| ਘਰਿ ਬੈਠੇ ਗੁਰੂ ਧਿਆਇਹੁ ॥ | sitting within your own home, meditate on the Guru. |
| ਗੁਰਿ ਪੂਰੈ ਸਚੁ ਕਹਿਆ ॥ | The Perfect Guru has spoken the Truth; |
| ਸੋ ਸੁਖੁ ਸਾਚਾ ਲਹਿਆ ॥੧॥ | the True Peace is obtained only from the Lord. \|\|1\|\| |
| ਅਪੁਨਾ ਹੋਇਓ ਗੁਰੁ ਮਿਹਰਵਾਨਾ ॥ | My Guru has become merciful. |
| ਅਨਦ ਸੂਖ ਕਲਿਆਣ ਮੰਗਲ ਸਿਉ ਘਰਿ ਆਏ ਕਰਿ ਇਸਨਾਨਾ ॥ ਰਹਾਉ ॥ | In bliss, peace, pleasure and joy, I have returned to my own home, after my purifying bath. \|\|Pause\|\| |

| | |
|---|---|
| ਸਾਚੀ ਗੁਰ ਵਡਿਆਈ ॥ | True is the glorious greatness of the Guru; |
| ਤਾ ਕੀ ਕੀਮਤਿ ਕਹਣੁ ਨ ਜਾਈ ॥ | His worth cannot be described. |
| ਸਿਰਿ ਸਾਹਾ ਪਾਤਿਸਾਹਾ ॥ | He is the Supreme Overlord of kings. |
| ਗੁਰ ਭੇਟਤ ਮਨਿ ਓਮਾਹਾ ॥੨॥ | Meeting with the Guru, the mind is enraptured. \|\|2\|\| |
| ਸਗਲ ਪਰਾਛਤ ਲਾਥੇ ॥ | All sins are washed away, |
| ਮਿਲਿ ਸਾਧਸੰਗਤਿ ਕੈ ਸਾਥੇ ॥ | meeting with the Saadh Sangat, the Company of the Holy. |
| ਗੁਣ ਨਿਧਾਨ ਹਰਿ ਨਾਮਾ ॥ | The Lord's Name is the treasure of excellence; |
| ਜਪਿ ਪੂਰਨ ਹੋਏ ਕਾਮਾ ॥੩॥ | chanting it, one's affairs are perfectly resolved. \|\|3\|\| |
| ਗੁਰਿ ਕੀਨੋ ਮੁਕਤਿ ਦੁਆਰਾ ॥ | The Guru has opened the door of liberation, |
| ਸਭ ਸ੍ਰਿਸਟਿ ਕਰੈ ਜੈਕਾਰਾ ॥ | and the entire world applauds Him with cheers of victory. |
| ਨਾਨਕ ਪ੍ਰਭੁ ਮੇਰੈ ਸਾਥੇ ॥ | O Nanak, God is always with me; |
| ਜਨਮ ਮਰਣ ਭੈ ਲਾਥੇ ॥੪॥੨॥੫੨॥ | my fears of birth and death are gone. \|\|4\|\|2\|\|52\|\| |
| ਸੋਰਠਿ ਮਹਲਾ ੫ ॥ | Sorat'h, Fifth Mehl: |
| ਗੁਰਿ ਪੂਰੈ ਕਿਰਪਾ ਧਾਰੀ ॥ | The Perfect Guru has granted His Grace, |
| ਪ੍ਰਭਿ ਪੂਰੀ ਲੋਚ ਹਮਾਰੀ ॥ | and God has fulfilled my desire. |
| ਕਰਿ ਇਸਨਾਨੁ ਗ੍ਰਿਹਿ ਆਏ ॥ | After taking my bath of purification, I returned to my home, |
| ਅਨਦ ਮੰਗਲ ਸੁਖ ਪਾਏ ॥੧॥ | and I found bliss, happiness and peace. \|\|1\|\| |
| ਸੰਤਹੁ ਰਾਮ ਨਾਮਿ ਨਿਸਤਰੀਐ ॥ | O Saints, salvation comes from the Lord's Name. |
| ਊਠਤ ਬੈਠਤ ਹਰਿ ਹਰਿ ਧਿਆਈਐ ਅਨਦਿਨੁ ਸੁਕ੍ਰਿਤੁ ਕਰੀਐ ॥੧॥ ਰਹਾਉ ॥ | While standing up and sitting down, meditate on the Lord's Name. Night and day, do good deeds. \|\|1\|\|Pause\|\| |
| **੬੨੨** | **622** |
| ਸੰਤ ਕਾ ਮਾਰਗੁ ਧਰਮ ਕੀ ਪਉੜੀ ਕੋ ਵਡਭਾਗੀ ਪਾਏ ॥ | The way of the Saints is the ladder of righteous living, found only by great good fortune. |
| ਕੋਟਿ ਜਨਮ ਕੇ ਕਿਲਬਿਖ ਨਾਸੇ ਹਰਿ ਚਰਣੀ ਚਿਤੁ ਲਾਏ ॥੨॥ | The sins of millions of incarnations are washed away, by focusing your consciousness on the Lord's feet. \|\|2\|\| |

| | |
|---|---|
| ਉਸਤਤਿ ਕਰਹੁ ਸਦਾ ਪ੍ਰਭ ਅਪਨੇ ਜਿਨਿ ਪੂਰੀ ਕਲ ਰਾਖੀ ॥ | So sing the Praises of your God forever; His almighty power is perfect. |
| ਜੀਅ ਜੰਤ ਸਭਿ ਭਏ ਪਵਿਤ੍ਰਾ ਸਤਿਗੁਰ ਕੀ ਸਚੁ ਸਾਖੀ ॥੩॥ | All beings and creatures are purified, listening to the True Teachings of the True Guru. ‖3‖ |
| ਬਿਘਨ ਬਿਨਾਸਨ ਸਭਿ ਦੁਖ ਨਾਸਨ ਸਤਿਗੁਰਿ ਨਾਮੁ ਦ੍ਰਿੜਾਇਆ ॥ | The True Guru has implanted the Naam, the Name of the Lord, within me; it is the Eliminator of obstructions, the Destroyer of all pains. |
| ਖੋਏ ਪਾਪ ਭਏ ਸਭਿ ਪਾਵਨ ਜਨ ਨਾਨਕ ਸੁਖਿ ਘਰਿ ਆਇਆ ॥੪॥੩॥੫੩॥ | All of my sins were erased, and I have been purified; servant Nanak has returned to his home of peace. ‖4‖3‖53‖ |
| ਸੋਰਠਿ ਮਹਲਾ ੫ ॥ | Sorat'h, Fifth Mehl: |
| ਸਾਹਿਬੁ ਗੁਨੀ ਗਹੇਰਾ ॥ | O Lord Master, You are the ocean of excellence. |
| ਘਰੁ ਲਸਕਰੁ ਸਭੁ ਤੇਰਾ ॥ | My home and all my possessions are Yours. |
| ਰਖਵਾਲੇ ਗੁਰ ਗੋਪਾਲਾ ॥ | The Guru, the Lord of the world, is my Savior. |
| ਸਭਿ ਜੀਅ ਭਏ ਦਇਆਲਾ ॥੧॥ | All beings have become kind and compassionate to me. ‖1‖ |
| ਜਪਿ ਅਨਦਿ ਰਹਉ ਗੁਰ ਚਰਣਾ ॥ | Meditating on the Guru's feet, I am in bliss. |
| ਭਉ ਕਤਹਿ ਨਹੀ ਪ੍ਰਭ ਸਰਣਾ ॥ ਰਹਾਉ ॥ | There is no fear at all, in God's Sanctuary. ‖Pause‖ |
| ਤੇਰਿਆ ਦਾਸਾ ਰਿਦੈ ਮੁਰਾਰੀ ॥ | You dwell in the hearts of Your slaves, Lord. |
| ਪ੍ਰਭਿ ਅਬਿਚਲ ਨੀਵ ਉਸਾਰੀ ॥ | God has laid the eternal foundation. |
| ਬਲੁ ਧਨੁ ਤਕੀਆ ਤੇਰਾ ॥ | You are my strength, wealth and support. |
| ਤੂ ਭਾਰੋ ਠਾਕੁਰੁ ਮੇਰਾ ॥੨॥ | You are my Almighty Lord and Master. ‖2‖ |
| ਜਿਨਿ ਜਿਨਿ ਸਾਧਸੰਗੁ ਪਾਇਆ ॥ | Whoever finds the Saadh Sangat, the Company of the Holy, |
| ਸੋ ਪ੍ਰਭਿ ਆਪਿ ਤਰਾਇਆ ॥ | is saved by God Himself. |
| ਕਰਿ ਕਿਰਪਾ ਨਾਮ ਰਸੁ ਦੀਆ ॥ | By His Grace, He has blessed me with the sublime essence of the Naam. |
| ਕੁਸਲ ਖੇਮ ਸਭ ਥੀਆ ॥੩॥ | All joy and pleasure then came to me. ‖3‖ |
| ਹੋਏ ਪ੍ਰਭੂ ਸਹਾਈ ॥ | God became my helper and my best friend; |

| | |
|---|---|
| ਸਭ ਉਠਿ ਲਾਗੀ ਪਾਈ ॥ | everyone rises up and bows down at my feet. |
| ਸਾਸਿ ਸਾਸਿ ਪ੍ਰਭੁ ਧਿਆਈਐ ॥ | With each and every breath, meditate on God; |
| ਹਰਿ ਮੰਗਲੁ ਨਾਨਕ ਗਾਈਐ ॥੪॥੪॥੫੪॥ | O Nanak, sing the songs of joy to the Lord. \|\|4\|\|4\|\|54\|\| |
| ਸੋਰਠਿ ਮਹਲਾ ੫ ॥ | Sorat'h, Fifth Mehl: |
| ਸੂਖ ਸਹਜ ਆਨੰਦਾ ॥ | Celestial peace and bliss have come, |
| ਪ੍ਰਭੁ ਮਿਲਿਓ ਮਨਿ ਭਾਵੰਦਾ ॥ | meeting God, who is so pleasing to my mind. |
| ਪੂਰੈ ਗੁਰਿ ਕਿਰਪਾ ਧਾਰੀ ॥ | The Perfect Guru showered me with His Mercy, |
| ਤਾ ਗਤਿ ਭਈ ਹਮਾਰੀ ॥੧॥ | and I attained salvation. \|\|1\|\| |
| ਹਰਿ ਕੀ ਪ੍ਰੇਮ ਭਗਤਿ ਮਨੁ ਲੀਨਾ ॥ | My mind is absorbed in loving devotional worship of the Lord, |
| ਭਗਤ ਜਨਾ ਕੈ ਸੰਗਿ ਪਾਪ ਗਵਾਵਣਾ ॥ | In the congregation of the devotees, sins are eradicated. |
| ਜਨ ਨਾਨਕ ਸਦ ਬਲਿਹਾਰੈ ਬਲਿ ਬਲਿ ਜਾਵਣਾ ॥੨੫॥ | Servant Nanak is forever a sacrifice, a sacrifice, a sacrifice, O Lord. ‖25‖ |
| ਸਲੋਕੁ ਮਃ ੪ ॥ | Shalok, Fourth Mehl: |
| ਅੰਤਰਿ ਅਗਿਆਨੁ ਭਈ ਮਤਿ ਮਧਿਮ ਸਤਿਗੁਰ ਕੀ ਪਰਤੀਤਿ ਨਾਹੀ ॥ | He has spiritual ignorance within, and his intellect is dull and dim; he does not place his faith in the True Guru. |
| ਅੰਦਰਿ ਕਪਟੁ ਸਭੁ ਕਪਟੋ ਕਰਿ ਜਾਣੈ ਕਪਟੇ ਖਪਹਿ ਖਪਾਹੀ ॥ | He has deceit within himself, and so he sees deception in all others; through his deceptions, he is totally ruined. |

| | |
|---|---|
| ਸਤਿਗੁਰ ਕਾ ਭਾਣਾ ਚਿਤਿ ਨ ਆਵੈ ਆਪਣੈ ਸੁਆਇ ਫਿਰਾਹੀ ॥ | The True Guru's Will does not enter into his consciousness, and so he wanders around, pursuing his own interests. |
| ਕਿਰਪਾ ਕਰੇ ਜੇ ਆਪਣੀ ਤਾ ਨਾਨਕ ਸਬਦਿ ਸਮਾਹੀ ॥੧॥ | If He grants His Grace, then Nanak is absorbed into the Word of the Shabad. \|\|1\|\| |
| ਮਃ ੪ ॥ | Fourth Mehl: |
| ਮਨਮੁਖ ਮਾਇਆ ਮੋਹਿ ਵਿਆਪੇ ਦੂਜੈ ਭਾਇ ਮਨੂਆ ਥਿਰੁ ਨਾਹਿ ॥ | The self-willed manmukhs are engrossed in emotional attachment to Maya; in the love of duality, their minds are unsteady. |
| ਅਨਦਿਨੁ ਜਲਤ ਰਹਹਿ ਦਿਨੁ ਰਾਤੀ ਹਉਮੈ ਖਪਹਿ ਖਪਾਹਿ ॥ | Night and day, they are burning; day and night, they are totally ruined by their egotism. |
| ਅੰਤਰਿ ਲੋਭੁ ਮਹਾ ਗੁਬਾਰਾ ਤਿਨ ਕੈ ਨਿਕਟਿ ਨ ਕੋਈ ਜਾਹਿ ॥ | Within them, is the total pitch darkness of greed, and no one even approaches them. |
| ਓਇ ਆਪਿ ਦੁਖੀ ਸੁਖੁ ਕਬਹੂ ਨ ਪਾਵਹਿ ਜਨਮਿ ਮਰਹਿ ਮਰਿ ਜਾਹਿ ॥ | They themselves are miserable, and they never find peace; they are born, only to die, and die again. |
| ਨਾਨਕ ਬਖਸਿ ਲਏ ਪ੍ਰਭੁ ਸਾਚਾ ਜਿ ਗੁਰ ਚਰਨੀ ਚਿਤੁ ਲਾਹਿ ॥੨॥ | O Nanak, the True Lord God forgives those, who focus their consciousness on the Guru's feet. \|\|2\|\| |
| ਪਉੜੀ ॥ | Pauree: |
| ਸੰਤ ਭਗਤ ਪਰਵਾਣੁ ਜੋ ਪ੍ਰਭਿ ਭਾਇਆ ॥ | That Saint, that devotee, is acceptable, who is loved by God. |
| ਸੇਈ ਬਿਚਖਣ ਜੰਤ ਜਿਨੀ ਹਰਿ ਧਿਆਇਆ ॥ | Those beings are wise, who meditate on the Lord. |
| ਅੰਮ੍ਰਿਤੁ ਨਾਮੁ ਨਿਧਾਨੁ ਭੋਜਨੁ ਖਾਇਆ ॥ | They eat the food, the treasure of the Ambrosial Naam, the Name of the Lord. |
| ਸੰਤ ਜਨਾ ਕੀ ਧੂਰਿ ਮਸਤਕਿ ਲਾਇਆ ॥ | They apply the dust of the feet of the Saints to their foreheads. |
| **੬੫੩** | **653** |
| ਨਾਨਕ ਭਏ ਪੁਨੀਤ ਹਰਿ ਤੀਰਥਿ ਨਾਇਆ ॥੨੬॥ | O Nanak, they are purified, bathing in the sacred shrine of the Lord. \|\|26\|\| |

| | |
|---|---|
| ਸਲੋਕੁ ਮਃ ੪ ॥ | Shalok, Fourth Mehl: |
| ਗੁਰਮੁਖਿ ਅੰਤਰਿ ਸਾਂਤਿ ਹੈ ਮਨਿ ਤਨਿ ਨਾਮਿ ਸਮਾਇ ॥ | Within the Gurmukh is peace and tranquility; his mind and body are absorbed in the Naam, the Name of the Lord. |
| ਨਾਮੋ ਚਿਤਵੈ ਨਾਮੁ ਪੜੈ ਨਾਮਿ ਰਹੈ ਲਿਵ ਲਾਇ ॥ | He contemplates the Naam, he studies the Naam, and he remains lovingly absorbed in the Naam. |
| ਨਾਮੁ ਪਦਾਰਥੁ ਪਾਇਆ ਚਿੰਤਾ ਗਈ ਬਿਲਾਇ ॥ | He obtains the treasure of the Naam, and his anxiety is dispelled. |
| ਸਤਿਗੁਰਿ ਮਿਲਿਐ ਨਾਮੁ ਊਪਜੈ ਤਿਸਨਾ ਭੁਖ ਸਭ ਜਾਇ ॥ | Meeting with the Guru, the Naam wells up, and his thirst and hunger are completely relieved. |
| ਨਾਨਕ ਨਾਮੇ ਰਤਿਆ ਨਾਮੋ ਪਲੈ ਪਾਇ ॥੧॥ | O Nanak, imbued with the Naam, he gathers in the Naam. ‖1‖ |
| ਮਃ ੪ ॥ | Fourth Mehl: |
| ਸਤਿਗੁਰ ਪੁਰਖਿ ਜਿ ਮਾਰਿਆ ਭ੍ਰਮਿ ਭ੍ਰਮਿਆ ਘਰੁ ਛੋਡਿ ਗਇਆ ॥ | One who is cursed by the True Guru, abandons his home, and wanders around aimlessly. |
| ਓਸੁ ਪਿਛੈ ਵਜੈ ਫਕੜੀ ਮੁਹੁ ਕਾਲਾ ਆਗੈ ਭਇਆ ॥ | He is jeered at, and his face is blackened in the world hereafter. |
| ਓਸੁ ਅਰਲੁ ਬਰਲੁ ਮੁਹਹੁ ਨਿਕਲੈ ਨਿਤ ਝਗੂ ਸੁਟਦਾ ਮੁਆ ॥ | He babbles incoherently, and foaming at the mouth, he dies. |
| ਕਿਆ ਹੋਵੈ ਕਿਸੈ ਹੀ ਦੈ ਕੀਤੈ ਜਾਂ ਧੁਰਿ ਕਿਰਤੁ ਓਸ ਦਾ ਏਹੋ ਜੇਹਾ ਪਇਆ ॥ | What can anyone do? Such is his destiny, according to his past deeds. |
| ਜਿਥੈ ਓਹੁ ਜਾਇ ਤਿਥੈ ਓਹੁ ਝੂਠਾ ਕੂੜੁ ਬੋਲੇ ਕਿਸੈ ਨ ਭਾਵੈ ॥ | Wherever he goes, he is a liar, and by telling lies, he not liked by anyone. |
| ਵੇਖਹੁ ਭਾਈ ਵਡਿਆਈ ਹਰਿ ਸੰਤਹੁ ਸੁਆਮੀ ਅਪੁਨੇ ਕੀ ਜੈਸਾ ਕੋਈ ਕਰੈ ਤੈਸਾ ਕੋਈ ਪਾਵੈ ॥ | O Siblings of Destiny, behold this, the glorious greatness of our Lord and Master, O Saints; as one behaves, so does he receive. |
| ਏਹੁ ਬ੍ਰਹਮ ਬੀਚਾਰੁ ਹੋਵੈ ਦਰਿ ਸਾਚੈ ਅਗੋ ਦੇ ਜਨੁ ਨਾਨਕੁ ਆਖਿ ਸੁਣਾਵੈ ॥੨॥ | This shall be God's determination in His True Court; servant Nanak predicts and proclaims this. ‖2‖ |
| ਪਉੜੀ ॥ | Pauree: |
| ਗੁਰਿ ਸਚੈ ਬਧਾ ਥੇਹੁ ਰਖਵਾਲੇ ਗੁਰਿ ਦਿਤੇ ॥ | The True Guru has established the village; the Guru has appointed its guards and protectors. |

ਪੂਰਨ ਹੋਈ ਆਸ ਗੁਰ ਚਰਣੀ ਮਨ ਰਤੇ ॥

My hopes are fulfilled, and my mind is imbued with the love of the Guru's Feet.

ਗੁਰਿ ਕ੍ਰਿਪਾਲਿ ਬੇਅੰਤਿ ਅਵਗੁਣ ਸਭਿ ਹਤੇ ॥

The Guru is infinitely merciful; He has erased all my sins.

ਗੁਰਿ ਅਪਣੀ ਕਿਰਪਾ ਧਾਰਿ ਅਪਣੇ ਕਰਿ ਲਿਤੇ ॥

The Guru has showered me with His Mercy, and He has made me His own.

ਨਾਨਕ ਸਦ ਬਲਿਹਾਰ ਜਿਸੁ ਗੁਰ ਕੇ ਗੁਣ ਇਤੇ ॥੨੭॥

Nanak is forever a sacrifice to the Guru, who has countless virtues. ||27||

ਸਲੋਕ ਮਃ ੧ ॥

Shalok, First Mehl:

ਤਾ ਕੀ ਰਜਾਇ ਲੇਖਿਆ ਪਾਇ ਅਬ ਕਿਆ ਕੀਜੈ ਪਾਂਡੇ ॥

By His Command, we receive our pre-ordained rewards; so what can we do now, O Pandit?

ਹੁਕਮੁ ਹੋਆ ਹਾਸਲੁ ਤਦੇ ਹੋਇ ਨਿਬੜਿਆ ਹੰਢਹਿ ਜੀਅ ਕਮਾਂਦੇ ॥੧॥

When His Command is received, then it is decided; all beings move and act accordingly. ||1||

ਮਃ ੨ ॥

Second Mehl:

ਨਕਿ ਨਥ ਖਸਮ ਹਥ ਕਿਰਤੁ ਧਕੇ ਦੇ ॥

The string through the nose is in the hands of the Lord Master; one's own actions drive him on.

ਜਹਾ ਦਾਣੇ ਤਹਾਂ ਖਾਣੇ ਨਾਨਕਾ ਸਚੁ ਹੇ ॥੨॥

Wherever his food is, there he eats it; O Nanak, this is the Truth. ||2||

ਪਉੜੀ ॥

Pauree:

ਸਭੇ ਗਲਾ ਆਪਿ ਥਾਟਿ ਬਹਾਲੀਓਨੁ ॥

The Lord Himself puts everything in its proper place.

ਆਪੇ ਰਚਨੁ ਰਚਾਇ ਆਪੇ ਹੀ ਘਾਲਿਓਨੁ ॥

He Himself created the creation, and He Himself destroys it.

ਆਪੇ ਜੰਤ ਉਪਾਇ ਆਪਿ ਪ੍ਰਤਿਪਾਲਿਓਨੁ ॥

He Himself fashions His creatures, and He Himself nourishes them.

ਦਾਸ ਰਖੇ ਕੰਠਿ ਲਾਇ ਨਦਰਿ ਨਿਹਾਲਿਓਨੁ ॥

He hugs His slaves close in His embrace, and blesses them with His Glance of Grace.

ਨਾਨਕ ਭਗਤਾ ਸਦਾ ਅਨੰਦੁ ਭਾਉ ਦੂਜਾ ਜਾਲਿਓਨੁ ॥੨੮॥

O Nanak, His devotees are forever in bliss; they have burnt away the love of duality. ||28||

| | |
|---|---|
| ਸਲੋਕੁ ਮਃ ੩ ॥ | Shalok, Third Mehl: |
| ਏ ਮਨ ਹਰਿ ਜੀ ਧਿਆਇ ਤੂ ਇਕ ਮਨਿ ਇਕ ਚਿਤਿ ਭਾਇ ॥ | O mind, meditate on the Dear Lord, with single-minded conscious concentration. |
| ਹਰਿ ਕੀਆ ਸਦਾ ਸਦਾ ਵਡਿਆਈਆ ਦੇਇ ਨ ਪਛੋਤਾਇ ॥ | The glorious greatness of the Lord shall last forever and ever; He never regrets what He gives. |
| ਹਉ ਹਰਿ ਕੈ ਸਦ ਬਲਿਹਾਰਣੈ ਜਿਤੁ ਸੇਵਿਐ ਸੁਖੁ ਪਾਇ ॥ | I am forever a sacrifice to the Lord; serving Him, peace is obtained. |
| ਨਾਨਕ ਗੁਰਮੁਖਿ ਮਿਲਿ ਰਹੈ ਹਉਮੈ ਸਬਦਿ ਜਲਾਇ ॥੧॥ | O Nanak, the Gurmukh remains merged with the Lord; he burns away his ego through the Word of the Shabad. \|\|1\|\| |
| ਮਃ ੩ ॥ | Third Mehl: |
| ਆਪੇ ਸੇਵਾ ਲਾਇਅਨੁ ਆਪੇ ਬਖਸ ਕਰੇਇ ॥ | He Himself enjoins us to serve Him, and He Himself blesses us with forgiveness. |
| ਸਭਨਾ ਕਾ ਮਾ ਪਿਉ ਆਪਿ ਹੈ ਆਪੇ ਸਾਰ ਕਰੇਇ ॥ | He Himself is the father and mother of all; He Himself cares for us. |
| ਨਾਨਕ ਨਾਮੁ ਧਿਆਇਨਿ ਤਿਨ ਨਿਜ ਘਰਿ ਵਾਸੁ ਹੈ ਜੁਗੁ ਜੁਗੁ ਸੋਭਾ ਹੋਇ ॥੨॥ | O Nanak, those who meditate on the Naam, the Name of the Lord, abide in the home of their inner being; they are honored throughout the ages. \|\|2\|\| |
| ਪਉੜੀ ॥ | Pauree: |
| ਤੂ ਕਰਣ ਕਾਰਣ ਸਮਰਥੁ ਹਹਿ ਕਰਤੇ ਮੈ ਤੁਝ ਬਿਨੁ ਅਵਰੁ ਨ ਕੋਈ ॥ | You are the Creator, all-powerful, able to do anything. Without You, there is no other at all. |
| **੬੫੪** | **654** |
| ਤੁਧੁ ਆਪੇ ਸਿਸਟਿ ਸਿਰਜੀਆ ਆਪੇ ਫੁਨਿ ਗੋਈ ॥ | You Yourself created the world, and You Yourself shall destroy it in the end. |
| ਸਭੁ ਇਕੋ ਸਬਦੁ ਵਰਤਦਾ ਜੋ ਕਰੇ ਸੁ ਹੋਈ ॥ | The Word of Your Shabad alone is pervading everywhere; whatever You do, comes to pass. |
| ਵਡਿਆਈ ਗੁਰਮੁਖਿ ਦੇਇ ਪ੍ਰਭੁ ਹਰਿ ਪਾਵੈ ਸੋਈ ॥ | God blesses the Gurmukh with glorious greatness, and then, he finds the Lord. |
| ਗੁਰਮੁਖਿ ਨਾਨਕ ਆਰਾਧਿਆ ਸਭਿ ਆਖਹੁ ਧੰਨੁ ਧੰਨੁ ਧੰਨੁ ਗੁਰੁ ਸੋਈ ॥੨੯॥੧॥ ਸੁਧੁ | As Gurmukh, Nanak worships and adores the Lord; let everyone proclaim, "Blessed, blessed, blessed is He, the Guru!"\|\|29\|\|1\|\|Sudh\|\| |

ਰਾਗੁ ਸੋਰਠਿ ਬਾਣੀ
ਭਗਤ ਕਬੀਰ ਜੀ ਕੀ ਘਰੁ ੧

Raag Sorat'h, The Word Of
Devotee Kabeer Jee, First House:

ੴ ਸਤਿਗੁਰ ਪ੍ਰਸਾਦਿ ॥

One Universal Creator God.
By The Grace Of The True Guru:

ਬੁਤ ਪੂਜਿ ਪੂਜਿ ਹਿੰਦੂ ਮੂਏ ਤੁਰਕ ਮੂਏ ਸਿਰੁ ਨਾਈ ॥

Worshipping their idols, the Hindus die; the Muslims die bowing their heads.

ਓਇ ਲੇ ਜਾਰੇ ਓਇ ਲੇ ਗਾਡੇ ਤੇਰੀ ਗਤਿ ਦੁਹੂ ਨ ਪਾਈ ॥੧॥

The Hindus cremate their dead, while the Muslims bury theirs; neither finds Your true state, Lord. ||1||

ਮਨ ਰੇ ਸੰਸਾਰੁ ਅੰਧ ਗਹੇਰਾ ॥

O mind, the world is a deep, dark pit.

ਚਹੁ ਦਿਸ ਪਸਰਿਓ ਹੈ ਜਮ ਜੇਵਰਾ ॥੧॥ ਰਹਾਉ ॥

On all four sides, Death has spread his net. ||1||Pause||

ਕਬਿਤ ਪੜੇ ਪੜਿ ਕਬਿਤਾ ਮੂਏ ਕਪੜ ਕੇਦਾਰੈ ਜਾਈ ॥

Reciting their poems, the poets die; the mystical ascetics die while journeying to Kaydaar Naat'h.

ਜਟਾ ਧਾਰਿ ਧਾਰਿ ਜੋਗੀ ਮੂਏ ਤੇਰੀ ਗਤਿ ਇਨਹਿ ਨ ਪਾਈ ॥੨॥

The Yogis die, with their matted hair, but even they do not find Your state, Lord. ||2||

ਦਰਬੁ ਸੰਚਿ ਸੰਚਿ ਰਾਜੇ ਮੂਏ ਗਡਿ ਲੇ ਕੰਚਨ ਭਾਰੀ ॥

The kings die, gathering and hoarding their money, burying great quantities of gold.

ਬੇਦ ਪੜੇ ਪੜਿ ਪੰਡਿਤ ਮੂਏ ਰੂਪੁ ਦੇਖਿ ਦੇਖਿ ਨਾਰੀ ॥੩॥

The Pandits die, reading and reciting the Vedas; women die, gazing at their own beauty. ||3||

ਰਾਮ ਨਾਮ ਬਿਨੁ ਸਭੈ ਬਿਗੂਤੇ ਦੇਖਹੁ ਨਿਰਖਿ ਸਰੀਰਾ ॥

Without the Lord's Name, all come to ruin; behold, and know this, O body.

ਹਰਿ ਕੇ ਨਾਮ ਬਿਨੁ ਕਿਨਿ ਗਤਿ ਪਾਈ ਕਹਿ ਉਪਦੇਸੁ ਕਬੀਰਾ ॥੪॥੧॥

Without the Name of the Lord, who can find salvation? Kabeer speaks the Teachings. ||4||1||

ਜਬ ਜਰੀਐ ਤਬ ਹੋਇ ਭਸਮ ਤਨੁ ਰਹੈ ਕਿਰਮ ਦਲ ਖਾਈ ॥

When the body is burnt, it turns to ashes; if it is not cremated, then it is eaten by armies of worms.

ਕਾਚੀ ਗਾਗਰਿ ਨੀਰੁ ਪਰਤੁ ਹੈ ਇਆ ਤਨ ਕੀ ਇਹੈ ਬਡਾਈ ॥੧॥

The unbaked clay pitcher dissolves, when water is poured into it; this is also the nature of the body. ||1||

ਕਾਹੇ ਭਈਆ ਫਿਰਤੌ ਫੂਲਿਆ ਫੂਲਿਆ ॥

Why, O Siblings of Destiny, do you strut around, all puffed up with pride?

ਜਬ ਦਸ ਮਾਸ ਉਰਧ ਮੁਖ ਰਹਤਾ ਸੋ ਦਿਨੁ ਕੈਸੇ ਭੂਲਿਆ ॥੧॥ ਰਹਾਉ ॥

Have you forgotten those days, when you were hanging, face down, for ten months? ||1||Pause||

| | |
|---|---|
| ਜਿਉ ਮਧੁ ਮਾਖੀ ਤਿਉ ਸਠੋਰਿ ਰਸੁ ਜੋਰਿ ਜੋਰਿ ਧਨੁ ਕੀਆ ॥ | Like the bee which collects honey, the fool eagerly gathers and collects wealth. |
| ਮਰਤੀ ਬਾਰ ਲੇਹੁ ਲੇਹੁ ਕਰੀਐ ਭੂਤੁ ਰਹਨ ਕਿਉ ਦੀਆ ॥੨॥ | At the time of death, they shout, "Take him away, take him away! Why leave a ghost lying around?"\|\|2\|\| |
| ਦੇਹੁਰੀ ਲਉ ਬਰੀ ਨਾਰਿ ਸੰਗਿ ਭਈ ਆਗੈ ਸਜਨ ਸੁਹੇਲਾ ॥ | His wife accompanies him to the threshold, and his friends and companions beyond. |
| ਮਰਘਟ ਲਉ ਸਭੁ ਲੋਗੁ ਕੁਟੰਬੁ ਭਇਓ ਆਗੈ ਹੰਸੁ ਅਕੇਲਾ ॥੩॥ | All the people and relatives go as far as the cremation grounds, and then, the soul-swan goes on alone. \|\|3\|\| |
| ਕਹਤੁ ਕਬੀਰ ਸੁਨਹੁ ਰੇ ਪ੍ਰਾਨੀ ਪਰੇ ਕਾਲ ਗ੍ਰਸ ਕੂਆ ॥ | Says Kabeer, listen, O mortal being: you have been seized by Death, and you have fallen into the deep, dark pit. |
| ਝੂਠੀ ਮਾਇਆ ਆਪੁ ਬੰਧਾਇਆ ਜਿਉ ਨਲਨੀ ਭ੍ਰਮਿ ਸੂਆ ॥੪॥੨॥ | You have entangled yourself in the false wealth of Maya, like the parrot caught in the trap. \|\|4\|\|2\|\| |
| ਬੇਦ ਪੁਰਾਨ ਸਭੈ ਮਤ ਸੁਨਿ ਕੈ ਕਰੀ ਕਰਮ ਕੀ ਆਸਾ ॥ | Listening to all the teachings of the Vedas and the Puraanas, I wanted to perform the religious rituals. |
| ਕਾਲ ਗ੍ਰਸਤ ਸਭ ਲੋਗ ਸਿਆਨੇ ਉਠਿ ਪੰਡਿਤ ਪੈ ਚਲੇ ਨਿਰਾਸਾ ॥੧॥ | But seeing all the wise men caught by Death, I arose and left the Pandits; now I am free of this desire. \|\|1\|\| |
| ਮਨ ਰੇ ਸਰਿਓ ਨ ਏਕੈ ਕਾਜਾ ॥ | O mind, you have not completed the only task you were given; |
| ਭਜਿਓ ਨ ਰਘੁਪਤਿ ਰਾਜਾ ॥੧॥ ਰਹਾਉ ॥ | you have not meditated on the Lord, your King. \|\|1\|\|Pause\|\| |
| ਬਨ ਖੰਡ ਜਾਇ ਜੋਗੁ ਤਪੁ ਕੀਨੋ ਕੰਦ ਮੂਲੁ ਚੁਨਿ ਖਾਇਆ ॥ | Going to the forests, they practice Yoga and deep, austere meditation; they live on roots and the fruits they gather. |
| ਨਾਦੀ ਬੇਦੀ ਸਬਦੀ ਮੋਨੀ ਜਮ ਕੇ ਪਟੈ ਲਿਖਾਇਆ ॥੨॥ | The musicians, the Vedic scholars, the chanters of one word and the men of silence, all are listed on the Register of Death. \|\|2\|\| |
| ਭਗਤਿ ਨਾਰਦੀ ਰਿਦੈ ਨ ਆਈ ਕਾਛਿ ਕੂਛਿ ਤਨੁ ਦੀਨਾ ॥ | Loving devotional worship does not enter into your heart; pampering and adorning your body, you must still give it up. |
| ਰਾਗ ਰਾਗਨੀ ਡਿੰਭ ਹੋਇ ਬੈਠਾ ਉਨਿ ਹਰਿ ਪਹਿ ਕਿਆ ਲੀਨਾ ॥੩॥ | You sit and play music, but you are still a hypocrite; what do you expect to receive from the Lord? \|\|3\|\| |
| ਪਰਿਓ ਕਾਲੁ ਸਭੈ ਜਗ ਊਪਰ ਮਾਹਿ ਲਿਖੇ ਭ੍ਰਮ ਗਿਆਨੀ ॥ | Death has fallen on the whole world; the doubting religious scholars are also listed on the Register of Death. |

| ੬੫੫ | 655 |
|---|---|
| ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ ॥੪॥੩॥ | Says Kabeer, those humble people become pure - they become Khalsa - who know the Lord's loving devotional worship. \|\|4\|\|3\|\| |
| ਘਰੁ ੨ ॥ | Second House\|\| |
| ਦੁਇ ਦੁਇ ਲੋਚਨ ਪੇਖਾ ॥ | With both of my eyes, I look around; |
| ਹਉ ਹਰਿ ਬਿਨੁ ਅਉਰੁ ਨ ਦੇਖਾ ॥ | I don't see anything except the Lord. |
| ਨੈਨ ਰਹੇ ਰੰਗੁ ਲਾਈ ॥ | My eyes gaze lovingly upon Him, |
| ਅਬ ਬੇ ਗਲ ਕਹਨੁ ਨ ਜਾਈ ॥੧॥ | and now, I cannot speak of anything else. \|\|1\|\| |
| ਹਮਰਾ ਭਰਮੁ ਗਇਆ ਭਉ ਭਾਗਾ ॥ | My doubts were removed, and my fear ran away, |
| ਜਬ ਰਾਮ ਨਾਮ ਚਿਤੁ ਲਾਗਾ ॥੧॥ ਰਹਾਉ ॥ | when my consciousness became attached to the Lord's Name. \|\|1\|\|Pause\|\| |
| ਬਾਜੀਗਰ ਡੰਕ ਬਜਾਈ ॥ | When the magician beats his tambourine, |
| ਸਭ ਖਲਕ ਤਮਾਸੇ ਆਈ ॥ | everyone comes to see the show. |
| ਬਾਜੀਗਰ ਸ੍ਵਾਂਗੁ ਸਕੇਲਾ ॥ | When the magician winds up his show, |
| ਅਪਨੇ ਰੰਗ ਰਵੈ ਅਕੇਲਾ ॥੨॥ | then he enjoys its play all alone. \|\|2\|\| |
| ਕਥਨੀ ਕਹਿ ਭਰਮੁ ਨ ਜਾਈ ॥ | By preaching sermons, one's doubt is not dispelled. |
| ਸਭ ਕਥਿ ਕਥਿ ਰਹੀ ਲੁਕਾਈ ॥ | Everyone is tired of preaching and teaching. |
| ਜਾ ਕਉ ਗੁਰਮੁਖਿ ਆਪਿ ਬੁਝਾਈ ॥ | The Lord causes the Gurmukh to understand; |
| ਤਾ ਕੇ ਹਿਰਦੈ ਰਹਿਆ ਸਮਾਈ ॥੩॥ | his heart remains permeated with the Lord. \|\|3\|\| |
| ਗੁਰ ਕਿੰਚਤ ਕਿਰਪਾ ਕੀਨੀ ॥ | When the Guru grants even a bit of His Grace, |
| ਸਭੁ ਤਨੁ ਮਨੁ ਦੇਹ ਹਰਿ ਲੀਨੀ ॥ | one's body, mind and entire being are absorbed into the Lord. |
| ਕਹਿ ਕਬੀਰ ਰੰਗਿ ਰਾਤਾ ॥ | Says Kabeer, I am imbued with the Lord's Love; |
| ਮਿਲਿਓ ਜਗਜੀਵਨ ਦਾਤਾ ॥੪॥੪॥ | I have met with the Life of the world, the Great Giver. \|\|4\|\|4\|\| |
| ਜਾ ਕੇ ਨਿਗਮ ਦੂਧ ਕੇ ਠਾਟਾ ॥ | Let the sacred scriptures be your milk and cream, |
| ਸਮੁੰਦੁ ਬਿਲੋਵਨ ਕਉ ਮਾਟਾ ॥ | and the ocean of the mind the churning vat. |
| ਤਾ ਕੀ ਹੋਹੁ ਬਿਲੋਵਨਹਾਰੀ ॥ | Be the butter-churner of the Lord, |
| ਕਿਉ ਮੇਟੈ ਗੋ ਛਾਛਿ ਤੁਹਾਰੀ ॥੧॥ | and your buttermilk shall not be wasted. \|\|1\|\| |

| | |
|---|---|
| ਚੇਰੀ ਤੂ ਰਾਮੁ ਨ ਕਰਸਿ ਭਤਾਰਾ ॥ | O soul-bride slave, why don't you take the Lord as your Husband? |
| ਜਗਜੀਵਨ ਪ੍ਰਾਨ ਅਧਾਰਾ ॥੧॥ ਰਹਾਉ ॥ | He is the Life of the world, the Support of the breath of life. \|\|1\|\|Pause\|\| |
| ਤੇਰੇ ਗਲਹਿ ਤਉਕੁ ਪਗ ਬੇਰੀ ॥ | The chain is around your neck, and the cuffs are on your feet. |
| ਤੂ ਘਰ ਘਰ ਰਮਈਐ ਫੇਰੀ ॥ | The Lord has sent you wandering around from house to house. |
| ਤੂ ਅਜਹੁ ਨ ਚੇਤਸਿ ਚੇਰੀ ॥ | And still, you do not meditate on the Lord, O soul-bride, slave. |
| ਤੂ ਜਮਿ ਬਪੁਰੀ ਹੈ ਹੇਰੀ ॥੨॥ | Death is watching you, O wretched woman. \|\|2\|\| |
| ਪ੍ਰਭ ਕਰਨ ਕਰਾਵਨਹਾਰੀ ॥ | The Lord God is the Cause of causes. |
| ਕਿਆ ਚੇਰੀ ਹਾਥ ਬਿਚਾਰੀ ॥ | What is in the hands of the poor soul-bride, the slave? |
| ਸੋਈ ਸੋਈ ਜਾਗੀ ॥ | She awakens from her slumber, |
| ਜਿਤੁ ਲਾਈ ਤਿਤੁ ਲਾਗੀ ॥੩॥ | and she becomes attached to whatever the Lord attaches her. \|\|3\|\| |
| ਚੇਰੀ ਤੈ ਸੁਮਤਿ ਕਹਾਂ ਤੇ ਪਾਈ ॥ | O soul-bride, slave, where did you obtain that wisdom, |
| ਜਾ ਤੇ ਭ੍ਰਮ ਕੀ ਲੀਕ ਮਿਟਾਈ ॥ | by which you erased your inscription of doubt? |
| ਸੁ ਰਸੁ ਕਬੀਰੈ ਜਾਨਿਆ ॥ | Kabeer has tasted that subtle essence; |
| ਮੇਰੋ ਗੁਰ ਪ੍ਰਸਾਦਿ ਮਨੁ ਮਾਨਿਆ ॥੪॥੫॥ | by Guru's Grace, his mind is reconciled with the Lord. \|\|4\|\|5\|\| |
| ਜਿਹ ਬਾਝੁ ਨ ਜੀਆ ਜਾਈ ॥ | Without Him, we cannot even live; |
| ਜਉ ਮਿਲੈ ਤ ਘਾਲ ਅਘਾਈ ॥ | when we meet Him, then our task is completed. |
| ਸਦ ਜੀਵਨੁ ਭਲੋ ਕਹਾਂਹੀ ॥ | People say it is good to live forever, |
| ਮੂਏ ਬਿਨੁ ਜੀਵਨੁ ਨਾਹੀ ॥੧॥ | but without dying, there is no life. \|\|1\|\| |
| ਅਬ ਕਿਆ ਕਥੀਐ ਗਿਆਨੁ ਬੀਚਾਰਾ ॥ | So now, what sort wisdom should I contemplate and preach? |
| ਨਿਜ ਨਿਰਖਤ ਗਤ ਬਿਉਹਾਰਾ ॥੧॥ ਰਹਾਉ ॥ | As I watch, worldly things dissipate. \|\|1\|\|Pause\|\| |
| ਘਸਿ ਕੁੰਕਮ ਚੰਦਨੁ ਗਾਰਿਆ ॥ | Saffron is ground up, and mixed with sandalwood; |
| ਬਿਨੁ ਨੈਨਹੁ ਜਗਤੁ ਨਿਹਾਰਿਆ ॥ | without eyes, the world is seen. |

| | |
|---|---|
| ਪੂਤਿ ਪਿਤਾ ਇਕੁ ਜਾਇਆ ॥ | The son has given birth to his father; |
| ਬਿਨੁ ਠਾਹਰ ਨਗਰੁ ਬਸਾਇਆ ॥੨॥ | without a place, the city has been established. \|\|2\|\| |
| ਜਾਚਕ ਜਨ ਦਾਤਾ ਪਾਇਆ ॥ | The humble beggar has found the Great Giver, |
| ਸੋ ਦੀਆ ਨ ਜਾਈ ਖਾਇਆ ॥ | but he is unable to eat what he has been given. |
| ਛੋਡਿਆ ਜਾਇ ਨ ਮੂਕਾ ॥ | He cannot leave it alone, but it is never exhausted. |
| ਅਉਰਨ ਪਹਿ ਜਾਨਾ ਚੂਕਾ ॥੩॥ | He shall not go to beg from others any longer. \|\|3\|\| |
| ਜੋ ਜੀਵਨ ਮਰਨਾ ਜਾਨੈ ॥ ਸੋ ਪੰਚ ਸੈਲ ਸੁਖ ਮਾਨੈ ॥ | Those select few, who know how to die while yet alive, enjoy great peace. |
| ਕਬੀਰੈ ਸੋ ਧਨੁ ਪਾਇਆ ॥ | Kabeer has found that wealth; |
| ਹਰਿ ਭੇਟਤ ਆਪੁ ਮਿਟਾਇਆ ॥੪॥੬॥ | meeting with the Lord, he has erased his self-conceit. \|\|4\|\|6\|\| |
| ਕਿਆ ਪੜੀਐ ਕਿਆ ਗੁਨੀਐ ॥ | What use is it to read, and what use is it to study? |
| ਕਿਆ ਬੇਦ ਪੁਰਾਨਾਂ ਸੁਨੀਐ ॥ | What use is it to listen to the Vedas and the Puraanas? |
| ਪੜੇ ਸੁਨੇ ਕਿਆ ਹੋਈ ॥ | What use is reading and listening, |
| ਜਉ ਸਹਜ ਨ ਮਿਲਿਓ ਸੋਈ ॥੧॥ | if celestial peace is not attained? \|\|1\|\| |
| ਹਰਿ ਕਾ ਨਾਮੁ ਨ ਜਪਸਿ ਗਵਾਰਾ ॥ | The fool does not chant the Name of the Lord. |
| ਕਿਆ ਸੋਚਹਿ ਬਾਰੰ ਬਾਰਾ ॥੧॥ ਰਹਾਉ ॥ | So what does he think of, over and over again? \|\|1\|\|Pause\|\| |
| ਅੰਧਿਆਰੇ ਦੀਪਕੁ ਚਹੀਐ ॥ | In the darkness, we need a lamp |
| **੬੫੬** | **656** |
| ਇਕ ਬਸਤੁ ਅਗੋਚਰ ਲਹੀਐ ॥ | to find the incomprehensible thing. |
| ਬਸਤੁ ਅਗੋਚਰ ਪਾਈ ॥ | I have found this incomprehensible thing; |
| ਘਟਿ ਦੀਪਕੁ ਰਹਿਆ ਸਮਾਈ ॥੨॥ | my mind is illuminated and enlightened. \|\|2\|\| |
| ਕਹਿ ਕਬੀਰ ਅਬ ਜਾਨਿਆ ॥ | Says Kabeer, now I know Him; |
| ਜਬ ਜਾਨਿਆ ਤਉ ਮਨੁ ਮਾਨਿਆ ॥ | since I know Him, my mind is pleased and appeased. |
| ਮਨ ਮਾਨੇ ਲੋਗੁ ਨ ਪਤੀਜੈ ॥ | My mind is pleased and appeased, and yet, people do not believe it. |
| ਨ ਪਤੀਜੈ ਤਉ ਕਿਆ ਕੀਜੈ ॥੩॥੭॥ | They do not believe it, so what can I do? \|\|3\|\|7\|\| |

ਹਿ੍ਦੈ ਕਪਟੁ ਮੁਖ ਗਿਆਨੀ ॥
In his heart there is deception, and yet in his mouth are words of wisdom.

ਝੂਠੇ ਕਹਾ ਬਿਲੋਵਸਿ ਪਾਨੀ ॥੧॥
You are false - why are you churning water? ||1||

ਕਾਂਇਆ ਮਾਂਜਸਿ ਕਉਨ ਗੁਨਾਂ ॥
Why do you bother to wash your body?

ਜਉ ਘਟ ਭੀਤਰਿ ਹੈ ਮਲਨਾਂ ॥੧॥ ਰਹਾਉ ॥
Your heart is still full of filth. ||1||Pause||

ਲਉਕੀ ਅਠਸਠਿ ਤੀਰਥ ਨ੍ਹਾਈ ॥
The gourd may be washed at the sixty-eight sacred shrines,

ਕਉਰਾਪਨੁ ਤਊ ਨ ਜਾਈ ॥੨॥
but even then, its bitterness is not removed. ||2||

ਕਹਿ ਕਬੀਰ ਬੀਚਾਰੀ ॥
Says Kabeer after deep contemplation,

ਭਵ ਸਾਗਰੁ ਤਾਰਿ ਮੁਰਾਰੀ ॥੩॥੮॥
please help me cross over the terrifying world-ocean, O Lord, O Destroyer of ego. ||3||8||

ਸੋਰਠਿ
Sorat'h:

ੴ ਸਤਿਗੁਰ ਪ੍ਰਸਾਦਿ ॥
One Universal Creator God. By The Grace Of The True Guru:

ਬਹੁ ਪਰਪੰਚ ਕਰਿ ਪਰ ਧਨੁ ਲਿਆਵੈ ॥
Practicing great hypocrisy, he acquires the wealth of others.

ਸੁਤ ਦਾਰਾ ਪਹਿ ਆਨਿ ਲੁਟਾਵੈ ॥੧॥
Returning home, he squanders it on his wife and children. ||1||

ਮਨ ਮੇਰੇ ਭੂਲੇ ਕਪਟੁ ਨ ਕੀਜੈ ॥
O my mind, do not practice deception, even inadvertently.

ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ ॥੧॥ ਰਹਾਉ ॥
In the end, your own soul shall have to answer for its account. ||1||Pause||

ਛਿਨੁ ਛਿਨੁ ਤਨੁ ਛੀਜੈ ਜਰਾ ਜਨਾਵੈ ॥
Moment by moment, the body is wearing away, and old age is asserting itself.

ਤਬ ਤੇਰੀ ਓਕ ਕੋਈ ਪਾਨੀਓ ਨ ਪਾਵੈ ॥੨॥
And then, when you are old, no one shall pour water into your cup. ||2||

ਕਹਤੁ ਕਬੀਰੁ ਕੋਈ ਨਹੀ ਤੇਰਾ ॥
Says Kabeer, no one belongs to you.

ਹਿਰਦੈ ਰਾਮੁ ਕੀ ਨ ਜਪਹਿ ਸਵੇਰਾ ॥੩॥੯॥
Why not chant the Lord's Name in your heart, when you are still young? ||3||9||

ਸੰਤਹੁ ਮਨ ਪਵਨੈ ਸੁਖੁ ਬਨਿਆ ॥
O Saints, my windy mind has now become peaceful and still.

ਕਿਛੁ ਜੋਗੁ ਪਰਾਪਤਿ ਗਨਿਆ ॥ ਰਹਾਉ ॥
It seems that I have learned something of the science of Yoga. ||Pause||

ਗੁਰਿ ਦਿਖਲਾਈ ਮੋਰੀ ॥
The Guru has shown me the hole,

| | |
|---|---|
| ਜਿਤੁ ਮਿਰਗ ਪੜਤ ਹੈ ਚੋਰੀ ॥ | through which the deer carefully enters. |
| ਮੂੰਦਿ ਲੀਏ ਦਰਵਾਜੇ ॥ | I have now closed off the doors, |
| ਬਾਜੀਅਲੇ ਅਨਹਦ ਬਾਜੇ ॥੧॥ | and the unstruck celestial sound current resounds. \|\|1\|\| |
| ਕੁੰਭ ਕਮਲੁ ਜਲਿ ਭਰਿਆ ॥ | The pitcher of my heart-lotus is filled with water; |
| ਜਲੁ ਮੇਟਿਆ ਊਭਾ ਕਰਿਆ ॥ | I have spilled out the water, and set it upright. |
| ਕਹੁ ਕਬੀਰ ਜਨ ਜਾਨਿਆ ॥ | Says Kabeer, the Lord's humble servant, this I know. |
| ਜਉ ਜਾਨਿਆ ਤਉ ਮਨੁ ਮਾਨਿਆ ॥੨॥੧੦॥ | Now that I know this, my mind is pleased and appeased. \|\|2\|\|10\|\| |
| ਰਾਗੁ ਸੋਰਠਿ ॥ | Raag Sorat'h: |
| ਭੂਖੇ ਭਗਤਿ ਨ ਕੀਜੈ ॥ | I am so hungry, I cannot perform devotional worship service. |
| ਯਹ ਮਾਲਾ ਅਪਨੀ ਲੀਜੈ ॥ | Here, Lord, take back Your mala. |
| ਹਉ ਮਾਂਗਉ ਸੰਤਨ ਰੇਨਾ ॥ | I beg for the dust of the feet of the Saints. |
| ਮੈ ਨਾਹੀ ਕਿਸੀ ਕਾ ਦੇਨਾ ॥੧॥ | I do not owe anyone anything. \|\|1\|\| |
| ਮਾਧੋ ਕੈਸੀ ਬਨੈ ਤੁਮ ਸੰਗੇ ॥ | O Lord, how can I be with You? |
| ਆਪਿ ਨ ਦੇਹੁ ਤ ਲੇਵਉ ਮੰਗੇ ॥ ਰਹਾਉ ॥ | If You do not give me Yourself, then I shall beg until I get You. \|\|Pause\|\| |
| ਦੁਇ ਸੇਰ ਮਾਂਗਉ ਚੂਨਾ ॥ | I ask for two kilos of flour, |
| ਪਾਉ ਘੀਉ ਸੰਗਿ ਲੂਨਾ ॥ | and half a pound of ghee, and salt. |
| ਅਧ ਸੇਰੁ ਮਾਂਗਉ ਦਾਲੇ ॥ | I ask for a pound of beans, |
| ਮੋ ਕਉ ਦੋਨਉ ਵਖਤ ਜਿਵਾਲੇ ॥੨॥ | which I shall eat twice a day. \|\|2\|\| |
| ਖਾਟ ਮਾਂਗਉ ਚਉਪਾਈ ॥ | I ask for a cot, with four legs, |
| ਸਿਰਹਾਨਾ ਅਵਰ ਤੁਲਾਈ ॥ | and a pillow and mattress. |
| ਊਪਰ ਕਉ ਮਾਂਗਉ ਖੀਂਧਾ ॥ | I ask for a quilt to cover myself. |
| ਤੇਰੀ ਭਗਤਿ ਕਰੈ ਜਨੁ ਥੀਂਧਾ ॥੩॥ | Your humble servant shall perform Your devotional worship service with love. \|\|3\|\| |
| ਮੈ ਨਾਹੀ ਕੀਤਾ ਲਬੋ ॥ | I have no greed; |
| ਇਕੁ ਨਾਉ ਤੇਰਾ ਮੈ ਫਬੋ ॥ | Your Name is the only ornament I wish for. |

| | |
|---|---|
| ਕਹਿ ਕਬੀਰ ਮਨੁ ਮਾਨਿਆ ॥ | Says Kabeer, my mind is pleased and appeased; |
| ਮਨੁ ਮਾਨਿਆ ਤਉ ਹਰਿ ਜਾਨਿਆ ॥੪॥੧੧॥ | now that my mind is pleased and appeased, I have come to know the Lord. \|\|4\|\|11\|\| |
| ਰਾਗੁ ਸੋਰਠਿ ਬਾਣੀ ਭਗਤ ਨਾਮਦੇ ਜੀ ਕੀ ਘਰੁ ੨ | Raag Sorat'h, The Word Of Devotee Naam Dayv Jee, Second House: |
| ੧ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਜਬ ਦੇਖਾ ਤਬ ਗਾਵਾ ॥ | When I see Him, I sing His Praises. |
| ਤਉ ਜਨ ਧੀਰਜੁ ਪਾਵਾ ॥੧॥ | Then I, his humble servant, become patient. \|\|1\|\| |
| ੬੫੭ | 657 |
| ਨਾਦਿ ਸਮਾਇਲੋ ਰੇ ਸਤਿਗੁਰੁ ਭੇਟਿਲੇ ਦੇਵਾ ॥੧॥ ਰਹਾਉ ॥ | Meeting the Divine True Guru, I merge into the sound current of the Naad. \|\|1\|\|Pause\|\| |
| ਜਹ ਝਿਲਿ ਮਿਲਿ ਕਾਰੁ ਦਿਸੰਤਾ ॥ | Where the dazzling white light is seen, |
| ਤਹ ਅਨਹਦ ਸਬਦ ਬਜੰਤਾ ॥ | there the unstruck sound current of the Shabad resounds. |
| ਜੋਤੀ ਜੋਤਿ ਸਮਾਨੀ ॥ | One's light merges in the Light; |
| ਮੈ ਗੁਰ ਪਰਸਾਦੀ ਜਾਨੀ ॥੨॥ | by Guru's Grace, I know this. \|\|2\|\| |
| ਰਤਨ ਕਮਲ ਕੋਠਰੀ ॥ | The jewels are in the treasure chamber of the heart-lotus. |
| ਚਮਕਾਰ ਬੀਜੁਲ ਤਹੀ ॥ | They sparkle and glitter like lightning. |
| ਨੇਰੈ ਨਾਹੀ ਦੂਰਿ ॥ | The Lord is near at hand, not far away. |
| ਨਿਜ ਆਤਮੈ ਰਹਿਆ ਭਰਪੂਰਿ ॥੩॥ | He is totally permeating and pervading in my soul. \|\|3\|\| |
| ਜਹ ਅਨਹਤ ਸੂਰ ਉਜ੍ਯ੍ਯਾਰਾ ॥ | Where the light of the undying sun shines, |
| ਤਹ ਦੀਪਕ ਜਲੈ ਛੰਛਾਰਾ ॥ | the light of burning lamps seems insignificant. |
| ਗੁਰ ਪਰਸਾਦੀ ਜਾਨਿਆ ॥ | By Guru's Grace, I know this. |
| ਜਨੁ ਨਾਮਾ ਸਹਜ ਸਮਾਨਿਆ ॥੪॥੧॥ | Servant Naam Dayv is absorbed in the Celestial Lord. \|\|4\|\|1\|\| |
| ਘਰੁ ੪ ਸੋਰਠਿ ॥ | Fourth House, Sorat'h: |
| ਪਾੜ ਪੜੋਸਣਿ ਪੂਛਿ ਲੇ ਨਾਮਾ ਕਾ ਪਹਿ ਛਾਨਿ ਛਵਾਈ ਹੋ ॥ | The woman next door asked Naam Dayv, "Who built your house? |

ਤੋ ਪਹਿ ਦੁਗਣੀ ਮਜੂਰੀ ਦੈਹਉ ਮੋ ਕਉ ਬੇਢੀ ਦੇਹੁ ਬਤਾਈ ਹੋ ॥੧॥

I shall pay him double wages. Tell me, who is your carpenter?"||1||

ਰੀ ਬਾਈ ਬੇਢੀ ਦੇਨੁ ਨ ਜਾਈ ॥

O sister, I cannot give this carpenter to you.

ਦੇਖੁ ਬੇਢੀ ਰਹਿਓ ਸਮਾਈ ॥

Behold, my carpenter is pervading everywhere.

ਹਮਾਰੈ ਬੇਢੀ ਪ੍ਰਾਨ ਅਧਾਰਾ ॥੧॥ ਰਹਾਉ ॥

My carpenter is the Support of the breath of life. ||1||Pause||

ਬੇਢੀ ਪ੍ਰੀਤਿ ਮਜੂਰੀ ਮਾਂਗੈ ਜਉ ਕੋਊ ਛਾਨਿ ਛਵਾਵੈ ਹੋ ॥

This carpenter demands the wages of love, if someone wants Him to build their house.

ਲੋਗ ਕੁਟੰਬ ਸਭਹੁ ਤੇ ਤੋਰੈ ਤਉ ਆਪਨ ਬੇਢੀ ਆਵੈ ਹੋ ॥੨॥

When one breaks his ties with all the people and relatives, then the carpenter comes of His own accord. ||2||

ਐਸੋ ਬੇਢੀ ਬਰਨਿ ਨ ਸਾਕਉ ਸਭ ਅੰਤਰ ਸਭ ਠਾਂਈ ਹੋ ॥

I cannot describe such a carpenter, who is contained in everything, everywhere.

ਗੂੰਗੈ ਮਹਾ ਅੰਮ੍ਰਿਤ ਰਸੁ ਚਾਖਿਆ ਪੂਛੇ ਕਹਨੁ ਨ ਜਾਈ ਹੋ ॥੩॥

The mute tastes the most sublime ambrosial nectar, but if you ask him to describe it, he cannot. ||3||

ਬੇਢੀ ਕੇ ਗੁਣ ਸੁਨਿ ਰੀ ਬਾਈ ਜਲਧਿ ਬਾਂਧਿ ਧ੍ਰੂ ਥਾਪਿਓ ਹੋ ॥

Listen to the virtues of this carpenter, O sister; He stopped the oceans, and established Dhroo as the pole star.

ਨਾਮੇ ਕੇ ਸੁਆਮੀ ਸੀਅ ਬਹੋਰੀ ਲੰਕ ਭਭੀਖਣ ਆਪਿਓ ਹੋ ॥੪॥੨॥

Naam Dayv's Lord Master brought Sita back, and gave Sri Lanka to Bhabheekhan. ||4||2||

ਸੋਰਠਿ ਘਰੁ ੩ ॥

Sorat'h, Third House:

ਅਣਮੜਿਆ ਮੰਦਲੁ ਬਾਜੈ ॥

The skinless drum plays.

ਬਿਨੁ ਸਾਵਣ ਘਨਹਰੁ ਗਾਜੈ ॥

Without the rainy season, the clouds shake with thunder.

ਬਾਦਲ ਬਿਨੁ ਬਰਖਾ ਹੋਈ ॥

Without clouds, the rain falls,

ਜਉ ਤਤੁ ਬਿਚਾਰੈ ਕੋਈ ॥੧॥

if one contemplates the essence of reality. ||1||

ਮੋ ਕਉ ਮਿਲਿਓ ਰਾਮੁ ਸਨੇਹੀ ॥

I have met my Beloved Lord.

ਜਿਹ ਮਿਲਿਐ ਦੇਹ ਸੁਦੇਹੀ ॥੧॥ ਰਹਾਉ ॥

Meeting with Him, my body is made beauteous and sublime. ||1||Pause||

ਮਿਲਿ ਪਾਰਸ ਕੰਚਨੁ ਹੋਇਆ ॥

Touching the philosopher's stone, I have been transformed into gold.

ਮੁਖ ਮਨਸਾ ਰਤਨੁ ਪਰੋਇਆ ॥

I have threaded the jewels into my mouth and mind.

| | |
|---|---|
| ਨਿਜ ਭਾਉ ਭਇਆ ਭ੍ਰਮੁ ਭਾਗਾ ॥ | I love Him as my own, and my doubt has been dispelled. |
| ਗੁਰ ਪੂਛੇ ਮਨੁ ਪਤੀਆਗਾ ॥੨॥ | Seeking the Guru's guidance, my mind is content. \|\|2\|\| |
| ਜਲ ਭੀਤਰਿ ਕੁੰਭ ਸਮਾਨਿਆ ॥ | The water is contained within the pitcher; |
| ਸਭ ਰਾਮੁ ਏਕੁ ਕਰਿ ਜਾਨਿਆ ॥ | I know that the One Lord is contained in all. |
| ਗੁਰ ਚੇਲੇ ਹੈ ਮਨੁ ਮਾਨਿਆ ॥ | The mind of the disciple has faith in the Guru. |
| ਜਨ ਨਾਮੈ ਤਤੁ ਪਛਾਨਿਆ ॥੩॥੩॥ | Servant Naam Dayv understands the essence of reality. \|\|3\|\|3\|\| |

## ਰਾਗੁ ਸੋਰਠਿ ਬਾਣੀ ਭਗਤ ਰਵਿਦਾਸ ਜੀ ਕੀ

## Raag Sorat'h, The Word Of Devotee Ravi Daas Jee:

ੴ ਸਤਿਗੁਰ ਪ੍ਰਸਾਦਿ ॥

One Universal Creator God. By The Grace Of The True Guru:

| | |
|---|---|
| ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ ॥ | When I am in my ego, then You are not with me. Now that You are with me, there is no egotism within me. |
| ਅਨਲ ਅਗਮ ਜੈਸੇ ਲਹਰਿ ਮਇ ਓਦਧਿ ਜਲ ਕੇਵਲ ਜਲ ਮਾਂਹੀ ॥੧॥ | The wind may raise up huge waves in the vast ocean, but they are just water in water. \|\|1\|\| |
| ਮਾਧਵੇ ਕਿਆ ਕਹੀਐ ਭ੍ਰਮੁ ਐਸਾ ॥ | O Lord, what can I say about such an illusion? |
| ਜੈਸਾ ਮਾਨੀਐ ਹੋਇ ਨ ਤੈਸਾ ॥੧॥ ਰਹਾਉ ॥ | Things are not as they seem. \|\|1\|\|Pause\|\| |
| ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ ॥ | It is like the king, who falls asleep upon his throne, and dreams that he is a beggar. |
| ਅਛਤ ਰਾਜ ਬਿਛੁਰਤ ਦੁਖੁ ਪਾਇਆ ਸੋ ਗਤਿ ਭਈ ਹਮਾਰੀ ॥੨॥ | His kingdom is intact, but separated from it, he suffers in sorrow. Such is my own condition. \|\|2\|\| |

### ੬੫੮ — 658

| | |
|---|---|
| ਰਾਜ ਭੁਇਅੰਗ ਪ੍ਰਸੰਗ ਜੈਸੇ ਹਹਿ ਅਬ ਕਛੁ ਮਰਮੁ ਜਨਾਇਆ ॥ | Like the story of the rope mistaken for a snake, the mystery has now been explained to me. |
| ਅਨਿਕ ਕਟਕ ਜੈਸੇ ਭੂਲਿ ਪਰੇ ਅਬ ਕਹਤੇ ਕਹਨੁ ਨ ਆਇਆ ॥੩॥ | Like the many bracelets, which I mistakenly thought were gold; now, I do not say what I said then. \|\|3\|\| |
| ਸਰਬੇ ਏਕੁ ਅਨੇਕੈ ਸੁਆਮੀ ਸਭ ਘਟ ਭੋੁਗਵੈ ਸੋਈ ॥ | The One Lord is pervading the many forms; He enjoys Himself in all hearts. |

| | |
|---|---|
| ਕਹਿ ਰਵਿਦਾਸ ਹਾਥ ਪੈ ਨੇਰੈ ਸਹਜੇ ਹੋਇ ਸੁ ਹੋਈ ॥੪॥੧॥ | Says Ravi Daas, the Lord is nearer than our own hands and feet. Whatever will be, will be. \|\|4\|\|1\|\| |
| ਜਉ ਹਮ ਬਾਂਧੇ ਮੋਹ ਫਾਸ ਹਮ ਪ੍ਰੇਮ ਬਧਨਿ ਤੁਮ ਬਾਧੇ ॥ | If I am bound by the noose of emotional attachment, then I shall bind You, Lord, with the bonds of love. |
| ਅਪਨੇ ਛੂਟਨ ਕੋ ਜਤਨੁ ਕਰਹੁ ਹਮ ਛੂਟੇ ਤੁਮ ਆਰਾਧੇ ॥੧॥ | Go ahead and try to escape, Lord; I have escaped by worshipping and adoring You. \|\|1\|\| |
| ਮਾਧਵੇ ਜਾਨਤ ਹਹੁ ਜੈਸੀ ਤੈਸੀ ॥ | O Lord, You know my love for You. |
| ਅਬ ਕਹਾ ਕਰਹੁਗੇ ਐਸੀ ॥੧॥ ਰਹਾਉ ॥ | Now, what will You do? \|\|1\|\|Pause\|\| |
| ਮੀਨੁ ਪਕਰਿ ਫਾਂਕਿਓ ਅਰੁ ਕਾਟਿਓ ਰਾਂਧਿ ਕੀਓ ਬਹੁ ਬਾਨੀ ॥ | A fish is caught, cut up, and cooked it in many different ways. |
| ਖੰਡ ਖੰਡ ਕਰਿ ਭੋਜਨੁ ਕੀਨੋ ਤਊ ਨ ਬਿਸਰਿਓ ਪਾਨੀ ॥੨॥ | Bit by bit, it is eaten, but still, it does not forget the water. \|\|2\|\| |
| ਆਪਨ ਬਾਪੈ ਨਾਹੀ ਕਿਸੀ ਕੋ ਭਾਵਨ ਕੋ ਹਰਿ ਰਾਜਾ ॥ | The Lord, our King, is father to no one, except those who love Him. |
| ਮੋਹ ਪਟਲ ਸਭੁ ਜਗਤੁ ਬਿਆਪਿਓ ਭਗਤ ਨਹੀ ਸੰਤਾਪਾ ॥੩॥ | The veil of emotional attachment has been cast over the entire world, but it does not bother the Lord's devotee. \|\|3\|\| |
| ਕਹਿ ਰਵਿਦਾਸ ਭਗਤਿ ਇਕ ਬਾਢੀ ਅਬ ਇਹ ਕਾ ਸਿਉ ਕਹੀਐ ॥ | Says Ravi Daas, my devotion to the One Lord is increasing; now, who can I tell this to? |
| ਜਾ ਕਾਰਨਿ ਹਮ ਤੁਮ ਆਰਾਧੇ ਸੋ ਦੁਖੁ ਅਜਹੂ ਸਹੀਐ ॥੪॥੨॥ | That which brought me to worship and adore You - I am still suffering that pain. \|\|4\|\|2\|\| |
| ਦੁਲਭ ਜਨਮੁ ਪੁੰਨ ਫਲ ਪਾਇਓ ਬਿਰਥਾ ਜਾਤ ਅਬਿਬੇਕੈ ॥ | I obtained this precious human life as a reward for my past actions, but without discriminating wisdom, it is wasted in vain. |
| ਰਾਜੇ ਇੰਦ੍ਰ ਸਮਸਰਿ ਗ੍ਰਿਹ ਆਸਨ ਬਿਨੁ ਹਰਿ ਭਗਤਿ ਕਹਹੁ ਕਿਹ ਲੇਖੈ ॥੧॥ | Tell me, without devotional worship of the Lord, of what use are mansions and thrones like those of King Indra? \|\|1\|\| |
| ਨ ਬੀਚਾਰਿਓ ਰਾਜਾ ਰਾਮ ਕੋ ਰਸੁ ॥ | You have not considered the sublime essence of the Name of the Lord, our King; |
| ਜਿਹ ਰਸ ਅਨ ਰਸ ਬੀਸਰਿ ਜਾਹੀ ॥੧॥ ਰਹਾਉ ॥ | this sublime essence shall cause you to forget all other essences. \|\|1\|\|Pause\|\| |

| | |
|---|---|
| ਜਾਨਿ ਅਜਾਨ ਭਏ ਹਮ ਬਾਵਰ ਸੋਚ ਅਸੋਚ ਦਿਵਸ ਜਾਹੀ ॥ | We do not know what we need to know, and we have become insane. We do not consider what we should consider; our days are passing away. |
| ਇੰਦ੍ਰੀ ਸਬਲ ਨਿਬਲ ਬਿਬੇਕ ਬੁਧਿ ਪਰਮਾਰਥ ਪਰਵੇਸ ਨਹੀ ॥੨॥ | Our passions are strong, and our discriminating intellect is weak; we have no access to the supreme objective. \|\|2\|\| |
| ਕਹੀਅਤ ਆਨ ਅਚਰੀਅਤ ਅਨ ਕਛੁ ਸਮਝ ਨ ਪਰੈ ਅਪਰ ਮਾਇਆ ॥ | We say one thing, and do something else; entangled in endless Maya, we do not understand anything. |
| ਕਹਿ ਰਵਿਦਾਸ ਉਦਾਸ ਦਾਸ ਮਤਿ ਪਰਹਰਿ ਕੋਪੁ ਕਰਹੁ ਜੀਅ ਦਇਆ ॥੩॥੩॥ | Says Ravi Daas, Your slave, O Lord, I am disillusioned and detached; please, spare me Your anger, and have mercy on my soul. \|\|3\|\|3\|\| |
| ਸੁਖ ਸਾਗਰੁ ਸੁਰਤਰ ਚਿੰਤਾਮਨਿ ਕਾਮਧੇਨੁ ਬਸਿ ਜਾ ਕੇ ॥ | He is the ocean of peace; the miraculous tree of life, the wish-fulfilling jewel, and the Kaamadhayna, the cow which fulfills all desires, all are in His power. |
| ਚਾਰਿ ਪਦਾਰਥ ਅਸਟ ਦਸਾ ਸਿਧਿ ਨਵ ਨਿਧਿ ਕਰ ਤਲ ਤਾ ਕੇ ॥੧॥ | The four great blessings, the eighteen supernatural spiritual powers of the Siddhas, and the nine treasures, are all in the palm of His hand. \|\|1\|\| |
| ਹਰਿ ਹਰਿ ਹਰਿ ਨ ਜਪਹਿ ਰਸਨਾ ॥ | You do not chant with your tongue the Name of the Lord, Har, Har, Har. |
| ਅਵਰ ਸਭ ਤਿਆਗਿ ਬਚਨ ਰਚਨਾ ॥੧॥ ਰਹਾਉ ॥ | Abandon your involvement in all other words. \|\|1\|\|Pause\|\| |
| ਨਾਨਾ ਖਿਆਨ ਪੁਰਾਨ ਬੇਦ ਬਿਧਿ ਚਉਤੀਸ ਅਖਰ ਮਾਂਹੀ ॥ | The various Shaastras, Puranaas, and the Vedas of Brahma, are made up of thirty-four letters. |
| ਬਿਆਸ ਬਿਚਾਰਿ ਕਹਿਓ ਪਰਮਾਰਥੁ ਰਾਮ ਨਾਮ ਸਰਿ ਨਾਹੀ ॥੨॥ | After deep contemplation, Vyaas spoke of the supreme objective; there is nothing equal to the Lord's Name. \|\|2\|\| |
| ਸਹਜ ਸਮਾਧਿ ਉਪਾਧਿ ਰਹਤ ਫੁਨਿ ਬਡੈ ਭਾਗਿ ਲਿਵ ਲਾਗੀ ॥ | Very fortunate are those who are absorbed in celestial bliss, and released from their entanglements; they are lovingly attached to the Lord. |
| ਕਹਿ ਰਵਿਦਾਸ ਪ੍ਰਗਾਸੁ ਰਿਦੈ ਧਰਿ ਜਨਮ ਮਰਨ ਭੈ ਭਾਗੀ ॥੩॥੪॥ | Says Ravi Daas, enshrine the Lord's Light within your heart, and your fear of birth and death shall run away from you. \|\|3\|\|4\|\| |
| ਜਉ ਤੁਮ ਗਿਰਿਵਰ ਤਉ ਹਮ ਮੋਰਾ ॥ | If You are the mountain, Lord, then I am the peacock. |
| ਜਉ ਤੁਮ ਚੰਦ ਤਉ ਹਮ ਭਏ ਹੈ ਚਕੋਰਾ ॥੧॥ | If You are the moon, then I am the partridge in love with it. \|\|1\|\| |

| | |
|---|---|
| ਮਾਧਵੇ ਤੁਮ ਨ ਤੋਰਹੁ ਤਉ ਹਮ ਨਹੀ ਤੋਰਹਿ ॥ | O Lord, if You will not break with me, then I will not break with You. |
| ਤੁਮ ਸਿਉ ਤੋਰਿ ਕਵਨ ਸਿਉ ਜੋਰਹਿ ॥੧॥ ਰਹਾਉ ॥ | For, if I were to break with You, with whom would I then join? \|\|1\|\|Pause\|\| |
| ਜਉ ਤੁਮ ਦੀਵਰਾ ਤਉ ਹਮ ਬਾਤੀ ॥ | If You are the lamp, then I am the wick. |
| ਜਉ ਤੁਮ ਤੀਰਥ ਤਉ ਹਮ ਜਾਤੀ ॥੨॥ | If You are the sacred place of pilgrimage, then I am the pilgrim. \|\|2\|\| |

## ੬੫੯ 659

| | |
|---|---|
| ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ ॥ | I am joined in true love with You, Lord. |
| ਤੁਮ ਸਿਉ ਜੋਰਿ ਅਵਰ ਸੰਗਿ ਤੋਰੀ ॥੩॥ | I am joined with You, and I have broken with all others. \|\|3\|\| |
| ਜਹ ਜਹ ਜਾਉ ਤਹਾ ਤੇਰੀ ਸੇਵਾ ॥ | Wherever I go, there I serve You. |
| ਤੁਮ ਸੋ ਠਾਕੁਰੁ ਅਉਰੁ ਨ ਦੇਵਾ ॥੪॥ | There is no other Lord Master than You, O Divine Lord. \|\|4\|\| |
| ਤੁਮਰੇ ਭਜਨ ਕਟਹਿ ਜਮ ਫਾਂਸਾ ॥ | Meditating, vibrating upon You, the noose of death is cut away. |
| ਭਗਤਿ ਹੇਤ ਗਾਵੈ ਰਵਿਦਾਸਾ ॥੫॥੫॥ | To attain devotional worship, Ravi Daas sings to You, Lord. \|\|5\|\|5\|\| |
| ਜਲ ਕੀ ਭੀਤਿ ਪਵਨ ਕਾ ਥੰਭਾ ਰਕਤ ਬੁੰਦ ਕਾ ਗਾਰਾ ॥ | The body is a wall of water, supported by the pillars of air; the egg and sperm are the mortar. |
| ਹਾਡ ਮਾਸ ਨਾੜੀ ਕੋ ਪਿੰਜਰੁ ਪੰਖੀ ਬਸੈ ਬਿਚਾਰਾ ॥੧॥ | The framework is made up of bones, flesh and veins; the poor soul-bird dwells within it. \|\|1\|\| |
| ਪ੍ਰਾਨੀ ਕਿਆ ਮੇਰਾ ਕਿਆ ਤੇਰਾ ॥ | O mortal, what is mine, and what is yours? |
| ਜੈਸੇ ਤਰਵਰ ਪੰਖਿ ਬਸੇਰਾ ॥੧॥ ਰਹਾਉ ॥ | The soul is like a bird perched upon a tree. \|\|1\|\|Pause\|\| |
| ਰਾਖਹੁ ਕੰਧ ਉਸਾਰਹੁ ਨੀਵਾਂ ॥ | You lay the foundation and build the walls. |
| ਸਾਢੇ ਤੀਨਿ ਹਾਥ ਤੇਰੀ ਸੀਵਾਂ ॥੨॥ | But in the end, three and a half cubits will be your measured space. \|\|2\|\| |
| ਬੰਕੇ ਬਾਲ ਪਾਗ ਸਿਰਿ ਡੇਰੀ ॥ | You make your hair beautiful, and wear a stylish turban on your head. |

ਇਹੁ ਤਨੁ ਹੋਇਗੋ ਭਸਮ ਕੀ ਢੇਰੀ ॥੩॥
But in the end, this body shall be reduced to a pile of ashes. ||3||

ਊਚੇ ਮੰਦਰ ਸੁੰਦਰ ਨਾਰੀ ॥
Your palaces are lofty, and your brides are beautiful.

ਰਾਮ ਨਾਮ ਬਿਨੁ ਬਾਜੀ ਹਾਰੀ ॥੪॥
But without the Lord's Name, you shall lose the game entirely. ||4||

ਮੇਰੀ ਜਾਤਿ ਕਮੀਨੀ ਪਾਂਤਿ ਕਮੀਨੀ ਓਛਾ ਜਨਮੁ ਹਮਾਰਾ ॥
My social status is low, my ancestry is low, and my life is wretched.

ਤੁਮ ਸਰਨਾਗਤਿ ਰਾਜਾ ਰਾਮ ਚੰਦ ਕਹਿ ਰਵਿਦਾਸ ਚਮਾਰਾ ॥੫॥੬॥
I have come to Your Sanctuary, O Luminous Lord, my King; so says Ravi Daas, the shoemaker. ||5||6||

ਚਮਰਟਾ ਗਾਂਠਿ ਨ ਜਨਈ ॥
I am a shoemaker, but I do not know how to mend shoes.

ਲੋਗੁ ਗਠਾਵੈ ਪਨਹੀ ॥੧॥ ਰਹਾਉ ॥
People come to me to mend their shoes. ||1||Pause||

ਆਰ ਨਹੀ ਜਿਹ ਤੋਪਉ ॥
I have no awl to stitch them;

ਨਹੀ ਰਾਂਬੀ ਠਾਉ ਰੋਪਉ ॥੧॥
I have no knife to patch them. ||1||

ਲੋਗੁ ਗੰਠਿ ਗੰਠਿ ਖਰਾ ਬਿਗੂਚਾ ॥
Mending, mending, people waste their lives and ruin themselves.

ਹਉ ਬਿਨੁ ਗਾਂਠੇ ਜਾਇ ਪਹੂਚਾ ॥੨॥
Without wasting my time mending, I have found the Lord. ||2||

ਰਵਿਦਾਸੁ ਜਪੈ ਰਾਮ ਨਾਮਾ ॥
Ravi Daas chants the Lord's Name;

ਮੋਹਿ ਜਮ ਸਿਉ ਨਾਹੀ ਕਾਮਾ ॥੩॥੭॥
he is not concerned with the Messenger of Death. ||3||7||

ਰਾਗੁ ਸੋਰਠਿ ਬਾਣੀ ਭਗਤ ਭੀਖਨ ਕੀ
Raag Sorat'h, The Word Of Devotee Bheekhan Jee:

ੴ ਸਤਿਗੁਰ ਪ੍ਰਸਾਦਿ ॥
One Universal Creator God. By The Grace Of The True Guru:

ਨੈਨਹੁ ਨੀਰੁ ਬਹੈ ਤਨੁ ਖੀਨਾ ਭਏ ਕੇਸ ਦੁਧ ਵਾਨੀ ॥
Tears well up in my eyes, my body has become weak, and my hair has become milky-white.

ਰੂਧਾ ਕੰਠੁ ਸਬਦੁ ਨਹੀ ਉਚਰੈ ਅਬ ਕਿਆ ਕਰਹਿ ਪਰਾਨੀ ॥੧॥
My throat is tight, and I cannot utter even one word; what can I do now? I am a mere mortal. ||1||

ਰਾਮ ਰਾਇ ਹੋਹਿ ਬੈਦ ਬਨਵਾਰੀ ॥
O Lord, my King, Gardener of the world-garden, be my Physician,

ਅਪਨੇ ਸੰਤਹ ਲੇਹੁ ਉਬਾਰੀ ॥੧॥ ਰਹਾਉ ॥

and save me, Your Saint. ||1||Pause||

ਮਾਥੇ ਪੀਰ ਸਰੀਰਿ ਜਲਨਿ ਹੈ ਕਰਕ ਕਰੇਜੇ ਮਾਹੀ ॥

My head aches, my body is burning, and my heart is filled with anguish.

ਐਸੀ ਬੇਦਨ ਉਪਜਿ ਖਰੀ ਭਈ ਵਾ ਕਾ ਅਉਖਧੁ ਨਾਹੀ ॥੨॥

Such is the disease that has struck me; there is no medicine to cure it. ||2||

ਹਰਿ ਕਾ ਨਾਮੁ ਅੰਮ੍ਰਿਤ ਜਲੁ ਨਿਰਮਲੁ ਇਹੁ ਅਉਖਧੁ ਜਗਿ ਸਾਰਾ ॥

The Name of the Lord, the ambrosial, immaculate water, is the best medicine in the world.

ਗੁਰ ਪਰਸਾਦਿ ਕਹੈ ਜਨੁ ਭੀਖਨੁ ਪਾਵਉ ਮੋਖ ਦੁਆਰਾ ॥੩॥੧॥

By Guru's Grace, says servant Bheekhan, I have found the Door of Salvation. ||3||1||

ਐਸਾ ਨਾਮੁ ਰਤਨੁ ਨਿਰਮੋਲਕੁ ਪੁੰਨਿ ਪਦਾਰਥੁ ਪਾਇਆ ॥

Such is the Naam, the Name of the Lord, the invaluable jewel, the most sublime wealth, which I have found through good deeds.

ਅਨਿਕ ਜਤਨ ਕਰਿ ਹਿਰਦੈ ਰਾਖਿਆ ਰਤਨੁ ਨ ਛਪੈ ਛਪਾਇਆ ॥੧॥

By various efforts, I have enshrined it within my heart; this jewel cannot be hidden by hiding it. ||1||

ਹਰਿ ਗੁਨ ਕਹਤੇ ਕਹਨੁ ਨ ਜਾਈ ॥

The Glorious Praises of the Lord cannot be spoken by speaking.

ਜੈਸੇ ਗੂੰਗੇ ਕੀ ਮਿਠਿਆਈ ॥੧॥ ਰਹਾਉ ॥

They are like the sweet candies given to a mute. ||1||Pause||

ਰਸਨਾ ਰਮਤ ਸੁਨਤ ਸੁਖੁ ਸ੍ਰਵਨਾ ਚਿਤ ਚੇਤੇ ਸੁਖੁ ਹੋਈ ॥

The tongue speaks, the ears listen, and the mind contemplates the Lord; they find peace and comfort.

ਕਹੁ ਭੀਖਨ ਦੁਇ ਨੈਨ ਸੰਤੋਖੇ ਜਹ ਦੇਖਾਂ ਤਹ ਸੋਈ ॥੨॥੨॥

Says Bheekhan, my eyes are content; wherever I look, there I see the Lord. ||2||2||

## ੬੬੦

## 660

ਧਨਾਸਰੀ ਮਹਲਾ ੧ ਘਰੁ ੧ ਚਉਪਦੇ

Dhanaasaree, First Mehl, First House, Chau-Padas:

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

One Universal Creator God. Truth Is The Name. Creative Being Personified. No Fear. No Hatred. Image Of The Undying. Beyond Birth. Self-Existent. By Guru's Grace:

ਜੀਉ ਡਰਤੁ ਹੈ ਆਪਣਾ ਕੈ ਸਿਉ ਕਰੀ ਪੁਕਾਰ ॥

My soul is afraid; to whom should I complain?

| | |
|---|---|
| ਦੂਖ ਵਿਸਾਰਣੁ ਸੇਵਿਆ ਸਦਾ ਸਦਾ ਦਾਤਾਰੁ ॥੧॥ | I serve Him, who makes me forget my pains; He is the Giver, forever and ever. \|\|1\|\| |
| ਸਾਹਿਬੁ ਮੇਰਾ ਨੀਤ ਨਵਾ ਸਦਾ ਸਦਾ ਦਾਤਾਰੁ ॥੧॥ ਰਹਾਉ ॥ | My Lord and Master is forever new; He is the Giver, forever and ever. \|\|1\|\|Pause\|\| |
| ਅਨਦਿਨੁ ਸਾਹਿਬੁ ਸੇਵੀਐ ਅੰਤਿ ਛਡਾਏ ਸੋਇ ॥ | Night and day, I serve my Lord and Master; He shall save me in the end. |
| ਸੁਣਿ ਸੁਣਿ ਮੇਰੀ ਕਾਮਣੀ ਪਾਰਿ ਉਤਾਰਾ ਹੋਇ ॥੨॥ | Hearing and listening, O my dear sister, I have crossed over. \|\|2\|\| |
| ਦਇਆਲ ਤੇਰੈ ਨਾਮਿ ਤਰਾ ॥ | O Merciful Lord, Your Name carries me across. |
| ਸਦ ਕੁਰਬਾਣੈ ਜਾਉ ॥੧॥ ਰਹਾਉ ॥ | I am forever a sacrifice to You. \|\|1\|\|Pause\|\| |
| ਸਰਬੰ ਸਾਚਾ ਏਕੁ ਹੈ ਦੂਜਾ ਨਾਹੀ ਕੋਇ ॥ | In all the world, there is only the One True Lord; there is no other at all. |
| ਤਾ ਕੀ ਸੇਵਾ ਸੋ ਕਰੇ ਜਾ ਕਉ ਨਦਰਿ ਕਰੇ ॥੩॥ | He alone serves the Lord, upon whom the Lord casts His Glance of Grace. \|\|3\|\| |
| ਤੁਧੁ ਬਾਝੁ ਪਿਆਰੇ ਕੇਵ ਰਹਾ ॥ | Without You, O Beloved, how could I even live? |
| ਸਾ ਵਡਿਆਈ ਦੇਹਿ ਜਿਤੁ ਨਾਮਿ ਤੇਰੇ ਲਾਗਿ ਰਹਾਂ ॥ | Bless me with such greatness, that I may remain attached to Your Name. |
| ਦੂਜਾ ਨਾਹੀ ਕੋਇ ਜਿਸੁ ਆਗੈ ਪਿਆਰੇ ਜਾਇ ਕਹਾ ॥੧॥ ਰਹਾਉ ॥ | There is no other, O Beloved, to whom I can go and speak. \|\|1\|\|Pause\|\| |
| ਸੇਵੀ ਸਾਹਿਬੁ ਆਪਣਾ ਅਵਰੁ ਨ ਜਾਚੰਉ ਕੋਇ ॥ | I serve my Lord and Master; I ask for no other. |
| ਨਾਨਕੁ ਤਾ ਕਾ ਦਾਸੁ ਹੈ ਬਿੰਦ ਬਿੰਦ ਚੁਖ ਚੁਖ ਹੋਇ ॥੪॥ | Nanak is His slave; moment by moment, bit by bit, he is a sacrifice to Him. \|\|4\|\| |
| ਸਾਹਿਬ ਤੇਰੇ ਨਾਮ ਵਿਟਹੁ ਬਿੰਦ ਬਿੰਦ ਚੁਖ ਚੁਖ ਹੋਇ ॥੧॥ ਰਹਾਉ ॥੪॥੧॥ | O Lord Master, I am a sacrifice to Your Name, moment by moment, bit by bit. \|\|1\|\|Pause\|\|4\|\|1\|\| |
| ਧਨਾਸਰੀ ਮਹਲਾ ੧ ॥ | Dhanaasaree, First Mehl: |
| ਹਮ ਆਦਮੀ ਹਾਂ ਇਕ ਦਮੀ ਮੁਹਲਤਿ ਮੁਹਤੁ ਨ ਜਾਣਾ ॥ | We are human beings of the briefest moment; we do not know the appointed time of our departure. |
| ਨਾਨਕੁ ਬਿਨਵੈ ਤਿਸੈ ਸਰੇਵਹੁ ਜਾ ਕੇ ਜੀਅ ਪਰਾਣਾ ॥੧॥ | Prays Nanak, serve the One, to whom our soul and breath of life belong. \|\|1\|\| |

| | |
|---|---|
| ਅੰਧੇ ਜੀਵਨਾ ਵੀਚਾਰਿ ਦੇਖਿ ਕੇਤੇ ਕੇ ਦਿਨਾ ॥੧॥ ਰਹਾਉ ॥ | You are blind - see and consider, how many days your life shall last. ‖1‖Pause‖ |
| ਸਾਸੁ ਮਾਸੁ ਸਭੁ ਜੀਉ ਤੁਮਾਰਾ ਤੂ ਮੈ ਖਰਾ ਪਿਆਰਾ ॥ | My breath, my flesh and my soul are all Yours, Lord; You are so very dear to me. |
| ਨਾਨਕੁ ਸਾਇਰੁ ਏਵ ਕਹਤੁ ਹੈ ਸਚੇ ਪਰਵਦਗਾਰਾ ॥੨॥ | Nanak, the poet, says this, O True Lord Cherisher. ‖2‖ |
| ਜੇ ਤੂ ਕਿਸੈ ਨ ਦੇਹੀ ਮੇਰੇ ਸਾਹਿਬਾ ਕਿਆ ਕੋ ਕਢੈ ਗਹਣਾ ॥ | If you gave nothing, O my Lord and Master, what could anyone pledge to You? |
| ਨਾਨਕੁ ਬਿਨਵੈ ਸੋ ਕਿਛੁ ਪਾਈਐ ਪੁਰਬਿ ਲਿਖੇ ਕਾ ਲਹਣਾ ॥੩॥ | Nanak prays, we receive that which we are pre-destined to receive. ‖3‖ |
| ਨਾਮੁ ਖਸਮ ਕਾ ਚਿਤਿ ਨ ਕੀਆ ਕਪਟੀ ਕਪਟੁ ਕਮਾਣਾ ॥ | The deceitful person does not remember the Lord's Name; he practices only deceit. |
| ਜਮ ਦੁਆਰਿ ਜਾ ਪਕੜਿ ਚਲਾਇਆ ਤਾ ਚਲਦਾ ਪਛੁਤਾਣਾ ॥੪॥ | When he is marched in chains to Death's door, then, he regrets his actions. ‖4‖ |

## ੬੬੧ — 661

| | |
|---|---|
| ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ ॥ | As long as we are in this world, O Nanak, we should listen, and speak of the Lord. |
| ਭਾਲਿ ਰਹੇ ਹਮ ਰਹਣੁ ਨ ਪਾਇਆ ਜੀਵਤਿਆ ਮਰਿ ਰਹੀਐ ॥੫॥੨॥ | I have searched, but I have found no way to remain here; so, remain dead while yet alive. ‖5‖2‖ |
| ਧਨਾਸਰੀ ਮਹਲਾ ੧ ਘਰੁ ਦੂਜਾ | Dhanaasaree, First Mehl, Second House: |
| ੧ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਕਿਉ ਸਿਮਰੀ ਸਿਵਰਿਆ ਨਹੀ ਜਾਇ ॥ | How can I remember the Lord in meditation? I cannot meditate on Him in remembrance. |
| ਤਪੈ ਹਿਆਉ ਜੀਅੜਾ ਬਿਲਲਾਇ ॥ | My heart is burning, and my soul is crying out in pain. |
| ਸਿਰਜਿ ਸਵਾਰੇ ਸਾਚਾ ਸੋਇ ॥ | The True Lord creates and adorns. |
| ਤਿਸੁ ਵਿਸਰਿਐ ਚੰਗਾ ਕਿਉ ਹੋਇ ॥੧॥ | Forgetting Him, how can one be good? ‖1‖ |
| ਹਿਕਮਤਿ ਹੁਕਮਿ ਨ ਪਾਇਆ ਜਾਇ ॥ | By clever tricks and commands, He cannot be found. |

| | |
|---|---|
| ਕਿਉ ਕਰਿ ਸਾਚਿ ਮਿਲਉ ਮੇਰੀ ਮਾਇ ॥੧॥ ਰਹਾਉ ॥ | How am I to meet my True Lord, O my mother? \|\|1\|\|Pause\|\| |
| ਵਖਰੁ ਨਾਮੁ ਦੇਖਣ ਕੋਈ ਜਾਇ ॥ | How rare is the one who goes out, and searches for the merchandise of the Naam. |
| ਨਾ ਕੋ ਚਾਖੈ ਨਾ ਕੋ ਖਾਇ ॥ | No one tastes it, and no one eats it. |
| ਲੋਕਿ ਪਤੀਣੈ ਨਾ ਪਤਿ ਹੋਇ ॥ | Honor is not obtained by trying to please other people. |
| ਤਾ ਪਤਿ ਰਹੈ ਰਾਖੈ ਜਾ ਸੋਇ ॥੨॥ | One's honor is preserved, only if the Lord preserves it. \|\|2\|\| |
| ਜਹ ਦੇਖਾ ਤਹ ਰਹਿਆ ਸਮਾਇ ॥ | Wherever I look, there I see Him, pervading and permeating. |
| ਤੁਧੁ ਬਿਨੁ ਦੂਜੀ ਨਾਹੀ ਜਾਇ ॥ | Without You, I have no other place of rest. |
| ਜੇ ਕੋ ਕਰੇ ਕੀਤੈ ਕਿਆ ਹੋਇ ॥ | He may try, but what can anyone do by his own doing? |
| ਜਿਸ ਨੋ ਬਖਸੇ ਸਾਚਾ ਸੋਇ ॥੩॥ | He alone is blessed, whom the True Lord forgives. \|\|3\|\| |
| ਹੁਣਿ ਉਠਿ ਚਲਣਾ ਮੁਹਤਿ ਕਿ ਤਾਲਿ ॥ | Now, I shall have to get up and depart, in an instant, in the clapping of hands. |
| ਕਿਆ ਮੁਹੁ ਦੇਸਾ ਗੁਣ ਨਹੀ ਨਾਲਿ ॥ | What face will I show the Lord? I have no virtue at all. |
| ਜੈਸੀ ਨਦਰਿ ਕਰੇ ਤੈਸਾ ਹੋਇ ॥ | As is the Lord's Glance of Grace, so it is. |
| ਵਿਣੁ ਨਦਰੀ ਨਾਨਕ ਨਹੀ ਕੋਇ ॥੪॥੧॥੩॥ | Without His Glance of Grace, O Nanak, no one is blessed. \|\|4\|\|1\|\|3\|\| |
| ਧਨਾਸਰੀ ਮਹਲਾ ੧ ॥ | Dhanaasaree, First Mehl: |
| ਨਦਰਿ ਕਰੇ ਤਾ ਸਿਮਰਿਆ ਜਾਇ ॥ | If the Lord bestows His Glance of Grace, then one remembers Him in meditation. |
| ਆਤਮਾ ਦ੍ਰਵੈ ਰਹੈ ਲਿਵ ਲਾਇ ॥ | The soul is softened, and he remains absorbed in the Lord's Love. |
| ਆਤਮਾ ਪਰਾਤਮਾ ਏਕੋ ਕਰੈ ॥ | His soul and the Supreme Soul become one. |
| ਅੰਤਰ ਕੀ ਦੁਬਿਧਾ ਅੰਤਰਿ ਮਰੈ ॥੧॥ | The duality of the inner mind is overcome. \|\|1\|\| |
| ਗੁਰ ਪਰਸਾਦੀ ਪਾਇਆ ਜਾਇ ॥ | By Guru's Grace, God is found. |
| ਹਰਿ ਸਿਉ ਚਿਤੁ ਲਾਗੈ ਫਿਰਿ ਕਾਲੁ ਨ ਖਾਇ ॥੧॥ ਰਹਾਉ ॥ | One's consciousness is attached to the Lord, and so Death does not devour him. \|\|1\|\|Pause\|\| |
| ਸਚਿ ਸਿਮਰਿਐ ਹੋਵੈ ਪਰਗਾਸੁ ॥ | Remembering the True Lord in meditation, one is enlightened. |

| | |
|---|---|
| ਤਾ ਤੇ ਬਿਖਿਆ ਮਹਿ ਰਹੈ ਉਦਾਸੁ ॥ | Then, in the midst of Maya, he remains detached. |
| ਸਤਿਗੁਰ ਕੀ ਐਸੀ ਵਡਿਆਈ ॥ | Such is the Glory of the True Guru; |
| ਪੁਤ੍ਰ ਕਲਤ੍ਰ ਵਿਚੇ ਗਤਿ ਪਾਈ ॥੨॥ | in the midst of children and spouses, they attain emancipation. \|\|2\|\| |
| ਐਸੀ ਸੇਵਕੁ ਸੇਵਾ ਕਰੈ ॥ | Such is the service which the Lord's servant performs, |
| ਜਿਸ ਕਾ ਜੀਉ ਤਿਸੁ ਆਗੈ ਧਰੈ ॥ | that he dedicates his soul to the Lord, to whom it belongs. |
| ਸਾਹਿਬ ਭਾਵੈ ਸੋ ਪਰਵਾਣੁ ॥ | One who is pleasing to the Lord and Master is acceptable. |
| ਸੋ ਸੇਵਕੁ ਦਰਗਹ ਪਾਵੈ ਮਾਣੁ ॥੩॥ | Such a servant obtains honor in the Court of the Lord. \|\|3\|\| |
| ਸਤਿਗੁਰ ਕੀ ਮੂਰਤਿ ਹਿਰਦੈ ਵਸਾਏ ॥ | He enshrines the image of the True Guru in his heart. |
| ਜੋ ਇਛੈ ਸੋਈ ਫਲੁ ਪਾਏ ॥ | He obtains the rewards which he desires. |
| ਸਾਚਾ ਸਾਹਿਬੁ ਕਿਰਪਾ ਕਰੈ ॥ | The True Lord and Master grants His Grace; |
| ਸੋ ਸੇਵਕੁ ਜਮ ਤੇ ਕੈਸਾ ਡਰੈ ॥੪॥ | how can such a servant be afraid of death? \|\|4\|\| |
| ਭਨਤਿ ਨਾਨਕੁ ਕਰੇ ਵੀਚਾਰੁ ॥ | Prays Nanak, practice contemplation, |
| ਸਾਚੀ ਬਾਣੀ ਸਿਉ ਧਰੇ ਪਿਆਰੁ ॥ | and enshrine love for the True Word of His Bani. |
| ਤਾ ਕੋ ਪਾਵੈ ਮੋਖ ਦੁਆਰੁ ॥ | Then, you shall find the Gate of Salvation. |
| ਜਪੁ ਤਪੁ ਸਭੁ ਇਹੁ ਸਬਦੁ ਹੈ ਸਾਰੁ ॥੫॥੨॥੪॥ | This Shabad is the most excellent of all chanting and austere meditations. \|\|5\|\|2\|\|4\|\| |
| ਧਨਾਸਰੀ ਮਹਲਾ ੧ ॥ | Dhanaasaree, First Mehl: |
| ਜੀਉ ਤਪਤੁ ਹੈ ਬਾਰੋ ਬਾਰ ॥ | My soul burns, over and over again. |
| ਤਪਿ ਤਪਿ ਖਪੈ ਬਹੁਤੁ ਬੇਕਾਰ ॥ | Burning and burning, it is ruined, and it falls into evil. |
| ਜੈ ਤਨਿ ਬਾਣੀ ਵਿਸਰਿ ਜਾਇ ॥ | That body, which forgets the Word of the Guru's Bani, |
| ਜਿਉ ਪਕਾ ਰੋਗੀ ਵਿਲਲਾਇ ॥੧॥ | cries out in pain, like a chronic patient. \|\|1\|\| |
| ਬਹੁਤਾ ਬੋਲਣੁ ਝਖਣੁ ਹੋਇ ॥ | To speak too much and babble is useless. |
| ਵਿਣੁ ਬੋਲੇ ਜਾਣੈ ਸਭੁ ਸੋਇ ॥੧॥ ਰਹਾਉ ॥ | Even without our speaking, He knows everything. \|\|1\|\|Pause\|\| |
| ਜਿਨਿ ਕਨ ਕੀਤੇ ਅਖੀ ਨਾਕੁ ॥ | He created our ears, eyes and nose. |
| ਜਿਨਿ ਜਿਹਵਾ ਦਿਤੀ ਬੋਲੇ ਤਾਤੁ ॥ | He gave us our tongue to speak so fluently. |

| ੬੬੨ | 662 |
|---|---|
| ਜਿਨਿ ਮਨੁ ਰਾਖਿਆ ਅਗਨੀ ਪਾਇ ॥ | He preserved the mind in the fire of the womb; |
| ਵਾਜੈ ਪਵਣੁ ਆਖੈ ਸਭ ਜਾਇ ॥੨॥ | at His Command, the wind blows everywhere. ‖2‖ |
| ਜੇਤਾ ਮੋਹੁ ਪਰੀਤਿ ਸੁਆਦ ॥ | These worldly attachments, loves and pleasurable tastes, |
| ਸਭਾ ਕਾਲਖ ਦਾਗਾ ਦਾਗ ॥ | all are just black stains. |
| ਦਾਗ ਦੋਸ ਮੁਹਿ ਚਲਿਆ ਲਾਇ ॥ | One who departs, with these black stains of sin on his face |
| ਦਰਗਹ ਬੈਸਣ ਨਾਹੀ ਜਾਇ ॥੩॥ | shall find no place to sit in the Court of the Lord. ‖3‖ |
| ਕਰਮਿ ਮਿਲੈ ਆਖਣੁ ਤੇਰਾ ਨਾਉ ॥ | By Your Grace, we chant Your Name. |
| ਜਿਤੁ ਲਗਿ ਤਰਣਾ ਹੋਰੁ ਨਹੀ ਥਾਉ ॥ | Becoming attached to it, one is saved; there is no other way. |
| ਜੇ ਕੋ ਡੂਬੈ ਫਿਰਿ ਹੋਵੈ ਸਾਰ ॥ | Even if one is drowning, still, he may be saved. |
| ਨਾਨਕ ਸਾਚਾ ਸਰਬ ਦਾਤਾਰ ॥੪॥੩॥੫॥ | O Nanak, the True Lord is the Giver of all. ‖4‖3‖5‖ |
| ਧਨਾਸਰੀ ਮਹਲਾ ੧ ॥ | Dhanaasaree, First Mehl: |
| ਚੋਰੁ ਸਲਾਹੇ ਚੀਤੁ ਨ ਭੀਜੈ ॥ | If a thief praises someone, his mind is not pleased. |
| ਜੇ ਬਦੀ ਕਰੇ ਤਾ ਤਸੂ ਨ ਛੀਜੈ ॥ | If a thief curses him, no damage is done. |
| ਚੋਰ ਕੀ ਹਾਮਾ ਭਰੇ ਨ ਕੋਇ ॥ | No one will take responsibility for a thief. |
| ਚੋਰੁ ਕੀਆ ਚੰਗਾ ਕਿਉ ਹੋਇ ॥੧॥ | How can a thief's actions be good? ‖1‖ |
| ਸੁਣਿ ਮਨ ਅੰਧੇ ਕੁਤੇ ਕੂੜਿਆਰ ॥ | Listen, O mind, you blind, false dog! |
| ਬਿਨੁ ਬੋਲੇ ਬੂਝੀਐ ਸਚਿਆਰ ॥੧॥ ਰਹਾਉ ॥ | Even without your speaking, the Lord knows and understands. ‖1‖Pause‖ |
| ਚੋਰੁ ਸੁਆਲਿਉ ਚੋਰੁ ਸਿਆਣਾ ॥ | A thief may be handsome, and a thief may be wise, |
| ਖੋਟੇ ਕਾ ਮੁਲੁ ਏਕੁ ਦੁਗਾਣਾ ॥ | but he is still just a counterfeit coin, worth only a shell. |
| ਜੇ ਸਾਥਿ ਰਖੀਐ ਦੀਜੈ ਰਲਾਇ ॥ | If it is kept and mixed with other coins, |
| ਜਾ ਪਰਖੀਐ ਖੋਟਾ ਹੋਇ ਜਾਇ ॥੨॥ | it will be found to be false, when the coins are inspected. ‖2‖ |
| ਜੈਸਾ ਕਰੇ ਸੁ ਤੈਸਾ ਪਾਵੈ ॥ | As one acts, so does he receive. |
| ਆਪਿ ਬੀਜਿ ਆਪੇ ਹੀ ਖਾਵੈ ॥ | As he plants, so does he eat. |
| ਜੇ ਵਡਿਆਈਆ ਆਪੇ ਖਾਇ ॥ | He may praise himself gloriously, |

| | |
|---|---|
| ਜੇਹੀ ਸੁਰਤਿ ਤੇਹੈ ਰਾਹਿ ਜਾਇ ॥੩॥ | but still, according to his understanding, so is the path he must follow. \|\|3\|\| |
| ਜੇ ਸਉ ਕੂੜੀਆ ਕੂੜੁ ਕਬਾੜੁ ॥ | He may tell hundreds of lies to conceal his falsehood, |
| ਭਾਵੈ ਸਭੁ ਆਖਉ ਸੰਸਾਰੁ ॥ | and all the world may call him good. |
| ਤੁਧੁ ਭਾਵੈ ਅਧੀ ਪਰਵਾਣੁ ॥ | If it pleases You, Lord, even the foolish are approved. |
| ਨਾਨਕ ਜਾਣੈ ਜਾਣੁ ਸੁਜਾਣੁ ॥੪॥੪॥੬॥ | O Nanak, the Lord is wise, knowing, all-knowing. \|\|4\|\|4\|\|6\|\| |
| ਧਨਾਸਰੀ ਮਹਲਾ ੧ ॥ | Dhanaasaree, First Mehl: |
| ਕਾਇਆ ਕਾਗਦੁ ਮਨੁ ਪਰਵਾਣਾ ॥ | The body is the paper, and the mind is the inscription written upon it. |
| ਸਿਰ ਕੇ ਲੇਖ ਨ ਪੜੈ ਇਆਣਾ ॥ | The ignorant fool does not read what is written on his forehead. |
| ਦਰਗਹ ਘੜੀਅਹਿ ਤੀਨੇ ਲੇਖ ॥ | In the Court of the Lord, three inscriptions are recorded. |
| ਖੋਟਾ ਕਾਮਿ ਨ ਆਵੈ ਵੇਖੁ ॥੧॥ | Behold, the counterfeit coin is worthless there. \|\|1\|\| |
| ਨਾਨਕ ਜੇ ਵਿਚਿ ਰੁਪਾ ਹੋਇ ॥ | O Nanak, if there is silver in it, |
| ਖਰਾ ਖਰਾ ਆਖੈ ਸਭੁ ਕੋਇ ॥੧॥ ਰਹਾਉ ॥ | then everyone proclaims, "It is genuine, it is genuine."\|\|1\|\|Pause\|\| |
| ਕਾਦੀ ਕੂੜੁ ਬੋਲਿ ਮਲੁ ਖਾਇ ॥ | The Qazi tells lies and eats filth; |
| ਬ੍ਰਾਹਮਣੁ ਨਾਵੈ ਜੀਆ ਘਾਇ ॥ | the Brahmin kills and then takes cleansing baths. |
| ਜੋਗੀ ਜੁਗਤਿ ਨ ਜਾਣੈ ਅੰਧੁ ॥ | The Yogi is blind, and does not know the Way. |
| ਤੀਨੇ ਓਜਾੜੇ ਕਾ ਬੰਧੁ ॥੨॥ | The three of them devise their own destruction. \|\|2\|\| |
| ਸੋ ਜੋਗੀ ਜੋ ਜੁਗਤਿ ਪਛਾਣੈ ॥ | He alone is a Yogi, who understands the Way. |
| ਗੁਰ ਪਰਸਾਦੀ ਏਕੋ ਜਾਣੈ ॥ | By Guru's Grace, he knows the One Lord. |
| ਕਾਜੀ ਸੋ ਜੋ ਉਲਟੀ ਕਰੈ ॥ | He alone is a Qazi, who turns away from the world, |
| ਗੁਰ ਪਰਸਾਦੀ ਜੀਵਤੁ ਮਰੈ ॥ | and who, by Guru's Grace, remains dead while yet alive. |
| ਸੋ ਬ੍ਰਾਹਮਣੁ ਜੋ ਬ੍ਰਹਮੁ ਬੀਚਾਰੈ ॥ | He alone is a Brahmin, who contemplates God. |
| ਆਪਿ ਤਰੈ ਸਗਲੇ ਕੁਲ ਤਾਰੈ ॥੩॥ | He saves himself, and saves all his generations as well. \|\|3\|\| |
| ਦਾਨਸਬੰਦੁ ਸੋਈ ਦਿਲਿ ਧੋਵੈ ॥ | One who cleanses his own mind is wise. |
| ਮੁਸਲਮਾਣੁ ਸੋਈ ਮਲੁ ਖੋਵੈ ॥ | One who cleanses himself of impurity is a Muslim. |

| | |
|---|---|
| ਪੜਿਆ ਬੂਝੈ ਸੋ ਪਰਵਾਣੁ ॥ | One who reads and understands is acceptable. |
| ਜਿਸੁ ਸਿਰਿ ਦਰਗਹ ਕਾ ਨੀਸਾਣੁ ॥੪॥੫॥੭॥ | Upon his forehead is the Insignia of the Court of the Lord. ‖4‖5‖7‖ |
| ਧਨਾਸਰੀ ਮਹਲਾ ੧ ਘਰੁ ੩ | Dhanaasaree, First Mehl, Third House: |
| ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਕਾਲੁ ਨਾਹੀ ਜੋਗੁ ਨਾਹੀ ਨਾਹੀ ਸਤ ਕਾ ਢਬੁ ॥ | No, no, this is not the time, when people know the way to Yoga and Truth. |
| ਥਾਨਸਟ ਜਗ ਭਰਿਸਟ ਹੋਏ ਡੂਬਤਾ ਇਵ ਜਗੁ ॥੧॥ | The holy places of worship in the world are polluted, and so the world is drowning. ‖1‖ |
| ਕਲ ਮਹਿ ਰਾਮ ਨਾਮੁ ਸਾਰੁ ॥ | In this Dark Age of Kali Yuga, the Lord's Name is the most sublime. |
| ਅਖੀ ਤ ਮੀਟਹਿ ਨਾਕ ਪਕੜਹਿ ਠਗਣ ਕਉ ਸੰਸਾਰੁ ॥੧॥ ਰਹਾਉ ॥ | Some people try to deceive the world by closing their eyes and holding their nostrils closed. ‖1‖Pause‖ |
| ਆਂਟ ਸੇਤੀ ਨਾਕੁ ਪਕੜਹਿ ਸੂਝਤੇ ਤਿਨਿ ਲੋਅ ॥ | They close off their nostrils with their fingers, and claim to see the three worlds. |
| **੬੬੩** | **663** |
| ਮਗਰ ਪਾਛੈ ਕਛੁ ਨ ਸੂਝੈ ਏਹੁ ਪਦਮੁ ਅਲੋਅ ॥੨॥ | But they cannot even see what is behind them. What a strange lotus pose this is! ‖2‖ |
| ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ ॥ | The K'shatriyas have abandoned their religion, and have adopted a foreign language. |
| ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ ॥੩॥ | The whole world has been reduced to the same social status; the state of righteousness and Dharma has been lost. ‖3‖ |
| ਅਸਟ ਸਾਜ ਸਾਜਿ ਪੁਰਾਣ ਸੋਧਹਿ ਕਰਹਿ ਬੇਦ ਅਭਿਆਸੁ ॥ | They analyze eight chapters of (Panini's) grammar and the Puraanas. They study the Vedas, |
| ਬਿਨੁ ਨਾਮ ਹਰਿ ਕੇ ਮੁਕਤਿ ਨਾਹੀ ਕਹੈ ਨਾਨਕੁ ਦਾਸੁ ॥੪॥੧॥੬॥੮॥ | but without the Lord's Name, no one is liberated; so says Nanak, the Lord's slave. ‖4‖1‖6‖8‖ |

| | |
|---|---|
| ਧਨਾਸਰੀ ਮਹਲਾ ੧ ਆਰਤੀ | Dhanaasaree, First Mehl, Aartee: |
| ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ ॥ | In the bowl of the sky, the sun and moon are the lamps; the stars in the constellations are the pearls. |
| ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ ॥੧॥ | The fragrance of sandalwood is the incense, the wind is the fan, and all the vegetation are flowers in offering to You, O Luminous Lord. \|\|1\|\| |
| ਨਿਰਭਉ ਨਾਮੁ ਜਪਹੁ ਹਰਿ ਰੰਗੇ ॥੩॥ | He chants the Name of the Fearless Lord, and is imbued with the Lord's Love. \|\|3\|\| |
| ਪਰ ਧਨ ਦੋਖ ਕਿਛੁ ਪਾਪ ਨ ਫੇੜੇ ॥ | One who does not steal the wealth of others, who does not commit evil deeds or sinful acts |
| ਜਮ ਜੰਦਾਰੁ ਨ ਆਵੈ ਨੇੜੇ ॥੪॥ | - the Messenger of Death does not even approach him. \|\|4\|\| |
| ਤ੍ਰਿਸਨਾ ਅਗਨਿ ਪ੍ਰਭਿ ਆਪਿ ਬੁਝਾਈ ॥ | God Himself quenches the fires of desire. |

| | |
|---|---|
| ਨਾਨਕ ਉਧਰੇ ਪ੍ਰਭ ਸਰਣਾਈ ॥੫॥੧॥੫੫॥ | O Nanak, in God's Sanctuary, one is saved. \|\|5\|\|1\|\|55\|\| |
| ਧਨਾਸਰੀ ਮਹਲਾ ੫ ॥ | Dhanaasaree, Fifth Mehl: |
| ਤ੍ਰਿਪਤਿ ਭਈ ਸਚੁ ਭੋਜਨੁ ਖਾਇਆ ॥ | I am satisfied and satiated, eating the food of Truth. |
| ਮਨਿ ਤਨਿ ਰਸਨਾ ਨਾਮੁ ਧਿਆਇਆ ॥੧॥ | With my mind, body and tongue, I meditate on the Naam, the Name of the Lord. \|\|1\|\| |
| ਜੀਵਨਾ ਹਰਿ ਜੀਵਨਾ ॥ | Life, spiritual life, is in the Lord. |
| ਜੀਵਨੁ ਹਰਿ ਜਪਿ ਸਾਧਸੰਗਿ ॥੧॥ ਰਹਾਉ ॥ | Spiritual life consists of chanting the Lord's Name in the Saadh Sangat, the Company of the Holy. \|\|1\|\|Pause\|\| |
| ਅਨਿਕ ਪ੍ਰਕਾਰੀ ਬਸਤ੍ਰ ਓਢਾਏ ॥ | He is dressed in robes of all sorts, |
| ਅਨਦਿਨੁ ਕੀਰਤਨੁ ਹਰਿ ਗੁਨ ਗਾਏ ॥੨॥ | if he sings the Kirtan of the Lord's Glorious Praises, day and night. \|\|2\|\| |
| ਹਸਤੀ ਰਥ ਅਸੁ ਅਸਵਾਰੀ ॥ | He rides upon elephants, chariots and horses, |
| ਹਰਿ ਕਾ ਮਾਰਗੁ ਰਿਦੈ ਨਿਹਾਰੀ ॥੩॥ | if he sees the Lord's Path within his own heart. \|\|3\|\| |
| ਮਨ ਤਨ ਅੰਤਰਿ ਚਰਨ ਧਿਆਇਆ ॥ | Meditating on the Lord's Feet, deep within his mind and body, |
| ਹਰਿ ਸੁਖ ਨਿਧਾਨ ਨਾਨਕ ਦਾਸਿ ਪਾਇਆ ॥੪॥੨॥੫੬॥ | slave Nanak has found the Lord, the treasure of peace. \|\|4\|\|2\|\|56\|\| |
| ਧਨਾਸਰੀ ਮਹਲਾ ੫ ॥ | Dhanaasaree, Fifth Mehl: |
| ਗੁਰ ਕੇ ਚਰਨ ਜੀਅ ਕਾ ਨਿਸਤਾਰਾ ॥ | The Guru's feet emancipate the soul. |
| ਸਮੁੰਦੁ ਸਾਗਰੁ ਜਿਨਿ ਖਿਨ ਮਹਿ ਤਾਰਾ ॥੧॥ ਰਹਾਉ ॥ | They carry it across the world-ocean in an instant. \|\|1\|\|Pause\|\| |
| ਕੋਈ ਹੋਆ ਕ੍ਰਮ ਰਤੁ ਕੋਈ ਤੀਰਥ ਨਾਇਆ ॥ | Some love rituals, and some bathe at sacred shrines of pilgrimage. |
| ਦਾਸੀਂ ਹਰਿ ਕਾ ਨਾਮੁ ਧਿਆਇਆ ॥੧॥ | The Lord's slaves meditate on His Name. \|\|1\|\| |
| ਬੰਧਨ ਕਾਟਨਹਾਰੁ ਸੁਆਮੀ ॥ | The Lord Master is the Breaker of bonds. |

| | |
|---|---|
| ਜਨ ਨਾਨਕੁ ਸਿਮਰੈ ਅੰਤਰਜਾਮੀ ॥੨॥੩॥੫੭॥ | Servant Nanak meditates in remembrance on the Lord, the Inner-knower, the Searcher of hearts. \|\|2\|\|3\|\|57\|\| |
| ਧਨਾਸਰੀ ਮਹਲਾ ੫ ॥ | Dhanaasaree, Fifth Mehl: |
| ਕਿਤੈ ਪ੍ਰਕਾਰਿ ਨ ਤੂਟਉ ਪ੍ਰੀਤਿ ॥ ਦਾਸ ਤੇਰੇ ਕੀ ਨਿਰਮਲ ਰੀਤਿ ॥੧॥ ਰਹਾਉ ॥ | The lifestyle of Your slave is so pure, that nothing can break his love for You. \|\|1\|\|Pause\|\| |
| ਜੀਅ ਪ੍ਰਾਨ ਮਨ ਧਨ ਤੇ ਪਿਆਰਾ ॥ | He is more dear to me than my soul, my breath of life, my mind and my wealth. |
| ਹਉਮੈ ਬੰਧੁ ਹਰਿ ਦੇਵਣਹਾਰਾ ॥੧॥ | The Lord is the Giver, the Restrainer of the ego. \|\|1\|\| |
| ਚਰਨ ਕਮਲ ਸਿਉ ਲਾਗਉ ਨੇਹੁ ॥ | I am in love with the Lord's lotus feet. |
| ਨਾਨਕ ਕੀ ਬੇਨੰਤੀ ਏਹ ॥੨॥੪॥੫੮॥ | This alone is Nanak's prayer. \|\|2\|\|4\|\|58\|\| |
| ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਧਨਾਸਰੀ ਮਹਲਾ ੯ ॥ | Dhanaasaree, Ninth Mehl: |
| ਕਾਹੇ ਰੇ ਬਨ ਖੋਜਨ ਜਾਈ ॥ | Why do you go looking for Him in the forest? |
| ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ ॥੧॥ ਰਹਾਉ ॥ | Although he is unattached, he dwells everywhere. He is always with you as your companion. \|\|1\|\|Pause\|\| |
| ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ ॥ | Like the fragrance which remains in the flower, and like the reflection in the mirror, |
| ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ ॥੧॥ | the Lord dwells deep within; search for Him within your own heart, O Siblings of Destiny. \|\|1\|\| |
| ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ ॥ | Outside and inside, know that there is only the One Lord; the Guru has imparted this wisdom to me. |
| ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ ॥੨॥੧॥ | O servant Nanak, without knowing one's own self, the moss of doubt is not removed. \|\|2\|\|1\|\| |
| ਧਨਾਸਰੀ ਮਹਲਾ ੯ ॥ | Dhanaasaree, Ninth Mehl: |
| ਸਾਧੋ ਇਹੁ ਜਗੁ ਭਰਮ ਭੁਲਾਨਾ ॥ | O Holy people, this world is deluded by doubt. |

| | |
|---|---|
| ਰਾਮ ਨਾਮ ਕਾ ਸਿਮਰਨੁ ਛੋਡਿਆ ਮਾਇਆ ਹਾਥਿ ਬਿਕਾਨਾ ॥੧॥ ਰਹਾਉ ॥ | It has forsaken the meditative remembrance of the Lord's Name, and sold itself out to Maya. \|\|1\|\|Pause\|\| |
| ਮਾਤ ਪਿਤਾ ਭਾਈ ਸੁਤ ਬਨਿਤਾ ਤਾ ਕੈ ਰਸਿ ਲਪਟਾਨਾ ॥ | Mother, father, siblings, children and spouse - he is entangled in their love. |
| **੬੮੫** | **685** |
| ਜੋਬਨੁ ਧਨੁ ਪ੍ਰਭਤਾ ਕੈ ਮਦ ਮੈ ਅਹਿਨਿਸਿ ਰਹੈ ਦਿਵਾਨਾ ॥੧॥ | In the pride of youth, wealth and glory, day and night, he remains intoxicated. \|\|1\|\| |
| ਦੀਨ ਦਇਆਲ ਸਦਾ ਦੁਖ ਭੰਜਨ ਤਾ ਸਿਉ ਮਨੁ ਨ ਲਗਾਨਾ ॥ | God is merciful to the meek, and forever the Destroyer of pain, but the mortal does not center his mind on Him. |
| ਜਨ ਨਾਨਕ ਕੋਟਨ ਮੈ ਕਿਨਹੂ ਗੁਰਮੁਖਿ ਹੋਇ ਪਛਾਨਾ ॥੨॥੨॥ | O servant Nanak, among millions, only a rare few, as Gurmukh, realize God. \|\|2\|\|2\|\| |
| ਧਨਾਸਰੀ ਮਹਲਾ ੯ ॥ | Dhanaasaree, Ninth Mehl: |
| ਤਿਹ ਜੋਗੀ ਕਉ ਜੁਗਤਿ ਨ ਜਾਨਉ ॥ | That Yogi does not know the way. |
| ਲੋਭ ਮੋਹ ਮਾਇਆ ਮਮਤਾ ਫੁਨਿ ਜਿਹ ਘਟਿ ਮਾਹਿ ਪਛਾਨਉ ॥੧॥ ਰਹਾਉ ॥ | Understand that his heart is filled with greed, emotional attachment, Maya and egotism. \|\|1\|\|Pause\|\| |
| ਪਰ ਨਿੰਦਾ ਉਸਤਤਿ ਨਹ ਜਾ ਕੈ ਕੰਚਨ ਲੋਹ ਸਮਾਨੋ ॥ | One who does not slander or praise others, who looks upon gold and iron alike, |
| ਹਰਖ ਸੋਗ ਤੇ ਰਹੈ ਅਤੀਤਾ ਜੋਗੀ ਤਾਹਿ ਬਖਾਨੋ ॥੧॥ | who is free from pleasure and pain - he alone is called a true Yogi. \|\|1\|\| |
| ਚੰਚਲ ਮਨੁ ਦਹ ਦਿਸਿ ਕਉ ਧਾਵਤ ਅਚਲ ਜਾਹਿ ਠਹਰਾਨੋ ॥ | The restless mind wanders in the ten directions - it needs to be pacified and restrained. |
| ਕਹੁ ਨਾਨਕ ਇਹ ਬਿਧਿ ਕੋ ਜੋ ਨਰੁ ਮੁਕਤਿ ਤਾਹਿ ਤੁਮ ਮਾਨੋ ॥੨॥੩॥ | Says Nanak, whoever knows this technique is judged to be liberated. \|\|2\|\|3\|\| |
| ਧਨਾਸਰੀ ਮਹਲਾ ੯ ॥ | Dhanaasaree, Ninth Mehl: |
| ਅਬ ਮੈ ਕਉਨੁ ਉਪਾਉ ਕਰਉ ॥ | Now, what efforts should I make? |
| ਜਿਹ ਬਿਧਿ ਮਨ ਕੋ ਸੰਸਾ ਚੂਕੈ ਭਉ ਨਿਧਿ ਪਾਰਿ ਪਰਉ ॥੧॥ ਰਹਾਉ ॥ | How can I dispel the anxieties of my mind? How can I cross over the terrifying world-ocean? \|\|1\|\|Pause\|\| |

| | |
|---|---|
| ਜਨਮੁ ਪਾਇ ਕਛੁ ਭਲੋ ਨ ਕੀਨੋ ਤਾ ਤੇ ਅਧਿਕ ਡਰਉ ॥ | Obtaining this human incarnation, I have done no good deeds; this makes me very afraid! |
| ਮਨ ਬਚ ਕ੍ਰਮ ਹਰਿ ਗੁਨ ਨਹੀ ਗਾਏ ਯਹ ਜੀਅ ਸੋਚ ਧਰਉ ॥੧॥ | In thought, word and deed, I have not sung the Lord's Praises; this thought worries my mind. ‖1‖ |
| ਗੁਰਮਤਿ ਸੁਨਿ ਕਛੁ ਗਿਆਨੁ ਨ ਉਪਜਿਓ ਪਸੁ ਜਿਉ ਉਦਰੁ ਭਰਉ ॥ | I listened to the Guru's Teachings, but spiritual wisdom did not well up within me; like a beast, I fill my belly. |
| ਕਹੁ ਨਾਨਕ ਪ੍ਰਭ ਬਿਰਦੁ ਪਛਾਨਉ ਤਬ ਹਉ ਪਤਿਤ ਤਰਉ ॥੨॥੪॥੯॥੯॥੧੩॥੫੮॥੪॥੯੩॥ | Says Nanak, O God, please confirm Your Law of Grace; for only then can I, the sinner, be saved. ‖2‖4‖9‖9‖13‖58‖4‖93‖ |
| ਧਨਾਸਰੀ ਮਹਲਾ ੧ ਘਰੁ ੨ ਅਸਟਪਦੀਆ | Dhanaasaree, First Mehl, Second House, Ashtapadees: |
| ੧ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਗੁਰੁ ਸਾਗਰੁ ਰਤਨੀ ਭਰਪੂਰੇ ॥ | The Guru is the ocean, filled with pearls. |
| ਅੰਮ੍ਰਿਤੁ ਸੰਤ ਚੁਗਹਿ ਨਹੀ ਦੂਰੇ ॥ | The Saints gather in the Ambrosial Nectar; they do not go far away from there. |
| ਹਰਿ ਰਸੁ ਚੋਗ ਚੁਗਹਿ ਪ੍ਰਭ ਭਾਵੈ ॥ | They taste the subtle essence of the Lord; they are loved by God. |
| ਸਰਵਰ ਮਹਿ ਹੰਸੁ ਪ੍ਰਾਨਪਤਿ ਪਾਵੈ ॥੧॥ | Within this pool, the swans find their Lord, the Lord of their souls. ‖1‖ |
| ਕਿਆ ਬਗੁ ਬਪੁੜਾ ਛਪੜੀ ਨਾਇ ॥ | What can the poor crane accomplish by bathing in the mud puddle? |
| ਕੀਚੜਿ ਡੂਬੈ ਮੈਲੁ ਨ ਜਾਇ ॥੧॥ ਰਹਾਉ ॥ | It sinks into the mire, and its filth is not washed away. ‖1‖Pause‖ |
| ਰਖਿ ਰਖਿ ਚਰਨ ਧਰੇ ਵੀਚਾਰੀ ॥ | After careful deliberation, the thoughtful person takes a step. |
| ਦੁਬਿਧਾ ਛੋਡਿ ਭਏ ਨਿਰੰਕਾਰੀ ॥ | Forsaking duality, he becomes a devotee of the Formless Lord. |
| ਮੁਕਤਿ ਪਦਾਰਥੁ ਹਰਿ ਰਸ ਚਾਖੇ ॥ | He obtains the treasure of liberation, and enjoys the sublime essence of the Lord. |
| ਆਵਣ ਜਾਣ ਰਹੇ ਗੁਰਿ ਰਾਖੇ ॥੨॥ | His comings and goings end, and the Guru protects him. ‖2‖ |
| ਸਰਵਰ ਹੰਸਾ ਛੋਡਿ ਨ ਜਾਇ ॥ | The swan do not leave this pool. |
| ਪ੍ਰੇਮ ਭਗਤਿ ਕਰਿ ਸਹਜਿ ਸਮਾਇ ॥ | In loving devotional worship, they merge in the Celestial Lord. |

| | |
|---|---|
| ਸਰਵਰ ਮਹਿ ਹੰਸੁ ਹੰਸ ਮਹਿ ਸਾਗਰੁ ॥ | The swans are in the pool, and the pool is in the swans. |
| ਅਕਥ ਕਥਾ ਗੁਰ ਬਚਨੀ ਆਦਰੁ ॥੩॥ | They speak the Unspoken Speech, and they honor and revere the Guru's Word. \|\|3\|\| |
| ਸੁੰਨ ਮੰਡਲ ਇਕੁ ਜੋਗੀ ਬੈਸੇ ॥ | The Yogi, the Primal Lord, sits within the celestial sphere of deepest Samaadhi. |
| ਨਾਰਿ ਨ ਪੁਰਖੁ ਕਹਹੁ ਕੋਊ ਕੈਸੇ ॥ | He is not male, and He is not female; how can anyone describe Him? |
| ਤ੍ਰਿਭਵਣ ਜੋਤਿ ਰਹੇ ਲਿਵ ਲਾਈ ॥ | The three worlds continue to center their attention on His Light. |
| ਸੁਰਿ ਨਰ ਨਾਥ ਸਚੇ ਸਰਣਾਈ ॥੪॥ | The silent sages and the Yogic masters seek the Sanctuary of the True Lord. \|\|4\|\| |
| ਆਨੰਦ ਮੂਲੁ ਅਨਾਥ ਅਧਾਰੀ ॥ | The Lord is the source of bliss, the support of the helpless. |
| ਗੁਰਮੁਖਿ ਭਗਤਿ ਸਹਜਿ ਬੀਚਾਰੀ ॥ | The Gurmukhs worship and contemplate the Celestial Lord. |
| ਭਗਤਿ ਵਛਲ ਭੈ ਕਾਟਣਹਾਰੇ ॥ | God is the Lover of His devotees, the Destroyer of fear. |
| ਹਉਮੈ ਮਾਰਿ ਮਿਲੇ ਪਗੁ ਧਾਰੇ ॥੫॥ | Subduing ego, one meets the Lord, and places his feet on the Path. \|\|5\|\| |
| ਅਨਿਕ ਜਤਨ ਕਰਿ ਕਾਲੁ ਸੰਤਾਏ ॥ | He makes many efforts, but still, the Messenger of Death tortures him. |
| ਮਰਣੁ ਲਿਖਾਇ ਮੰਡਲ ਮਹਿ ਆਏ ॥ | Destined only to die, he comes into the world. |
| **੬੮੬** | **686** |
| ਜਨਮੁ ਪਦਾਰਥੁ ਦੁਬਿਧਾ ਖੋਵੈ ॥ | He wastes this precious human life through duality. |
| ਆਪੁ ਨ ਚੀਨਸਿ ਭ੍ਰਮਿ ਭ੍ਰਮਿ ਰੋਵੈ ॥੬॥ | He does not know his own self, and trapped by doubts, he cries out in pain. \|\|6\|\| |
| ਕਹਤਉ ਪੜਤਉ ਸੁਣਤਉ ਏਕ ॥ | Speak, read and hear of the One Lord. |
| ਧੀਰਜ ਧਰਮੁ ਧਰਣੀਧਰ ਟੇਕ ॥ | The Support of the earth shall bless you with courage, righteousness and protection. |
| ਜਤੁ ਸਤੁ ਸੰਜਮੁ ਰਿਦੈ ਸਮਾਏ ॥ | Chastity, purity and self-restraint are infused into the heart, |
| ਚਉਥੇ ਪਦ ਕਉ ਜੇ ਮਨੁ ਪਤੀਆਏ ॥੭॥ | when one centers his mind in the fourth state. \|\|7\|\| |
| ਸਾਚੇ ਨਿਰਮਲ ਮੈਲੁ ਨ ਲਾਗੈ ॥ | They are immaculate and true, and filth does not stick to them. |

| | |
|---|---|
| ਗੁਰ ਕੈ ਸਬਦਿ ਭਰਮ ਭਉ ਭਾਗੈ ॥ | Through the Word of the Guru's Shabad, their doubt and fear depart. |
| ਸੂਰਤਿ ਮੂਰਤਿ ਆਦਿ ਅਨੂਪੁ ॥ | The form and personality of the Primal Lord are incomparably beautiful. |
| ਨਾਨਕੁ ਜਾਚੈ ਸਾਚੁ ਸਰੂਪੁ ॥੮॥੧॥ | Nanak begs for the Lord, the Embodiment of Truth. \|\|8\|\|1\|\| |
| ਧਨਾਸਰੀ ਮਹਲਾ ੧ ॥ | Dhanaasaree, First Mehl: |
| ਸਹਜਿ ਮਿਲੈ ਮਿਲਿਆ ਪਰਵਾਣੁ ॥ | That union with the Lord is acceptable, which is united in intuitive poise. |
| ਨਾ ਤਿਸੁ ਮਰਣੁ ਨ ਆਵਣੁ ਜਾਣੁ ॥ | Thereafter, one does not die, and does not come and go in reincarnation. |
| ਠਾਕੁਰ ਮਹਿ ਦਾਸੁ ਦਾਸ ਮਹਿ ਸੋਇ ॥ | The Lord's slave is in the Lord, and the Lord is in His slave. |
| ਜਹ ਦੇਖਾ ਤਹ ਅਵਰੁ ਨ ਕੋਇ ॥੧॥ | Wherever I look, I see none other than the Lord. \|\|1\|\| |
| ਗੁਰਮੁਖਿ ਭਗਤਿ ਸਹਜ ਘਰੁ ਪਾਈਐ ॥ | The Gurmukhs worship the Lord, and find His celestial home. |
| ਬਿਨੁ ਗੁਰ ਭੇਟੇ ਮਰਿ ਆਈਐ ਜਾਈਐ ॥੧॥ ਰਹਾਉ ॥ | Without meeting the Guru, they die, and come and go in reincarnation. \|\|1\|\|Pause\|\| |
| ਸੋ ਗੁਰੁ ਕਰਉ ਜਿ ਸਾਚੁ ਦ੍ਰਿੜਾਵੈ ॥ | So make Him your Guru, who implants the Truth within you, |
| ਅਕਥੁ ਕਥਾਵੈ ਸਬਦਿ ਮਿਲਾਵੈ ॥ | who leads you to speak the Unspoken Speech, and who merges you in the Word of the Shabad. |
| ਹਰਿ ਕੇ ਲੋਗ ਅਵਰ ਨਹੀ ਕਾਰਾ ॥ | God's people have no other work to do; |
| ਸਾਚਉ ਠਾਕੁਰੁ ਸਾਚੁ ਪਿਆਰਾ ॥੨॥ | they love the True Lord and Master, and they love the Truth. \|\|2\|\| |
| ਤਨ ਮਹਿ ਮਨੂਆ ਮਨ ਮਹਿ ਸਾਚਾ ॥ | The mind is in the body, and the True Lord is in the mind. |
| ਸੋ ਸਾਚਾ ਮਿਲਿ ਸਾਚੇ ਰਾਚਾ ॥ | Merging into the True Lord, one is absorbed into Truth. |
| ਸੇਵਕੁ ਪ੍ਰਭ ਕੈ ਲਾਗੈ ਪਾਇ ॥ | God's servant bows at His feet. |
| ਸਤਿਗੁਰੁ ਪੂਰਾ ਮਿਲੈ ਮਿਲਾਇ ॥੩॥ | Meeting the True Guru, one meets with the Lord. \|\|3\|\| |
| ਆਪਿ ਦਿਖਾਵੈ ਆਪੇ ਦੇਖੈ ॥ | He Himself watches over us, and He Himself makes us see. |
| ਹਠਿ ਨ ਪਤੀਜੈ ਨਾ ਬਹੁ ਭੇਖੈ ॥ | He is not pleased by stubborn-mindedness, nor by various religious robes. |

| | |
|---|---|
| ਘੜਿ ਭਾਡੇ ਜਿਨਿ ਅੰਮ੍ਰਿਤੁ ਪਾਇਆ ॥ | He fashioned the body-vessels, and infused the Ambrosial Nectar into them; |
| ਪ੍ਰੇਮ ਭਗਤਿ ਪ੍ਰਭਿ ਮਨੁ ਪਤੀਆਇਆ ॥੪॥ | God's Mind is pleased only by loving devotional worship. \|\|4\|\| |
| ਪੜਿ ਪੜਿ ਭੂਲਹਿ ਚੋਟਾ ਖਾਹਿ ॥ | Reading and studying, one becomes confused, and suffers punishment. |
| ਬਹੁਤੁ ਸਿਆਣਪ ਆਵਹਿ ਜਾਹਿ ॥ | By great cleverness, one is consigned to coming and going in reincarnation. |
| ਨਾਮੁ ਜਪੈ ਭਉ ਭੋਜਨੁ ਖਾਇ ॥ | One who chants the Naam, the Name of the Lord, and eats the food of the Fear of God |
| ਗੁਰਮੁਖਿ ਸੇਵਕ ਰਹੇ ਸਮਾਇ ॥੫॥ | becomes Gurmukh, the Lord's servant, and remains absorbed in the Lord. \|\|5\|\| |
| ਪੂਜਿ ਸਿਲਾ ਤੀਰਥ ਬਨ ਵਾਸਾ ॥ | He worships stones, dwells at sacred shrines of pilgrimage and in the jungles, |
| ਭਰਮਤ ਡੋਲਤ ਭਏ ਉਦਾਸਾ ॥ | wanders, roams around and becomes a renunciate. |
| ਮਨਿ ਮੈਲੈ ਸੂਚਾ ਕਿਉ ਹੋਇ ॥ | But his mind is still filthy - how can he become pure? |
| ਸਾਚਿ ਮਿਲੈ ਪਾਵੈ ਪਤਿ ਸੋਇ ॥੬॥ | One who meets the True Lord obtains honor. \|\|6\|\| |
| ਆਚਾਰਾ ਵੀਚਾਰੁ ਸਰੀਰਿ ॥ | One who embodies good conduct and contemplative meditation, |
| ਆਦਿ ਜੁਗਾਦਿ ਸਹਜਿ ਮਨੁ ਧੀਰਿ ॥ | his mind abides in intuitive poise and contentment, since the beginning of time, and throughout the ages. |
| ਪਲ ਪੰਕਜ ਮਹਿ ਕੋਟਿ ਉਧਾਰੇ ॥ | In the twinkling of an eye, he saves millions. |
| ਕਰਿ ਕਿਰਪਾ ਗੁਰੁ ਮੇਲਿ ਪਿਆਰੇ ॥੭॥ | Have mercy on me, O my Beloved, and let me meet the Guru. \|\|7\|\| |
| ਕਿਸੁ ਆਗੈ ਪ੍ਰਭ ਤੁਧੁ ਸਾਲਾਹੀ ॥ | Unto whom, O God, should I praise You? |
| ਤੁਧੁ ਬਿਨੁ ਦੂਜਾ ਮੈ ਕੋ ਨਾਹੀ ॥ | Without You, there is no other at all. |
| ਜਿਉ ਤੁਧੁ ਭਾਵੈ ਤਿਉ ਰਾਖੁ ਰਜਾਇ ॥ | As it pleases You, keep me under Your Will. |
| ਨਾਨਕ ਸਹਜਿ ਭਾਇ ਗੁਣ ਗਾਇ ॥੮॥੨॥ | Nanak, with intuitive poise and natural love, sings Your Glorious Praises. \|\|8\|\|2\|\| |

ਧਨਾਸਰੀ ਮਃ ੫ ਘਰੁ ੬
ਅਸਟਪਦੀ

Dhanaasaree, Fifth Mehl, Sixth House,
Ashtapadee:

ੴ ਸਤਿਗੁਰ ਪ੍ਰਸਾਦਿ ॥

One Universal Creator God.
By The Grace Of The True Guru:

ਜੋ ਜੋ ਜੂਨੀ ਆਇਓ ਤਿਹ ਤਿਹ ਉਰਝਾਇਓ ਮਾਣਸ ਜਨਮੁ ਸੰਜੋਗਿ ਪਾਇਆ ॥

Whoever is born into the world, is entangled in it; human birth is obtained only by good destiny.

ਤਾਕੀ ਹੈ ਓਟ ਸਾਧ ਰਾਖਹੁ ਦੇ ਕਰਿ ਹਾਥ ਕਰਿ ਕਿਰਪਾ ਮੇਲਹੁ ਹਰਿ ਰਾਇਆ ॥੧॥

I look to Your support, O Holy Saint; give me Your hand, and protect me. By Your Grace, let me meet the Lord, my King. ||1||

ਅਨਿਕ ਜਨਮ ਭ੍ਰਮਿ ਥਿਤਿ ਨਹੀ ਪਾਈ ॥

I wandered through countless incarnations, but I did not find stability anywhere.

ਕਰਉ ਸੇਵਾ ਗੁਰ ਲਾਗਉ ਚਰਨ ਗੋਵਿੰਦ ਜੀ ਕਾ ਮਾਰਗੁ ਦੇਹੁ ਜੀ ਬਤਾਈ ॥੧॥ ਰਹਾਉ ॥

I serve the Guru, and I fall at His feet, praying, "O Dear Lord of the Universe, please, show me the way."||1||Pause||

ਅਨਿਕ ਉਪਾਵ ਕਰਉ ਮਾਇਆ ਕਉ ਬਚਿਤਿ ਧਰਉ ਮੇਰੀ ਮੇਰੀ ਕਰਤ ਸਦ ਹੀ ਵਿਹਾਵੈ ॥

I have tried so many things to acquire the wealth of Maya, and to cherish it in my mind; I have passed my life constantly crying out, "Mine, mine!"

੬੮੭

687

ਕੋਈ ਐਸੋ ਰੇ ਭੇਟੈ ਸੰਤੁ ਮੇਰੀ ਲਾਹੈ ਸਗਲ ਚਿੰਤ ਠਾਕੁਰ ਸਿਉ ਮੇਰਾ ਰੰਗੁ ਲਾਵੈ ॥੨॥

Is there any such Saint, who would meet with me, take away my anxiety, and lead me to enshrine love for my Lord and Master. ||2||

ਪੜੇ ਰੇ ਸਗਲ ਬੇਦ ਨਹ ਚੂਕੈ ਮਨ ਭੇਦ ਇਕੁ ਖਿਨੁ ਨ ਧੀਰਹਿ ਮੇਰੇ ਘਰ ਕੇ ਪੰਚਾ ॥

I have read all the Vedas, and yet the sense of separation in my mind still has not been removed; the five thieves of my house are not quieted, even for an instant.

ਕੋਈ ਐਸੋ ਰੇ ਭਗਤੁ ਜੁ ਮਾਇਆ ਤੇ ਰਹਤੁ ਇਕੁ ਅੰਮ੍ਰਿਤ ਨਾਮੁ ਮੇਰੈ ਰਿਦੈ ਸਿੰਚਾ ॥੩॥

Is there any devotee, who is unattached to Maya, who may irrigate my mind with the Ambrosial Naam, the Name of the One Lord? ||3||

ਜੇਤੇ ਰੇ ਤੀਰਥ ਨਾਏ ਅਹੰਬੁਧਿ ਮੈਲੁ ਲਾਏ ਘਰ ਕੋ ਠਾਕੁਰੁ ਇਕੁ ਤਿਲੁ ਨ ਮਾਨੈ ॥

In spite of the many places of pilgrimage for people to bathe in, their minds are still stained by their stubborn ego; the Lord Master is not pleased by this at all.

| | |
|---|---|
| ਕਦਿ ਪਾਵਉ ਸਾਧਸੰਗੁ ਹਰਿ ਹਰਿ ਸਦਾ ਆਨੰਦੁ ਗਿਆਨ ਅੰਜਨਿ ਮੇਰਾ ਮਨੁ ਇਸਨਾਨੈ ॥੪॥ | When will I find the Saadh Sangat, the Company of the Holy? There, I shall be always in the ecstasy of the Lord, Har, Har, and my mind shall take its cleansing bath in the healing ointment of spiritual wisdom. \|\|4\|\| |
| ਸਗਲ ਅਸ੍ਰਮ ਕੀਨੇ ਮਨੂਆ ਨਹ ਪਤੀਨੇ ਬਿਬੇਕਹੀਨ ਦੇਹੀ ਧੋਏ ॥ | I have followed the four stages of life, but my mind is not satisfied; I wash my body, but it is totally lacking in understanding. |
| ਕੋਈ ਪਾਈਐ ਰੇ ਪੁਰਖੁ ਬਿਧਾਤਾ ਪਾਰਬ੍ਰਹਮ ਕੈ ਰੰਗਿ ਰਾਤਾ ਮੇਰੇ ਮਨ ਕੀ ਦੁਰਮਤਿ ਮਲੁ ਖੋਏ ॥੫॥ | If only I could meet some devotee of the Supreme Lord God, imbued with the Lord's Love, who could eradicate the filthy evil-mindedness from my mind. \|\|5\|\| |
| ਕਰਮ ਧਰਮ ਜੁਗਤਾ ਨਿਮਖ ਨ ਹੇਤੁ ਕਰਤਾ ਗਰਬਿ ਗਰਬਿ ਪੜੈ ਕਹੀ ਨ ਲੇਖੈ ॥ | One who is attached to religious rituals, does not love the Lord, even for an instant; he is filled with pride, and he is of no account. |
| ਜਿਸੁ ਭੇਟੀਐ ਸਫਲ ਮੂਰਤਿ ਕਰੈ ਸਦਾ ਕੀਰਤਿ ਗੁਰ ਪਰਸਾਦਿ ਕੋਊ ਨੇਤ੍ਰਹੁ ਪੇਖੈ ॥੬॥ | One who meets with the rewarding personality of the Guru, continually sings the Kirtan of the Lord's Praises. By Guru's Grace, such a rare one beholds the Lord with his eyes. \|\|6\|\| |
| ਮਨਹਠਿ ਜੋ ਕਮਾਵੈ ਤਿਲੁ ਨ ਲੇਖੈ ਪਾਵੈ ਬਗੁਲ ਜਿਉ ਧਿਆਨੁ ਲਾਵੈ ਮਾਇਆ ਰੇ ਧਾਰੀ ॥ | One who acts through stubbornness is of no account at all; like a crane, he pretends to meditate, but he is still stuck in Maya. |
| ਕੋਈ ਐਸੋ ਰੇ ਸੁਖਹ ਦਾਈ ਪ੍ਰਭ ਕੀ ਕਥਾ ਸੁਨਾਈ ਤਿਸੁ ਭੇਟੇ ਗਤਿ ਹੋਇ ਹਮਾਰੀ ॥੭॥ | Is there any such Giver of peace, who can recite to me the sermon of God? Meeting him, I would be emancipated. \|\|7\|\| |
| ਸੁਪ੍ਰਸੰਨ ਗੋਪਾਲ ਰਾਇ ਕਾਟੈ ਰੇ ਬੰਧਨ ਮਾਇ ਗੁਰ ਕੈ ਸਬਦਿ ਮੇਰਾ ਮਨੁ ਰਾਤਾ ॥ | When the Lord, my King, is totally pleased with me, He will break the bonds of Maya for me; my mind is imbued with the Word of the Guru's Shabad. |
| ਸਦਾ ਸਦਾ ਆਨੰਦੁ ਭੇਟਿਓ ਨਿਰਭੈ ਗੋਬਿੰਦੁ ਸੁਖ ਨਾਨਕ ਲਾਧੇ ਹਰਿ ਚਰਨ ਪਰਾਤਾ ॥੮॥ | I am in ecstasy, forever and ever, meeting the Fearless Lord, the Lord of the Universe. Falling at the Lord's Feet, Nanak has found peace. \|\|8\|\| |
| ਸਫਲ ਸਫਲ ਭਈ ਸਫਲ ਜਾਤ੍ਰਾ ॥ | My Yatra, my life pilgrimage, has become fruitful, fruitful, fruitful. |
| ਆਵਣ ਜਾਣ ਰਹੇ ਮਿਲੇ ਸਾਧਾ ॥੧॥ ਰਹਾਉ ਦੂਜਾ ॥੧॥੩॥ | My comings and goings have ended, since I met the Holy Saint. \|\|1\|\|Second Pause\|\|1\|\|3\|\| |

| | |
|---|---|
| ਧਨਾਸਰੀ ਮਹਲਾ ੧ ਛੰਤ<br>ੴ ਸਤਿਗੁਰ ਪ੍ਰਸਾਦਿ ॥ | Dhanaasaree, First Mehl, Chhant:<br>One Universal Creator God.<br>By The Grace Of The True Guru: |
| ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥ | Why should I bathe at sacred shrines of pilgrimage? The Naam, the Name of the Lord, is the sacred shrine of pilgrimage. |
| ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ ॥ | My sacred shrine of pilgrimage is spiritual wisdom within, and contemplation on the Word of the Shabad. |
| ਗੁਰ ਗਿਆਨੁ ਸਾਚਾ ਥਾਨੁ ਤੀਰਥੁ ਦਸ ਪੁਰਬ ਸਦਾ ਦਸਾਹਰਾ ॥ | The spiritual wisdom given by the Guru is the True sacred shrine of pilgrimage, where the ten festivals are always observed. |
| ਹਉ ਨਾਮੁ ਹਰਿ ਕਾ ਸਦਾ ਜਾਚਉ ਦੇਹੁ ਪ੍ਰਭ ਧਰਣੀਧਰਾ ॥ | I constantly beg for the Name of the Lord; grant it to me, O God, Sustainer of the world. |
| ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ ॥ | The world is sick, and the Naam is the medicine to cure it; without the True Lord, filth sticks to it. |
| ਗੁਰ ਵਾਕੁ ਨਿਰਮਲੁ ਸਦਾ ਚਾਨਣੁ ਨਿਤ ਸਾਚੁ ਤੀਰਥੁ ਮਜਨਾ ॥੧॥ | The Guru's Word is immaculate and pure; it radiates a steady Light. Constantly bathe in such a true shrine of pilgrimage. ‖1‖ |
| ਸਾਚਿ ਨ ਲਾਗੈ ਮੈਲੁ ਕਿਆ ਮਲੁ ਧੋਈਐ ॥ | Filth does not stick to the true ones; what filth do they have to wash off? |
| ਗੁਣਹਿ ਹਾਰੁ ਪਰੋਇ ਕਿਸ ਕਉ ਰੋਈਐ ॥ | If one strings a garland of virtues for oneself, what is there to cry for? |
| ਵੀਚਾਰਿ ਮਾਰੈ ਤਰੈ ਤਾਰੈ ਉਲਟਿ ਜੋਨਿ ਨ ਆਵਏ ॥ | One who conquers his own self through contemplation is saved, and saves others as well; he does not come to be born again. |
| ਆਪਿ ਪਾਰਸੁ ਪਰਮ ਧਿਆਨੀ ਸਾਚੁ ਸਾਚੇ ਭਾਵਏ ॥ | The supreme meditator is Himself the philosopher's stone, which transforms lead into gold. The true man is pleasing to the True Lord. |
| ਆਨੰਦੁ ਅਨਦਿਨੁ ਹਰਖੁ ਸਾਚਾ ਦੂਖ ਕਿਲਵਿਖ ਪਰਹਰੇ ॥ | He is in ecstasy, truly happy, night and day; his sorrows and sins are taken away. |
| ਸਚੁ ਨਾਮੁ ਪਾਇਆ ਗੁਰਿ ਦਿਖਾਇਆ ਮੈਲੁ ਨਾਹੀ ਸਚ ਮਨੇ ॥੨॥ | He finds the True Name, and beholds the Guru; with the True Name in his mind, no filth sticks to him. ‖2‖ |
| ਸੰਗਤਿ ਮੀਤ ਮਿਲਾਪੁ ਪੂਰਾ ਨਾਵਣੋ ॥ | O friend, association with the Holy is the perfect cleansing bath. |

| ੬੮੮ | 688 |
|---|---|
| ਗਾਵੈ ਗਾਵਣਹਾਰੁ ਸਬਦਿ ਸੁਹਾਵਣੋ ॥ | The singer who sings the Lord's Praises is adorned with the Word of the Shabad. |
| ਸਾਲਾਹਿ ਸਾਚੇ ਮੰਨਿ ਸਤਿਗੁਰੁ ਪੁੰਨ ਦਾਨ ਦਇਆ ਮਤੇ ॥ | Worship the True Lord, and believe in the True Guru; this brings the merit of making donations to charity, kindness and compassion. |
| ਪਿਰ ਸੰਗਿ ਭਾਵੈ ਸਹਜਿ ਨਾਵੈ ਬੇਣੀ ਤ ਸੰਗਮੁ ਸਤ ਸਤੇ ॥ | The soul-bride who loves to be with her Husband Lord bathes at the Triveni, the sacred place where the Ganges, Jamuna and Saraswaati Rivers converge, the Truest of the True. |
| ਆਰਾਧਿ ਏਕੰਕਾਰੁ ਸਾਚਾ ਨਿਤ ਦੇਇ ਚੜੈ ਸਵਾਇਆ ॥ | Worship and adore the One Creator, the True Lord, who constantly gives, whose gifts continually increase. |
| ਗਤਿ ਸੰਗਿ ਮੀਤਾ ਸੰਤਸੰਗਤਿ ਕਰਿ ਨਦਰਿ ਮੇਲਿ ਮਿਲਾਇਆ ॥੩॥ | Salvation is attained by associating with the Society of the Saints, O friend; granting His Grace, God unites us in His Union. \|\|3\|\| |
| ਕਹਣੁ ਕਹੈ ਸਭੁ ਕੋਇ ਕੇਵਡੁ ਆਖੀਐ ॥ | Everyone speaks and talks; how great should I say He is? |
| ਹਉ ਮੂਰਖੁ ਨੀਚੁ ਅਜਾਣੁ ਸਮਝਾ ਸਾਖੀਐ ॥ | I am foolish, lowly and ignorant; it is only through the Guru's Teachings that I understand. |
| ਸਚੁ ਗੁਰ ਕੀ ਸਾਖੀ ਅੰਮ੍ਰਿਤ ਭਾਖੀ ਤਿਤੁ ਮਨੁ ਮਾਨਿਆ ਮੇਰਾ ॥ | True are the Teachings of the Guru. His Words are Ambrosial Nectar; my mind is pleased and appeased by them. |
| ਕੂਚੁ ਕਰਹਿ ਆਵਹਿ ਬਿਖੁ ਲਾਦੇ ਸਬਦਿ ਸਚੈ ਗੁਰੁ ਮੇਰਾ ॥ | Loaded down with corruption and sin, people depart, and then come back again; the True Shabad is found through my Guru. |
| ਆਖਣਿ ਤੋਟਿ ਨ ਭਗਤਿ ਭੰਡਾਰੀ ਭਰਿਪੁਰਿ ਰਹਿਆ ਸੋਈ ॥ | There is no end to the treasure of devotion; the Lord is pervading everywhere. |
| ਨਾਨਕ ਸਾਚੁ ਕਹੈ ਬੇਨੰਤੀ ਮਨੁ ਮਾਂਜੈ ਸਚੁ ਸੋਈ ॥੪॥੧॥ | Nanak utters this true prayer; one who purifies his mind is True. \|\|4\|\|1\|\| |
| ਧਨਾਸਰੀ ਮਹਲਾ ੧ ॥ | Dhanaasaree, First Mehl: |
| ਜੀਵਾ ਤੇਰੈ ਨਾਇ ਮਨਿ ਆਨੰਦੁ ਹੈ ਜੀਉ ॥ | I live by Your Name; my mind is in ecstasy, Lord. |
| ਸਾਚੋ ਸਾਚਾ ਨਾਉ ਗੁਣ ਗੋਵਿੰਦੁ ਹੈ ਜੀਉ ॥ | True is the Name of the True Lord. Glorious are the Praises of the Lord of the Universe. |

ਗੁਰ ਗਿਆਨੁ ਅਪਾਰਾ ਸਿਰਜਣਹਾਰਾ ਜਿਨਿ ਸਿਰਜੀ ਤਿਨਿ ਗੋਈ ॥

Infinite is the spiritual wisdom imparted by the Guru. The Creator Lord who created, shall also destroy.

ਪਰਵਾਣਾ ਆਇਆ ਹੁਕਮਿ ਪਠਾਇਆ ਫੇਰਿ ਨ ਸਕੈ ਕੋਈ ॥

The call of death is sent out by the Lord's Command; no one can challenge it.

ਆਪੇ ਕਰਿ ਵੇਖੈ ਸਿਰਿ ਸਿਰਿ ਲੇਖੈ ਆਪੇ ਸੁਰਤਿ ਬੁਝਾਈ ॥

He Himself creates, and watches; His written command is above each and every head. He Himself imparts understanding and awareness.

ਨਾਨਕ ਸਾਹਿਬੁ ਅਗਮ ਅਗੋਚਰੁ ਜੀਵਾ ਸਚੀ ਨਾਈ ॥੧॥

O Nanak, the Lord Master is inaccessible and unfathomable; I live by His True Name. ||1||

ਤੁਮ ਸਰਿ ਅਵਰੁ ਨ ਕੋਇ ਆਇਆ ਜਾਇਸੀ ਜੀਉ ॥

No one can compare to You, Lord; all come and go.

ਹੁਕਮੀ ਹੋਇ ਨਿਬੇੜੁ ਭਰਮੁ ਚੁਕਾਇਸੀ ਜੀਉ ॥

By Your Command, the account is settled, and doubt is dispelled.

ਗੁਰੁ ਭਰਮੁ ਚੁਕਾਏ ਅਕਥੁ ਕਹਾਏ ਸਚ ਮਹਿ ਸਾਚੁ ਸਮਾਣਾ ॥

The Guru dispels doubt, and makes us speak the Unspoken Speech; the true ones are absorbed into Truth.

ਆਪਿ ਉਪਾਏ ਆਪਿ ਸਮਾਏ ਹੁਕਮੀ ਹੁਕਮੁ ਪਛਾਣਾ ॥

He Himself creates, and He Himself destroys; I accept the Command of the Commander Lord.

ਸਚੀ ਵਡਿਆਈ ਗੁਰ ਤੇ ਪਾਈ ਤੂ ਮਨਿ ਅੰਤਿ ਸਖਾਈ ॥

True greatness comes from the Guru; You alone are the mind's companion in the end.

ਨਾਨਕ ਸਾਹਿਬੁ ਅਵਰੁ ਨ ਦੂਜਾ ਨਾਮਿ ਤੇਰੈ ਵਡਿਆਈ ॥੨॥

O Nanak, there is no other than the Lord and Master; greatness comes from Your Name. ||2||

ਤੂ ਸਚਾ ਸਿਰਜਣਹਾਰੁ ਅਲਖ ਸਿਰੰਦਿਆ ਜੀਉ ॥

You are the True Creator Lord, the unknowable Maker.

ਏਕੁ ਸਾਹਿਬੁ ਦੁਇ ਰਾਹ ਵਾਦ ਵਧੰਦਿਆ ਜੀਉ ॥

There is only the One Lord and Master, but there are two paths, by which conflict increases.

ਦੁਇ ਰਾਹ ਚਲਾਏ ਹੁਕਮਿ ਸਬਾਏ ਜਨਮਿ ਮੁਆ ਸੰਸਾਰਾ ॥

All follow these two paths, by the Hukam of the Lord's Command; the world is born, only to die.

ਨਾਮ ਬਿਨਾ ਨਾਹੀ ਕੋ ਬੇਲੀ ਬਿਖੁ ਲਾਦੀ ਸਿਰਿ ਭਾਰਾ ॥

Without the Naam, the Name of the Lord, the mortal has no friend at all; he carries loads of sin on his head.

ਹੁਕਮੀ ਆਇਆ ਹੁਕਮੁ ਨ ਬੂਝੈ ਹੁਕਮਿ ਸਵਾਰਣਹਾਰਾ ॥

By the Hukam of the Lord's Command, he comes, but he does not understand this Hukam; the Lord's Hukam is the Embellisher.

ਨਾਨਕ ਸਾਹਿਬੁ ਸਬਦਿ ਸਿਞਾਪੈ ਸਾਚਾ ਸਿਰਜਣਹਾਰਾ ॥੩॥

O Nanak, through the Shabad, the Word of the Lord and Master, the True Creator Lord is realized. ||3||

ਭਗਤ ਸੋਹਹਿ ਦਰਵਾਰਿ ਸਬਦਿ ਸੁਹਾਇਆ ਜੀਉ ॥

Your devotees look beautiful in Your Court, embellished with the Shabad.

ਬੋਲਹਿ ਅੰਮ੍ਰਿਤ ਬਾਣਿ ਰਸਨ ਰਸਾਇਆ ਜੀਉ ॥

They chant the Ambrosial Word of His Bani, savoring it with their tongues.

ਰਸਨ ਰਸਾਏ ਨਾਮਿ ਤਿਸਾਏ ਗੁਰ ਕੈ ਸਬਦਿ ਵਿਕਾਣੇ ॥

Savoring it with their tongues, they thirst for the Naam; they are a sacrifice to the Word of the Guru's Shabad.

ਪਾਰਸਿ ਪਰਸਿਐ ਪਾਰਸੁ ਹੋਏ ਜਾ ਤੇਰੈ ਮਨਿ ਭਾਣੇ ॥

Touching the philosopher's stone, they become the philosopher's stone, which transforms lead into gold; O Lord, they become pleasing to your mind.

ਅਮਰਾ ਪਦੁ ਪਾਇਆ ਆਪੁ ਗਵਾਇਆ ਵਿਰਲਾ ਗਿਆਨ ਵੀਚਾਰੀ ॥

They attain the immortal status and eradicate their self-conceit; how rare is that person, who contemplates spiritual wisdom.

ਨਾਨਕ ਭਗਤ ਸੋਹਨਿ ਦਰਿ ਸਾਚੈ ਸਾਚੇ ਕੇ ਵਾਪਾਰੀ ॥੪॥

O Nanak, the devotees look beautiful in the Court of the True Lord; they are dealers in the Truth. ||4||

ਭੂਖ ਪਿਆਸੋ ਆਥਿ ਕਿਉ ਦਰਿ ਜਾਇਸਾ ਜੀਉ ॥

I am hungry and thirsty for wealth; how will I be able to go to the Lord's Court?

## ੬੮੯

## 689

ਸਤਿਗੁਰ ਪੂਛਉ ਜਾਇ ਨਾਮੁ ਧਿਆਇਸਾ ਜੀਉ ॥

I shall go and ask the True Guru, and meditate on the Naam, the Name of the Lord.

ਸਚੁ ਨਾਮੁ ਧਿਆਈ ਸਾਚੁ ਚਵਾਈ ਗੁਰਮੁਖਿ ਸਾਚੁ ਪਛਾਣਾ ॥

I meditate on the True Name, chant the True Name, and as Gurmukh, I realize the True Name.

ਦੀਨਾ ਨਾਥੁ ਦਇਆਲੁ ਨਿਰੰਜਨੁ ਅਨਦਿਨੁ ਨਾਮੁ ਵਖਾਣਾ ॥

Night and day, I chant the Name of the merciful, immaculate Lord, the Master of the poor.

ਕਰਣੀ ਕਾਰ ਧੁਰਹੁ ਫੁਰਮਾਈ ਆਪਿ ਮੁਆ ਮਨੁ ਮਾਰੀ ॥

The Primal Lord has ordained the tasks to be done; self-conceit is overcome, and the mind is subdued.

ਨਾਨਕ ਨਾਮੁ ਮਹਾ ਰਸੁ ਮੀਠਾ ਤ੍ਰਿਸਨਾ ਨਾਮਿ ਨਿਵਾਰੀ ॥੫॥੨॥

O Nanak, the Naam is the sweetest essence; through the Naam, thirst and desire are stilled. ||5||2||

| ਧਨਾਸਰੀ ਛੰਤ ਮਹਲਾ ੧ ॥ | Dhanaasaree, Chhant, First Mehl: |
|---|---|
| ਪਿਰ ਸੰਗਿ ਮੂਠੜੀਏ ਖਬਰਿ ਨ ਪਾਈਆ ਜੀਉ ॥ | Your Husband Lord is with you, O deluded soul-bride, but you do are not aware of Him. |
| ਮਸਤਕਿ ਲਿਖਿਅੜਾ ਲੇਖੁ ਪੁਰਬਿ ਕਮਾਇਆ ਜੀਉ ॥ | Your destiny is written on your forehead, according to your past actions. |
| ਲੇਖੁ ਨ ਮਿਟਈ ਪੁਰਬਿ ਕਮਾਇਆ ਕਿਆ ਜਾਣਾ ਕਿਆ ਹੋਸੀ ॥ | This inscription of past deeds cannot be erased; what do I know about what will happen? |
| ਗੁਣੀ ਅਚਾਰਿ ਨਹੀ ਰੰਗਿ ਰਾਤੀ ਅਵਗੁਣ ਬਹਿ ਬਹਿ ਰੋਸੀ ॥ | You have not adopted a virtuous lifestyle, and you are not attuned to the Lord's Love; you sit there, crying over your past misdeeds. |
| ਧਨੁ ਜੋਬਨੁ ਆਕ ਕੀ ਛਾਇਆ ਬਿਰਧਿ ਭਏ ਦਿਨ ਪੁੰਨਿਆ ॥ | Wealth and youth are like the shade of the bitter swallow-wort plant; you are growing old, and your days are coming to their end. |
| ਨਾਨਕ ਨਾਮ ਬਿਨਾ ਦੋਹਾਗਣਿ ਛੂਟੀ ਝੂਠਿ ਵਿਛੁੰਨਿਆ ॥੧॥ | O Nanak, without the Naam, the Name of the Lord, you shall end up as a discarded, divorced bride; your own falsehood shall separate you from the Lord. \|\|1\|\| |
| ਬੂਡੀ ਘਰੁ ਘਾਲਿਓ ਗੁਰ ਕੈ ਭਾਇ ਚਲੋ ॥ | You have drowned, and your house is ruined; walk in the Way of the Guru's Will. |
| ਸਾਚਾ ਨਾਮੁ ਧਿਆਇ ਪਾਵਹਿ ਸੁਖਿ ਮਹਲੋ ॥ | Meditate on the True Name, and you shall find peace in the Mansion of the Lord's Presence. |
| ਹਰਿ ਨਾਮੁ ਧਿਆਏ ਤਾ ਸੁਖੁ ਪਾਏ ਪੇਈਅੜੈ ਦਿਨ ਚਾਰੇ ॥ | Meditate on the Lord's Name, and you shall find peace; your stay in this world shall last only four days. |
| ਨਿਜ ਘਰਿ ਜਾਇ ਬਹੈ ਸਚੁ ਪਾਏ ਅਨਦਿਨੁ ਨਾਲਿ ਪਿਆਰੇ ॥ | Sit in the home of your own being, and you shall find Truth; night and day, be with your Beloved. |
| ਵਿਣੁ ਭਗਤੀ ਘਰਿ ਵਾਸੁ ਨ ਹੋਵੀ ਸੁਣਿਅਹੁ ਲੋਕ ਸਬਾਏ ॥ | Without loving devotion, you cannot dwell in your own home - listen, everyone! |
| ਨਾਨਕ ਸਰਸੀ ਤਾ ਪਿਰੁ ਪਾਏ ਰਾਤੀ ਸਾਚੈ ਨਾਏ ॥੨॥ | O Nanak, she is happy, and she obtains her Husband Lord, if she is attuned to the True Name. \|\|2\|\| |
| ਪਿਰੁ ਧਨ ਭਾਵੈ ਤਾ ਪਿਰ ਭਾਵੈ ਨਾਰੀ ਜੀਉ ॥ | If the soul-bride is pleasing to her Husband Lord, then the Husband Lord will love His bride. |
| ਰੰਗਿ ਪ੍ਰੀਤਮ ਰਾਤੀ ਗੁਰ ਕੈ ਸਬਦਿ ਵੀਚਾਰੀ ਜੀਉ ॥ | Imbued with the love of her Beloved, she contemplates the Word of the Guru's Shabad. |

| | |
|---|---|
| ਗੁਰ ਸਬਦਿ ਵੀਚਾਰੀ ਨਾਹ ਪਿਆਰੀ ਨਿਵਿ ਨਿਵਿ ਭਗਤਿ ਕਰੇਈ ॥ | She contemplates the Guru's Shabads, and her Husband Lord loves her; in deep humility, she worships Him in loving devotion. |
| ਮਾਇਆ ਮੋਹੁ ਜਲਾਏ ਪ੍ਰੀਤਮੁ ਰਸ ਮਹਿ ਰੰਗੁ ਕਰੇਈ ॥ | She burns away her emotional attachment to Maya, and in love, she loves her Beloved. |
| ਪ੍ਰਭ ਸਾਚੇ ਸੇਤੀ ਰੰਗਿ ਰੰਗੇਤੀ ਲਾਲ ਭਈ ਮਨੁ ਮਾਰੀ ॥ | She is imbued and drenched with the Love of the True Lord; she has become beautiful, by conquering her mind. |
| ਨਾਨਕ ਸਾਚਿ ਵਸੀ ਸੋਹਾਗਣਿ ਪਿਰ ਸਿਉ ਪ੍ਰੀਤਿ ਪਿਆਰੀ ॥੩॥ | O Nanak, the happy soul-bride abides in Truth; she loves to love her Husband Lord. \|\|3\|\| |
| ਪਿਰ ਘਰਿ ਸੋਹੈ ਨਾਰਿ ਜੇ ਪਿਰ ਭਾਵਏ ਜੀਉ ॥ | The soul-bride looks so beautiful in the home of her Husband Lord, if she is pleasing to Him. |
| ਝੂਠੇ ਵੈਣ ਚਵੇ ਕਾਮਿ ਨ ਆਵਏ ਜੀਉ ॥ | It is of no use at all to speak false words. |
| ਝੂਠੁ ਅਲਾਵੈ ਕਾਮਿ ਨ ਆਵੈ ਨਾ ਪਿਰੁ ਦੇਖੈ ਨੈਣੀ ॥ | If she speaks false, it is of no use to her, and she does not see her Husband Lord with her eyes. |
| ਅਵਗੁਣਿਆਰੀ ਕੰਤਿ ਵਿਸਾਰੀ ਛੂਟੀ ਵਿਧਣ ਰੈਣੀ ॥ | Worthless, forgotten and abandoned by her Husband Lord, she passes her life-night without her Lord and Master. |
| ਗੁਰ ਸਬਦੁ ਨ ਮਾਨੈ ਫਾਹੀ ਫਾਥੀ ਸਾ ਧਨ ਮਹਲੁ ਨ ਪਾਏ ॥ | Such a wife does not believe in the Word of the Guru's Shabad; she is caught in the net of the world, and does not obtain the Mansion of the Lord's Presence. |
| ਨਾਨਕ ਆਪੇ ਆਪੁ ਪਛਾਣੈ ਗੁਰਮੁਖਿ ਸਹਜਿ ਸਮਾਏ ॥੪॥ | O Nanak, if she understands her own self, then, as Gurmukh, she merges in celestial peace. \|\|4\|\| |
| ਧਨ ਸੋਹਾਗਣਿ ਨਾਰਿ ਜਿਨਿ ਪਿਰੁ ਜਾਣਿਆ ਜੀਉ ॥ | Blessed is that soul-bride, who knows her Husband Lord. |
| ਨਾਮ ਬਿਨਾ ਕੂੜਿਆਰਿ ਕੂੜੁ ਕਮਾਣਿਆ ਜੀਉ ॥ | Without the Naam, she is false, and her actions are false as well. |
| ਹਰਿ ਭਗਤਿ ਸੁਹਾਵੀ ਸਾਚੇ ਭਾਵੀ ਭਾਇ ਭਗਤਿ ਪ੍ਰਭ ਰਾਤੀ ॥ | Devotional worship of the Lord is beautiful; the True Lord loves it. So immerse yourself in loving devotional worship of God. |
| ਪਿਰੁ ਰਲੀਆਲਾ ਜੋਬਨਿ ਬਾਲਾ ਤਿਸੁ ਰਾਵੇ ਰੰਗਿ ਰਾਤੀ ॥ | My Husband Lord is playful and innocent; imbued with His Love, I enjoy Him. |
| ਗੁਰ ਸਬਦਿ ਵਿਗਾਸੀ ਸਹੁ ਰਾਵਾਸੀ ਫਲੁ ਪਾਇਆ ਗੁਣਕਾਰੀ ॥ | She blossoms forth through the Word of the Guru's Shabad; she ravishes her Husband Lord, and obtains the most noble reward. |

ਨਾਨਕ ਸਾਚੁ ਮਿਲੈ ਵਡਿਆਈ ਪਿਰ ਘਰਿ ਸੋਹੈ ਨਾਰੀ ॥੫॥੩॥

O Nanak, in Truth, she obtains glory; in her Husband's home, the soul-bride looks beautiful. ||5||3||

## ੬੯੦

## 690

ਧਨਾਸਰੀ ਛੰਤ ਮਹਲਾ ੪ ਘਰੁ ੧

Dhanaasaree, Chhant, Fourth Mehl, First House:

ੴ ਸਤਿਗੁਰ ਪ੍ਰਸਾਦਿ ॥

One Universal Creator God.
By The Grace Of The True Guru:

ਹਰਿ ਜੀਉ ਕ੍ਰਿਪਾ ਕਰੇ ਤਾ ਨਾਮੁ ਧਿਆਈਐ ਜੀਉ ॥

When the Dear Lord grants His Grace, one meditates on the Naam, the Name of the Lord.

ਸਤਿਗੁਰੁ ਮਿਲੈ ਸੁਭਾਇ ਸਹਜਿ ਗੁਣ ਗਾਈਐ ਜੀਉ ॥

Meeting the True Guru, through loving faith and devotion, one intuitively sings the Glorious Praises of the Lord.

ਗੁਣ ਗਾਇ ਵਿਗਸੈ ਸਦਾ ਅਨਦਿਨੁ ਜਾ ਆਪਿ ਸਾਚੇ ਭਾਵਏ ॥

Singing His Glorious Praises continually, night and day, one blossoms forth, when it is pleasing to the True Lord.

ਅਹੰਕਾਰੁ ਹਉਮੈ ਤਜੈ ਮਾਇਆ ਸਹਜਿ ਨਾਮਿ ਸਮਾਵਏ ॥

Egotism, self-conceit and Maya are forsaken, and he is intuitively absorbed into the Naam.

ਆਪਿ ਕਰਤਾ ਕਰੇ ਸੋਈ ਆਪਿ ਦੇਇ ਤ ਪਾਈਐ ॥

The Creator Himself acts; when He gives, then we receive.

ਹਰਿ ਜੀਉ ਕ੍ਰਿਪਾ ਕਰੇ ਤਾ ਨਾਮੁ ਧਿਆਈਐ ਜੀਉ ॥੧॥

When the Dear Lord grants His Grace, we meditate on the Naam. ||1||

ਅੰਦਰਿ ਸਾਚਾ ਨੇਹੁ ਪੂਰੇ ਸਤਿਗੁਰੈ ਜੀਉ ॥

Deep within, I feel true love for the Perfect True Guru.

ਹਉ ਤਿਸੁ ਸੇਵੀ ਦਿਨੁ ਰਾਤਿ ਮੈ ਕਦੇ ਨ ਵੀਸਰੈ ਜੀਉ ॥

I serve Him day and night; I never forget Him.

ਕਦੇ ਨ ਵਿਸਾਰੀ ਅਨਦਿਨੁ ਸਮ੍ਹਾਰੀ ਜਾ ਨਾਮੁ ਲਈ ਤਾ ਜੀਵਾ ॥

I never forget Him; I remember Him night and day. When I chant the Naam, then I live.

ਸ੍ਰਵਣੀ ਸੁਣੀ ਤ ਇਹੁ ਮਨੁ ਤ੍ਰਿਪਤੈ ਗੁਰਮੁਖਿ ਅੰਮ੍ਰਿਤੁ ਪੀਵਾ ॥

With my ears, I hear about Him, and my mind is satisfied. As Gurmukh, I drink in the Ambrosial Nectar.

ਨਦਰਿ ਕਰੇ ਤਾ ਸਤਿਗੁਰੁ ਮੇਲੇ ਅਨਦਿਨੁ ਬਿਬੇਕ ਬੁਧਿ ਬਿਚਰੈ ॥

If He bestows His Glance of Grace, then I shall meet the True Guru; my discriminating intellect would contemplate Him, night and day.

ਅੰਦਰਿ ਸਾਚਾ ਨੇਹੁ ਪੂਰੇ ਸਤਿਗੁਰੈ ॥੨॥

Deep within, I feel true love for the Perfect True Guru. ||2||

| | |
|---|---|
| ਸਤਸੰਗਤਿ ਮਿਲੈ ਵਡਭਾਗਿ ਤਾ ਹਰਿ ਰਸੁ ਆਵਏ ਜੀਉ ॥ | By great good fortune, one joins the Sat Sangat, the True Congregation; then, one comes to savor the subtle essence of the Lord. |
| ਅਨਦਿਨੁ ਰਹੈ ਲਿਵ ਲਾਇ ਤ ਸਹਜਿ ਸਮਾਵਏ ਜੀਉ ॥ | Night and day, he remains lovingly focused on the Lord; he merges in celestial peace. |
| ਸਹਜਿ ਸਮਾਵੈ ਤਾ ਹਰਿ ਮਨਿ ਭਾਵੈ ਸਦਾ ਅਤੀਤੁ ਬੈਰਾਗੀ ॥ | Merging in celestial peace, he becomes pleasing to the Lord's Mind; he remains forever unattached and untouched. |
| ਹਲਤਿ ਪਲਤਿ ਸੋਭਾ ਜਗ ਅੰਤਰਿ ਰਾਮ ਨਾਮਿ ਲਿਵ ਲਾਗੀ ॥ | He receives honor in this world and the next, lovingly focused on the Lord's Name. |
| ਹਰਖ ਸੋਗ ਦੁਹਾ ਤੇ ਮੁਕਤਾ ਜੋ ਪ੍ਰਭੁ ਕਰੇ ਸੁ ਭਾਵਏ ॥ | He is liberated from both pleasure and pain; he is pleased by whatever God does. |
| ਸਤਸੰਗਤਿ ਮਿਲੈ ਵਡਭਾਗਿ ਤਾ ਹਰਿ ਰਸੁ ਆਵਏ ਜੀਉ ॥੩॥ | By great good fortune, one joins the Sat Sangat, the True Congregation, and then, one comes to savor the subtle essence of the Lord. \|\|3\|\| |
| ਦੂਜੈ ਭਾਇ ਦੁਖੁ ਹੋਇ ਮਨਮੁਖ ਜਮਿ ਜੋਹਿਆ ਜੀਉ ॥ | In the love of duality, there is pain and suffering; the Messenger of Death eyes the self-willed manmukhs. |
| ਹਾਇ ਹਾਇ ਕਰੇ ਦਿਨੁ ਰਾਤਿ ਮਾਇਆ ਦੁਖਿ ਮੋਹਿਆ ਜੀਉ ॥ | They cry and howl, day and night, caught by the pain of Maya. |
| ਮਾਇਆ ਦੁਖਿ ਮੋਹਿਆ ਹਉਮੈ ਰੋਹਿਆ ਮੇਰੀ ਮੇਰੀ ਕਰਤ ਵਿਹਾਵਏ ॥ | Caught by the pain of Maya, provoked by his ego, he passes his life crying out, "Mine, mine!". |
| ਜੋ ਪ੍ਰਭੁ ਦੇਇ ਤਿਸੁ ਚੇਤੈ ਨਾਹੀ ਅੰਤਿ ਗਇਆ ਪਛੁਤਾਵਏ ॥ | He does not remember God, the Giver, and in the end, he departs regretting and repenting. |
| ਬਿਨੁ ਨਾਵੈ ਕੋ ਸਾਥਿ ਨ ਚਾਲੈ ਪੁਤ੍ਰ ਕਲਤ੍ਰ ਮਾਇਆ ਧੋਹਿਆ ॥ | Without the Name, nothing shall go along with him; not his children, spouse or the enticements of Maya. |
| ਦੂਜੈ ਭਾਇ ਦੁਖੁ ਹੋਇ ਮਨਮੁਖਿ ਜਮਿ ਜੋਹਿਆ ਜੀਉ ॥੪॥ | In the love of duality, there is pain and suffering; the Messenger of Death eyes the self-willed manmukhs. \|\|4\|\| |
| ਕਰਿ ਕਿਰਪਾ ਲੇਹੁ ਮਿਲਾਇ ਮਹਲੁ ਹਰਿ ਪਾਇਆ ਜੀਉ ॥ | Granting His Grace, the Lord has merged me with Himself; I have found the Mansion of the Lord's Presence. |
| ਸਦਾ ਰਹੈ ਕਰ ਜੋੜਿ ਪ੍ਰਭੁ ਮਨਿ ਭਾਇਆ ਜੀਉ ॥ | I remain standing with my palms pressed together; I have become pleasing to God's Mind. |
| ਪ੍ਰਭੁ ਮਨਿ ਭਾਵੈ ਤਾ ਹੁਕਮਿ ਸਮਾਵੈ ਹੁਕਮੁ ਮੰਨਿ ਸੁਖੁ ਪਾਇਆ ॥ | When one is pleasing to God's Mind, then he merges in the Hukam of the Lord's Command; surrendering to His Hukam, he finds peace. |

| | |
|---|---|
| ਅਨਦਿਨੁ ਜਪਤ ਰਹੈ ਦਿਨੁ ਰਾਤੀ ਸਹਜੇ ਨਾਮੁ ਧਿਆਇਆ ॥ | Night and day, he chants the Lord's Name, day and night; intuitively, naturally, he meditates on the Naam, the Name of the Lord. |
| ਨਾਮੋ ਨਾਮੁ ਮਿਲੀ ਵਡਿਆਈ ਨਾਨਕ ਨਾਮੁ ਮਨਿ ਭਾਵਏ ॥ | Through the Naam, the glorious greatness of the Naam is obtained; the Naam is pleasing to Nanak's mind. |
| ਕਰਿ ਕਿਰਪਾ ਲੇਹੁ ਮਿਲਾਇ ਮਹਲੁ ਹਰਿ ਪਾਵਏ ਜੀਉ ॥੫॥੧॥ | Granting His Grace, the Lord has merged me with Himself; I have found the Mansion of the Lord's Presence. ‖5‖1‖ |

## ੬੯੧ / 691

| | |
|---|---|
| ਧਨਾਸਰੀ ਮਹਲਾ ੫ ਛੰਤ | Dhanaasaree, Fifth Mehl, Chhant: |
| ੧ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਸਤਿਗੁਰ ਦੀਨ ਦਇਆਲ ਜਿਸੁ ਸੰਗਿ ਹਰਿ ਗਾਵੀਐ ਜੀਉ ॥ | The True Guru is merciful to the meek; in His Presence, the Lord's Praises are sung. |
| ਅੰਮ੍ਰਿਤੁ ਹਰਿ ਕਾ ਨਾਮੁ ਸਾਧਸੰਗਿ ਰਾਵੀਐ ਜੀਉ ॥ | The Ambrosial Name of the Lord is chanted in the Saadh Sangat, the Company of the Holy. |
| ਭਜੁ ਸੰਗਿ ਸਾਧੂ ਇਕੁ ਅਰਾਧੂ ਜਨਮ ਮਰਨ ਦੁਖ ਨਾਸਏ ॥ | Vibrating, and worshipping the One Lord in the Company of the Holy, the pains of birth and death are removed. |
| ਧੁਰਿ ਕਰਮੁ ਲਿਖਿਆ ਸਾਚੁ ਸਿਖਿਆ ਕਟੀ ਜਮ ਕੀ ਫਾਸਏ ॥ | Those who have such karma pre-ordained, study and learn the Truth; the noose of Death is removed from their necks. |
| ਭੈ ਭਰਮ ਨਾਠੇ ਛੁਟੀ ਗਾਠੇ ਜਮ ਪੰਥਿ ਮੂਲਿ ਨ ਆਵੀਐ ॥ | Their fears and doubts are dispelled, the knot of death is untied, and they never have to walk on Death's path. |
| ਬਿਨਵੰਤਿ ਨਾਨਕ ਧਾਰਿ ਕਿਰਪਾ ਸਦਾ ਹਰਿ ਗੁਣ ਗਾਵੀਐ ॥੧॥ | Prays Nanak, shower me with Your Mercy, Lord; let me sing Your Glorious Praises forever. ‖1‖ |
| ਨਿਧਰਿਆ ਧਰ ਏਕੁ ਨਾਮੁ ਨਿਰੰਜਨੋ ਜੀਉ ॥ | The Name of the One, Immaculate Lord is the Support of the unsupported. |
| ਤੂ ਦਾਤਾ ਦਾਤਾਰੁ ਸਰਬ ਦੁਖ ਭੰਜਨੋ ਜੀਉ ॥ | You are the Giver, the Great Giver, the Dispeller of all sorrow. |
| ਦੁਖ ਹਰਤ ਕਰਤਾ ਸੁਖਹ ਸੁਆਮੀ ਸਰਣਿ ਸਾਧੂ ਆਇਆ ॥ | O Destroyer of pain, Creator Lord, Master of peace and bliss, I have come seeking the Sanctuary of the Holy; |
| ਸੰਸਾਰੁ ਸਾਗਰੁ ਮਹਾ ਬਿਖੜਾ ਪਲ ਏਕ ਮਾਹਿ ਤਰਾਇਆ ॥ | please, help me to cross over the terrifying and difficult world-ocean in an instant. |

ਪੂਰਿ ਰਹਿਆ ਸਰਬ ਥਾਈ ਗੁਰ ਗਿਆਨੁ ਨੇਤ੍ਰੀ ਅੰਜਨੋ ॥

I saw the Lord pervading and permeating everywhere, when the healing ointment of the Guru's wisdom was applied to my eyes.

ਬਿਨਵੰਤਿ ਨਾਨਕ ਸਦਾ ਸਿਮਰੀ ਸਰਬ ਦੁਖ ਭੈ ਭੰਜਨੋ ॥੨॥

Prays Nanak, remember Him forever in meditation, the Destroyer of all sorrow and fear. ||2||

ਆਪਿ ਲੀਏ ਲੜਿ ਲਾਇ ਕਿਰਪਾ ਧਾਰੀਆ ਜੀਉ ॥

He Himself has attached me to the hem of His robe; He has showered me with His Mercy.

ਮੋਹਿ ਨਿਰਗੁਣੁ ਨੀਚੁ ਅਨਾਥੁ ਪ੍ਰਭ ਅਗਮ ਅਪਾਰੀਆ ਜੀਉ ॥

I am worthless, lowly and helpless; God is unfathomable and infinite.

ਦਇਆਲ ਸਦਾ ਕ੍ਰਿਪਾਲ ਸੁਆਮੀ ਨੀਚ ਥਾਪਣਹਾਰਿਆ ॥

My Lord and Master is always merciful, kind and compassionate; He uplifts and establishes the lowly.

ਜੀਅ ਜੰਤ ਸਭਿ ਵਸਿ ਤੇਰੈ ਸਗਲ ਤੇਰੀ ਸਾਰਿਆ ॥

All beings and creatures are under Your power; You take care of all.

ਆਪਿ ਕਰਤਾ ਆਪਿ ਭੁਗਤਾ ਆਪਿ ਸਗਲ ਬੀਚਾਰੀਆ ॥

He Himself is the Creator, and He Himself is the Enjoyer; He Himself is the Contemplator of all.

ਬਿਨਵੰਤ ਨਾਨਕ ਗੁਣ ਗਾਇ ਜੀਵਾ ਹਰਿ ਜਪੁ ਜਪਉ ਬਨਵਾਰੀਆ ॥੩॥

Prays Nanak, singing Your Glorious Praises, I live, chanting the Chant of the Lord, the Lord of the world-forest. ||3||

ਤੇਰਾ ਦਰਸੁ ਅਪਾਰੁ ਨਾਮੁ ਅਮੋਲਈ ਜੀਉ ॥

The Blessed Vision of Your Darshan is incomparable; Your Name is utterly priceless.

ਨਿਤਿ ਜਪਹਿ ਤੇਰੇ ਦਾਸ ਪੁਰਖ ਅਤੋਲਈ ਜੀਉ ॥

O my Incomputable Lord, Your humble servants ever meditate on You.

ਸੰਤ ਰਸਨ ਵੂਠਾ ਆਪਿ ਤੂਠਾ ਹਰਿ ਰਸਹਿ ਸੇਈ ਮਾਤਿਆ ॥

You dwell on the tongues of the Saints, by Your own pleasure; they are intoxicated with Your sublime essence, O Lord.

ਗੁਰ ਚਰਨ ਲਾਗੇ ਮਹਾ ਭਾਗੇ ਸਦਾ ਅਨਦਿਨੁ ਜਾਗਿਆ ॥

Those who are attached to Your feet are very blessed; night and day, they remain always awake and aware.

ਸਦ ਸਦਾ ਸਿੰਮ੍ਰਤਬ੍ਯ੍ਯ ਸੁਆਮੀ ਸਾਸਿ ਸਾਸਿ ਗੁਣ ਬੋਲਈ ॥

Forever and ever, meditate in remembrance on the Lord and Master; with each and every breath, speak His Glorious Praises.

ਬਿਨਵੰਤਿ ਨਾਨਕ ਧੂਰਿ ਸਾਧੂ ਨਾਮੁ ਪ੍ਰਭੂ ਅਮੋਲਈ ॥੪॥੧॥

Prays Nanak, let me become the dust of the feet of the Saints. God's Name is invaluable. ||4||1||

| | |
|---|---|
| ਰਾਗੁ ਧਨਾਸਰੀ ਬਾਣੀ ਭਗਤ ਕਬੀਰ ਜੀ ਕੀ | Raag Dhanaasaree, The Word Of Devotee Kabeer Jee: |
| ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਸਨਕ ਸਨੰਦ ਮਹੇਸ ਸਮਾਨਾਂ ॥ ਸੇਖਨਾਗਿ ਤੇਰੋ ਮਰਮੁ ਨ ਜਾਨਾਂ ॥੧॥ | Beings like Sanak, Sanand, Shiva and Shaysh-naaga - none of them know Your mystery, Lord. \|\|1\|\| |
| ਸੰਤਸੰਗਤਿ ਰਾਮੁ ਰਿਦੈ ਬਸਾਈ ॥੧॥ ਰਹਾਉ ॥ | In the Society of the Saints, the Lord dwells within the heart. \|\|1\|\|Pause\|\| |
| ਹਨੂਮਾਨ ਸਰਿ ਗਰੁੜ ਸਮਾਨਾਂ ॥ ਸੁਰਪਤਿ ਨਰਪਤਿ ਨਹੀ ਗੁਨ ਜਾਨਾਂ ॥੨॥ | Beings like Hanumaan, Garura, Indra the King of the gods and the rulers of humans - none of them know Your Glories, Lord. \|\|2\|\| |
| ਚਾਰਿ ਬੇਦ ਅਰੁ ਸਿੰਮ੍ਰਿਤਿ ਪੁਰਾਨਾਂ ॥ ਕਮਲਾਪਤਿ ਕਵਲਾ ਨਹੀ ਜਾਨਾਂ ॥੩॥ | The four Vedas, the Simritees and the Puraanas, Vishnu the Lord of Lakshmi and Lakshmi herself - none of them know the Lord. \|\|3\|\| |
| ਕਹਿ ਕਬੀਰ ਸੋ ਭਰਮੈ ਨਾਹੀ ॥ ਪਗ ਲਗਿ ਰਾਮ ਰਹੈ ਸਰਨਾਂਹੀ ॥੪॥੧॥ | Says Kabeer, one who falls at the Lord's feet, and remains in His Sanctuary, does not wander around lost. \|\|4\|\|1\|\| |
| ੬੯੨ | 692 |
| ਦਿਨ ਤੇ ਪਹਰ ਪਹਰ ਤੇ ਘਰੀਆਂ ਆਵ ਘਟੈ ਤਨੁ ਛੀਜੈ ॥ | Day by day, hour by hour, life runs its course, and the body withers away. |
| ਕਾਲੁ ਅਹੇਰੀ ਫਿਰੈ ਬਧਿਕ ਜਿਉ ਕਹਹੁ ਕਵਨ ਬਿਧਿ ਕੀਜੈ ॥੧॥ | Death, like a hunter, a butcher, is on the prowl; tell me, what can we do? \|\|1\|\| |
| ਸੋ ਦਿਨੁ ਆਵਨ ਲਾਗਾ ॥ | That day is rapidly approaching. |
| ਮਾਤ ਪਿਤਾ ਭਾਈ ਸੁਤ ਬਨਿਤਾ ਕਹਹੁ ਕੋਊ ਹੈ ਕਾ ਕਾ ॥੧॥ ਰਹਾਉ ॥ | Mother, father, siblings, children and spouse - tell me, who belongs to whom? \|\|1\|\|Pause\|\| |
| ਜਬ ਲਗੁ ਜੋਤਿ ਕਾਇਆ ਮਹਿ ਬਰਤੈ ਆਪਾ ਪਸੂ ਨ ਬੂਝੈ ॥ | As long as the light remains in the body, the beast does not understand himself. |
| ਲਾਲਚ ਕਰੈ ਜੀਵਨ ਪਦ ਕਾਰਨ ਲੋਚਨ ਕਛੂ ਨ ਸੂਝੈ ॥੨॥ | He acts in greed to maintain his life and status, and sees nothing with his eyes. \|\|2\|\| |
| ਕਹਤ ਕਬੀਰ ਸੁਨਹੁ ਰੇ ਪ੍ਰਾਨੀ ਛੋਡਹੁ ਮਨ ਕੇ ਭਰਮਾ ॥ | Says Kabeer, listen, O mortal: Renounce the doubts of your mind. |

| | |
|---|---|
| ਕੇਵਲ ਨਾਮੁ ਜਪਹੁ ਰੇ ਪ੍ਰਾਨੀ ਪਰਹੁ ਏਕ ਕੀ ਸਰਨਾਂ ॥੩॥੨॥ | Chant only the One Naam, the Name of the Lord, O mortal, and seek the Sanctuary of the One Lord. \|\|3\|\|2\|\| |
| ਜੋ ਜਨੁ ਭਾਉ ਭਗਤਿ ਕਛੁ ਜਾਨੈ ਤਾ ਕਉ ਅਚਰਜੁ ਕਾਹੋ ॥ | That humble being, who knows even a little about loving devotional worship - what surprises are there for him? |
| ਜਿਉ ਜਲੁ ਜਲ ਮਹਿ ਪੈਸਿ ਨ ਨਿਕਸੈ ਤਿਉ ਢੁਰਿ ਮਿਲਿਓ ਜੁਲਾਹੋ ॥੧॥ | Like water, dripping into water, which cannot be separated out again, so is the weaver Kabeer, with softened heart, merged into the Lord. \|\|1\|\| |
| ਹਰਿ ਕੇ ਲੋਗਾ ਮੈ ਤਉ ਮਤਿ ਕਾ ਭੋਰਾ ॥ | O people of the Lord, I am just a simple-minded fool. |
| ਜਉ ਤਨੁ ਕਾਸੀ ਤਜਹਿ ਕਬੀਰਾ ਰਮਈਐ ਕਹਾ ਨਿਹੋਰਾ ॥੧॥ ਰਹਾਉ ॥ | If Kabeer were to leave his body at Benares, and so liberate himself, what obligation would he have to the Lord? \|\|1\|\|Pause\|\| |
| ਕਹਤੁ ਕਬੀਰੁ ਸੁਨਹੁ ਰੇ ਲੋਈ ਭਰਮਿ ਨ ਭੂਲਹੁ ਕੋਈ ॥ | Says Kabeer, listen, O people - do not be deluded by doubt. |
| ਕਿਆ ਕਾਸੀ ਕਿਆ ਊਖਰੁ ਮਗਹਰੁ ਰਾਮੁ ਰਿਦੈ ਜਉ ਹੋਈ ॥੨॥੩॥ | What is the difference between Benares and the barren land of Maghar, if the Lord is within one's heart? \|\|2\|\|3\|\| |
| ਇੰਦ੍ਰ ਲੋਕ ਸਿਵ ਲੋਕਹਿ ਜੈਬੋ ॥ | Mortals may go to the Realm of Indra, or the Realm of Shiva, |
| ਓਛੇ ਤਪ ਕਰਿ ਬਾਹੁਰਿ ਐਬੋ ॥੧॥ | but because of their hypocrisy and false prayers, they must leave again. \|\|1\|\| |
| ਕਿਆ ਮਾਂਗਉ ਕਿਛੁ ਥਿਰੁ ਨਾਹੀ ॥ | What should I ask for? Nothing lasts forever. |
| ਰਾਮ ਨਾਮ ਰਖੁ ਮਨ ਮਾਹੀ ॥੧॥ ਰਹਾਉ ॥ | Enshrine the Lord's Name within your mind. \|\|1\|\|Pause\|\| |
| ਸੋਭਾ ਰਾਜ ਬਿਭੈ ਬਡਿਆਈ ॥ | Fame and glory, power, wealth and glorious greatness |
| ਅੰਤਿ ਨ ਕਾਹੂ ਸੰਗ ਸਹਾਈ ॥੨॥ | - none of these will go with you or help you in the end. \|\|2\|\| |
| ਪੁਤ੍ਰ ਕਲਤ੍ਰ ਲਛਮੀ ਮਾਇਆ ॥ | Children, spouse, wealth and Maya |
| ਇਨ ਤੇ ਕਹੁ ਕਵਨੈ ਸੁਖੁ ਪਾਇਆ ॥੩॥ | - who has ever obtained peace from these? \|\|3\|\| |
| ਕਹਤ ਕਬੀਰ ਅਵਰ ਨਹੀ ਕਾਮਾ ॥ | Says Kabeer, nothing else is of any use. |
| ਹਮਰੈ ਮਨ ਧਨ ਰਾਮ ਕੋ ਨਾਮਾ ॥੪॥੪॥ | Within my mind is the wealth of the Lord's Name. \|\|4\|\|4\|\| |

| | |
|---|---|
| ਰਾਮ ਸਿਮਰਿ ਰਾਮ ਸਿਮਰਿ ਰਾਮ ਸਿਮਰਿ ਭਾਈ ॥ | Remember the Lord, remember the Lord, remember the Lord in meditation, O Siblings of Destiny. |
| ਰਾਮ ਨਾਮ ਸਿਮਰਨ ਬਿਨੁ ਬੂਡਤੇ ਅਧਿਕਾਈ ॥੧॥ ਰਹਾਉ ॥ | Without remembering the Lord's Name in meditation, a great many are drowned. ‖1‖Pause‖ |
| ਬਨਿਤਾ ਸੁਤ ਦੇਹ ਗ੍ਰੇਹ ਸੰਪਤਿ ਸੁਖਦਾਈ ॥ | Your spouse, children, body, house and possessions - you think these will give you peace. |
| ਇਨ੍ ਮੈ ਕਛੁ ਨਾਹਿ ਤੇਰੋ ਕਾਲ ਅਵਧ ਆਈ ॥੧॥ | But none of these shall be yours, when the time of death comes. ‖1‖ |
| ਅਜਾਮਲ ਗਜ ਗਨਿਕਾ ਪਤਿਤ ਕਰਮ ਕੀਨੇ ॥ | Ajaamal, the elephant, and the prostitute committed many sins, |
| ਤੇਊ ਉਤਰਿ ਪਾਰਿ ਪਰੇ ਰਾਮ ਨਾਮ ਲੀਨੇ ॥੨॥ | but still, they crossed over the world-ocean, by chanting the Lord's Name. ‖2‖ |
| ਸੂਕਰ ਕੂਕਰ ਜੋਨਿ ਭ੍ਰਮੇ ਤਊ ਲਾਜ ਨ ਆਈ ॥ | You have wandered in reincarnation, as pigs and dogs - did you feel no shame? |
| ਰਾਮ ਨਾਮ ਛਾਡਿ ਅੰਮ੍ਰਿਤ ਕਾਹੇ ਬਿਖੁ ਖਾਈ ॥੩॥ | Forsaking the Ambrosial Name of the Lord, why do you eat poison? ‖3‖ |
| ਤਜਿ ਭਰਮ ਕਰਮ ਬਿਧਿ ਨਿਖੇਧ ਰਾਮ ਨਾਮੁ ਲੇਹੀ ॥ | Abandon your doubts about do's and don'ts, and take to the Lord's Name. |
| ਗੁਰ ਪ੍ਰਸਾਦਿ ਜਨ ਕਬੀਰ ਰਾਮੁ ਕਰਿ ਸਨੇਹੀ ॥੪॥੫॥ | By Guru's Grace, O servant Kabeer, love the Lord. ‖4‖5‖ |

ਧਨਾਸਰੀ ਬਾਣੀ
ਭਗਤ ਨਾਮਦੇਵ ਜੀ ਕੀ

Dhanaasaree, The Word Of
Devotee Naam Dayv Jee:

ੴ ਸਤਿਗੁਰ ਪ੍ਰਸਾਦਿ ॥

One Universal Creator God.
By The Grace Of The True Guru:

| | |
|---|---|
| ਗਹਰੀ ਕਰਿ ਕੈ ਨੀਵ ਖੁਦਾਈ ਊਪਰਿ ਮੰਡਪ ਛਾਏ ॥ | They dig deep foundations, and build lofty palaces. |
| ਮਾਰਕੰਡੇ ਤੇ ਕੋ ਅਧਿਕਾਈ ਜਿਨਿ ਤ੍ਰਿਣ ਧਰਿ ਮੂੰਡ ਬਲਾਏ ॥੧॥ | Can anyone live longer than Markanda, who passed his days with only a handful of straw upon his head? ‖1‖ |
| ਹਮਰੋ ਕਰਤਾ ਰਾਮੁ ਸਨੇਹੀ ॥ | The Creator Lord is our only friend. |

| | |
|---|---|
| ਕਾਹੇ ਰੇ ਨਰ ਗਰਬੁ ਕਰਤ ਹਹੁ ਬਿਨਸਿ ਜਾਇ ਝੂਠੀ ਦੇਹੀ ॥੧॥ ਰਹਾਉ ॥ | O man, why are you so proud? This body is only temporary - it shall pass away. \|\|1\|\|Pause\|\| |
| **੬੯੩** | **693** |
| ਮੇਰੀ ਮੇਰੀ ਕੈਰਉ ਕਰਤੇ ਦੁਰਜੋਧਨ ਸੇ ਭਾਈ ॥ | The Kaurvas, who had brothers like Duryodhan, used to proclaim, "This is ours! This is ours!" |
| ਬਾਰਹ ਜੋਜਨ ਛਤ੍ਰ ਚਲੈ ਥਾ ਦੇਹੀ ਗਿਰਝਨ ਖਾਈ ॥੨॥ | Their royal procession extended over sixty miles, and yet their bodies were eaten by vultures. \|\|2\|\| |
| ਸਰਬ ਸੋੁਇਨ ਕੀ ਲੰਕਾ ਹੋਤੀ ਰਾਵਨ ਸੇ ਅਧਿਕਾਈ ॥ | Sri Lanka was totally rich with gold; was anyone greater than its ruler Raavan? |
| ਕਹਾ ਭਇਓ ਦਰਿ ਬਾਂਧੇ ਹਾਥੀ ਖਿਨ ਮਹਿ ਭਈ ਪਰਾਈ ॥੩॥ | What happened to the elephants, tethered at his gate? In an instant, it all belonged to someone else. \|\|3\|\| |
| ਦੁਰਬਾਸਾ ਸਿਉ ਕਰਤ ਠਗਉਰੀ ਜਾਦਵ ਏ ਫਲ ਪਾਏ ॥ | The Yaadvas deceived Durbaasaa, and received their rewards. |
| ਕ੍ਰਿਪਾ ਕਰੀ ਜਨ ਅਪੁਨੇ ਊਪਰ ਨਾਮਦੇਉ ਹਰਿ ਗੁਨ ਗਾਏ ॥੪॥੧॥ | The Lord has shown mercy to His humble servant, and now Naam Dayv sings the Glorious Praises of the Lord. \|\|4\|\|1\|\| |
| ਦਸ ਬੈਰਾਗਨਿ ਮੋਹਿ ਬਸਿ ਕੀਨ੍ਹੀ ਪੰਚਹੁ ਕਾ ਮਿਟ ਨਾਵਉ ॥ | I have brought the ten sensory organs under my control, and erased every trace of the five thieves. |
| ਸਤਰਿ ਦੋਇ ਭਰੇ ਅੰਮ੍ਰਿਤ ਸਰਿ ਬਿਖੁ ਕਉ ਮਾਰਿ ਕਢਾਵਉ ॥੧॥ | I have filled the seventy-two thousand nerve channels with Ambrosial Nectar, and drained out the poison. \|\|1\|\| |
| ਪਾਛੈ ਬਹੁਰਿ ਨ ਆਵਨੁ ਪਾਵਉ ॥ | I shall not come into the world again. |
| ਅੰਮ੍ਰਿਤ ਬਾਣੀ ਘਟ ਤੇ ਉਚਰਉ ਆਤਮ ਕਉ ਸਮਝਾਵਉ ॥੧॥ ਰਹਾਉ ॥ | I chant the Ambrosial Bani of the Word from the depths of my heart, and I have instructed my soul. \|\|1\|\|Pause\|\| |
| ਬਜਰ ਕੁਠਾਰੁ ਮੋਹਿ ਹੈ ਛੀਨਾਂ ਕਰਿ ਮਿੰਨਤਿ ਲਗਿ ਪਾਵਉ ॥ | I fell at the Guru's feet and begged of Him; with the mighty axe, I have chopped off emotional attachment. |
| ਸੰਤਨ ਕੇ ਹਮ ਉਲਟੇ ਸੇਵਕ ਭਗਤਨ ਤੇ ਡਰਪਾਵਉ ॥੨॥ | Turning away from the world, I have become the servant of the Saints; I fear no one except the Lord's devotees. \|\|2\|\| |
| ਇਹ ਸੰਸਾਰ ਤੇ ਤਬ ਹੀ ਛੂਟਉ ਜਉ ਮਾਇਆ ਨਹ ਲਪਟਾਵਉ ॥ | I shall be released from this world, when I stop clinging to Maya. |

ਮਾਇਆ ਨਾਮੁ ਗਰਭ ਜੋਨਿ ਕਾ
ਤਿਹ ਤਜਿ ਦਰਸਨੁ ਪਾਵਉ ॥੩॥

Maya is the name of the power which causes us to be born; renouncing it, we obtain the Blessed Vision of the Lord's Darshan. ||3||

ਇਤੁ ਕਰਿ ਭਗਤਿ ਕਰਹਿ ਜੋ ਜਨ
ਤਿਨ ਭਉ ਸਗਲ ਚੁਕਾਈਐ ॥

That humble being, who performs devotional worship in this way, is rid of all fear.

ਕਹਤ ਨਾਮਦੇਉ ਬਾਹਰਿ ਕਿਆ
ਭਰਮਹੁ ਇਹ ਸੰਜਮ ਹਰਿ
ਪਾਈਐ ॥੪॥੨॥

Says Naam Dayv, why are you wandering around out there? This is the way to find the Lord. ||4||2||

ਮਾਰਵਾੜਿ ਜੈਸੇ ਨੀਰੁ ਬਾਲਹਾ ਬੇਲਿ
ਬਾਲਹਾ ਕਰਹਲਾ ॥

As water is very precious in the desert, and the creeper weeds are dear to the camel,

ਜਿਉ ਕੁਰੰਕ ਨਿਸਿ ਨਾਦੁ ਬਾਲਹਾ
ਤਿਉ ਮੇਰੈ ਮਨਿ ਰਾਮਈਆ ॥੧॥

and the tune of the hunter's bell at night is enticing to the deer, so is the Lord to my mind. ||1||

ਤੇਰਾ ਨਾਮੁ ਰੂੜੋ ਰੂਪੁ ਰੂੜੋ ਅਤਿ
ਰੰਗ ਰੂੜੋ ਮੇਰੋ ਰਾਮਈਆ ॥੧॥
ਰਹਾਉ ॥

Your Name is so beautiful! Your form is so beautiful! Your Love is so very beautiful, O my Lord. ||1||Pause||

ਜਿਉ ਧਰਣੀ ਕਉ ਇੰਦ੍ਰੁ ਬਾਲਹਾ
ਕੁਸਮ ਬਾਸੁ ਜੈਸੇ ਭਵਰਲਾ ॥

As rain is dear to the earth, and the flower's fragrance is dear to the bumble bee,

ਜਿਉ ਕੋਕਿਲ ਕਉ ਅੰਬੁ ਬਾਲਹਾ
ਤਿਉ ਮੇਰੈ ਮਨਿ ਰਾਮਈਆ ॥੨॥

and the mango is dear to the cuckoo, so is the Lord to my mind. ||2||

ਚਕਵੀ ਕਉ ਜੈਸੇ ਸੂਰੁ ਬਾਲਹਾ ਮਾਨ
ਸਰੋਵਰ ਹੰਸੁਲਾ ॥

As the sun is dear to the chakvi duck, and the lake of Man Sarovar is dear to the swan,

ਜਿਉ ਤਰੁਣੀ ਕਉ ਕੰਤੁ ਬਾਲਹਾ
ਤਿਉ ਮੇਰੈ ਮਨਿ ਰਾਮਈਆ ॥੩॥

and the husband is dear to his wife, so is the Lord to my mind. ||3||

ਬਾਰਿਕ ਕਉ ਜੈਸੇ ਖੀਰੁ ਬਾਲਹਾ
ਚਾਤ੍ਰਿਕ ਮੁਖ ਜੈਸੇ ਜਲਧਰਾ ॥

As milk is dear to the baby, and the raindrop is dear to the mouth of the rainbird,

ਮਛੁਲੀ ਕਉ ਜੈਸੇ ਨੀਰੁ ਬਾਲਹਾ
ਤਿਉ ਮੇਰੈ ਮਨਿ ਰਾਮਈਆ ॥੪॥

and as water is dear to the fish, so is the Lord to my mind. ||4||

ਸਾਧਿਕ ਸਿਧ ਸਗਲ ਮੁਨਿ ਚਾਹਹਿ
ਬਿਰਲੇ ਕਾਹੂ ਡੀਠੁਲਾ ॥

All the seekers, Siddhas and silent sages seek Him, but only a rare few behold Him.

ਸਗਲ ਭਵਣ ਤੇਰੋ ਨਾਮੁ ਬਾਲਹਾ
ਤਿਉ ਨਾਮੇ ਮਨਿ ਬੀਠੁਲਾ ॥੫॥੩॥

Just as Your Name is dear to all the Universe, so is the Lord dear to Naam Dayv's mind. ||5||3||

| | |
|---|---|
| ਪਹਿਲ ਪੁਰੀਏ ਪੁੰਡਰਕ ਵਨਾ ॥ | First of all, the lotuses bloomed in the woods; |
| ਤਾ ਚੇ ਹੰਸਾ ਸਗਲੇ ਜਨਾਂ ॥ | from them, all the swan-souls came into being. |
| ਕ੍ਰਿਸਾੑ ਤੇ ਜਾਨਊ ਹਰਿ ਹਰਿ ਨਾਚੰਤੀ ਨਾਚਨਾ ॥੧॥ | Know that, through Krishna, the Lord, Har, Har, the dance of creation dances. \|\|1\|\| |
| ਪਹਿਲ ਪੁਰਸਾਬਿਰਾ ॥ | First of all, there was only the Primal Being. |
| ਅਥੋਨ ਪੁਰਸਾਦਮਰਾ ॥ | From that Primal Being, Maya was produced. |
| ਅਸਗਾ ਅਸ ਉਸਗਾ ॥ | All that is, is His. |
| ਹਰਿ ਕਾ ਬਾਗਰਾ ਨਾਚੈ ਪਿੰਧੀ ਮਹਿ ਸਾਗਰਾ ॥੧॥ ਰਹਾਉ ॥ | In this Garden of the Lord, we all dance, like water in the pots of the Persian wheel. \|\|1\|\|Pause\|\| |
| ਨਾਚੰਤੀ ਗੋਪੀ ਜੰਨਾ ॥ | Women and men both dance. |
| ਨਈਆ ਤੇ ਬੈਰੇ ਕੰਨਾ ॥ | There is no other than the Lord. |
| ਤਰਕੁ ਨ ਚਾ ॥ | Don't dispute this, |
| ਭ੍ਰਮੀਆ ਚਾ ॥ | and don't doubt this. |
| ਕੇਸਵਾ ਬਚਉਨੀ ਅਈਏ ਮਈਏ ਏਕ ਆਨ ਜੀਉ ॥੨॥ | The Lord says, "This creation and I are one and the same."\|\|2\|\| |
| **੬੯੪** | **694** |
| ਪਿੰਧੀ ਉਭਕਲੇ ਸੰਸਾਰਾ ॥ | Like the pots on the Persian wheel, sometimes the world is high, and sometimes it is low. |
| ਭ੍ਰਮਿ ਭ੍ਰਮਿ ਆਏ ਤੁਮ ਚੇ ਦੁਆਰਾ ॥ | Wandering and roaming around, I have come at last to Your Door. |
| ਤੂ ਕੁਨੁ ਰੇ ॥ | "Who are you?" |
| ਮੈ ਜੀ ॥ ਨਾਮਾ ॥ ਹੋ ਜੀ ॥ | "I am Naam Dayv, Sir." |
| ਆਲਾ ਤੇ ਨਿਵਾਰਣਾ ਜਮ ਕਾਰਣਾ ॥੩॥੪॥ | O Lord, please save me from Maya, the cause of death. \|\|3\|\|4\|\| |
| ਪਤਿਤ ਪਾਵਨ ਮਾਧਉ ਬਿਰਦੁ ਤੇਰਾ ॥ | O Lord, You are the Purifier of sinners - this is Your innate nature. |
| ਧੰਨਿ ਤੇ ਵੈ ਮੁਨਿ ਜਨ ਜਿਨ ਧਿਆਇਓ ਹਰਿ ਪ੍ਰਭੁ ਮੇਰਾ ॥੧॥ | Blessed are those silent sages and humble beings, who meditate on my Lord God. \|\|1\|\| |
| ਮੇਰੈ ਮਾਥੈ ਲਾਗੀ ਲੇ ਧੂਰਿ ਗੋਬਿੰਦ ਚਰਨਨ ਕੀ ॥ | I have applied to my forehead the dust of the feet of the Lord of the Universe. |

| | |
|---|---|
| ਸੁਰਿ ਨਰ ਮੁਨਿ ਜਨ ਤਿਨਹੂ ਤੇ ਦੂਰਿ ॥੧॥ ਰਹਾਉ ॥ | This is something which is far away from the gods, mortal men and silent sages. \|\|1\|\|Pause\|\| |
| ਦੀਨ ਕਾ ਦਇਆਲੁ ਮਾਧੌ ਗਰਬ ਪਰਹਾਰੀ ॥ | O Lord, Merciful to the meek, Destroyer of pride |
| ਚਰਨ ਸਰਨ ਨਾਮਾ ਬਲਿ ਤਿਹਾਰੀ ॥੨॥੫॥ | - Naam Dayv seeks the Sanctuary of Your feet; he is a sacrifice to You. \|\|2\|\|5\|\| |
| ਧਨਾਸਰੀ ਭਗਤ ਰਵਿਦਾਸ ਜੀ ਕੀ | Dhanaasaree, Devotee Ravi Daas Jee: |
| ੧ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ ਅਬ ਪਤੀਆਰੁ ਕਿਆ ਕੀਜੈ ॥ | There is none as forlorn as I am, and none as Compassionate as You; what need is there to test us now? |
| ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ ॥੧॥ | May my mind surrender to Your Word; please, bless Your humble servant with this perfection. \|\|1\|\| |
| ਹਉ ਬਲਿ ਬਲਿ ਜਾਉ ਰਮਈਆ ਕਾਰਨੇ ॥ | I am a sacrifice, a sacrifice to the Lord. |
| ਕਾਰਨ ਕਵਨ ਅਬੋਲ ॥ ਰਹਾਉ ॥ | O Lord, why are You silent? \|\|Pause\|\| |
| ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਹਾਰੇ ਲੇਖੇ ॥ | For so many incarnations, I have been separated from You, Lord; I dedicate this life to You. |
| ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨੁ ਦੇਖੇ ॥੨॥੧॥ | Says Ravi Daas: placing my hopes in You, I live; it is so long since I have gazed upon the Blessed Vision of Your Darshan. \|\|2\|\|1\|\| |
| ਚਿਤ ਸਿਮਰਨੁ ਕਰਉ ਨੈਨ ਅਵਿਲੋਕਨੋ ਸ੍ਰਵਨ ਬਾਨੀ ਸੁਜਸੁ ਪੂਰਿ ਰਾਖਉ ॥ | In my consciousness, I remember You in meditation; with my eyes, I behold You; I fill my ears with the Word of Your Bani, and Your Sublime Praise. |
| ਮਨੁ ਸੁ ਮਧੁਕਰੁ ਕਰਉ ਚਰਨ ਹਿਰਦੇ ਧਰਉ ਰਸਨ ਅੰਮ੍ਰਿਤ ਰਾਮ ਨਾਮ ਭਾਖਉ ॥੧॥ | My mind is the bumble bee; I enshrine Your feet within my heart, and with my tongue, I chant the Ambrosial Name of the Lord. \|\|1\|\| |
| ਮੇਰੀ ਪ੍ਰੀਤਿ ਗੋਬਿੰਦ ਸਿਉ ਜਿਨਿ ਘਟੈ ॥ | My love for the Lord of the Universe does not decrease. |
| ਮੈ ਤਉ ਮੋਲਿ ਮਹਗੀ ਲਈ ਜੀਅ ਸਟੈ ॥੧॥ ਰਹਾਉ ॥ | I paid for it dearly, in exchange for my soul. \|\|1\|\|Pause\|\| |

| | |
|---|---|
| ਸਾਧਸੰਗਤਿ ਬਿਨਾ ਭਾਉ ਨਹੀ ਊਪਜੈ ਭਾਵ ਬਿਨੁ ਭਗਤਿ ਨਹੀ ਹੋਇ ਤੇਰੀ ॥ | Without the Saadh Sangat, the Company of the Holy, love for the Lord does not well up; without this love, Your devotional worship cannot be performed. |
| ਕਹੈ ਰਵਿਦਾਸੁ ਇਕ ਬੇਨਤੀ ਹਰਿ ਸਿਉ ਪੈਜ ਰਾਖਹੁ ਰਾਜਾ ਰਾਮ ਮੇਰੀ ॥੨॥੨॥ | Ravi Daas offers this one prayer unto the Lord: please preserve and protect my honor, O Lord, my King. \|\|2\|\|2\|\| |
| ਨਾਮੁ ਤੇਰੋ ਆਰਤੀ ਮਜਨੁ ਮੁਰਾਰੇ ॥ | Your Name, Lord, is my adoration and cleansing bath. |
| ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ ॥੧॥ ਰਹਾਉ ॥ | Without the Name of the Lord, all ostentatious displays are useless. \|\|1\|\|Pause\|\| |
| ਨਾਮੁ ਤੇਰੋ ਆਸਨੋ ਨਾਮੁ ਤੇਰੋ ਉਰਸਾ ਨਾਮੁ ਤੇਰਾ ਕੇਸਰੋ ਲੇ ਛਿਟਕਾਰੇ ॥ | Your Name is my prayer mat, and Your Name is the stone to grind the sandalwood. Your Name is the saffron which I take and sprinkle in offering to You. |
| ਨਾਮੁ ਤੇਰਾ ਅੰਭੁਲਾ ਨਾਮੁ ਤੇਰੋ ਚੰਦਨੋ ਘਸਿ ਜਪੇ ਨਾਮੁ ਲੇ ਤੁਝਹਿ ਕਉ ਚਾਰੇ ॥੧॥ | Your Name is the water, and Your Name is the sandalwood. The chanting of Your Name is the grinding of the sandalwood. I take it and offer all this to You. \|\|1\|\| |
| ਨਾਮੁ ਤੇਰਾ ਦੀਵਾ ਨਾਮੁ ਤੇਰੋ ਬਾਤੀ ਨਾਮੁ ਤੇਰੋ ਤੇਲੁ ਲੇ ਮਾਹਿ ਪਸਾਰੇ ॥ | Your Name is the lamp, and Your Name is the wick. Your Name is the oil I pour into it. |
| ਨਾਮ ਤੇਰੇ ਕੀ ਜੋਤਿ ਲਗਾਈ ਭਇਓ ਉਜਿਆਰੋ ਭਵਨ ਸਗਲਾਰੇ ॥੨॥ | Your Name is the light applied to this lamp, which enlightens and illuminates the entire world. \|\|2\|\| |
| ਨਾਮੁ ਤੇਰੋ ਤਾਗਾ ਨਾਮੁ ਫੂਲ ਮਾਲਾ ਭਾਰ ਅਠਾਰਹ ਸਗਲ ਜੂਠਾਰੇ ॥ | Your Name is the thread, and Your Name is the garland of flowers. The eighteen loads of vegetation are all too impure to offer to You. |
| ਤੇਰੋ ਕੀਆ ਤੁਝਹਿ ਕਿਆ ਅਰਪਉ ਨਾਮੁ ਤੇਰਾ ਤੁਹੀ ਚਵਰ ਢੋਲਾਰੇ ॥੩॥ | Why should I offer to You, that which You Yourself created? Your Name is the fan, which I wave over You. \|\|3\|\| |
| ਦਸ ਅਠਾ ਅਠਸਠੇ ਚਾਰੇ ਖਾਣੀ ਇਹੈ ਵਰਤਣਿ ਹੈ ਸਗਲ ਸੰਸਾਰੇ ॥ | The whole world is engrossed in the eighteen Puraanas, the sixty-eight sacred shrines of pilgrimage, and the four sources of creation. |
| ਕਹੈ ਰਵਿਦਾਸੁ ਨਾਮੁ ਤੇਰੋ ਆਰਤੀ ਸਤਿ ਨਾਮੁ ਹੈ ਹਰਿ ਭੋਗ ਤੁਹਾਰੇ ॥੪॥੩॥ | Says Ravi Daas, Your Name is my Aartee, my lamp-lit worship-service. The True Name, Sat Naam, is the food which I offer to You. \|\|4\|\|3\|\| |

| ੬੯੫ | 695 |
|---|---|
| ਧਨਾਸਰੀ ਬਾਣੀ ਭਗਤਾਂ ਕੀ ਤ੍ਰਿਲੋਚਨ | Dhanaasaree, The Word Of Devotee Trilochan Jee: |
| ੧ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਨਾਰਾਇਣ ਨਿੰਦਸਿ ਕਾਇ ਭੂਲੀ ਗਵਾਰੀ ॥ | Why do you slander the Lord? You are ignorant and deluded. |
| ਦੁਕ੍ਰਿਤੁ ਸੁਕ੍ਰਿਤੁ ਥਾਰੋ ਕਰਮੁ ਰੀ ॥੧॥ ਰਹਾਉ ॥ | Pain and pleasure are the result of your own actions. \|\|1\|\|Pause\|\| |
| ਸੰਕਰਾ ਮਸਤਕਿ ਬਸਤਾ ਸੁਰਸਰੀ ਇਸਨਾਨ ਰੇ ॥ | The moon dwells in Shiva's forehead; it takes its cleansing bath in the Ganges. |
| ਕੁਲ ਜਨ ਮਧੇ ਮਿਲ੍ਯ਼ਿੋ ਸਾਰਗ ਪਾਨ ਰੇ ॥ | Among the men of the moon's family, Krishna was born; |
| ਕਰਮ ਕਰਿ ਕਲੰਕੁ ਮਫੀਟਸਿ ਰੀ ॥੧॥ | even so, the stains from its past actions remain on the moon's face. \|\|1\|\| |
| ਬਿਸ੍ਵ ਕਾ ਦੀਪਕੁ ਸ੍ਵਾਮੀ ਤਾ ਚੇ ਰੇ ਸੁਆਰਥੀ ਪੰਖੀ ਰਾਇ ਗਰੁੜ ਤਾ ਚੇ ਬਾਧਵਾ ॥ | Aruna was a charioteer; his master was the sun, the lamp of the world. His brother was Garuda, the king of birds; |
| ਕਰਮ ਕਰਿ ਅਰੁਣ ਪਿੰਗੁਲਾ ਰੀ ॥੨॥ | and yet, Aruna was made a cripple, because of the karma of his past actions. \|\|2\|\| |
| ਅਨਿਕ ਪਾਤਿਕ ਹਰਤਾ ਤ੍ਰਿਭਵਣ ਨਾਥੁ ਰੀ ਤੀਰਥਿ ਤੀਰਥਿ ਭ੍ਰਮਤਾ ਲਹੈ ਨ ਪਾਰੁ ਰੀ ॥ | Shiva, the destroyer of countless sins, the Lord and Master of the three worlds, wandered from sacred shrine to sacred shrine; he never found an end to them. |
| ਕਰਮ ਕਰਿ ਕਪਾਲੁ ਮਫੀਟਸਿ ਰੀ ॥੩॥ | And yet, he could not erase the karma of cutting off Brahma's head. \|\|3\|\| |
| ਅੰਮ੍ਰਿਤ ਸਸੀਅ ਧੇਨ ਲਛਿਮੀ ਕਲਪਤਰ ਸਿਖਰਿ ਸੁਨਾਗਰ ਨਦੀ ਚੇ ਨਾਥੰ ॥ | Through the nectar, the moon, the wish-fulfilling cow, Lakshmi, the miraculous tree of life, Sikhar the sun's horse, and Dhanavantar the wise physician - all arose from the ocean, the lord of rivers; |
| ਕਰਮ ਕਰਿ ਖਾਰੁ ਮਫੀਟਸਿ ਰੀ ॥੪॥ | and yet, because of its karma, its saltiness has not left it. \|\|4\|\| |
| ਦਾਧੀਲੇ ਲੰਕਾ ਗੜੁ ਉਪਾੜੀਲੇ ਰਾਵਣ ਬਣੁ ਸਲਿ ਬਿਸਲਿ ਆਣਿ ਤੋਖੀਲੇ ਹਰੀ ॥ | Hanuman burnt the fortress of Sri Lanka, uprooted the garden of Raawan, and brought healing herbs for the wounds of Lachhman, pleasing Lord Raamaa; |

| | |
|---|---|
| ਕਰਮ ਕਰਿ ਕਛਉਟੀ ਮਫੀਟਸਿ ਰੀ ॥੫॥ | and yet, because of his karma, he could not be rid of his loin cloth. ‖5‖ |
| ਪੂਰਬਲੋ ਕ੍ਰਿਤ ਕਰਮੁ ਨ ਮਿਟੈ ਰੀ ਘਰ ਗੇਹਣਿ ਤਾ ਚੇ ਮੋਹਿ ਜਾਪੀਅਲੇ ਰਾਮ ਚੇ ਨਾਮੰ ॥ | The karma of past actions cannot be erased, O wife of my house; this is why I chant the Name of the Lord. |
| ਬਦਤਿ ਤ੍ਰਿਲੋਚਨ ਰਾਮ ਜੀ ॥੬॥੧॥ | So prays Trilochan, Dear Lord. ‖6‖1‖ |
| ਸ੍ਰੀ ਸੈਣੁ ॥ | Sri Sain: |
| ਧੂਪ ਦੀਪ ਘ੍ਰਿਤ ਸਾਜਿ ਆਰਤੀ ॥ | With incense, lamps and ghee, I offer this lamp-lit worship service. |
| ਵਾਰਨੇ ਜਾਉ ਕਮਲਾ ਪਤੀ ॥੧॥ | I am a sacrifice to the Lord of Lakshmi. ‖1‖ |
| ਮੰਗਲਾ ਹਰਿ ਮੰਗਲਾ ॥ ਨਿਤ ਮੰਗਲੁ ਰਾਜਾ ਰਾਮ ਰਾਇ ਕੋ ॥੧॥ ਰਹਾਉ ॥ | Hail to You, Lord, hail to You! Again and again, hail to You, Lord King, Ruler of all! ‖1‖Pause‖ |
| ਊਤਮੁ ਦੀਅਰਾ ਨਿਰਮਲ ਬਾਤੀ ॥ | Sublime is the lamp, and pure is the wick. |
| ਤੁਹੀਂ ਨਿਰੰਜਨੁ ਕਮਲਾ ਪਾਤੀ ॥੨॥ | You are immaculate and pure, O Brilliant Lord of Wealth! ‖2‖ |
| ਰਾਮਾ ਭਗਤਿ ਰਾਮਾਨੰਦੁ ਜਾਨੈ ॥ | Raamaanand knows the devotional worship of the Lord. |
| ਪੂਰਨ ਪਰਮਾਨੰਦੁ ਬਖਾਨੈ ॥੩॥ | He says that the Lord is all-pervading, the embodiment of supreme joy. ‖3‖ |
| ਮਦਨ ਮੂਰਤਿ ਭੈ ਤਾਰਿ ਗੋਬਿੰਦੇ ॥ | The Lord of the world, of wondrous form, has carried me across the terrifying world-ocean. |
| ਸੈਨੁ ਭਣੈ ਭਜੁ ਪਰਮਾਨੰਦੇ ॥੪॥੨॥ | Says Sain, remember the Lord, the embodiment of supreme joy! ‖4‖2‖ |
| ਪੀਪਾ ॥ | Peepaa: |
| ਕਾਯਉ ਦੇਵਾ ਕਾਇਅਉ ਦੇਵਲ ਕਾਇਅਉ ਜੰਗਮ ਜਾਤੀ ॥ | Within the body, the Divine Lord is embodied. The body is the temple, the place of pilgrimage, and the pilgrim. |
| ਕਾਇਅਉ ਧੂਪ ਦੀਪ ਨਈਬੇਦਾ ਕਾਇਅਉ ਪੂਜਉ ਪਾਤੀ ॥੧॥ | Within the body are incense, lamps and offerings. Within the body are the flower offerings. ‖1‖ |
| ਕਾਇਆ ਬਹੁ ਖੰਡ ਖੋਜਤੇ ਨਵ ਨਿਧਿ ਪਾਈ ॥ | I searched throughout many realms, but I found the nine treasures within the body. |

| | |
|---|---|
| ਨਾ ਕਛੁ ਆਇਬੋ ਨਾ ਕਛੁ ਜਾਇਬੋ ਰਾਮ ਕੀ ਦੁਹਾਈ ॥੧॥ ਰਹਾਉ ॥ | Nothing comes, and nothing goes; I pray to the Lord for Mercy. \|\|1\|\|Pause\|\| |
| ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ॥ | The One who pervades the Universe also dwells in the body; whoever seeks Him, finds Him there. |
| ਪੀਪਾ ਪ੍ਰਣਵੈ ਪਰਮ ਤਤੁ ਹੈ ਸਤਿਗੁਰੁ ਹੋਇ ਲਖਾਵੈ ॥੨॥੩॥ | Peepaa prays, the Lord is the supreme essence; He reveals Himself through the True Guru. \|\|2\|\|3\|\| |
| ਧੰਨਾ ॥ | Dhannaa: |
| ਗੋਪਾਲ ਤੇਰਾ ਆਰਤਾ ॥ | O Lord of the world, this is Your lamp-lit worship service. |
| ਜੋ ਜਨ ਤੁਮਰੀ ਭਗਤਿ ਕਰੰਤੇ ਤਿਨ ਕੇ ਕਾਜ ਸਵਾਰਤਾ ॥੧॥ ਰਹਾਉ ॥ | You are the Arranger of the affairs of those humble beings who perform Your devotional worship service. \|\|1\|\|Pause\|\| |
| ਦਾਲਿ ਸੀਧਾ ਮਾਗਉ ਘੀਉ ॥ | Lentils, flour and ghee - these things, I beg of You. |
| ਹਮਰਾ ਖੁਸੀ ਕਰੈ ਨਿਤ ਜੀਉ ॥ | My mind shall ever be pleased. |
| ਪਨ੍ਹੀਆ ਛਾਦਨੁ ਨੀਕਾ ॥ ਅਨਾਜੁ ਮਗਉ ਸਤ ਸੀ ਕਾ ॥੧॥ | Shoes, fine clothes, and grain of seven kinds - I beg of You. \|\|1\|\| |
| ਗਊ ਭੈਸ ਮਗਉ ਲਾਵੇਰੀ ॥ | A milk cow, and a water buffalo, I beg of You, |
| ਇਕ ਤਾਜਨਿ ਤੁਰੀ ਚੰਗੇਰੀ ॥ | and a fine Turkestani horse. |
| ਘਰ ਕੀ ਗੀਹਨਿ ਚੰਗੀ ॥ | A good wife to care for my home |
| ਜਨੁ ਧੰਨਾ ਲੇਵੈ ਮੰਗੀ ॥੨॥੪॥ | - Your humble servant Dhanna begs for these things, Lord. \|\|2\|\|4\|\| |
| **੬੯੬** | **696** |
| ਜੈਤਸਰੀ ਮਹਲਾ ੪ ਘਰੁ ੧ ਚਉਪਦੇ | Jaitsree, Fourth Mehl, First House, Chau-Padas: |
| ੧ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਮੇਰੈ ਹੀਅਰੈ ਰਤਨੁ ਨਾਮੁ ਹਰਿ ਬਸਿਆ ਗੁਰਿ ਹਾਥੁ ਧਰਿਓ ਮੇਰੈ ਮਾਥਾ ॥ | The Jewel of the Lord's Name abides within my heart; the Guru has placed His hand on my forehead. |
| ਜਨਮ ਜਨਮ ਕੇ ਕਿਲਬਿਖ ਦੁਖ ਉਤਰੇ ਗੁਰਿ ਨਾਮੁ ਦੀਓ ਰਿਨੁ ਲਾਥਾ ॥੧॥ | The sins and pains of countless incarnations have been cast out. The Guru has blessed me with the Naam, the Name of the Lord, and my debt has been paid off. \|\|1\|\| |
| ਮੇਰੇ ਮਨ ਭਜੁ ਰਾਮ ਨਾਮੁ ਸਭਿ ਅਰਥਾ ॥ | O my mind, vibrate the Lord's Name, and all your affairs shall be resolved. |

| | |
|---|---|
| ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ ਬਿਨੁ ਨਾਵੈ ਜੀਵਨੁ ਬਿਰਥਾ ॥ ਰਹਾਉ ॥ | The Perfect Guru has implanted the Lord's Name within me; without the Name, life is useless. \|\|Pause\|\| |
| ਬਿਨੁ ਗੁਰ ਮੂੜ ਭਏ ਹੈ ਮਨਮੁਖ ਤੇ ਮੋਹ ਮਾਇਆ ਨਿਤ ਫਾਥਾ ॥ | Without the Guru, the self-willed manmukhs are foolish and ignorant; they are forever entangled in emotional attachment to Maya. |
| ਤਿਨ ਸਾਧੂ ਚਰਣ ਨ ਸੇਵੇ ਕਬਹੂ ਤਿਨ ਸਭੁ ਜਨਮੁ ਅਕਾਥਾ ॥੨॥ | They never serve the feet of the Holy; their lives are totally useless. \|\|2\|\| |
| ਜਿਨ ਸਾਧੂ ਚਰਣ ਸਾਧ ਪਗ ਸੇਵੇ ਤਿਨ ਸਫਲਿਓ ਜਨਮੁ ਸਨਾਥਾ ॥ | Those who serve at the feet of the Holy, the feet of the Holy, their lives are made fruitful, and they belong to the Lord. |
| ਮੋ ਕਉ ਕੀਜੈ ਦਾਸੁ ਦਾਸ ਦਾਸਨ ਕੋ ਹਰਿ ਦਇਆ ਧਾਰਿ ਜਗੰਨਾਥਾ ॥੩॥ | Make me the slave of the slave of the slaves of the Lord; bless me with Your Mercy, O Lord of the Universe. \|\|3\|\| |
| ਹਮ ਅੰਧੁਲੇ ਗਿਆਨਹੀਨ ਅਗਿਆਨੀ ਕਿਉ ਚਾਲਹ ਮਾਰਗਿ ਪੰਥਾ ॥ | I am blind, ignorant and totally without wisdom; how can I walk on the Path? |
| ਹਮ ਅੰਧੁਲੇ ਕਉ ਗੁਰ ਅੰਚਲੁ ਦੀਜੈ ਜਨ ਨਾਨਕ ਚਲਹ ਮਿਲੰਥਾ ॥੪॥੧॥ | I am blind - O Guru, please let me grasp the hem of Your robe, so that servant Nanak may walk in harmony with You. \|\|4\|\|1\|\| |
| ਜੈਤਸਰੀ ਮਹਲਾ ੪ ॥ | Jaitsree, Fourth Mehl: |
| ਹੀਰਾ ਲਾਲੁ ਅਮੋਲਕੁ ਹੈ ਭਾਰੀ ਬਿਨੁ ਗਾਹਕ ਮੀਕਾ ਕਾਖਾ ॥ | A jewel or a diamond may be very valuable and heavy, but without a purchaser, it is worth only straw. |
| ਰਤਨ ਗਾਹਕੁ ਗੁਰੁ ਸਾਧੂ ਦੇਖਿਓ ਤਬ ਰਤਨੁ ਬਿਕਾਨੋ ਲਾਖਾ ॥੧॥ | When the Holy Guru, the Purchaser, saw this jewel, He purchased it for hundreds of thousands of dollars. \|\|1\|\| |
| ਮੇਰੈ ਮਨਿ ਗੁਪਤ ਹੀਰੁ ਹਰਿ ਰਾਖਾ ॥ | The Lord has kept this jewel hidden within my mind. |
| ਦੀਨ ਦਇਆਲਿ ਮਿਲਾਇਓ ਗੁਰੁ ਸਾਧੂ ਗੁਰਿ ਮਿਲਿਐ ਹੀਰੁ ਪਰਾਖਾ ॥ ਰਹਾਉ ॥ | The Lord, merciful to the meek, led me to meet the Holy Guru; meeting the Guru, I came to appreciate this jewel. \|\|Pause\|\| |
| ਮਨਮੁਖ ਕੋਠੀ ਅਗਿਆਨੁ ਅੰਧੇਰਾ ਤਿਨ ਘਰਿ ਰਤਨੁ ਨ ਲਾਖਾ ॥ | The rooms of the self-willed manmukhs are dark with ignorance; in their homes, the jewel is not visible. |
| ਤੇ ਊਝੜਿ ਭਰਮਿ ਮੁਏ ਗਾਵਾਰੀ ਮਾਇਆ ਭੁਅੰਗ ਬਿਖੁ ਚਾਖਾ ॥੨॥ | Those fools die, wandering in the wilderness, eating the poison of the snake, Maya. \|\|2\|\| |

| | |
|---|---|
| ਹਰਿ ਹਰਿ ਸਾਧ ਮੇਲਹੁ ਜਨ ਨੀਕੇ ਹਰਿ ਸਾਧੂ ਸਰਣਿ ਹਮ ਰਾਖਾ ॥ | O Lord, Har, Har, let me meet the humble, holy beings; O Lord, keep me in the Sanctuary of the Holy. |
| ਹਰਿ ਅੰਗੀਕਾਰੁ ਕਰਹੁ ਪ੍ਰਭ ਸੁਆਮੀ ਹਮ ਪਰੇ ਭਾਗਿ ਤੁਮ ਪਾਖਾ ॥੩॥ | O Lord, make me Your own; O God, Lord and Master, I have hurried to Your side. \|\|3\|\| |
| ਜਿਹਵਾ ਕਿਆ ਗੁਣ ਆਖਿ ਵਖਾਣਹ ਤੁਮ ਵਡ ਅਗਮ ਵਡ ਪੁਰਖਾ ॥ | What Glorious Virtues of Yours can I speak and describe? You are great and unfathomable, the Greatest Being. |
| ਜਨ ਨਾਨਕ ਹਰਿ ਕਿਰਪਾ ਧਾਰੀ ਪਾਖਾਣੁ ਡੁਬਤ ਹਰਿ ਰਾਖਾ ॥੪॥੨॥ | The Lord has bestowed His Mercy on servant Nanak; He has saved the sinking stone. \|\|4\|\|2\|\| |

## ੬੯੭ — 697

| | |
|---|---|
| ਜੈਤਸਰੀ ਮਃ ੪ ॥ | Jaitsree, Fourth Mehl: |
| ਹਮ ਬਾਰਿਕ ਕਛੂਅ ਨ ਜਾਨਹ ਗਤਿ ਮਿਤਿ ਤੇਰੇ ਮੂਰਖ ਮੁਗਧ ਇਆਨਾ ॥ | I am Your child; I know nothing about Your state and extent; I am foolish, idiotic and ignorant. |
| ਹਰਿ ਕਿਰਪਾ ਧਾਰਿ ਦੀਜੈ ਮਤਿ ਊਤਮ ਕਰਿ ਲੀਜੈ ਮੁਗਧੁ ਸਿਆਨਾ ॥੧॥ | O Lord, shower me with Your Mercy; bless me with an enlightened intellect; I am foolish - make me clever. \|\|1\|\| |
| ਮੇਰਾ ਮਨੁ ਆਲਸੀਆ ਉਘਲਾਨਾ ॥ | My mind is lazy and sleepy. |
| ਹਰਿ ਹਰਿ ਆਨਿ ਮਿਲਾਇਓ ਗੁਰੁ ਸਾਧੂ ਮਿਲਿ ਸਾਧੂ ਕਪਟ ਖੁਲਾਨਾ ॥ ਰਹਾਉ ॥ | The Lord, Har, Har, has led me to meet the Holy Guru; meeting the Holy, the shutters have been opened wide. \|\|Pause\|\| |
| ਗੁਰ ਖਿਨੁ ਖਿਨੁ ਪ੍ਰੀਤਿ ਲਗਾਵਹੁ ਮੇਰੈ ਹੀਅਰੈ ਮੇਰੇ ਪ੍ਰੀਤਮ ਨਾਮੁ ਪਰਾਨਾ ॥ | O Guru, each and every instant, fill my heart with love; the Name of my Beloved is my breath of life. |
| ਬਿਨੁ ਨਾਵੈ ਮਰਿ ਜਾਈਐ ਮੇਰੇ ਠਾਕੁਰ ਜਿਉ ਅਮਲੀ ਅਮਲਿ ਲੁਭਾਨਾ ॥੨॥ | Without the Name, I would die; the Name of my Lord and Master is to me like the drug to the addict. \|\|2\|\| |
| ਜਿਨ ਮਨਿ ਪ੍ਰੀਤਿ ਲਗੀ ਹਰਿ ਕੇਰੀ ਤਿਨ ਧੁਰਿ ਭਾਗ ਪੁਰਾਨਾ ॥ | Those who enshrine love for the Lord within their minds fulfill their pre-ordained destiny. |
| ਤਿਨ ਹਮ ਚਰਣ ਸਰੇਵਹ ਖਿਨੁ ਖਿਨੁ ਜਿਨ ਹਰਿ ਮੀਠ ਲਗਾਨਾ ॥੩॥ | I worship their feet, each and every instant; the Lord seems very sweet to them. \|\|3\|\| |
| ਹਰਿ ਹਰਿ ਕ੍ਰਿਪਾ ਧਾਰੀ ਮੇਰੈ ਠਾਕੁਰਿ ਜਨੁ ਬਿਛੁਰਿਆ ਚਿਰੀ ਮਿਲਾਨਾ ॥ | My Lord and Master, Har, Har, has showered His Mercy upon His humble servant; separated for so long, he is now re-united with the Lord. |

ਧਨੁ ਧਨੁ ਸਤਿਗੁਰੁ ਜਿਨਿ ਨਾਮੁ ਦ੍ਰਿੜਾਇਆ ਜਨੁ ਨਾਨਕੁ ਤਿਸੁ ਕੁਰਬਾਨਾ ॥੪॥੩॥

Blessed, blessed is the True Guru, who has implanted the Naam, the Name of the Lord within me; servant Nanak is a sacrifice to Him. ||4||3||

ਜੈਤਸਰੀ ਮਹਲਾ ੪ ॥

Jaitsree, Fourth Mehl:

ਸਤਿਗੁਰੁ ਸਾਜਨੁ ਪੁਰਖੁ ਵਡ ਪਾਇਆ ਹਰਿ ਰਸਕਿ ਰਸਕਿ ਫਲ ਲਾਗਿਬਾ ॥

I have found the True Guru, my Friend, the Greatest Being. Love and affection for the Lord has blossomed forth.

ਮਾਇਆ ਭੁਇਅੰਗ ਗ੍ਰਸਿਓ ਹੈ ਪ੍ਰਾਣੀ ਗੁਰ ਬਚਨੀ ਬਿਸੁ ਹਰਿ ਕਾਢਿਬਾ ॥੧॥

Maya, the snake, has seized the mortal; through the Word of the Guru, the Lord neutralizes the venom. ||1||

ਮੇਰਾ ਮਨੁ ਰਾਮ ਨਾਮ ਰਸਿ ਲਾਗਿਬਾ ॥

My mind is attached to the sublime essence of the Lord's Name.

ਹਰਿ ਕੀਏ ਪਤਿਤ ਪਵਿਤ੍ਰ ਮਿਲਿ ਸਾਧ ਗੁਰ ਹਰਿ ਨਾਮੈ ਹਰਿ ਰਸੁ ਚਾਖਿਬਾ ॥ ਰਹਾਉ ॥

The Lord has purified the sinners, uniting them with the Holy Guru; now, they taste the Lord's Name, and the sublime essence of the Lord. ||Pause||

ਧਨੁ ਧਨੁ ਵਡਭਾਗ ਮਿਲਿਓ ਗੁਰੁ ਸਾਧੂ ਮਿਲਿ ਸਾਧੂ ਲਿਵ ਉਨਮਨਿ ਲਾਗਿਬਾ ॥

Blessed, blessed is the good fortune of those who meet the Holy Guru; meeting with the Holy, they lovingly center themselves in the state of absolute absorption.

ਤ੍ਰਿਸਨਾ ਅਗਨਿ ਬੁਝੀ ਸਾਂਤਿ ਪਾਈ ਹਰਿ ਨਿਰਮਲ ਨਿਰਮਲ ਗੁਨ ਗਾਇਬਾ ॥੨॥

The fire of desire within them is quenched, and they find peace; they sing the Glorious Praises of the Immaculate Lord. ||2||

ਤਿਨ ਕੇ ਭਾਗ ਖੀਨ ਧੁਰਿ ਪਾਏ ਜਿਨ ਸਤਿਗੁਰ ਦਰਸੁ ਨ ਪਾਇਬਾ ॥

Those who do not obtain the Blessed Vision of the True Guru's Darshan, have misfortune pre-ordained for them.

ਤੇ ਦੂਜੈ ਭਾਇ ਪਵਹਿ ਗ੍ਰਭ ਜੋਨੀ ਸਭੁ ਬਿਰਥਾ ਜਨਮੁ ਤਿਨ ਜਾਇਬਾ ॥੩॥

In the love of duality, they are consigned to reincarnation through the womb, and they pass their lives totally uselessly. ||3||

ਹਰਿ ਦੇਹੁ ਬਿਮਲ ਮਤਿ ਗੁਰ ਸਾਧ ਪਗ ਸੇਵਹ ਹਮ ਹਰਿ ਮੀਠ ਲਗਾਇਬਾ ॥

O Lord, please, bless me with pure understanding, that I may serve the Feet of the Holy Guru; the Lord seems sweet to me.

ਜਨੁ ਨਾਨਕੁ ਰੇਣ ਸਾਧ ਪਗ ਮਾਗੈ ਹਰਿ ਹੋਇ ਦਇਆਲੁ ਦਿਵਾਇਬਾ ॥੪॥੪॥

Servant Nanak begs for the dust of the feet of the Holy; O Lord, be Merciful, and bless me with it. ||4||4||

| | |
|---|---|
| ਜੈਤਸਰੀ ਮਹਲਾ ੪ ॥ | Jaitsree, Fourth Mehl: |
| ਜਿਨ ਹਰਿ ਹਿਰਦੈ ਨਾਮੁ ਨ ਬਸਿਓ ਤਿਨ ਮਾਤ ਕੀਜੈ ਹਰਿ ਬਾਂਝਾ ॥ | The Lord's Name does not abide within their hearts - their mothers should have been sterile. |
| ਤਿਨ ਸੁੰਞੀ ਦੇਹ ਫਿਰਹਿ ਬਿਨੁ ਨਾਵੈ ਓਇ ਖਪਿ ਖਪਿ ਮੁਏ ਕਰਾਂਝਾ ॥੧॥ | These bodies wander around, forlorn and abandoned, without the Name; their lives waste away, and they die, crying out in pain. \|\|1\|\| |
| ਮੇਰੇ ਮਨ ਜਪਿ ਰਾਮ ਨਾਮੁ ਹਰਿ ਮਾਝਾ ॥ | O my mind, chant the Name of the Lord, the Lord within you. |
| ਹਰਿ ਹਰਿ ਕ੍ਰਿਪਾਲਿ ਕ੍ਰਿਪਾ ਪ੍ਰਭਿ ਧਾਰੀ ਗੁਰਿ ਗਿਆਨੁ ਦੀਓ ਮਨੁ ਸਮਝਾ ॥ ਰਹਾਉ ॥ | The Merciful Lord God, Har, Har, has showered me with His Mercy; the Guru has imparted spiritual wisdom to me, and my mind has been instructed. \|\|Pause\|\| |
| ਹਰਿ ਕੀਰਤਿ ਕਲਜੁਗਿ ਪਦੁ ਊਤਮੁ ਹਰਿ ਪਾਈਐ ਸਤਿਗੁਰ ਮਾਝਾ ॥ | In this Dark Age of Kali Yuga, the Kirtan of the Lord's Praise brings the most noble and exalted status; the Lord is found through the True Guru. |
| ਹਉ ਬਲਿਹਾਰੀ ਸਤਿਗੁਰ ਅਪੁਨੇ ਜਿਨਿ ਗੁਪਤੁ ਨਾਮੁ ਪਰਗਾਝਾ ॥੨॥ | I am a sacrifice to my True Guru, who has revealed the Lord's hidden Name to me. \|\|2\|\| |
| ਦਰਸਨੁ ਸਾਧ ਮਿਲਿਓ ਵਡਭਾਗੀ ਸਭਿ ਕਿਲਬਿਖ ਗਏ ਗਵਾਝਾ ॥ | By great good fortune, I obtained the Blessed Vision of the Darshan of the Holy; it removes all stains of sin. |
| ਸਤਿਗੁਰੁ ਸਾਹੁ ਪਾਇਆ ਵਡ ਦਾਣਾ ਹਰਿ ਕੀਏ ਬਹੁ ਗੁਣ ਸਾਝਾ ॥੩॥ | I have found the True Guru, the great, all-knowing King; He has shared with me the many Glorious Virtues of the Lord. \|\|3\|\| |
| **੬੯੮** | **698** |
| ਜਿਨ ਕਉ ਕ੍ਰਿਪਾ ਕਰੀ ਜਗਜੀਵਨਿ ਹਰਿ ਉਰਿ ਧਾਰਿਓ ਮਨ ਮਾਝਾ ॥ | Those, unto whom the Lord, the Life of the world, has shown Mercy, enshrine Him within their hearts, and cherish Him in their minds. |
| ਧਰਮ ਰਾਇ ਦਰਿ ਕਾਗਦ ਫਾਰੇ ਜਨ ਨਾਨਕ ਲੇਖਾ ਸਮਝਾ ॥੪॥੫॥ | The Righteous Judge of Dharma, in the Court of the Lord, has torn up my papers; servant Nanak's account has been settled. \|\|4\|\|5\|\| |
| ਜੈਤਸਰੀ ਮਹਲਾ ੪ ॥ | Jaitsree, Fourth Mehl: |
| ਸਤਸੰਗਤਿ ਸਾਧ ਪਾਈ ਵਡਭਾਗੀ ਮਨੁ ਚਲਤੌ ਭਇਓ ਅਰੂੜਾ ॥ | In the Sat Sangat, the True Congregation, I found the Holy, by great good fortune; my restless mind has been quieted. |

| | |
|---|---|
| ਅਨਹਤ ਧੁਨਿ ਵਾਜਹਿ ਨਿਤ ਵਾਜੇ ਹਰਿ ਅੰਮ੍ਰਿਤ ਧਾਰ ਰਸਿ ਲੀੜਾ ॥੧॥ | The unstruck melody ever vibrates and resounds; I have taken in the sublime essence of the Lord's Ambrosial Nectar, showering down. \|\|1\|\| |
| ਮੇਰੇ ਮਨ ਜਪਿ ਰਾਮ ਨਾਮੁ ਹਰਿ ਰੂੜਾ ॥ | O my mind, chant the Name of the Lord, the beauteous Lord. |
| ਮੇਰੈ ਮਨਿ ਤਨਿ ਪ੍ਰੀਤਿ ਲਗਾਈ ਸਤਿਗੁਰਿ ਹਰਿ ਮਿਲਿਓ ਲਾਇ ਝਪੀੜਾ ॥ ਰਹਾਉ ॥ | The True Guru has drenched my mind and body with the Love of the Lord, who has met me and lovingly embraced me. \|\|Pause\|\| |
| ਸਾਕਤ ਬੰਧ ਭਏ ਹੈ ਮਾਇਆ ਬਿਖੁ ਸੰਚਹਿ ਲਾਇ ਜਕੀੜਾ ॥ | The faithless cynics are bound and gagged in the chains of Maya; they are actively engaged, gathering in the poisonous wealth. |
| ਹਰਿ ਕੈ ਅਰਥਿ ਖਰਚਿ ਨਹ ਸਾਕਹਿ ਜਮਕਾਲੁ ਸਹਹਿ ਸਿਰਿ ਪੀੜਾ ॥੨॥ | They cannot spend this in harmony with the Lord, and so they must endure the pain which the Messenger of Death inflicts upon their heads. \|\|2\|\| |
| ਜਿਨ ਹਰਿ ਅਰਥਿ ਸਰੀਰੁ ਲਗਾਇਆ ਗੁਰ ਸਾਧੂ ਬਹੁ ਸਰਧਾ ਲਾਇ ਮੁਖਿ ਧੂੜਾ ॥ | The Holy Guru has dedicated His Being to the Lord's service; with great devotion, apply the dust of His feet to your face. |
| ਹਲਤਿ ਪਲਤਿ ਹਰਿ ਸੋਭਾ ਪਾਵਹਿ ਹਰਿ ਰੰਗੁ ਲਗਾ ਮਨਿ ਗੂੜਾ ॥੩॥ | In this world and the next, you shall receive the Lord's honor, and your mind shall be imbued with the permanent color of the Lord's Love. \|\|3\|\| |
| ਹਰਿ ਹਰਿ ਮੇਲਿ ਮੇਲਿ ਜਨ ਸਾਧੂ ਹਮ ਸਾਧ ਜਨਾ ਕਾ ਕੀੜਾ ॥ | O Lord, Har, Har, please unite me with the Holy; compared to these Holy people, I am just a worm. |
| ਜਨ ਨਾਨਕ ਪ੍ਰੀਤਿ ਲਗੀ ਪਗ ਸਾਧ ਗੁਰ ਮਿਲਿ ਸਾਧੂ ਪਾਖਾਣੁ ਹਰਿਓ ਮਨੁ ਮੂੜਾ ॥੪॥੬॥ | Servant Nanak has enshrined love for the feet of the Holy Guru; meeting with this Holy One, my foolish, stone-like mind has blossomed forth in lush profusion. \|\|4\|\|6\|\| |
| ਜੈਤਸਰੀ ਮਹਲਾ ੪ ਘਰੁ ੨ | Jaitsree, Fourth Mehl, Second House: |
| ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਹਰਿ ਹਰਿ ਸਿਮਰਹੁ ਅਗਮ ਅਪਾਰਾ ॥ | Remember in meditation the Lord, Har, Har, the unfathomable, infinite Lord. |
| ਜਿਸੁ ਸਿਮਰਤ ਦੁਖੁ ਮਿਟੈ ਹਮਾਰਾ ॥ | Remembering Him in meditation, pains are dispelled. |
| ਹਰਿ ਹਰਿ ਸਤਿਗੁਰੁ ਪੁਰਖੁ ਮਿਲਾਵਹੁ ਗੁਰਿ ਮਿਲਿਐ ਸੁਖੁ ਹੋਈ ਰਾਮ ॥੧॥ | O Lord, Har, Har, lead me to meet the True Guru; meeting the Guru, I am at peace. \|\|1\|\| |

| | |
|---|---|
| ਹਰਿ ਗੁਣ ਗਾਵਹੁ ਮੀਤ ਹਮਾਰੇ ॥ | Sing the Glorious Praises of the Lord, O my friend. |
| ਹਰਿ ਹਰਿ ਨਾਮੁ ਰਖਹੁ ਉਰ ਧਾਰੇ ॥ | Cherish the Name of the Lord, Har, Har, in your heart. |
| ਹਰਿ ਹਰਿ ਅੰਮ੍ਰਿਤ ਬਚਨ ਸੁਣਾਵਹੁ ਗੁਰ ਮਿਲਿਐ ਪਰਗਟੁ ਹੋਈ ਰਾਮ ॥੨॥ | Read the Ambrosial Words of the Lord, Har, Har; meeting with the Guru, the Lord is revealed. \|\|2\|\| |
| ਮਧੁਸੂਦਨ ਹਰਿ ਮਾਧੋ ਪ੍ਰਾਨਾ ॥ | The Lord, the Slayer of demons, is my breath of life. |
| ਮੇਰੈ ਮਨਿ ਤਨਿ ਅੰਮ੍ਰਿਤ ਮੀਠ ਲਗਾਨਾ ॥ | His Ambrosial Amrit is so sweet to my mind and body. |
| ਹਰਿ ਹਰਿ ਦਇਆ ਕਰਹੁ ਗੁਰੁ ਮੇਲਹੁ ਪੁਰਖੁ ਨਿਰੰਜਨੁ ਸੋਈ ਰਾਮ ॥੩॥ | O Lord, Har, Har, have mercy upon me, and lead me to meet the Guru, the immaculate Primal Being. \|\|3\|\| |
| ਹਰਿ ਹਰਿ ਨਾਮੁ ਸਦਾ ਸੁਖਦਾਤਾ ॥ | The Name of the Lord, Har, Har, is forever the Giver of peace. |
| ਹਰਿ ਕੈ ਰੰਗਿ ਮੇਰਾ ਮਨੁ ਰਾਤਾ ॥ | My mind is imbued with the Lord's Love. |
| ਹਰਿ ਹਰਿ ਮਹਾ ਪੁਰਖੁ ਗੁਰੁ ਮੇਲਹੁ ਗੁਰ ਨਾਨਕ ਨਾਮਿ ਸੁਖੁ ਹੋਈ ਰਾਮ ॥੪॥੧॥੭॥ | O Lord Har, Har, lead me to meet the Guru, the Greatest Being; through the Name of Guru Nanak, I have found peace. \|\|4\|\|1\|\|7\|\| |
| ਜੈਤਸਰੀ ਮਃ ੪ ॥ | Jaitsree, Fourth Mehl: |
| ਹਰਿ ਹਰਿ ਹਰਿ ਹਰਿ ਨਾਮੁ ਜਪਾਹਾ ॥ | Chant the Name of the Lord, Har, Har, Har, Har. |
| ਗੁਰਮੁਖਿ ਨਾਮੁ ਸਦਾ ਲੈ ਲਾਹਾ ॥ | As Gurmukh, ever earn the profit of the Naam. |
| ਹਰਿ ਹਰਿ ਹਰਿ ਹਰਿ ਭਗਤਿ ਦ੍ਰਿੜਾਵਹੁ ਹਰਿ ਹਰਿ ਨਾਮੁ ਉਮਾਹਾ ਰਾਮ ॥੧॥ | Implant within yourself devotion to the Lord, Har, Har, Har, Har; sincerely dedicate yourself to the Name of the Lord, Har, Har. \|\|1\|\| |
| ਹਰਿ ਹਰਿ ਨਾਮੁ ਦਇਆਲੁ ਧਿਆਹਾ ॥ | Meditate on the Name of the Merciful Lord, Har, Har. |
| ਹਰਿ ਕੈ ਰੰਗਿ ਸਦਾ ਗੁਣ ਗਾਹਾ ॥ | With love, forever sing the Glorious Praises of the Lord. |
| ਹਰਿ ਹਰਿ ਹਰਿ ਜਸੁ ਘੂਮਰਿ ਪਾਵਹੁ ਮਿਲਿ ਸਤਸੰਗਿ ਉਮਾਹਾ ਰਾਮ ॥੨॥ | Dance to the Praises of the Lord, Har, Har, Har; meet with the Sat Sangat, the True Congregation, with sincerity. \|\|2\|\| |
| ਆਉ ਸਖੀ ਹਰਿ ਮੇਲਿ ਮਿਲਾਹਾ ॥ | Come, O companions - let us unite in the Lord's Union. |
| ਸੁਣਿ ਹਰਿ ਕਥਾ ਨਾਮੁ ਲੈ ਲਾਹਾ ॥ | Listening to the sermon of the Lord, earn the profit of the Naam. |

## ੬੯੯ 699

ਹਰਿ ਹਰਿ ਕ੍ਰਿਪਾ ਧਾਰਿ ਗੁਰ ਮੇਲਹੁ ਗੁਰਿ ਮਿਲਿਐ ਹਰਿ ਉਮਾਹਾ ਰਾਮ ॥੩॥

O Lord, Har, Har, be merciful to me, and lead me to meet the Guru; meeting the Guru, a sincere yearning for the Lord wells up in me. ||3||

ਕਰਿ ਕੀਰਤਿ ਜਸੁ ਅਗਮ ਅਥਾਹਾ ॥

Praise Him, the unfathomable and inaccessible Lord.

ਖਿਨੁ ਖਿਨੁ ਰਾਮ ਨਾਮੁ ਗਾਵਾਹਾ ॥

Each and every moment, sing the Lord's Name.

ਮੋ ਕਉ ਧਾਰਿ ਕ੍ਰਿਪਾ ਮਿਲੀਐ ਗੁਰ ਦਾਤੇ ਹਰਿ ਨਾਨਕ ਭਗਤਿ ਉਮਾਹਾ ਰਾਮ ॥੪॥੨॥੮॥

Be merciful, and meet me, O Guru, Great Giver; Nanak yearns for the Lord's devotional worship. ||4||2||8||

ਜੈਤਸਰੀ ਮਃ ੪ ॥

Jaitsree, Fourth Mehl:

ਰਸਿ ਰਸਿ ਰਾਮੁ ਰਸਾਲੁ ਸਲਾਹਾ ॥

With love and energetic affection, praise the Lord, the storehouse of Nectar.

ਮਨੁ ਰਾਮ ਨਾਮਿ ਭੀਨਾ ਲੈ ਲਾਹਾ ॥

My mind is drenched with the Lord's Name, and so it earns this profit.

ਖਿਨੁ ਖਿਨੁ ਭਗਤਿ ਕਰਹ ਦਿਨੁ ਰਾਤੀ ਗੁਰਮਤਿ ਭਗਤਿ ਉਮਾਹਾ ਰਾਮ ॥੧॥

Each and every moment, worship Him in devotion, day and night; through the Guru's Teachings, sincere love and devotion well up. ||1||

ਹਰਿ ਹਰਿ ਗੁਣ ਗੋਵਿੰਦ ਜਪਾਹਾ ॥

Chant the Glorious Praises of the Lord of the Universe, Har, Har.

ਮਨੁ ਤਨੁ ਜੀਤਿ ਸਬਦੁ ਲੈ ਲਾਹਾ ॥

Conquering mind and body, I have earned the profit of the Shabad.

ਗੁਰਮਤਿ ਪੰਚ ਦੂਤ ਵਸਿ ਆਵਹਿ ਮਨਿ ਤਨਿ ਹਰਿ ਓਮਾਹਾ ਰਾਮ ॥੨॥

Through the Guru's Teachings, the five demons are over-powered, and the mind and body are filled with a sincere yearning for the Lord. ||2||

ਨਾਮੁ ਰਤਨੁ ਹਰਿ ਨਾਮੁ ਜਪਾਹਾ ॥

The Name is a jewel - chant the Lord's Name.

ਹਰਿ ਗੁਣ ਗਾਇ ਸਦਾ ਲੈ ਲਾਹਾ ॥

Sing the Glorious Praises of the Lord, and forever earn this profit.

ਦੀਨ ਦਇਆਲ ਕ੍ਰਿਪਾ ਕਰਿ ਮਾਧੋ ਹਰਿ ਹਰਿ ਨਾਮੁ ਉਮਾਹਾ ਰਾਮ ॥੩॥

O Lord, merciful to the meek, be kind to me, and bless me with sincere longing for the Name of the Lord, Har, Har. ||3||

ਜਪਿ ਜਗਦੀਸੁ ਜਪਉ ਮਨ ਮਾਹਾ ॥

Meditate on the Lord of the world - meditate within your mind.

ਹਰਿ ਹਰਿ ਜਗੰਨਾਥੁ ਜਗਿ ਲਾਹਾ ॥

The Lord of the Universe, Har, Har, is the only real profit in this world.

| | |
|---|---|
| ਧਨੁ ਧਨੁ ਵਡੇ ਠਾਕੁਰ ਪ੍ਰਭ ਮੇਰੇ ਜਪਿ ਨਾਨਕ ਭਗਤਿ ਓਮਾਹਾ ਰਾਮ ॥੪॥੩॥੯॥ | Blessed, blessed, is my Great Lord and Master God; O Nanak, meditate on Him, worship Him with sincere love and devotion. \|\|4\|\|3\|\|9\|\| |
| ਜੈਤਸਰੀ ਮਹਲਾ ੪ ॥ | Jaitsree, Fourth Mehl: |
| ਆਪੇ ਜੋਗੀ ਜੁਗਤਿ ਜੁਗਾਹਾ ॥ | He Himself is the Yogi, and the way throughout the ages. |
| ਆਪੇ ਨਿਰਭਉ ਤਾੜੀ ਲਾਹਾ ॥ | The Fearless Lord Himself is absorbed in Samaadhi. |
| ਆਪੇ ਹੀ ਆਪਿ ਆਪਿ ਵਰਤੈ ਆਪੇ ਨਾਮਿ ਉਮਾਹਾ ਰਾਮ ॥੧॥ | He Himself, all by Himself, is all-pervading; He Himself blesses us with sincere love for the Naam, the Name of the Lord. \|\|1\|\| |
| ਆਪੇ ਦੀਪ ਲੋਅ ਦੀਪਾਹਾ ॥ | He Himself is the lamp, and the Light pervading all the worlds. |
| ਆਪੇ ਸਤਿਗੁਰੁ ਸਮੁੰਦੁ ਮਥਾਹਾ ॥ | He Himself is the True Guru; He Himself churns the ocean. |
| ਆਪੇ ਮਥਿ ਮਥਿ ਤਤੁ ਕਢਾਏ ਜਪਿ ਨਾਮੁ ਰਤਨੁ ਉਮਾਹਾ ਰਾਮ ॥੨॥ | He Himself churns it, churning up the essence; meditating on the jewel of the Naam, sincere love comes to the surface. \|\|2\|\| |
| ਸਖੀ ਮਿਲਹੁ ਮਿਲਿ ਗੁਣ ਗਾਵਾਹਾ ॥ | O my companions, let us meet and join together, and sing His Glorious Praises. |
| ਗੁਰਮੁਖਿ ਨਾਮੁ ਜਪਹੁ ਹਰਿ ਲਾਹਾ ॥ | As Gurmukh, chant the Naam, and earn the profit of the Lord's Name. |
| ਹਰਿ ਹਰਿ ਭਗਤਿ ਦ੍ਰਿੜੀ ਮਨਿ ਭਾਈ ਹਰਿ ਹਰਿ ਨਾਮੁ ਉਮਾਹਾ ਰਾਮ ॥੩॥ | Devotional worship of the Lord, Har, Har, has been implanted within me; it is pleasing to my mind. The Name of the Lord, Har, Har, brings a sincere love. \|\|3\|\| |
| ਆਪੇ ਵਡ ਦਾਣਾ ਵਡ ਸਾਹਾ ॥ | He Himself is supremely wise, the greatest King. |
| ਗੁਰਮੁਖਿ ਪੂੰਜੀ ਨਾਮੁ ਵਿਸਾਹਾ ॥ | As Gurmukh, purchase the merchandise of the Naam. |
| ਹਰਿ ਹਰਿ ਦਾਤਿ ਕਰਹੁ ਪ੍ਰਭ ਭਾਵੈ ਗੁਣ ਨਾਨਕ ਨਾਮੁ ਉਮਾਹਾ ਰਾਮ ॥੪॥੪॥੧੦॥ | O Lord God, Har, Har, bless me with such a gift, that Your Glorious Virtues seem pleasing to me; Nanak is filled with sincere love and yearning for the Lord. \|\|4\|\|4\|\|10\|\| |
| ਜੈਤਸਰੀ ਮਹਲਾ ੪ ॥ | Jaitsree, Fourth Mehl: |
| ਮਿਲਿ ਸਤਸੰਗਤਿ ਸੰਗਿ ਗੁਰਾਹਾ ॥ | Joining the Sat Sangat, the True Congregation, and associating with the Guru, |
| ਪੂੰਜੀ ਨਾਮੁ ਗੁਰਮੁਖਿ ਵੇਸਾਹਾ ॥ | the Gurmukh gathers in the merchandise of the Naam. |

| | |
|---|---|
| ਹਰਿ ਹਰਿ ਕ੍ਰਿਪਾ ਧਾਰਿ ਮਧੁਸੂਦਨ ਮਿਲਿ ਸਤਸੰਗਿ ਉਮਾਹਾ ਰਾਮ ॥੧॥ | O Lord, Har, Har, Destroyer of demons, have mercy upon me; bless me with a sincere yearning to join the Sat Sangat. \|\|1\|\| |
| ਹਰਿ ਗੁਣ ਬਾਣੀ ਸ੍ਰਵਣਿ ਸੁਣਾਹਾ ॥ | Let me hear with my ears the Banis, the Hymns, in praise of the Lord; |
| ਕਰਿ ਕਿਰਪਾ ਸਤਿਗੁਰੂ ਮਿਲਾਹਾ ॥ | be merciful, and let me meet the True Guru. |
| ਗੁਣ ਗਾਵਹ ਗੁਣ ਬੋਲਹ ਬਾਣੀ ਹਰਿ ਗੁਣ ਜਪਿ ਉਮਾਹਾ ਰਾਮ ॥੨॥ | I sing His Glorious Praises, I speak the Bani of His Word; chanting His Glorious Praises, a sincere yearning for the Lord wells up. \|\|2\|\| |
| ਸਭਿ ਤੀਰਥ ਵਰਤ ਜਗ ਪੁੰਨ ਤੋੁਲਾਹਾ ॥ | I have tried visiting all the sacred shrines of pilgrimage, fasting, ceremonial feasts and giving to charities. |
| ਹਰਿ ਹਰਿ ਨਾਮ ਨ ਪੁਜਹਿ ਪੁਜਾਹਾ ॥ | They do not measure up to the Name of the Lord, Har, Har. |
| ਹਰਿ ਹਰਿ ਅਤੁਲੁ ਤੋਲੁ ਅਤਿ ਭਾਰੀ ਗੁਰਮਤਿ ਜਪਿ ਉਮਾਹਾ ਰਾਮ ॥੩॥ | The Lord's Name is unweighable, utterly heavy in weight; through the Guru's Teachings, a sincere yearning to chant the Name has welled up in me. \|\|3\|\| |
| ਸਭਿ ਕਰਮ ਧਰਮ ਹਰਿ ਨਾਮੁ ਜਪਾਹਾ ॥ | All good karma and righteous living are found in meditation on the Lord's Name. |
| ਕਿਲਵਿਖ ਮੈਲੁ ਪਾਪ ਧੋਵਾਹਾ ॥ | It washes away the stains of sins and mistakes. |
| ਦੀਨ ਦਇਆਲ ਹੋਹੁ ਜਨ ਊਪਰਿ ਦੇਹੁ ਨਾਨਕ ਨਾਮੁ ਓਮਾਹਾ ਰਾਮ ॥੪॥੫॥੧੧॥ | Be merciful to meek, humble Nanak; bless him with sincere love and yearning for the Lord. \|\|4\|\|5\|\|11\|\| |

## ੭੦੦ — 700

| | |
|---|---|
| ਜੈਤਸਰੀ ਮਹਲਾ ੫ ਘਰੁ ੩ | Jaitsree, Fifth Mehl, Third House: |
| ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਕੋਈ ਜਾਨੈ ਕਵਨੁ ਈਹਾ ਜਗਿ ਮੀਤੁ ॥ | Does anyone know, who is our friend in this world? |
| ਜਿਸੁ ਹੋਇ ਕ੍ਰਿਪਾਲੁ ਸੋਈ ਬਿਧਿ ਬੂਝੈ ਤਾ ਕੀ ਨਿਰਮਲ ਰੀਤਿ ॥੧॥ ਰਹਾਉ ॥ | He alone understands this, whom the Lord blesses with His Mercy. Immaculate and unstained is his way of life. \|\|1\|\|Pause\|\| |

| | |
|---|---|
| ਮਾਤ ਪਿਤਾ ਬਨਿਤਾ ਸੁਤ ਬੰਧਪ ਇਸਟ ਮੀਤ ਅਰੁ ਭਾਈ ॥ ਪੂਰਬ ਜਨਮ ਕੇ ਮਿਲੇ ਸੰਜੋਗੀ ਅੰਤਹਿ ਕੋ ਨ ਸਹਾਈ ॥੧॥ | Mother, father, spouse, children, relatives, lovers, friends and siblings meet, having been associated in previous lives; but none of them will be your companion and support in the end. \|\|1\|\| |
| ਮੁਕਤਿ ਮਾਲ ਕਨਿਕ ਲਾਲ ਹੀਰਾ ਮਨ ਰੰਜਨ ਕੀ ਮਾਇਆ ॥ | Pearl necklaces, gold, rubies and diamonds please the mind, but they are only Maya. |
| ਹਾ ਹਾ ਕਰਤ ਬਿਹਾਨੀ ਅਵਧਹਿ ਤਾ ਮਹਿ ਸੰਤੋਖੁ ਨ ਪਾਇਆ ॥੨॥ | Possessing them, one passes his life in agony; he obtains no contentment from them. \|\|2\|\| |
| ਹਸਤਿ ਰਥ ਅਸ੍ਵ ਪਵਨ ਤੇਜ ਧਣੀ ਭੂਮਨ ਚਤੁਰਾਂਗਾ ॥ | Elephants, chariots, horses as fast as the wind, wealth, land, and armies of four kinds |
| ਸੰਗਿ ਨ ਚਾਲਿਓ ਇਨ ਮਹਿ ਕਛੂਐ ਊਠਿ ਸਿਧਾਇਓ ਨਾਂਗਾ ॥੩॥ | - none of these will go with him; he must get up and depart, naked. \|\|3\|\| |
| ਹਰਿ ਕੇ ਸੰਤ ਪ੍ਰਿਅ ਪ੍ਰੀਤਮ ਪ੍ਰਭ ਕੇ ਤਾ ਕੈ ਹਰਿ ਹਰਿ ਗਾਈਐ ॥ | The Lord's Saints are the beloved lovers of God; sing of the Lord, Har, Har, with them. |
| ਨਾਨਕ ਈਹਾ ਸੁਖੁ ਆਗੈ ਮੁਖ ਊਜਲ ਸੰਗਿ ਸੰਤਨ ਕੈ ਪਾਈਐ ॥੪॥੧॥ | O Nanak, in the Society of the Saints, you shall obtain peace in this world, and in the next world, your face shall be radiant and bright. \|\|4\|\|1\|\| |
| ਜੈਤਸਰੀ ਮਹਲਾ ੫ ਘਰੁ ੩ ਦੁਪਦੇ | Jaitsree, Fifth Mehl, Third House, Du-Padas: |
| ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਦੇਹੁ ਸੰਦੇਸਰੋ ਕਹੀਅਉ ਪ੍ਰਿਅ ਕਹੀਅਉ ॥ | Give me a message from my Beloved - tell me, tell me! |
| ਬਿਸਮੁ ਭਈ ਮੈ ਬਹੁ ਬਿਧਿ ਸੁਨਤੇ ਕਹਹੁ ਸੁਹਾਗਨਿ ਸਹੀਅਉ ॥੧॥ ਰਹਾਉ ॥ | I am wonder-struck, hearing the many reports of Him; tell them to me, O my happy sister soul-brides. \|\|1\|\|Pause\|\| |
| ਕੋ ਕਹਤੋ ਸਭ ਬਾਹਰਿ ਬਾਹਰਿ ਕੋ ਕਹਤੋ ਸਭ ਮਹੀਅਉ ॥ | Some say that He is beyond the world - totally beyond it, while others say that He is totally within it. |
| ਬਰਨੁ ਨ ਦੀਸੈ ਚਿਹਨੁ ਨ ਲਖੀਐ ਸੁਹਾਗਨਿ ਸਾਤਿ ਬੁਝਹੀਅਉ ॥੧॥ | His color cannot be seen, and His pattern cannot be discerned. O happy soul-brides, tell me the truth! \|\|1\|\| |
| ਸਰਬ ਨਿਵਾਸੀ ਘਟਿ ਘਟਿ ਵਾਸੀ ਲੇਪੁ ਨਹੀ ਅਲਪਹੀਅਉ ॥ | He is pervading everywhere, and He dwells in each and every heart; He is not stained - He is unstained. |

ਨਾਨਕੁ ਕਹਤ ਸੁਨਹੁ ਰੇ ਲੋਗਾ ਸੰਤ ਰਸਨ ਕੋ ਬਸਹੀਅਉ ॥੨॥੧॥੨॥

Says Nanak, listen, O people: He dwells upon the tongues of the Saints. ||2||1||2||

ਜੈਤਸਰੀ ਮਃ ੫ ॥

Jaitsree, Fifth Mehl:

ਧੀਰਉ ਸੁਨਿ ਧੀਰਉ ਪ੍ਰਭ ਕਉ ॥੧॥ ਰਹਾਉ ॥

I am calmed, calmed and soothed, hearing of God. ||1||Pause||

ਜੀਅ ਪ੍ਰਾਨ ਮਨੁ ਤਨੁ ਸਭੁ ਅਰਪਉ ਨੀਰਉ ਪੇਖਿ ਪ੍ਰਭ ਕਉ ਨੀਰਉ ॥੧॥

I dedicate my soul, my breath of life, my mind, body and everything to Him: I behold God near, very near. ||1||

ਬੇਸੁਮਾਰ ਬੇਅੰਤੁ ਬਡ ਦਾਤਾ ਮਨਹਿ ਗਹੀਰਉ ਪੇਖਿ ਪ੍ਰਭ ਕਉ ॥੨॥

Beholding God, the inestimable, infinite and Great Giver, I cherish Him in my mind. ||2||

ਜੋ ਚਾਹਉ ਸੋਈ ਸੋਈ ਪਾਵਉ ਆਸਾ ਮਨਸਾ ਪੂਰਉ ਜਪਿ ਪ੍ਰਭ ਕਉ ॥੩॥

Whatever I wish for, I receive; my hopes and desires are fulfilled, meditating on God. ||3||

ਗੁਰ ਪ੍ਰਸਾਦਿ ਨਾਨਕ ਮਨਿ ਵਸਿਆ ਦੂਖਿ ਨ ਕਬਹੂ ਝੂਰਉ ਬੁਝਿ ਪ੍ਰਭ ਕਉ ॥੪॥੨॥੩॥

By Guru's Grace, God dwells in Nanak's mind; he never suffers or grieves, having realized God. ||4||2||3||

ਜੈਤਸਰੀ ਮਹਲਾ ੫ ॥

Jaitsree, Fifth Mehl:

ਲੋੜੀਦੜਾ ਸਾਜਨੁ ਮੇਰਾ ॥

I seek my Friend the Lord.

ਘਰਿ ਘਰਿ ਮੰਗਲ ਗਾਵਹੁ ਨੀਕੇ ਘਟਿ ਘਟਿ ਤਿਸਹਿ ਬਸੇਰਾ ॥੧॥ ਰਹਾਉ ॥

In each and every home, sing the sublime songs of rejoicing; He abides in each and every heart. ||1||Pause||

ਸੂਖਿ ਅਰਾਧਨੁ ਦੂਖਿ ਅਰਾਧਨੁ ਬਿਸਰੈ ਨ ਕਾਹੂ ਬੇਰਾ ॥

In good times, worship and adore Him; in bad times, worship and adore Him; do not ever forget Him.

ਨਾਮੁ ਜਪਤ ਕੋਟਿ ਸੂਰ ਉਜਾਰਾ ਬਿਨਸੈ ਭਰਮੁ ਅੰਧੇਰਾ ॥੧॥

Chanting the Naam, the Name of the Lord, the light of millions of suns shines forth, and the darkness of doubt is dispelled. ||1||

ਥਾਨਿ ਥਨੰਤਰਿ ਸਭਨੀ ਜਾਈ ਜੋ ਦੀਸੈ ਸੋ ਤੇਰਾ ॥

In all the spaces and interspaces, everywhere, whatever we see is Yours.

ਸੰਤਸੰਗਿ ਪਾਵੈ ਜੋ ਨਾਨਕ ਤਿਸੁ ਬਹੁਰਿ ਨ ਹੋਈ ਹੈ ਫੇਰਾ ॥੨॥੩॥੪॥

One who finds the Society of the Saints, O Nanak, is not consigned to reincarnation again. ||2||3||4||

## ੭੦੧

## 701

ਜੈਤਸਰੀ ਮਹਲਾ ੫ ਘਰੁ ੪ ਦੁਪਦੇ

Jaitsree, Fifth Mehl, Fourth House, Du-Padas:

ੴ ਸਤਿਗੁਰ ਪ੍ਰਸਾਦਿ ॥

One Universal Creator God.
By The Grace Of The True Guru:

ਅਬ ਮੈ ਸੁਖੁ ਪਾਇਓ ਗੁਰ ਆਗ੍ਹਿ ॥

Now, I have found peace, bowing before the Guru.

ਤਜੀ ਸਿਆਨਪ ਚਿੰਤ ਵਿਸਾਰੀ ਅਹੰ ਛੋਡਿਓ ਹੈ ਤਿਆਗ੍ਹਿ ॥੧॥ ਰਹਾਉ ॥

I have abandoned cleverness, quieted my anxiety, and renounced my egotism. ||1||Pause||

ਜਉ ਦੇਖਉ ਤਉ ਸਗਲ ਮੋਹਿ ਮੋਹੀਅਉ ਤਉ ਸਰਨਿ ਪਰਿਓ ਗੁਰ ਭਾਗਿ ॥

When I looked, I saw that everyone was enticed by emotional attachment; then, I hurried to the Guru's Sanctuary.

ਕਰਿ ਕਿਰਪਾ ਟਹਲ ਹਰਿ ਲਾਇਓ ਤਉ ਜਮਿ ਛੋਡੀ ਮੋਰੀ ਲਾਗਿ ॥੧॥

In His Grace, the Guru engaged me in the Lord's service, and then, the Messenger of Death gave up pursuing me. ||1||

ਤਰਿਓ ਸਾਗਰੁ ਪਾਵਕ ਕੋ ਜਉ ਸੰਤ ਭੇਟੇ ਵਡ ਭਾਗਿ ॥

I swam across the ocean of fire, when I met the Saints, through great good fortune.

ਜਨ ਨਾਨਕ ਸਰਬ ਸੁਖ ਪਾਏ ਮੋਰੋ ਹਰਿ ਚਰਨੀ ਚਿਤੁ ਲਾਗਿ ॥੨॥੧॥੫॥

O servant Nanak, I have found total peace; my consciousness is attached to the Lord's feet. ||2||1||5||

ਜੈਤਸਰੀ ਮਹਲਾ ੫ ॥

Jaitsree, Fifth Mehl:

ਮਨ ਮਹਿ ਸਤਿਗੁਰ ਧਿਆਨੁ ਧਰਾ ॥

Within my mind, I cherish and meditate on the True Guru.

ਦ੍ਰਿੜ੍ਹਿਓ ਗਿਆਨੁ ਮੰਤ੍ਰੁ ਹਰਿ ਨਾਮਾ ਪ੍ਰਭ ਜੀਉ ਮਇਆ ਕਰਾ ॥੧॥ ਰਹਾਉ ॥

He has implanted within me spiritual wisdom and the Mantra of the Lord's Name; Dear God has shown mercy to me. ||1||Pause||

ਕਾਲ ਜਾਲ ਅਰੁ ਮਹਾ ਜੰਜਾਲਾ ਛੁਟਕੇ ਜਮਹਿ ਡਰਾ ॥

Death's noose and its mighty entanglements have vanished, along with the fear of death.

ਆਇਓ ਦੁਖ ਹਰਣ ਸਰਣ ਕਰੁਣਾਪਤਿ ਗਹਿਓ ਚਰਣ ਆਸਰਾ ॥੧॥

I have come to the Sanctuary of the Merciful Lord, the Destroyer of pain; I am holding tight to the Support of His feet. ||1||

ਨਾਵ ਰੂਪ ਭਇਓ ਸਾਧਸੰਗੁ ਭਵ ਨਿਧਿ ਪਾਰਿ ਪਰਾ ॥

The Saadh Sangat, the Company of the Holy, has assumed the form of a boat, to cross over the terrifying world-ocean.

ਅਪਿਉ ਪੀਓ ਗਤੁ ਥੀਓ ਭਰਮਾ ਕਹੁ ਨਾਨਕ ਅਜਰੁ ਜਰਾ ॥੨॥੨॥੬॥

I drink in the Ambrosial Nectar, and my doubts are shattered; says Nanak, I can bear the unbearable. ||2||2||6||

| | |
|---|---|
| ਜੈਤਸਰੀ ਮਹਲਾ ੫ ॥ | Jaitsree, Fifth Mehl: |
| ਜਾ ਕਉ ਭਏ ਗੋਵਿੰਦ ਸਹਾਈ ॥ | One who has the Lord of the Universe as his help and support |
| ਸੂਖ ਸਹਜ ਆਨੰਦ ਸਗਲ ਸਿਉ ਵਾ ਕਉ ਬਿਆਧਿ ਨ ਕਾਈ ॥੧॥ ਰਹਾਉ ॥ | is blessed with all peace, poise and bliss; no afflictions cling to him. \|\|1\|\|Pause\|\| |
| ਦੀਸਹਿ ਸਭ ਸੰਗਿ ਰਹਹਿ ਅਲੇਪਾ ਨਹ ਵਿਆਪੈ ਉਨ ਮਾਈ ॥ | He appears to keep company with everyone, but he remains detached, and Maya does not cling to him. |
| ਏਕੈ ਰੰਗਿ ਤਤ ਕੇ ਬੇਤੇ ਸਤਿਗੁਰ ਤੇ ਬੁਧਿ ਪਾਈ ॥੧॥ | He is absorbed in love of the One Lord; he understands the essence of reality, and he is blessed with wisdom by the True Guru. \|\|1\|\| |
| ਦਇਆ ਮਇਆ ਕਿਰਪਾ ਠਾਕੁਰ ਕੀ ਸੇਈ ਸੰਤ ਸੁਭਾਈ ॥ | Those whom the Lord and Master blesses with His kindness, compassion and mercy are the sublime and sanctified Saints. |
| ਤਿਨ ਕੈ ਸੰਗਿ ਨਾਨਕ ਨਿਸਤਰੀਐ ਜਿਨ ਰਸਿ ਰਸਿ ਹਰਿ ਗੁਨ ਗਾਈ ॥੨॥੩॥੭॥ | Associating with them, Nanak is saved; with love and exuberant joy, they sing the Glorious Praises of the Lord. \|\|2\|\|3\|\|7\|\| |
| ਜੈਤਸਰੀ ਮਹਲਾ ੫ ॥ | Jaitsree, Fifth Mehl: |
| ਗੋਬਿੰਦ ਜੀਵਨ ਪ੍ਰਾਨ ਧਨ ਰੂਪ ॥ | The Lord of the Universe is my existence, my breath of life, wealth and beauty. |
| ਅਗਿਆਨ ਮੋਹ ਮਗਨ ਮਹਾ ਪ੍ਰਾਨੀ ਅੰਧਿਆਰੇ ਮਹਿ ਦੀਪ ॥੧॥ ਰਹਾਉ ॥ | The ignorant are totally intoxicated with emotional attachment; in this darkness, the Lord is the only lamp. \|\|1\|\|Pause\|\| |
| ਸਫਲ ਦਰਸਨੁ ਤੁਮਰਾ ਪ੍ਰਭ ਪ੍ਰੀਤਮ ਚਰਨ ਕਮਲ ਆਨੂਪ ॥ | Fruitful is the Blessed Vision of Your Darshan, O Beloved God; Your lotus feet are incomparably beautiful! |
| ਅਨਿਕ ਬਾਰ ਕਰਉ ਤਿਹ ਬੰਦਨ ਮਨਹਿ ਚਰ੍ਹਾਵਉ ਧੂਪ ॥੧॥ | So many times, I bow in reverence to Him, offering my mind as incense to Him. \|\|1\|\| |
| ਹਾਰਿ ਪਰਿਓ ਤੁਮ੍ਹ੍ਹਰੈ ਪ੍ਰਭ ਦੁਆਰੈ ਦ੍ਰਿੜ੍ਹ ਕਰਿ ਗਹੀ ਤੁਮ੍ਹ੍ਹਾਰੀ ਲੂਕ ॥ | Exhausted, I have fallen at Your Door, O God; I am holding tight to Your Support. |
| ਕਾਢਿ ਲੇਹੁ ਨਾਨਕ ਅਪੁਨੇ ਕਉ ਸੰਸਾਰ ਪਾਵਕ ਕੇ ਕੂਪ ॥੨॥੪॥੮॥ | Please, lift Your humble servant Nanak up, out of the pit of fire of the world. \|\|2\|\|4\|\|8\|\| |

| | |
|---|---|
| ਜੈਤਸਰੀ ਮਹਲਾ ੫ ॥ | Jaitsree, Fifth Mehl: |
| ਕੋਈ ਜਨੁ ਹਰਿ ਸਿਉ ਦੇਵੈ ਜੋਰਿ ॥ | If only someone would unite me with the Lord! |
| ਚਰਨ ਗਹਉ ਬਕਉ ਸੁਭ ਰਸਨਾ ਦੀਜਹਿ ਪ੍ਰਾਨ ਅਕੋਰਿ ॥੧॥ ਰਹਾਉ ॥ | I hold tight to His feet, and utter sweet words with my tongue; I make my breath of life an offering to Him. \|\|1\|\|Pause\|\| |
| ਮਨੁ ਤਨੁ ਨਿਰਮਲ ਕਰਤ ਕਿਆਰੋ ਹਰਿ ਸਿੰਚੈ ਸੁਧਾ ਸੰਜੋਰਿ ॥ | I make my mind and body into pure little gardens, and irrigate them with the sublime essence of the Lord. |
| ਇਆ ਰਸ ਮਹਿ ਮਗਨੁ ਹੋਤ ਕਿਰਪਾ ਤੇ ਮਹਾ ਬਿਖਿਆ ਤੇ ਤੋਰਿ ॥੧॥ | I am drenched with this sublime essence by His Grace, and the powerful hold of Maya's corruption has been broken. \|\|1\|\| |
| ਆਇਓ ਸਰਣਿ ਦੀਨ ਦੁਖ ਭੰਜਨ ਚਿਤਵਉ ਤੁਮ੍ਰਰੀ ਓਰਿ ॥ | I have come to Your Sanctuary, O Destroyer of the suffering of the innocent; I keep my consciousness focused on You. |
| ੭੦੨ | 702 |
| ਅਭੈ ਪਦੁ ਦਾਨੁ ਸਿਮਰਨੁ ਸੁਆਮੀ ਕੋ ਪ੍ਰਭ ਨਾਨਕ ਬੰਧਨ ਛੋਰਿ ॥੨॥੫॥੯॥ | Bless me with the gifts of the state of fearlessness, and meditative remembrance, Lord and Master; O Nanak, God is the Breaker of bonds. \|\|2\|\|5\|\|9\|\| |
| ਜੈਤਸਰੀ ਮਹਲਾ ੫ ॥ | Jaitsree, Fifth Mehl: |
| ਚਾਤ੍ਰਿਕ ਚਿਤਵਤ ਬਰਸਤ ਮੇਂਹ ॥ | The rainbird longs for the rain to fall. |
| ਕ੍ਰਿਪਾ ਸਿੰਧੁ ਕਰੁਣਾ ਪ੍ਰਭ ਧਾਰਹੁ ਹਰਿ ਪ੍ਰੇਮ ਭਗਤਿ ਕੋ ਨੇਂਹ ॥੧॥ ਰਹਾਉ ॥ | O God, ocean of mercy, shower Your mercy on me, that I may yearn for loving devotional worship of the Lord. \|\|1\|\|Pause\|\| |
| ਅਨਿਕ ਸੂਖ ਚਕਵੀ ਨਹੀ ਚਾਹਤ ਅਨਦ ਪੂਰਨ ਪੇਖਿ ਦੇਂਹ ॥ | The chakvi duck does not desire many comforts, but it is filled with bliss upon seeing the dawn. |
| ਆਨ ਉਪਾਵ ਨ ਜੀਵਤ ਮੀਨਾ ਬਿਨੁ ਜਲ ਮਰਨਾ ਤੇਂਹ ॥੧॥ | The fish cannot survive any other way - without water, it dies. \|\|1\|\| |
| ਹਮ ਅਨਾਥ ਨਾਥ ਹਰਿ ਸਰਣੀ ਅਪੁਨੀ ਕ੍ਰਿਪਾ ਕਰੇਂਹ ॥ | I am a helpless orphan - I seek Your Sanctuary, O My Lord and Master; please bless me with Your mercy. |
| ਚਰਣ ਕਮਲ ਨਾਨਕੁ ਆਰਾਧੈ ਤਿਸੁ ਬਿਨੁ ਆਨ ਨ ਕੇਂਹ ॥੨॥੬॥੧੦॥ | Nanak worships and adores the Lord's lotus feet; without Him, there is no other at all. \|\|2\|\|6\|\|10\|\| |

ਜੈਤਸਰੀ ਮਹਲਾ ੫ ॥

Jaitsree, Fifth Mehl:

ਮਨਿ ਤਨਿ ਬਸਿ ਰਹੇ ਮੇਰੇ ਪ੍ਰਾਨ ॥

The Lord, my very breath of life, abides in my mind and body.

ਕਰਿ ਕਿਰਪਾ ਸਾਧੂ ਸੰਗਿ ਭੇਟੇ ਪੂਰਨ ਪੁਰਖ ਸੁਜਾਨ ॥੧॥ ਰਹਾਉ ॥

Bless me with Your mercy, and unite me with the Saadh Sangat, the Company of the Holy, O perfect, all-knowing Lord God. ||1||Pause||

ਪ੍ਰੇਮ ਠਗਉਰੀ ਜਿਨ ਕਉ ਪਾਈ ਤਿਨ ਰਸੁ ਪੀਅਉ ਭਾਰੀ ॥

Those, unto whom You give the intoxicating herb of Your Love, drink in the supreme sublime essence.

ਤਾ ਕੀ ਕੀਮਤਿ ਕਹਣੁ ਨ ਜਾਈ ਕੁਦਰਤਿ ਕਵਨ ਹਮ੍ਾਰੀ ॥੧॥

I cannot describe their value; what power do I have? ||1||

ਲਾਇ ਲਏ ਲੜਿ ਦਾਸ ਜਨ ਅਪੁਨੇ ਉਧਰੇ ਉਧਰਨਹਾਰੇ ॥

The Lord attaches His humble servants to the hem of His robe, and they swim across the world-ocean.

ਪ੍ਰਭੁ ਸਿਮਰਿ ਸਿਮਰਿ ਸਿਮਰਿ ਸੁਖੁ ਪਾਇਓ ਨਾਨਕ ਸਰਣਿ ਦੁਆਰੇ ॥੨॥੭॥੧੧॥

Meditating, meditating, meditating in remembrance on God, peace is obtained; Nanak seeks the Sanctuary of Your Door. ||2||7||11||

ਜੈਤਸਰੀ ਮਹਲਾ ੫ ॥

Jaitsree, Fifth Mehl:

ਆਏ ਅਨਿਕ ਜਨਮ ਭ੍ਰਮਿ ਸਰਣੀ ॥

After wandering through so many incarnations, I have come to Your Sanctuary.

ਉਧਰੁ ਦੇਹ ਅੰਧ ਕੂਪ ਤੇ ਲਾਵਹੁ ਅਪੁਨੀ ਚਰਣੀ ॥੧॥ ਰਹਾਉ ॥

Save me - lift my body up out of the deep, dark pit of the world, and attach me to Your feet. ||1||Pause||

ਗਿਆਨੁ ਧਿਆਨੁ ਕਿਛੁ ਕਰਮੁ ਨ ਜਾਨਾ ਨਾਹਿਨ ਨਿਰਮਲ ਕਰਣੀ ॥

I do not know anything about spiritual wisdom, meditation or karma, and my way of life is not clean and pure.

ਸਾਧਸੰਗਤਿ ਕੈ ਅੰਚਲਿ ਲਾਵਹੁ ਬਿਖਮ ਨਦੀ ਜਾਇ ਤਰਣੀ ॥੧॥

Please attach me to the hem of the robe of the Saadh Sangat, the Company of the Holy; help me to cross over the terrible river. ||1||

ਸੁਖ ਸੰਪਤਿ ਮਾਇਆ ਰਸ ਮੀਠੇ ਇਹ ਨਹੀ ਮਨ ਮਹਿ ਧਰਣੀ ॥

Comforts, riches and the sweet pleasures of Maya - do not implant these within your mind.

ਹਰਿ ਦਰਸਨ ਤ੍ਰਿਪਤਿ ਨਾਨਕ ਦਾਸ ਪਾਵਤ ਹਰਿ ਨਾਮ ਰੰਗ ਆਭਰਣੀ ॥੨॥੮॥੧੨॥

Slave Nanak is satisfied and satiated by the Blessed Vision of the Lord's Darshan; his only ornamentation is the love of the Lord's Name. ||2||8||12||

| | |
|---|---|
| ਜੈਤਸਰੀ ਮਹਲਾ ੫ ॥ | Jaitsree, Fifth Mehl: |
| ਹਰਿ ਜਨ ਸਿਮਰਹੁ ਹਿਰਦੈ ਰਾਮ ॥ | O humble servants of the Lord, remember the Lord in meditation within your heart. |
| ਹਰਿ ਜਨ ਕਉ ਅਪਦਾ ਨਿਕਟਿ ਨ ਆਵੈ ਪੂਰਨ ਦਾਸ ਕੇ ਕਾਮ ॥੧॥ ਰਹਾਉ ॥ | Misfortune does not even approach the Lord's humble servant; the works of His slave are perfectly fulfilled. \|\|1\|\|Pause\|\| |
| ਕੋਟਿ ਬਿਘਨ ਬਿਨਸਹਿ ਹਰਿ ਸੇਵਾ ਨਿਹਚਲੁ ਗੋਵਿਦ ਧਾਮ ॥ | Millions of obstacles are removed, by serving the Lord, and one enters into the eternal dwelling of the Lord of the Universe. |
| ਭਗਵੰਤ ਭਗਤ ਕਉ ਭਉ ਕਿਛੁ ਨਾਹੀ ਆਦਰੁ ਦੇਵਤ ਜਾਮ ॥੧॥ | The Lord's devotee is very fortunate; he has absolutely no fear. Even the Messenger of Death pays homage to him. \|\|1\|\| |
| ਤਜਿ ਗੋਪਾਲ ਆਨ ਜੋ ਕਰਣੀ ਸੋਈ ਸੋਈ ਬਿਨਸਤ ਖਾਮ ॥ | Forsaking the Lord of the world, he does other deeds, but these are temporary and transitory. |
| ਚਰਨ ਕਮਲ ਹਿਰਦੈ ਗਹੁ ਨਾਨਕ ਸੁਖ ਸਮੂਹ ਬਿਸਰਾਮ ॥੨॥੯॥੧੩॥ | Grasp the Lord's lotus feet, and hold them in your heart, O Nanak; you shall obtain absolute peace and bliss. \|\|2\|\|9\|\|13\|\| |
| ਜੈਤਸਰੀ ਮਹਲਾ ੯ | Jaitsree, Ninth Mehl: One Universal Creator God. |
| ੧ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਭੂਲਿਓ ਮਨੁ ਮਾਇਆ ਉਰਝਾਇਓ ॥ | My mind is deluded, entangled in Maya. |
| ਜੋ ਜੋ ਕਰਮ ਕੀਓ ਲਾਲਚ ਲਗਿ ਤਿਹ ਤਿਹ ਆਪੁ ਬੰਧਾਇਓ ॥੧॥ ਰਹਾਉ ॥ | Whatever I do, while engaged in greed, only serves to bind me down. \|\|1\|\|Pause\|\| |
| ਸਮਝ ਨ ਪਰੀ ਬਿਖੈ ਰਸ ਰਚਿਓ ਜਸੁ ਹਰਿ ਕੋ ਬਿਸਰਾਇਓ ॥ | I have no understanding at all; I am engrossed in the pleasures of corruption, and I have forgotten the Praises of the Lord. |
| ਸੰਗਿ ਸੁਆਮੀ ਸੋ ਜਾਨਿਓ ਨਾਹਿਨ ਬਨੁ ਖੋਜਨ ਕਉ ਧਾਇਓ ॥੧॥ | The Lord and Master is with me, but I do not know Him. Instead, I run into the forest, looking for Him. \|\|1\|\| |
| **੭੦੩** | **703** |
| ਰਤਨੁ ਰਾਮੁ ਘਟ ਹੀ ਕੇ ਭੀਤਰਿ ਤਾ ਕੋ ਗਿਆਨੁ ਨ ਪਾਇਓ ॥ | The Jewel of the Lord is deep within my heart, but I do not have any knowledge of Him. |

ਜਨ ਨਾਨਕ ਭਗਵੰਤ ਭਜਨ ਬਿਨੁ ਬਿਰਥਾ ਜਨਮੁ ਗਵਾਇਓ ॥੨॥੧॥

O servant Nanak, without vibrating, meditating on the Lord God, human life is uselessly wasted and lost. ||2||1||

ਜੈਤਸਰੀ ਮਹਲਾ ੯ ॥

Jaitsree, Ninth Mehl:

ਹਰਿ ਜੂ ਰਾਖਿ ਲੇਹੁ ਪਤਿ ਮੇਰੀ ॥

O Dear Lord, please, save my honor!

ਜਮ ਕੋ ਤ੍ਰਾਸ ਭਇਓ ਉਰ ਅੰਤਰਿ ਸਰਨਿ ਗਹੀ ਕਿਰਪਾ ਨਿਧਿ ਤੇਰੀ ॥੧॥ ਰਹਾਉ ॥

The fear of death has entered my heart; I cling to the Protection of Your Sanctuary, O Lord, ocean of mercy. ||1||Pause||

ਮਹਾ ਪਤਿਤ ਮੁਗਧ ਲੋਭੀ ਫੁਨਿ ਕਰਤ ਪਾਪ ਅਬ ਹਾਰਾ ॥

I am a great sinner, foolish and greedy; but now, at last, I have grown weary of committing sins.

ਭੈ ਮਰਬੇ ਕੋ ਬਿਸਰਤ ਨਾਹਿਨ ਤਿਹ ਚਿੰਤਾ ਤਨੁ ਜਾਰਾ ॥੧॥

I cannot forget the fear of dying; this anxiety is consuming my body. ||1||

ਕੀਏ ਉਪਾਵ ਮੁਕਤਿ ਕੇ ਕਾਰਨਿ ਦਹ ਦਿਸਿ ਕਉ ਉਠਿ ਧਾਇਆ ॥

I have been trying to liberate myself, running around in the ten directions.

ਘਟ ਹੀ ਭੀਤਰਿ ਬਸੈ ਨਿਰੰਜਨੁ ਤਾ ਕੋ ਮਰਮੁ ਨ ਪਾਇਆ ॥੨॥

The pure, immaculate Lord abides deep within my heart, but I do not understand the secret of His mystery. ||2||

ਨਾਹਿਨ ਗੁਨੁ ਨਾਹਿਨ ਕਛੁ ਜਪੁ ਤਪੁ ਕਉਨੁ ਕਰਮੁ ਅਬ ਕੀਜੈ ॥

I have no merit, and I know nothing about meditation or austerities; what should I do now?

ਨਾਨਕ ਹਾਰਿ ਪਰਿਓ ਸਰਨਾਗਤਿ ਅਭੈ ਦਾਨੁ ਪ੍ਰਭ ਦੀਜੈ ॥੩॥੨॥

O Nanak, I am exhausted; I seek the shelter of Your Sanctuary; O God, please bless me with the gift of fearlessness. ||3||2||

ਜੈਤਸਰੀ ਮਹਲਾ ੯ ॥

Jaitsree, Ninth Mehl:

ਮਨ ਰੇ ਸਾਚਾ ਗਹੋ ਬਿਚਾਰਾ ॥

O mind, embrace true contemplation.

ਰਾਮ ਨਾਮ ਬਿਨੁ ਮਿਥਿਆ ਮਾਨੋ ਸਗਰੋ ਇਹੁ ਸੰਸਾਰਾ ॥੧॥ ਰਹਾਉ ॥

Without the Lord's Name, know that this whole world is false. ||1||Pause||

ਜਾ ਕਉ ਜੋਗੀ ਖੋਜਤ ਹਾਰੇ ਪਾਇਓ ਨਾਹਿ ਤਿਹ ਪਾਰਾ ॥

The Yogis are tired of searching for Him, but they have not found His limit.

ਸੋ ਸੁਆਮੀ ਤੁਮ ਨਿਕਟਿ ਪਛਾਨੋ ਰੂਪ ਰੇਖ ਤੇ ਨਿਆਰਾ ॥੧॥

You must understand that the Lord and Master is near at hand, but He has no form or feature. ||1||

ਪਾਵਨ ਨਾਮੁ ਜਗਤ ਮੈ ਹਰਿ ਕੋ ਕਬਹੂ ਨਾਹਿ ਸੰਭਾਰਾ ॥

The Naam, the Name of the Lord is purifying in the world, and yet you never remember it.

ਨਾਨਕ ਸਰਨਿ ਪਰਿਓ ਜਗ ਬੰਦਨ ਰਾਖਹੁ ਬਿਰਦੁ ਤੁਹਾਰਾ ॥੨॥੩॥

Nanak has entered the Sanctuary of the One, before whom the whole world bows down; please, preserve and protect me, by Your innate nature. ||2||3||

ਜੈਤਸਰੀ ਮਹਲਾ ੫ ਛੰਤ ਘਰੁ ੧

Jaitsree, Fifth Mehl, Chhant, First House:

ੴ ਸਤਿਗੁਰ ਪ੍ਰਸਾਦਿ ॥

One Universal Creator God.
By The Grace Of The True Guru:

ਸਲੋਕ ॥

Shalok:

ਦਰਸਨ ਪਿਆਸੀ ਦਿਨਸੁ ਰਾਤਿ ਚਿਤਵਉ ਅਨਦਿਨੁ ਨੀਤ ॥

I am thirsty for the Blessed Vision of the Lord's Darshan, day and night; I yearn for Him constantly, night and day.

ਖੋਲ੍ਹਿ ਕਪਟ ਗੁਰਿ ਮੇਲੀਆ ਨਾਨਕ ਹਰਿ ਸੰਗਿ ਮੀਤ ॥੧॥

Opening the door, O Nanak, the Guru has led me to meet with the Lord, my Friend. ||1||

ਛੰਤ ॥

Chhant:

ਸੁਣਿ ਯਾਰ ਹਮਾਰੇ ਸਜਣ ਇਕ ਕਰਉ ਬੇਨੰਤੀਆ ॥

Listen, O my intimate friend - I have just one prayer to make.

ਤਿਸੁ ਮੋਹਨ ਲਾਲ ਪਿਆਰੇ ਹਉ ਫਿਰਉ ਖੋਜੰਤੀਆ ॥

I have been wandering around, searching for that enticing, sweet Beloved.

ਤਿਸੁ ਦਸਿ ਪਿਆਰੇ ਸਿਰੁ ਧਰੀ ਉਤਾਰੇ ਇਕ ਭੋਰੀ ਦਰਸਨੁ ਦੀਜੈ ॥

Whoever leads me to my Beloved - I would cut off my head and offer it to him, even if I were granted the Blessed Vision of His Darshan for just an instant.

ਨੈਨ ਹਮਾਰੇ ਪ੍ਰਿਅ ਰੰਗ ਰੰਗਾਰੇ ਇਕੁ ਤਿਲੁ ਭੀ ਨਾ ਧੀਰੀਜੈ ॥

My eyes are drenched with the Love of my Beloved; without Him, I do not have even a moment's peace.

ਪ੍ਰਭ ਸਿਉ ਮਨੁ ਲੀਨਾ ਜਿਉ ਜਲ ਮੀਨਾ ਚਾਤ੍ਰਿਕ ਜਿਵੈ ਤਿਸੰਤੀਆ ॥

My mind is attached to the Lord, like the fish to the water, and the rainbird, thirsty for the raindrops.

ਜਨ ਨਾਨਕ ਗੁਰੁ ਪੂਰਾ ਪਾਇਆ ਸਗਲੀ ਤਿਖਾ ਬੁਝੰਤੀਆ ॥੧॥

Servant Nanak has found the Perfect Guru; his thirst is totally quenched. ||1||

ਯਾਰ ਵੇ ਪ੍ਰਿਅ ਹਭੇ ਸਖੀਆ ਮੂ ਕਹੀ ਨ ਜੇਹੀਆ ॥

O intimate friend, my Beloved has all these loving companions; I cannot compare to any of them.

ਯਾਰ ਵੇ ਹਿਕ ਡੂੰ ਹਿਕ ਚਾੜੈ ਹਉ ਕਿਸੁ ਚਿਤੇਹੀਆ ॥

O intimate friend, each of them is more beautiful than the others; who could consider me?

ਹਿਕ ਦੂੰ ਹਿਕਿ ਚਾੜੇ ਅਨਿਕ ਪਿਆਰੇ ਨਿਤ ਕਰਦੇ ਭੋਗ ਬਿਲਾਸਾ ॥

Each of them is more beautiful than the others; countless are His lovers, constantly enjoying bliss with Him.

ਤਿਨਾ ਦੇਖਿ ਮਨਿ ਚਾਉ ਉਠੰਦਾ ਹਉ ਕਦਿ ਪਾਈ ਗੁਣਤਾਸਾ ॥

Beholding them, desire wells up in my mind; when will I obtain the Lord, the treasure of virtue?

ਜਿਨੀ ਮੈਡਾ ਲਾਲੁ ਰੀਝਾਇਆ ਹਉ ਤਿਸੁ ਆਗੈ ਮਨੁ ਡੇਂਹੀਆ ॥

I dedicate my mind to those who please and attract my Beloved.

ਨਾਨਕੁ ਕਹੈ ਸੁਣਿ ਬਿਨਉ ਸੁਹਾਗਣਿ ਮੂ ਦਸਿ ਡਿਖਾ ਪਿਰੁ ਕੇਹੀਆ ॥੨॥

Says Nanak, hear my prayer, O happy soul-brides; tell me, what does my Husband Lord look like? ||2||

ਯਾਰ ਵੇ ਪਿਰੁ ਆਪਣ ਭਾਣਾ ਕਿਛੁ ਨੀਸੀ ਛੰਦਾ ॥

O intimate friend, my Husband Lord does whatever He pleases; He is not dependent on anyone.

## ੭੦੪ — 704

ਯਾਰ ਵੇ ਤੈ ਰਾਵਿਆ ਲਾਲਨੁ ਮੂ ਦਸਿ ਦਸੰਦਾ ॥

O intimate friend, you have enjoyed your Beloved; please, tell me about Him.

ਲਾਲਨੁ ਤੈ ਪਾਇਆ ਆਪੁ ਗਵਾਇਆ ਜੈ ਧਨ ਭਾਗ ਮਥਾਣੇ ॥

They alone find their Beloved, who eradicate self-conceit; such is the good destiny written on their foreheads.

ਬਾਂਹ ਪਕੜਿ ਠਾਕੁਰਿ ਹਉ ਘਿਧੀ ਗੁਣ ਅਵਗਣ ਨ ਪਛਾਣੇ ॥

Taking me by the arm, the Lord and Master has made me His own; He has not considered my merits or demerits.

ਗੁਣ ਹਾਰੁ ਤੈ ਪਾਇਆ ਰੰਗੁ ਲਾਲੁ ਬਣਾਇਆ ਤਿਸੁ ਹਭੋ ਕਿਛੁ ਸੁਹੰਦਾ ॥

She, whom You have adorned with the necklace of virtue, and dyed in the deep crimson color of His Love - everything looks beautiful on her.

ਜਨ ਨਾਨਕ ਧੰਨਿ ਸੁਹਾਗਣਿ ਸਾਈ ਜਿਸੁ ਸੰਗਿ ਭਤਾਰੁ ਵਸੰਦਾ ॥੩॥

O servant Nanak, blessed is that happy soul-bride, who dwells with her Husband Lord. ||3||

ਯਾਰ ਵੇ ਨਿਤ ਸੁਖ ਸੁਖੇਦੀ ਸਾ ਮੈ ਪਾਈ ॥

O intimate friend, I have found that peace which I sought.

ਵਰੁ ਲੋੜੀਦਾ ਆਇਆ ਵਜੀ ਵਾਧਾਈ ॥

My sought-after Husband Lord has come home, and now, congratulations are pouring in.

ਮਹਾ ਮੰਗਲੁ ਰਹਸੁ ਥੀਆ ਪਿਰੁ ਦਇਆਲੁ ਸਦ ਨਵ ਰੰਗੀਆ ॥

Great joy and happiness welled up, when my Husband Lord, of ever-fresh beauty, showed mercy to me.

ਵਡ ਭਾਗਿ ਪਾਇਆ ਗੁਰਿ ਮਿਲਾਇਆ ਸਾਧ ਕੈ ਸਤਸੰਗੀਆ ॥

By great good fortune, I have found Him; the Guru has united me with Him, through the Saadh Sangat, the True Congregation of the Holy.

| | |
|---|---|
| ਆਸਾ ਮਨਸਾ ਸਗਲ ਪੂਰੀ ਪ੍ਰਿਅ ਅੰਕਿ ਅੰਕੁ ਮਿਲਾਈ ॥ | My hopes and desires have all been fulfilled; my Beloved Husband Lord has hugged me close in His embrace. |
| ਬਿਨਵੰਤਿ ਨਾਨਕੁ ਸੁਖ ਸੁਖੇਦੀ ਸਾ ਮੈ ਗੁਰ ਮਿਲਿ ਪਾਈ ॥੪॥੧॥ | Prays Nanak, I have found that peace which I sought, meeting with the Guru. \|\|4\|\|1\|\| |
| ਜੈਤਸਰੀ ਮਹਲਾ ੫ ਘਰੁ ੨ ਛੰਤ | Jaitsree, Fifth Mehl, Second House, Chhant: |
| ੧ਓ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਸਲੋਕੁ ॥ | Shalok: |
| ਊਚਾ ਅਗਮ ਅਪਾਰ ਪ੍ਰਭੁ ਕਥਨੁ ਨ ਜਾਇ ਅਕਥੁ ॥ | God is lofty, unapproachable and infinite. He is indescribable - He cannot be described. |
| ਨਾਨਕ ਪ੍ਰਭ ਸਰਣਾਗਤੀ ਰਾਖਨ ਕਉ ਸਮਰਥੁ ॥੧॥ | Nanak seeks the Sanctuary of God, who is all-powerful to save us. \|\|1\|\| |
| ਛੰਤੁ ॥ | Chhant: |
| ਜਿਉ ਜਾਨਹੁ ਤਿਉ ਰਾਖੁ ਹਰਿ ਪ੍ਰਭ ਤੇਰਿਆ ॥ | Save me, any way You can; O Lord God, I am Yours. |
| ਕੇਤੇ ਗਨਉ ਅਸੰਖ ਅਵਗਣ ਮੇਰਿਆ ॥ | My demerits are uncountable; how many of them should I count? |
| ਅਸੰਖ ਅਵਗਣ ਖਤੇ ਫੇਰੇ ਨਿਤਪ੍ਰਤਿ ਸਦ ਭੂਲੀਐ ॥ | The sins and crimes I committed are countless; day by day, I continually make mistakes. |
| ਮੋਹ ਮਗਨ ਬਿਕਰਾਲ ਮਾਇਆ ਤਉ ਪ੍ਰਸਾਦੀ ਘੂਲੀਐ ॥ | I am intoxicated by emotional attachment to Maya, the treacherous one; by Your Grace alone can I be saved. |
| ਲੂਕ ਕਰਤ ਬਿਕਾਰ ਬਿਖੜੇ ਪ੍ਰਭ ਨੇਰ ਹੂ ਤੇ ਨੇਰਿਆ ॥ | Secretly, I commit hideous sins of corruption, even though God is the nearest of the near. |
| ਬਿਨਵੰਤਿ ਨਾਨਕ ਦਇਆ ਧਾਰਹੁ ਕਾਢਿ ਭਵਜਲ ਫੇਰਿਆ ॥੧॥ | Prays Nanak, shower me with Your Mercy, Lord, and lift me up, out of the whirlpool of the terrifying world-ocean. \|\|1\|\| |
| ਸਲੋਕੁ ॥ | Shalok: |
| ਨਿਰਤਿ ਨ ਪਵੈ ਅਸੰਖ ਗੁਣ ਊਚਾ ਪ੍ਰਭ ਕਾ ਨਾਉ ॥ | Countless are His virtues; they cannot be enumerated. God's Name is lofty and exalted. |
| ਨਾਨਕ ਕੀ ਬੇਨੰਤੀਆ ਮਿਲੈ ਨਿਥਾਵੇ ਥਾਉ ॥੨॥ | This is Nanak's humble prayer, to bless the homeless with a home. \|\|2\|\| |

| | |
|---|---|
| ਛੰਤੁ ॥ | Chhant: |
| ਦੂਸਰ ਨਾਹੀ ਠਾਉ ਕਾ ਪਹਿ ਜਾਈਐ ॥ | There is no other place at all - where else should I go? |
| ਆਠ ਪਹਰ ਕਰ ਜੋੜਿ ਸੋ ਪ੍ਰਭੁ ਧਿਆਈਐ ॥ | Twenty-four hours a day, with my palms pressed together, I meditate on God. |
| ਧਿਆਇ ਸੋ ਪ੍ਰਭੁ ਸਦਾ ਅਪੁਨਾ ਮਨਹਿ ਚਿੰਦਿਆ ਪਾਈਐ ॥ | Meditating forever on my God, I receive the fruits of my mind's desires. |
| ਤਜਿ ਮਾਨ ਮੋਹੁ ਵਿਕਾਰੁ ਦੂਜਾ ਏਕ ਸਿਉ ਲਿਵ ਲਾਈਐ ॥ | Renouncing pride, attachment, corruption and duality, I lovingly center my attention on the One Lord. |
| ਅਰਪਿ ਮਨੁ ਤਨੁ ਪ੍ਰਭੂ ਆਗੈ ਆਪੁ ਸਗਲ ਮਿਟਾਈਐ ॥ | Dedicate your mind and body to God; eradicate all your self-conceit. |
| ਬਿਨਵੰਤਿ ਨਾਨਕੁ ਧਾਰਿ ਕਿਰਪਾ ਸਾਚਿ ਨਾਮਿ ਸਮਾਈਐ ॥੨॥ | Prays Nanak, shower me with Your mercy, Lord, that I may be absorbed in Your True Name. \|\|2\|\| |
| ਸਲੋਕੁ ॥ | Shalok: |
| ਰੇ ਮਨ ਤਾ ਕਉ ਧਿਆਈਐ ਸਭ ਬਿਧਿ ਜਾ ਕੈ ਹਾਥਿ ॥ | O mind, meditate on the One, who holds everything in His hands. |
| ਰਾਮ ਨਾਮ ਧਨੁ ਸੰਚੀਐ ਨਾਨਕ ਨਿਬਹੈ ਸਾਥਿ ॥੩॥ | Gather the wealth of the Lord's Name; O Nanak, it shall always be with You. \|\|3\|\| |
| ਛੰਤੁ ॥ | Chhant: |
| ਸਾਥੀਅੜਾ ਪ੍ਰਭੁ ਏਕੁ ਦੂਸਰ ਨਾਹਿ ਕੋਇ ॥ | God is our only True Friend; there is not any other. |
| ਥਾਨ ਥਨੰਤਰਿ ਆਪਿ ਜਲਿ ਥਲਿ ਪੂਰ ਸੋਇ ॥ | In the places and interspaces, in the water and on the land, He Himself is pervading everywhere. |
| ਜਲਿ ਥਲਿ ਮਹੀਅਲਿ ਪੂਰਿ ਰਹਿਆ ਸਰਬ ਦਾਤਾ ਪ੍ਰਭੁ ਧਨੀ ॥ | He is totally permeating the water, the land and the sky; God is the Great Giver, the Lord and Master of all. |
| ਗੋਪਾਲ ਗੋਬਿੰਦ ਅੰਤੁ ਨਾਹੀ ਬੇਅੰਤ ਗੁਣ ਤਾ ਕੇ ਕਿਆ ਗਨੀ ॥ | The Lord of the world, the Lord of the universe has no limit; His Glorious Virtues are unlimited - how can I count them? |
| ਭਜੁ ਸਰਣਿ ਸੁਆਮੀ ਸੁਖਹ ਗਾਮੀ ਤਿਸੁ ਬਿਨਾ ਅਨ ਨਾਹਿ ਕੋਇ ॥ | I have hurried to the Sanctuary of the Lord Master, the Bringer of peace; without Him, there is no other at all. |
| ਬਿਨਵੰਤਿ ਨਾਨਕ ਦਇਆ ਧਾਰਹੁ ਤਿਸੁ ਪਰਾਪਤਿ ਨਾਮੁ ਹੋਇ ॥੩॥ | Prays Nanak, that being, unto whom the Lord shows mercy - he alone obtains the Naam. \|\|3\|\| |

## ੭੦੫ 705

ਸਲੋਕੁ ॥
Shalok:

ਚਿਤਿ ਜਿ ਚਿਤਵਿਆ ਸੋ ਮੈ ਪਾਇਆ ॥
Whatever I wish for, that I receive.

ਨਾਨਕ ਨਾਮੁ ਧਿਆਇ ਸੁਖ ਸਬਾਇਆ ॥੪॥
Meditating on the Naam, the Name of the Lord, Nanak has found total peace. ||4||

ਛੰਤੁ ॥
Chhant:

ਅਬ ਮਨੁ ਛੂਟਿ ਗਇਆ ਸਾਧੂ ਸੰਗਿ ਮਿਲੇ ॥
My mind is now emancipated; I have joined the Saadh Sangat, the Company of the Holy.

ਗੁਰਮੁਖਿ ਨਾਮੁ ਲਇਆ ਜੋਤੀ ਜੋਤਿ ਰਲੇ ॥
As Gurmukh, I chant the Naam, and my light has merged into the Light.

ਹਰਿ ਨਾਮੁ ਸਿਮਰਤ ਮਿਟੇ ਕਿਲਬਿਖ ਬੁਝੀ ਤਪਤਿ ਅਘਾਨਿਆ ॥
Remembering the Lord's Name in meditation, my sins have been erased; the fire has been extinguished, and I am satisfied.

ਗਹਿ ਭੁਜਾ ਲੀਨੇ ਦਇਆ ਕੀਨੇ ਆਪਨੇ ਕਰਿ ਮਾਨਿਆ ॥
He has taken me by the arm, and blessed me with His kind mercy; He has accepted me His own.

ਲੈ ਅੰਕਿ ਲਾਏ ਹਰਿ ਮਿਲਾਏ ਜਨਮ ਮਰਣਾ ਦੁਖ ਜਲੇ ॥
The Lord has hugged me in His embrace, and merged me with Himself; the pains of birth and death have been burnt away.

ਬਿਨਵੰਤਿ ਨਾਨਕ ਦਇਆ ਧਾਰੀ ਮੇਲਿ ਲੀਨੇ ਇਕ ਪਲੇ ॥੪॥੨॥
Prays Nanak, He has blessed me with His kind mercy; in an instant, He unites me with Himself. ||4||2||

ਜੈਤਸਰੀ ਛੰਤ ਮਃ ੫ ॥
Jaitsree, Chhant, Fifth Mehl:

ਪਾਧਾਣੂ ਸੰਸਾਰੁ ਗਾਰਬਿ ਅਟਿਆ ॥
The world is like a temporary way-station, but it is filled with pride.

ਕਰਤੇ ਪਾਪ ਅਨੇਕ ਮਾਇਆ ਰੰਗ ਰਟਿਆ ॥
People commit countless sins; they are dyed in the color of the love of Maya.

ਲੋਭਿ ਮੋਹਿ ਅਭਿਮਾਨਿ ਬੂਡੇ ਮਰਣੁ ਚੀਤਿ ਨ ਆਵਏ ॥
In greed, emotional attachment and egotism, they are drowning; they do not even think of dying.

ਪੁਤ੍ਰ ਮਿਤ੍ਰ ਬਿਉਹਾਰ ਬਨਿਤਾ ਏਹ ਕਰਤ ਬਿਹਾਵਏ ॥
Children, friends, worldly occupations and spouses - they talk of these things, while their lives are passing away.

| | |
|---|---|
| ਪੁਜਿ ਦਿਵਸ ਆਏ ਲਿਖੇ ਮਾਏ ਦੁਖੁ ਧਰਮ ਦੂਤਹ ਡਿਠਿਆ ॥ | When their pre-ordained days have run their course, O mother, they behold the Messengers of the Righteous Judge of Dharma, and they suffer. |
| ਕਿਰਤ ਕਰਮ ਨ ਮਿਟੈ ਨਾਨਕ ਹਰਿ ਨਾਮ ਧਨੁ ਨਹੀ ਖਟਿਆ ॥੧॥ | The karma of their past deeds cannot be erased, O Nanak, if they have not earned the wealth of the Lord's Name. \|\|1\|\| |
| ਉਦਮ ਕਰਹਿ ਅਨੇਕ ਹਰਿ ਨਾਮੁ ਨ ਗਾਵਹੀ ॥ | He makes all sorts of efforts, but he does not sing the Lord's Name. |
| ਭਰਮਹਿ ਜੋਨਿ ਅਸੰਖ ਮਰਿ ਜਨਮਹਿ ਆਵਹੀ ॥ | He wanders around in countless incarnations; he dies, only to be born again. |
| ਪਸੂ ਪੰਖੀ ਸੈਲ ਤਰਵਰ ਗਣਤ ਕਛੂ ਨ ਆਵਏ ॥ | As beasts, birds, stones and trees - their number cannot be known. |
| ਬੀਜੁ ਬੋਵਸਿ ਭੋਗ ਭੋਗਹਿ ਕੀਆ ਅਪਣਾ ਪਾਵਏ ॥ | As are the seeds he plants, so are the pleasures he enjoys; he receives the consequences of his own actions. |
| ਰਤਨ ਜਨਮੁ ਹਾਰੰਤ ਜੂਐ ਪ੍ਰਭੂ ਆਪਿ ਨ ਭਾਵਹੀ ॥ | He loses the jewel of this human life in the gamble, and God is not pleased with him at all. |
| ਬਿਨਵੰਤਿ ਨਾਨਕ ਭਰਮਹਿ ਭ੍ਰਮਾਏ ਖਿਨੁ ਏਕੁ ਟਿਕਣੁ ਨ ਪਾਵਹੀ ॥੨॥ | Prays Nanak, wandering in doubt, he does not find any rest, even for an instant. \|\|2\|\| |
| ਜੋਬਨੁ ਗਇਆ ਬਿਤੀਤਿ ਜਰੁ ਮਲਿ ਬੈਠੀਆ ॥ | Youth has passed, and old age has taken its place. |
| ਕਰ ਕੰਪਹਿ ਸਿਰੁ ਡੋਲ ਨੈਣ ਨ ਡੀਠਿਆ ॥ | The hands tremble, the head shakes, and the eyes do not see. |
| ਨਹ ਨੈਣ ਦੀਸੈ ਬਿਨੁ ਭਜਨ ਈਸੈ ਛੋਡਿ ਮਾਇਆ ਚਾਲਿਆ ॥ | The eyes do not see, without vibrating and meditating on the Lord; he must leave behind the attractions of Maya, and depart. |
| ਕਹਿਆ ਨ ਮਾਨਹਿ ਸਿਰਿ ਖਾਕੁ ਛਾਨਹਿ ਜਿਨ ਸੰਗਿ ਮਨੁ ਤਨੁ ਜਾਲਿਆ ॥ | He burnt his mind and body for his relatives, but now, they do not listen to him, and they throw dust on his head. |
| ਸ੍ਰੀਰਾਮ ਰੰਗ ਅਪਾਰ ਪੂਰਨ ਨਹ ਨਿਮਖ ਮਨ ਮਹਿ ਵੂਠਿਆ ॥ | Love for the infinite, Perfect Lord does not abide in his mind, even for an instant. |
| ਬਿਨਵੰਤਿ ਨਾਨਕ ਕੋਟਿ ਕਾਗਰ ਬਿਨਸ ਬਾਰ ਨ ਝੂਠਿਆ ॥੩॥ | Prays Nanak, the fort of paper is false - it is destroyed in an instant. \|\|3\|\| |
| ਚਰਨ ਕਮਲ ਸਰਣਾਇ ਨਾਨਕੁ ਆਇਆ ॥ | Nanak has come to the Sanctuary of the Lord's lotus feet. |

| | |
|---|---|
| ਦੁਤਰੁ ਭੈ ਸੰਸਾਰੁ ਪ੍ਰਭਿ ਆਪਿ ਤਰਾਇਆ ॥ | God Himself has carried Him across the impassable, terrifying world-ocean. |
| ਮਿਲਿ ਸਾਧਸੰਗੇ ਭਜੇ ਸ੍ਰੀਧਰ ਕਰਿ ਅੰਗੁ ਪ੍ਰਭ ਜੀ ਤਾਰਿਆ ॥ | Joining the Saadh Sangat, the Company of the Holy, I vibrate and meditate on the Lord; God has made me His own, and saved me. |
| ਹਰਿ ਮਾਨਿ ਲੀਏ ਨਾਮ ਦੀਏ ਅਵਰੁ ਕਛੁ ਨ ਬੀਚਾਰਿਆ ॥ | The Lord has approved of me, and blessed me with His Name; He did not take anything else into consideration. |
| ਗੁਣ ਨਿਧਾਨ ਅਪਾਰ ਠਾਕੁਰ ਮਨਿ ਲੋੜੀਦਾ ਪਾਇਆ ॥ | I have found the infinite Lord and Master, the treasure of virtue, which my mind had yearned for. |
| ਬਿਨਵੰਤਿ ਨਾਨਕੁ ਸਦਾ ਤ੍ਰਿਪਤੇ ਹਰਿ ਨਾਮੁ ਭੋਜਨੁ ਖਾਇਆ ॥੪॥੨॥੩॥ | Prays Nanak, I am satisfied forever; I have eaten the food of the Lord's Name. \|\|4\|\|2\|\|3\|\| |
| ਜੈਤਸਰੀ ਮਹਲਾ ੫<br>ਵਾਰ ਸਲੋਕਾ ਨਾਲਿ | Jaitsree, Fifth Mehl,<br>Vaar With Shaloks: |
| ੧ਓ ਸਤਿਗੁਰ ਪ੍ਰਸਾਦਿ ॥ | One Universal Creator God.<br>By The Grace Of The True Guru: |
| ਸਲੋਕ ॥ | Shalok: |
| ਆਦਿ ਪੂਰਨ ਮਧਿ ਪੂਰਨ ਅੰਤਿ ਪੂਰਨ ਪਰਮੇਸੁਰਹ ॥ | In the beginning, He was pervading; in the middle, He is pervading; in the end, He will be pervading. He is the Transcendent Lord. |
| ਸਿਮਰੰਤਿ ਸੰਤ ਸਰਬਤ੍ਰ ਰਮਣੰ ਨਾਨਕ ਅਘਨਾਸਨ ਜਗਦੀਸੁਰਹ ॥੧॥ | The Saints remember in meditation the all-pervading Lord God. O Nanak, He is the Destroyer of sins, the Lord of the universe. \|\|1\|\| |
| **੭੦੬** | **706** |
| ਪੇਖਨ ਸੁਨਨ ਸੁਨਾਵਨੋ ਮਨ ਮਹਿ ਦ੍ਰਿੜੀਐ ਸਾਚੁ ॥ | See, hear, speak and implant the True Lord within your mind. |
| ਪੂਰਿ ਰਹਿਓ ਸਰਬਤ੍ਰ ਮੈ ਨਾਨਕ ਹਰਿ ਰੰਗਿ ਰਾਚੁ ॥੨॥ | He is all-pervading, permeating everywhere; O Nanak, be absorbed in the Lord's Love. \|\|2\|\| |
| ਪਉੜੀ ॥ | Pauree: |
| ਹਰਿ ਏਕੁ ਨਿਰੰਜਨੁ ਗਾਈਐ ਸਭ ਅੰਤਰਿ ਸੋਈ ॥ | Sing the Praise of the One, the Immaculate Lord; He is contained within all. |
| ਕਰਣ ਕਾਰਣ ਸਮਰਥ ਪ੍ਰਭੁ ਜੋ ਕਰੇ ਸੁ ਹੋਈ ॥ | The Cause of causes, the Almighty Lord God; whatever He wills, comes to pass. |

| | |
|---|---|
| ਖਿਨ ਮਹਿ ਥਾਪਿ ਉਥਾਪਦਾ ਤਿਸੁ ਬਿਨੁ ਨਹੀ ਕੋਈ ॥ | In an instant, He establishes and disestablishes; without Him, there is no other. |
| ਖੰਡ ਬ੍ਰਹਮੰਡ ਪਾਤਾਲ ਦੀਪ ਰਵਿਆ ਸਭ ਲੋਈ ॥ | He pervades the continents, solar systems, nether worlds, islands and all worlds. |
| ਜਿਸੁ ਆਪਿ ਬੁਝਾਏ ਸੋ ਬੁਝਸੀ ਨਿਰਮਲ ਜਨੁ ਸੋਈ ॥੧॥ | He alone understands, whom the Lord Himself instructs; he alone is a pure and unstained being. \|\|1\|\| |
| ਸਲੋਕ ॥ | Shalok: |
| ਰਚੰਤਿ ਜੀਅ ਰਚਨਾ ਮਾਤ ਗਰਭ ਅਸਥਾਪਨੰ ॥ | Creating the soul, the Lord places this creation in the womb of the mother. |
| ਸਾਸਿ ਸਾਸਿ ਸਿਮਰੰਤਿ ਨਾਨਕ ਮਹਾ ਅਗਨਿ ਨ ਬਿਨਾਸਨੰ ॥੧॥ | With each and every breath, it meditates in remembrance on the Lord, O Nanak; it is not consumed by the great fire. \|\|1\|\| |
| ਮੁਖੁ ਤਲੈ ਪੈਰ ਉਪਰੇ ਵਸੰਦੋ ਕੁਹਥੜੈ ਥਾਇ ॥ | With its head down, and feet up, it dwells in that slimy place. |
| ਨਾਨਕ ਸੋ ਧਣੀ ਕਿਉ ਵਿਸਾਰਿਓ ਉਧਰਹਿ ਜਿਸ ਦੈ ਨਾਇ ॥੨॥ | O Nanak, how could we forget the Master? Through His Name, we are saved. \|\|2\|\| |
| ਪਉੜੀ ॥ | Pauree: |
| ਰਕਤੁ ਬਿੰਦੁ ਕਰਿ ਨਿੰਮਿਆ ਅਗਨਿ ਉਦਰ ਮਝਾਰਿ ॥ | From egg and sperm, you were conceived, and placed in the fire of the womb. |
| ਉਰਧ ਮੁਖੁ ਕੁਚੀਲ ਬਿਕਲੁ ਨਰਕਿ ਘੋਰਿ ਗੁਬਾਰਿ ॥ | Head downwards, you abided restlessly in that dark, dismal, terrible hell. |
| ਹਰਿ ਸਿਮਰਤ ਤੂ ਨਾ ਜਲਹਿ ਮਨਿ ਤਨਿ ਉਰ ਧਾਰਿ ॥ | Remembering the Lord in meditation, you were not burnt; enshrine Him in your heart, mind and body. |
| ਬਿਖਮ ਥਾਨਹੁ ਜਿਨਿ ਰਖਿਆ ਤਿਸੁ ਤਿਲੁ ਨ ਵਿਸਾਰਿ ॥ | In that treacherous place, He protected and preserved you; do not forget Him, even for an instant. |
| ਪ੍ਰਭ ਬਿਸਰਤ ਸੁਖੁ ਕਦੇ ਨਾਹਿ ਜਾਸਹਿ ਜਨਮੁ ਹਾਰਿ ॥੨॥ | Forgetting God, you shall never find peace; you shall forfeit your life, and depart. \|\|2\|\| |
| ਸਲੋਕ ॥ | Shalok: |
| ਮਨ ਇਛਾ ਦਾਨ ਕਰਣੰ ਸਰਬਤ੍ਰ ਆਸਾ ਪੂਰਨਹ ॥ | He grants our hearts' desires, and fulfills all our hopes. |

| | |
|---|---|
| ਖੰਡਣੰ ਕਲਿ ਕਲੇਸਹ ਪ੍ਰਭ ਸਿਮਰਿ ਨਾਨਕ ਨਹ ਦੂਰਣਹ ॥੧॥ | He destroys pain and suffering; remember God in meditation, O Nanak - He is not far away. \|\|1\|\| |
| ਹਭਿ ਰੰਗ ਮਾਣਹਿ ਜਿਸੁ ਸੰਗਿ ਤੈ ਸਿਉ ਲਾਈਐ ਨੇਹੁ ॥ | Love Him, with whom you enjoy all pleasures. |
| ਸੋ ਸਹੁ ਬਿੰਦ ਨ ਵਿਸਰਉ ਨਾਨਕ ਜਿਨਿ ਸੁੰਦਰੁ ਰਚਿਆ ਦੇਹੁ ॥੨॥ | Do not forget that Lord, even for an instant; O Nanak, He fashioned this beautiful body. \|\|2\|\| |
| ਪਉੜੀ ॥ | Pauree: |
| ਜੀਉ ਪ੍ਰਾਨ ਤਨੁ ਧਨੁ ਦੀਆ ਦੀਨੇ ਰਸ ਭੋਗ ॥ | He gave you your soul, breath of life, body and wealth; He gave you pleasures to enjoy. |
| ਗ੍ਰਿਹ ਮੰਦਰ ਰਥ ਅਸੁ ਦੀਏ ਰਚਿ ਭਲੇ ਸੰਜੋਗ ॥ | He gave you households, mansions, chariots and horses; He ordained your good destiny. |
| ਸੁਤ ਬਨਿਤਾ ਸਾਜਨ ਸੇਵਕ ਦੀਏ ਪ੍ਰਭ ਦੇਵਨ ਜੋਗ ॥ | He gave you your children, spouse, friends and servants; God is the all-powerful Great Giver. |
| ਹਰਿ ਸਿਮਰਤ ਤਨੁ ਮਨੁ ਹਰਿਆ ਲਹਿ ਜਾਹਿ ਵਿਜੋਗ ॥ | Meditating in remembrance on the Lord, the body and mind are rejuvenated, and sorrow departs. |
| ਸਾਧਸੰਗਿ ਹਰਿ ਗੁਣ ਰਮਹੁ ਬਿਨਸੇ ਸਭਿ ਰੋਗ ॥੩॥ | In the Saadh Sangat, the Company of the Holy, chant the Praises of the Lord, and all your sickness shall vanish. \|\|3\|\| |
| ਸਲੋਕ ॥ | Shalok: |
| ਕੁਟੰਬ ਜਤਨ ਕਰਣੰ ਮਾਇਆ ਅਨੇਕ ਉਦਮਹ ॥ | For his family, he works very hard; for the sake of Maya, he makes countless efforts. |
| ਹਰਿ ਭਗਤਿ ਭਾਵ ਹੀਣੰ ਨਾਨਕ ਪ੍ਰਭ ਬਿਸਰਤ ਤੇ ਪ੍ਰੇਤਤਹ ॥੧॥ | But without loving devotional worship of the Lord, O Nanak, he forgets God, and then, he is a mere ghost. \|\|1\|\| |
| ਤੁਟੜੀਆ ਸਾ ਪ੍ਰੀਤਿ ਜੋ ਲਾਈ ਬਿਅੰਨ ਸਿਉ ॥ | That love shall break, which is established with any other than the Lord. |
| ਨਾਨਕ ਸਚੀ ਰੀਤਿ ਸਾਂਈ ਸੇਤੀ ਰਤਿਆ ॥੨॥ | O Nanak, that way of life is true, which inspires love of the Lord. \|\|2\|\| |
| ਪਉੜੀ ॥ | Pauree: |
| ਜਿਸੁ ਬਿਸਰਤ ਤਨੁ ਭਸਮ ਹੋਇ ਕਹਤੇ ਸਭਿ ਪ੍ਰੇਤੁ ॥ | Forgetting Him, one's body turns to dust, and everyone calls him a ghost. |

| | |
|---|---|
| ਖਿਨੁ ਗ੍ਰਿਹ ਮਹਿ ਬਸਨ ਨ ਦੇਵਹੀ ਜਿਨ ਸਿਉ ਸੋਈ ਹੇਤੁ ॥ | And those, with whom he was so much in love - they do not let him stay in their home, even for an instant. |
| ਕਰਿ ਅਨਰਥ ਦਰਬੁ ਸੰਚਿਆ ਸੋ ਕਾਰਜਿ ਕੇਤੁ ॥ | Practicing exploitation, he gathers wealth, but what use will it be in the end? |
| ਜੈਸਾ ਬੀਜੈ ਸੋ ਲੁਣੈ ਕਰਮ ਇਹੁ ਖੇਤੁ ॥ | As one plants, so does he harvest; the body is the field of actions. |
| ਅਕਿਰਤਘਣਾ ਹਰਿ ਵਿਸਰਿਆ ਜੋਨੀ ਭਰਮੇਤੁ ॥੪॥ | The ungrateful wretches forget the Lord, and wander in reincarnation. \|\|4\|\| |
| ਸਲੋਕ ॥ | Shalok: |
| ਕੋਟਿ ਦਾਨ ਇਸਨਾਨੰ ਅਨਿਕ ਸੋਧਨ ਪਵਿਤ੍ਰਤਹ ॥ | The benefits of millions of charitable donations and cleansing baths, and countless ceremonies of purification and piety, |
| ਉਚਰੰਤਿ ਨਾਨਕ ਹਰਿ ਹਰਿ ਰਸਨਾ ਸਰਬ ਪਾਪ ਬਿਮੁਚਤੇ ॥੧॥ | O Nanak, are obtained by chanting the Name of the Lord, Har, Har with one's tongue; all sins are washed away. \|\|1\|\| |
| ਈਧਣੁ ਕੀਤੋਮੂ ਘਣਾ ਭੋਰੀ ਦਿਤੀਮੁ ਭਾਹਿ ॥ | I gathered together a great stack of firewood, and applied a tiny flame to light it. |
| ੭੦੭ | 707 |
| ਮਨਿ ਵਸੰਦੜੋ ਸਚੁ ਸਹੁ ਨਾਨਕ ਹਭੇ ਡੁਖੜੇ ਉਲਾਹਿ ॥੨॥ | When the True Lord and Master abides in one's mind, O Nanak, all sins are dispelled. \|\|2\|\| |
| ਪਉੜੀ ॥ | Pauree: |
| ਕੋਟਿ ਅਘਾ ਸਭਿ ਨਾਸ ਹੋਹਿ ਸਿਮਰਤ ਹਰਿ ਨਾਉ ॥ | Millions of sins are totally erased, by meditating on the Lord's Name. |
| ਮਨ ਚਿੰਦੇ ਫਲ ਪਾਈਅਹਿ ਹਰਿ ਕੇ ਗੁਣ ਗਾਉ ॥ | The fruits of one's heart's desires are obtained, by singing the Glorious Praises of the Lord. |
| ਜਨਮ ਮਰਣ ਭੈ ਕਟੀਅਹਿ ਨਿਹਚਲ ਸਚੁ ਥਾਉ ॥ | The fear of birth and death is eradicated, and one's eternal, unchanging true home is obtained. |
| ਪੂਰਬਿ ਹੋਵੈ ਲਿਖਿਆ ਹਰਿ ਚਰਣ ਸਮਾਉ ॥ | If it is so pre-ordained, one is absorbed in the Lord's lotus feet. |
| ਕਰਿ ਕਿਰਪਾ ਪ੍ਰਭ ਰਾਖਿ ਲੇਹੁ ਨਾਨਕ ਬਲਿ ਜਾਉ ॥੫॥ | Bless me with Your mercy, God - please preserve and save me! Nanak is a sacrifice to You. \|\|5\|\| |

| | |
|---|---|
| ਸਲੋਕ ॥ | Shalok: |
| ਗ੍ਰਿਹ ਰਚਨਾ ਅਪਾਰੰ ਮਨਿ ਬਿਲਾਸ ਸੁਆਦੰ ਰਸਹ ॥ | They are involved in their beautiful houses, and the pleasures of the mind's desires. |
| ਕਦਾਂਚ ਨਹ ਸਿਮਰੰਤਿ ਨਾਨਕ ਤੇ ਜੰਤ ਬਿਸਟਾ ਕ੍ਰਿਮਹ ॥੧॥ | They never remember the Lord in meditation; O Nanak, they are like maggots in manure. \|\|1\|\| |
| ਮੁਚੁ ਅਡੰਬਰੁ ਹਭੁ ਕਿਹੁ ਮੰਝਿ ਮੁਹਬਤਿ ਨੇਹ ॥ | They are engrossed in ostentatious displays, lovingly attached to all their possessions. |
| ਸੋ ਸਾਂਈ ਜੈਂ ਵਿਸਰੈ ਨਾਨਕ ਸੋ ਤਨੁ ਖੇਹ ॥੨॥ | That body which forgets the Lord, O Nanak, shall be reduced to ashes. \|\|2\|\| |
| ਪਉੜੀ ॥ | Pauree: |
| ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ ॥ | He may enjoy a beautiful bed, countless pleasures and all sorts of enjoyments. |
| ਗ੍ਰਿਹ ਸੋਇਨ ਚੰਦਨ ਸੁਗੰਧ ਲਾਇ ਮੋਤੀ ਹੀਰੇ ॥ | He may possess mansions of gold, studded with pearls and rubies, plastered with fragrant sandalwood oil. |
| ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ ॥ | He may relish in the pleasures of his mind's desires, and have no anxiety at all. |
| ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ ॥ | But if he does not remember God, he is like a maggot in manure. |
| ਬਿਨੁ ਹਰਿ ਨਾਮ ਨ ਸਾਂਤਿ ਹੋਇ ਕਿਤੁ ਬਿਧਿ ਮਨੁ ਧੀਰੇ ॥੬॥ | Without the Lord's Name, there is no peace at all. How can the mind be comforted? \|\|6\|\| |
| ਸਲੋਕ ॥ | Shalok: |
| ਚਰਨ ਕਮਲ ਬਿਰਹੰ ਖੋਜੰਤ ਬੈਰਾਗੀ ਦਹ ਦਿਸਹ ॥ | One who loves the Lord's lotus feet searches for Him in the ten directions. |
| ਤਿਆਗੰਤ ਕਪਟ ਰੂਪ ਮਾਇਆ ਨਾਨਕ ਆਨੰਦ ਰੂਪ ਸਾਧ ਸੰਗਮਹ ॥੧॥ | He renounces the deceptive illusion of Maya, and joins the blissful form of the Saadh Sangat, the Company of the Holy. \|\|1\|\| |
| ਮਨਿ ਸਾਂਈ ਮੁਖਿ ਉਚਰਾ ਵਤਾ ਹਭੇ ਲੋਅ ॥ | The Lord is in my mind, and with my mouth I chant His Name; I seek Him in all the lands of the world. |
| ਨਾਨਕ ਹਭਿ ਅਡੰਬਰ ਕੂੜਿਆ ਸੁਣਿ ਜੀਵਾ ਸਚੀ ਸੋਇ ॥੨॥ | O Nanak, all ostentatious displays are false; hearing the Praises of the True Lord, I live. \|\|2\|\| |

| | |
|---|---|
| ਪਉੜੀ ॥ | Pauree: |
| ਬਸਤਾ ਤੂਟੀ ਝੁੰਪੜੀ ਚੀਰ ਸਭਿ ਛਿੰਨਾ ॥ | He dwells in a broken-down shack, in tattered clothes, |
| ਜਾਤਿ ਨ ਪਤਿ ਨ ਆਦਰੋ ਉਦਿਆਨ ਭ੍ਰਮਿੰਨਾ ॥ | with no social status, no honor and no respect; he wanders in the wilderness, |
| ਮਿਤ੍ਰ ਨ ਇਠ ਧਨ ਰੂਪਹੀਣ ਕਿਛੁ ਸਾਕੁ ਨ ਸਿੰਨਾ ॥ | with no friend or lover, without wealth, beauty, relatives or relations. |
| ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ ॥ | Even so, he is the king of the whole world, if his mind is imbued with the Lord's Name. |
| ਤਿਸ ਕੀ ਧੂੜਿ ਮਨੁ ਉਧਰੈ ਪ੍ਰਭੁ ਹੋਇ ਸੁਪ੍ਰਸੰਨਾ ॥੭॥ | With the dust of his feet, men are redeemed, because God is very pleased with him. \|\|7\|\| |
| ਸਲੋਕ ॥ | Shalok: |
| ਅਨਿਕ ਲੀਲਾ ਰਾਜ ਰਸ ਰੂਪੰ ਛਤ੍ਰ ਚਮਰ ਤਖਤ ਆਸਨੰ ॥ | The various sorts of pleasures, powers, joys, beauty, canopies, cooling fans and thrones to sit on |
| ਰਚੰਤਿ ਮੂੜ ਅਗਿਆਨ ਅੰਧਹ ਨਾਨਕ ਸੁਪਨ ਮਨੋਰਥ ਮਾਇਆ ॥੧॥ | - the foolish, ignorant and blind are engrossed in these things. O Nanak, desire for Maya is just a dream. \|\|1\|\| |
| ਸੁਪਨੈ ਹਭਿ ਰੰਗ ਮਾਣਿਆ ਮਿਠਾ ਲਗੜਾ ਮੋਹੁ ॥ | In a dream, he enjoys all sorts of pleasures, and emotional attachment seems so sweet. |
| ਨਾਨਕ ਨਾਮ ਵਿਹੂਣੀਆ ਸੁੰਦਰਿ ਮਾਇਆ ਧ੍ਰੋਹੁ ॥੨॥ | O Nanak, without the Naam, the Name of the Lord, the beauty of Maya's illusion is fake. \|\|2\|\| |
| ਪਉੜੀ ॥ | Pauree: |
| ਸੁਪਨੇ ਸੇਤੀ ਚਿਤੁ ਮੂਰਖਿ ਲਾਇਆ ॥ | The fool attaches his consciousness to the dream. |
| ਬਿਸਰੇ ਰਾਜ ਰਸ ਭੋਗ ਜਾਗਤ ਭਖਲਾਇਆ ॥ | When he awakes, he forgets the power, pleasures and enjoyments, and he is sad. |
| ਆਰਜਾ ਗਈ ਵਿਹਾਇ ਧੰਧੈ ਧਾਇਆ ॥ | He passes his life chasing after worldly affairs. |
| ਪੂਰਨ ਭਏ ਨ ਕਾਮ ਮੋਹਿਆ ਮਾਇਆ ॥ | His works are not completed, because he is enticed by Maya. |
| ਕਿਆ ਵੇਚਾਰਾ ਜੰਤੁ ਜਾ ਆਪਿ ਭੁਲਾਇਆ ॥੮॥ | What can the poor helpless creature do? The Lord Himself has deluded him. \|\|8\|\| |

| | |
|---|---|
| ਸਲੋਕ ॥ | Shalok: |
| ਬਸੰਤਿ ਸ੍ਵਰਗ ਲੋਕਹ ਜਿਤਤੇ ਪ੍ਰਿਥਵੀ ਨਵ ਖੰਡਣਹ ॥ | They may live in heavenly realms, and conquer the nine regions of the world, |
| ਬਿਸਰੰਤ ਹਰਿ ਗੋਪਾਲਹ ਨਾਨਕ ਤੇ ਪ੍ਰਾਣੀ ਉਦਿਆਨ ਭਰਮਣਹ ॥੧॥ | but if they forget the Lord of the world, O Nanak, they are just wanderers in the wilderness. ‖1‖ |
| ਕਉਤਕ ਕੋਡ ਤਮਾਸਿਆ ਚਿਤਿ ਨ ਆਵਸੁ ਨਾਉ ॥ | In the midst of millions of games and entertainments, the Lord’s Name does not come to their minds. |
| ਨਾਨਕ ਕੋੜੀ ਨਰਕ ਬਰਾਬਰੇ ਉਜੜੁ ਸੋਈ ਥਾਉ ॥੨॥ | O Nanak, their home is like a wilderness, in the depths of hell. ‖2‖ |
| ਪਉੜੀ ॥ | Pauree: |
| ਮਹਾ ਭਇਆਨ ਉਦਿਆਨ ਨਗਰ ਕਰਿ ਮਾਨਿਆ ॥ | He sees the terrible, awful wilderness as a city. |
| ਝੂਠ ਸਮਗ੍ਰੀ ਪੇਖਿ ਸਚੁ ਕਰਿ ਜਾਨਿਆ ॥ | Gazing upon the false objects, he believes them to be real. |
| ੭੦੮ | 708 |
| ਕਾਮ ਕ੍ਰੋਧਿ ਅਹੰਕਾਰਿ ਫਿਰਹਿ ਦੇਵਾਨਿਆ ॥ | Engrossed in sexual desire, anger and egotism, he wanders around insane. |
| ਸਿਰਿ ਲਗਾ ਜਮ ਡੰਡੁ ਤਾ ਪਛੁਤਾਨਿਆ ॥ | When the Messenger of Death hits him on the head with his club, then he regrets and repents. |
| ਬਿਨੁ ਪੂਰੇ ਗੁਰਦੇਵ ਫਿਰੈ ਸੈਤਾਨਿਆ ॥੯॥ | Without the Perfect, Divine Guru, he roams around like Satan. ‖9‖ |
| ਸਲੋਕ ॥ | Shalok: |
| ਰਾਜ ਕਪਟੰ ਰੂਪ ਕਪਟੰ ਧਨ ਕਪਟੰ ਕੁਲ ਗਰਬਤਹ ॥ | Power is fraudulent, beauty is fraudulent, and wealth is fraudulent, as is pride of ancestry. |
| ਸੰਚੰਤਿ ਬਿਖਿਆ ਛਲੰ ਛਿਦ੍ਰੰ ਨਾਨਕ ਬਿਨੁ ਹਰਿ ਸੰਗਿ ਨ ਚਾਲਤੇ ॥੧॥ | One may gather poison through deception and fraud, O Nanak, but without the Lord, nothing shall go along with him in the end. ‖1‖ |
| ਪੇਖੰਦੜੋ ਕੀ ਭੁਲੁ ਤੁੰਮਾ ਦਿਸਮੁ ਸੋਹਣਾ ॥ | Beholding the bitter melon, he is deceived, since it appears so pretty |

| | |
|---|---|
| ਅਢੁ ਨ ਲਹੰਦੜੋ ਮੁਲੁ ਨਾਨਕ ਸਾਥਿ ਨ ਜੁਲਈ ਮਾਇਆ ॥੨॥ | But it is not worth even a shell, O Nanak; the riches of Maya will not go along with anyone. \|\|2\|\| |
| ਪਉੜੀ ॥ | Pauree: |
| ਚਲਦਿਆ ਨਾਲਿ ਨ ਚਲੈ ਸੋ ਕਿਉ ਸੰਜੀਐ ॥ | It shall not go along with you when you depart - why do you bother to collect it? |
| ਤਿਸ ਕਾ ਕਹੁ ਕਿਆ ਜਤਨੁ ਜਿਸ ਤੇ ਵੰਜੀਐ ॥ | Tell me, why do you try so hard to acquire that which you must leave behind in the end? |
| ਹਰਿ ਬਿਸਰਿਐ ਕਿਉ ਤ੍ਰਿਪਤਾਵੈ ਨਾ ਮਨੁ ਰੰਜੀਐ ॥ | Forgetting the Lord, how can you be satisfied? Your mind cannot be pleased. |
| ਪ੍ਰਭੂ ਛੋਡਿ ਅਨ ਲਾਗੈ ਨਰਕਿ ਸਮੰਜੀਐ ॥ | One who forsakes God, and attaches himself to another, shall be immersed in hell. |
| ਹੋਹੁ ਕ੍ਰਿਪਾਲ ਦਇਆਲ ਨਾਨਕ ਭਉ ਭੰਜੀਐ ॥੧੦॥ | Be kind and compassionate to Nanak, O Lord, and dispel his fear. \|\|10\|\| |
| ਸਲੋਕ ॥ | Shalok: |
| ਨਚ ਰਾਜ ਸੁਖ ਮਿਸਟੰ ਨਚ ਭੋਗ ਰਸ ਮਿਸਟੰ ਨਚ ਮਿਸਟੰ ਸੁਖ ਮਾਇਆ ॥ | Princely pleasures are not sweet; sensual enjoyments are not sweet; the pleasures of Maya are not sweet. |
| ਮਿਸਟੰ ਸਾਧਸੰਗਿ ਹਰਿ ਨਾਨਕ ਦਾਸ ਮਿਸਟੰ ਪ੍ਰਭ ਦਰਸਨੰ ॥੧॥ | The Saadh Sangat, the Company of the Holy, is sweet, O slave Nanak; the Blessed Vision of God's Darshan is sweet. \|\|1\|\| |
| ਲਗੜਾ ਸੋ ਨੇਹੁ ਮੰਨ ਮਝਾਹੂ ਰਤਿਆ ॥ | I have enshrined that love which drenches my soul. |
| ਵਿਧੜੋ ਸਚ ਥੋਕਿ ਨਾਨਕ ਮਿਠੜਾ ਸੋ ਧਣੀ ॥੨॥ | I have been pierced by the Truth, O Nanak; the Master seems so sweet to me. \|\|2\|\| |
| ਪਉੜੀ ॥ | Pauree: |
| ਹਰਿ ਬਿਨੁ ਕਛੂ ਨ ਲਾਗਈ ਭਗਤਨ ਕਉ ਮੀਠਾ ॥ | Nothing seems sweet to His devotees, except the Lord. |
| ਆਨ ਸੁਆਦ ਸਭਿ ਫੀਕਿਆ ਕਰਿ ਨਿਰਨਉ ਡੀਠਾ ॥ | All other tastes are bland and insipid; I have tested them and seen them. |

| | |
|---|---|
| ਅਗਿਆਨੁ ਭਰਮੁ ਦੁਖੁ ਕਟਿਆ ਗੁਰ ਭਏ ਬਸੀਠਾ ॥ | Ignorance, doubt and suffering are dispelled, when the Guru becomes one's advocate. |
| ਚਰਨ ਕਮਲ ਮਨੁ ਬੇਧਿਆ ਜਿਉ ਰੰਗੁ ਮਜੀਠਾ ॥ | The Lord's lotus feet have pierced my mind, and I am dyed in the deep crimson color of His Love. |
| ਜੀਉ ਪ੍ਰਾਣ ਤਨੁ ਮਨੁ ਪ੍ਰਭੂ ਬਿਨਸੇ ਸਭਿ ਝੂਠਾ ॥੧੧॥ | My soul, breath of life, body and mind belong to God; all falsehood has left me. ‖11‖ |
| ਸਲੋਕ ॥ | Shalok: |
| ਤਿਅਕਤ ਜਲੰ ਨਹ ਜੀਵ ਮੀਨੰ ਨਹ ਤਿਆਗਿ ਚਾਤ੍ਰਿਕ ਮੇਘ ਮੰਡਲਹ ॥ | Leaving the water, the fish cannot live; the rainbird cannot live without the raindrops from the clouds. |
| ਬਾਣ ਬੇਧੰਚ ਕੁਰੰਕ ਨਾਦੰ ਅਲਿ ਬੰਧਨ ਕੁਸਮ ਬਾਸਨਹ ॥ | The deer is enticed by the sound of the hunter's bell, and shot through with the arrow; the bumble bee is entangled in the fragrance of the flowers. |
| ਚਰਨ ਕਮਲ ਰਚੰਤਿ ਸੰਤਹ ਨਾਨਕ ਆਨ ਨ ਰੁਚਤੇ ॥੧॥ | The Saints are entranced by the Lord's lotus feet; O Nanak, they desire nothing else. ‖1‖ |
| ਮੁਖੁ ਡੇਖਾਊ ਪਲਕ ਛਡਿ ਆਨ ਨ ਡੇਊ ਚਿਤੁ ॥ | Show me Your face, for even an instant, Lord, and I will not give my consciousness to any other. |
| ਜੀਵਣ ਸੰਗਮੁ ਤਿਸੁ ਧਣੀ ਹਰਿ ਨਾਨਕ ਸੰਤਾਂ ਮਿਤੁ ॥੨॥ | My life is with the Lord Master, O Nanak, the Friend of the Saints. ‖2‖ |
| ਪਉੜੀ ॥ | Pauree: |
| ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ ॥ | How can the fish live without water? |
| ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥ | Without the raindrops, how can the rainbird be satisfied? |
| ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥ | The deer, entranced by the sound of the hunter's bell, runs straight to him; |
| ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ ॥ | the bumble bee is greedy for the flower's fragrance; finding it, he traps himself in it. |
| ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ ॥੧੨॥ | Just so, the humble Saints love the Lord; beholding the Blessed Vision of His Darshan, they are satisfied and satiated. ‖12‖ |

| | |
|---|---|
| ਸਲੋਕ ॥ | Shalok: |
| ਚਿਤਵੰਤਿ ਚਰਨ ਕਮਲੰ ਸਾਸਿ ਸਾਸਿ ਅਰਾਧਨਹ ॥ | They contemplate the Lord's lotus feet; they worship and adore Him with each and every breath. |
| ਨਹ ਬਿਸਰੰਤਿ ਨਾਮ ਅਚੁਤ ਨਾਨਕ ਆਸ ਪੂਰਨ ਪਰਮੇਸੁਰਹ ॥੧॥ | They do not forget the Name of the imperishable Lord; O Nanak, the Transcendent Lord fulfills their hopes. \|\|1\|\| |
| ਸੀਤੜਾ ਮੰਨ ਮੰਝਾਹਿ ਪਲਕ ਨ ਥੀਵੈ ਬਾਹਰਾ ॥ | He is woven into the fabric of my mind; He is not outside of it, even for an instant. |
| ਨਾਨਕ ਆਸੜੀ ਨਿਬਾਹਿ ਸਦਾ ਪੇਖੰਦੋ ਸਚੁ ਧਣੀ ॥੨॥ | O Nanak, the True Lord and Master fulfills my hopes, and always watches over me. \|\|2\|\| |
| ਪਉੜੀ ॥ | Pauree: |
| ਆਸਾਵੰਤੀ ਆਸ ਗੁਸਾਈ ਪੂਰੀਐ ॥ | My hopes rest in You, O Lord of the universe; please, fulfill them. |
| ਮਿਲਿ ਗੋਪਾਲ ਗੋਬਿੰਦ ਨ ਕਬਹੂ ਝੂਰੀਐ ॥ | Meeting with the Lord of the world, the Lord of the universe, I shall never grieve. |
| ਦੇਹੁ ਦਰਸੁ ਮਨਿ ਚਾਉ ਲਹਿ ਜਾਹਿ ਵਿਸੂਰੀਐ ॥ | Grant me the Blessed Vision of Your Darshan, the desire of my mind, and my worries shall be over. |
| **੭੦੯** | **709** |
| ਹੋਇ ਪਵਿਤ੍ਰ ਸਰੀਰੁ ਚਰਨਾ ਧੂਰੀਐ ॥ | By body is sanctified, by the dust of Your feet. |
| ਪਾਰਬ੍ਰਹਮ ਗੁਰਦੇਵ ਸਦਾ ਹਜੂਰੀਐ ॥੧੩॥ | O Supreme Lord God, Divine Guru, You are always with me, ever-present. \|\|13\|\| |
| ਸਲੋਕ ॥ | Shalok: |
| ਰਸਨਾ ਉਚਰੰਤਿ ਨਾਮੰ ਸ੍ਰਵਣੰ ਸੁਨੰਤਿ ਸਬਦ ਅੰਮ੍ਰਿਤਹ ॥ | With my tongue, I chant the Lord's Name; with my ears, I listen to the Ambrosial Word of His Shabad. |
| ਨਾਨਕ ਤਿਨ ਸਦ ਬਲਿਹਾਰੰ ਜਿਨਾ ਧਿਆਨੁ ਪਾਰਬ੍ਰਹਮਣਹ ॥੧॥ | Nanak is forever a sacrifice to those who meditate on the Supreme Lord God. \|\|1\|\| |
| ਹਭਿ ਕੂੜਾਵੇ ਕੰਮ ਇਕਸੁ ਸਾਈ ਬਾਹਰੇ ॥ | All concerns are false, except those of the One Lord. |
| ਨਾਨਕ ਸੇਈ ਧੰਨੁ ਜਿਨਾ ਪਿਰਹੜੀ ਸਚ ਸਿਉ ॥੨॥ | O Nanak, blessed are those, who are in love with their True Lord. \|\|2\|\| |

| | |
|---|---|
| ਪਉੜੀ ॥ | Pauree: |
| ਸਦ ਬਲਿਹਾਰੀ ਤਿਨਾ ਜਿ ਸੁਨਤੇ ਹਰਿ ਕਥਾ ॥ | I am forever a sacrifice to those who listen to the sermon of the Lord. |
| ਪੂਰੇ ਤੇ ਪਰਧਾਨ ਨਿਵਾਵਹਿ ਪ੍ਰਭ ਮਥਾ ॥ | Those who bow their heads before God are perfect and distinguished. |
| ਹਰਿ ਜਸੁ ਲਿਖਹਿ ਬੇਅੰਤ ਸੋਹਹਿ ਸੇ ਹਥਾ ॥ | Those hands, which write the Praises of the infinite Lord are beautiful. |
| ਚਰਨ ਪੁਨੀਤ ਪਵਿਤ੍ਰ ਚਾਲਹਿ ਪ੍ਰਭ ਪਥਾ ॥ | Those feet which walk on God's Path are pure and holy. |
| ਸੰਤਾਂ ਸੰਗਿ ਉਧਾਰੁ ਸਗਲਾ ਦੁਖੁ ਲਥਾ ॥੧੪॥ | In the Society of the Saints, they are emancipated; all their sorrows depart. \|\|14\|\| |
| ਸਲੋਕੁ ॥ | Shalok: |
| ਭਾਵੀ ਉਦੋਤ ਕਰਣੰ ਹਰਿ ਰਮਣੰ ਸੰਜੋਗ ਪੂਰਨਹ ॥ | One's destiny is activated, when one chants the Lord's Name, through perfect good fortune. |
| ਗੋਪਾਲ ਦਰਸ ਭੇਟੰ ਸਫਲ ਨਾਨਕ ਸੋ ਮਹੂਰਤਹ ॥੧॥ | Fruitful is that moment, O Nanak, when one obtains the Blessed Vision of the Darshan of the Lord of the Universe. \|\|1\|\| |
| ਕੀਮ ਨ ਸਕਾ ਪਾਇ ਸੁਖ ਮਿਤੀ ਹੂ ਬਾਹਰੇ ॥ | Its value cannot be estimated; it brings peace beyond measure. |
| ਨਾਨਕ ਸਾ ਵੇਲੜੀ ਪਰਵਾਣੁ ਜਿਤੁ ਮਿਲੰਦੜੋ ਮਾ ਪਿਰੀ ॥੨॥ | O Nanak, that time alone is approved, when my Beloved meets with me. \|\|2\|\| |
| ਪਉੜੀ ॥ | Pauree: |
| ਸਾ ਵੇਲਾ ਕਹੁ ਕਉਣੁ ਹੈ ਜਿਤੁ ਪ੍ਰਭ ਕਉ ਪਾਈ ॥ | Tell me, what is that time, when I shall find God? |
| ਸੋ ਮੂਰਤੁ ਭਲਾ ਸੰਜੋਗੁ ਹੈ ਜਿਤੁ ਮਿਲੈ ਗੁਸਾਈ ॥ | Blessed and auspicious is that moment, and that destiny, when I shall find the Lord of the Universe. |
| ਆਠ ਪਹਰ ਹਰਿ ਧਿਆਇ ਕੈ ਮਨ ਇਛ ਪੁਜਾਈ ॥ | Meditating on the Lord, twenty-four hours a day, my mind's desires are fulfilled. |
| ਵਡੈ ਭਾਗਿ ਸਤਸੰਗੁ ਹੋਇ ਨਿਵਿ ਲਾਗਾ ਪਾਈ ॥ | By great good fortune, I have found the Society of the Saints; I bow and touch their feet. |

| | |
|---|---|
| ਮਨਿ ਦਰਸਨ ਕੀ ਪਿਆਸ ਹੈ ਨਾਨਕ ਬਲਿ ਜਾਈ ॥੧੫॥ | My mind thirsts for the Blessed Vision of the Lord's Darshan; Nanak is a sacrifice to Him. \|\|15\|\| |
| ਸਲੋਕ ॥ | Shalok: |
| ਪਤਿਤ ਪੁਨੀਤ ਗੋਬਿੰਦਹ ਸਰਬ ਦੋਖ ਨਿਵਾਰਣਹ ॥ | The Lord of the Universe is the Purifier of sinners; He is the Dispeller of all distress. |
| ਸਰਣਿ ਸੂਰ ਭਗਵਾਨਹ ਜਪੰਤਿ ਨਾਨਕ ਹਰਿ ਹਰਿ ਹਰੇ ॥੧॥ | The Lord God is Mighty, giving His Protective Sanctuary; Nanak chants the Name of the Lord, Har, Har. \|\|1\|\| |
| ਛਡਿਓ ਹਭੁ ਆਪੁ ਲਗੜੋ ਚਰਣਾ ਪਾਸਿ ॥ | Renouncing all self-conceit, I hold tight to the Lord's Feet. |
| ਨਠੜੋ ਦੁਖ ਤਾਪੁ ਨਾਨਕ ਪ੍ਰਭੁ ਪੇਖੰਦਿਆ ॥੨॥ | My sorrows and troubles have departed, O Nanak, beholding God. \|\|2\|\| |
| ਪਉੜੀ ॥ | Pauree: |
| ਮੇਲਿ ਲੈਹੁ ਦਇਆਲ ਢਹਿ ਪਏ ਦੁਆਰਿਆ ॥ | Unite with me, O Merciful Lord; I have fallen at Your Door. |
| ਰਖਿ ਲੇਵਹੁ ਦੀਨ ਦਇਆਲ ਭ੍ਰਮਤ ਬਹੁ ਹਾਰਿਆ ॥ | O Merciful to the meek, save me. I have wandered enough; now I am tired. |
| ਭਗਤਿ ਵਛਲੁ ਤੇਰਾ ਬਿਰਦੁ ਹਰਿ ਪਤਿਤ ਉਧਾਰਿਆ ॥ | It is Your very nature to love Your devotees, and save sinners. |
| ਤੁਝ ਬਿਨੁ ਨਾਹੀ ਕੋਇ ਬਿਨਉ ਮੋਹਿ ਸਾਰਿਆ ॥ | Without You, there is no other at all; I offer this prayer to You. |
| ਕਰੁ ਗਹਿ ਲੇਹੁ ਦਇਆਲ ਸਾਗਰ ਸੰਸਾਰਿਆ ॥੧੬॥ | Take me by the hand, O Merciful Lord, and carry me across the world-ocean. \|\|16\|\| |
| ਸਲੋਕ ॥ | Shalok: |
| ਸੰਤ ਉਧਰਣ ਦਇਆਲੰ ਆਸਰੰ ਗੋਪਾਲ ਕੀਰਤਨਹ ॥ | The Merciful Lord is the Savior of the Saints; their only support is to sing the Kirtan of the Lord's Praises. |
| ਨਿਰਮਲੰ ਸੰਤ ਸੰਗੇਣ ਓਟ ਨਾਨਕ ਪਰਮੇਸੁਰਹ ॥੧॥ | One becomes immaculate and pure, by associating with the Saints, O Nanak, and taking the Protection of the Transcendent Lord. \|\|1\|\| |
| ਚੰਦਨ ਚੰਦੁ ਨ ਸਰਦ ਰੁਤਿ ਮੂਲਿ ਨ ਮਿਟਈ ਘਾਂਮ ॥ | The burning of the heart is not dispelled at all, by sandalwood paste, the moon, or the cold season. |

| | |
|---|---|
| ਸੀਤਲੁ ਥੀਵੈ ਨਾਨਕਾ ਜਪੰਦੜੋ ਹਰਿ ਨਾਮੁ ॥੨॥ | It only becomes cool, O Nanak, by chanting the Name of the Lord. \|\|2\|\| |
| ਪਉੜੀ ॥ | Pauree: |
| ਚਰਨ ਕਮਲ ਕੀ ਓਟ ਉਧਰੇ ਸਗਲ ਜਨ ॥ | Through the Protection and Support of the Lord's lotus feet, all beings are saved. |
| ਸੁਣਿ ਪਰਤਾਪੁ ਗੋਵਿੰਦ ਨਿਰਭਉ ਭਏ ਮਨ ॥ | Hearing of the Glory of the Lord of the Universe, the mind becomes fearless. |
| ਤੋਟਿ ਨ ਆਵੈ ਮੂਲਿ ਸੰਚਿਆ ਨਾਮੁ ਧਨ ॥ | Nothing at all is lacking, when one gathers the wealth of the Naam. |
| ਸੰਤ ਜਨਾ ਸਿਉ ਸੰਗੁ ਪਾਈਐ ਵਡੈ ਪੁਨ ॥ | The Society of the Saints is obtained, by very good deeds. |
| ਆਠ ਪਹਰ ਹਰਿ ਧਿਆਇ ਹਰਿ ਜਸੁ ਨਿਤ ਸੁਨ ॥੧੭॥ | Twenty-four hours a day, meditate on the Lord, and listen continually to the Lord's Praises. \|\|17\|\| |
| ਸਲੋਕ ॥ | Shalok: |
| ਦਇਆ ਕਰਣੰ ਦੁਖ ਹਰਣੰ ਉਚਰਣੰ ਨਾਮ ਕੀਰਤਨਹ ॥ | The Lord grants His Grace, and dispels the pains of those who sing the Kirtan of the Praises of His Name. |
| ਦਇਆਲ ਪੁਰਖ ਭਗਵਾਨਹ ਨਾਨਕ ਲਿਪਤ ਨ ਮਾਇਆ ॥੧॥ | When the Lord God shows His Kindness, O Nanak, one is no longer engrossed in Maya. \|\|1\|\| |
| ੭੧੦ | 710 |
| ਭਾਹਿ ਬਲੰਦੜੀ ਬੁਝਿ ਗਈ ਰਖੰਦੜੋ ਪ੍ਰਭੁ ਆਪਿ ॥ | The burning fire has been put out; God Himself has saved me. |
| ਜਿਨਿ ਉਪਾਈ ਮੇਦਨੀ ਨਾਨਕ ਸੋ ਪ੍ਰਭੁ ਜਾਪਿ ॥੨॥ | Meditate on that God, O Nanak, who created the universe. \|\|2\|\| |
| ਪਉੜੀ ॥ | Pauree: |
| ਜਾ ਪ੍ਰਭ ਭਏ ਦਇਆਲ ਨ ਬਿਆਪੈ ਮਾਇਆ ॥ | When God becomes merciful, Maya does not cling. |
| ਕੋਟਿ ਅਘਾ ਗਏ ਨਾਸ ਹਰਿ ਇਕੁ ਧਿਆਇਆ ॥ | Millions of sins are eliminated, by meditating on the Naam, the Name of the One Lord. |

| | |
|---|---|
| ਨਿਰਮਲ ਭਏ ਸਰੀਰ ਜਨ ਧੂਰੀ ਨਾਇਆ ॥ | The body is made immaculate and pure, bathing in the dust of the feet of the Lord's humble servants. |
| ਮਨ ਤਨ ਭਏ ਸੰਤੋਖ ਪੂਰਨ ਪ੍ਰਭੁ ਪਾਇਆ ॥ | The mind and body become contented, finding the Perfect Lord God. |
| ਤਰੇ ਕੁਟੰਬ ਸੰਗਿ ਲੋਗ ਕੁਲ ਸਬਾਇਆ ॥੧੮॥ | One is saved, along with his family, and all his ancestors. ‖18‖ |
| ਸਲੋਕ ॥ | Shalok: |
| ਗੁਰ ਗੋਬਿੰਦ ਗੋਪਾਲ ਗੁਰ ਗੁਰ ਪੂਰਨ ਨਾਰਾਇਣਹ ॥ | The Guru is the Lord of the Universe; the Guru is the Lord of the world; the Guru is the Perfect Pervading Lord God. |
| ਗੁਰ ਦਇਆਲ ਸਮਰਥ ਗੁਰ ਗੁਰ ਨਾਨਕ ਪਤਿਤ ਉਧਾਰਣਹ ॥੧॥ | The Guru is compassionate; the Guru is all-powerful; the Guru, O Nanak, is the Saving Grace of sinners. ‖1‖ |
| ਭਉਜਲੁ ਬਿਖਮੁ ਅਸਗਾਹੁ ਗੁਰਿ ਬੋਹਿਥੈ ਤਾਰਿਅਮੁ ॥ | The Guru is the boat, to cross over the dangerous, treacherous, unfathomable world-ocean. |
| ਨਾਨਕ ਪੂਰ ਕਰੰਮ ਸਤਿਗੁਰ ਚਰਣੀ ਲਗਿਆ ॥੨॥ | O Nanak, by perfect good karma, one is attached to the feet of the True Guru. ‖2‖ |
| ਪਉੜੀ ॥ | Pauree: |
| ਧੰਨੁ ਧੰਨੁ ਗੁਰਦੇਵ ਜਿਸੁ ਸੰਗਿ ਹਰਿ ਜਪੇ ॥ | Blessed, blessed is the Divine Guru; associating with Him, one meditates on the Lord. |
| ਗੁਰ ਕ੍ਰਿਪਾਲ ਜਬ ਭਏ ਤ ਅਵਗੁਣ ਸਭਿ ਛਪੇ ॥ | When the Guru becomes merciful, then all one's demerits are dispelled. |
| ਪਾਰਬ੍ਰਹਮ ਗੁਰਦੇਵ ਨੀਚਹੁ ਉਚ ਥਪੇ ॥ | The Supreme Lord God, the Divine Guru, uplifts and exalts the lowly. |
| ਕਾਟਿ ਸਿਲਕ ਦੁਖ ਮਾਇਆ ਕਰਿ ਲੀਨੇ ਅਪ ਦਸੇ ॥ | Cutting away the painful noose of Maya, He makes us His own slaves. |
| ਗੁਣ ਗਾਏ ਬੇਅੰਤ ਰਸਨਾ ਹਰਿ ਜਸੇ ॥੧੯॥ | With my tongue, I sing the Glorious Praises of the infinite Lord God. ‖19‖ |
| ਸਲੋਕ ॥ | Shalok: |
| ਦ੍ਰਿਸਟੰਤ ਏਕੋ ਸੁਨੀਅੰਤ ਏਕੋ ਵਰਤੰਤ ਏਕੋ ਨਰਹਰਹ ॥ | I see only the One Lord; I hear only the One Lord; the One Lord is all-pervading. |

| | |
|---|---|
| ਨਾਮ ਦਾਨੁ ਜਾਚੰਤਿ ਨਾਨਕ ਦਇਆਲ ਪੁਰਖ ਕ੍ਰਿਪਾ ਕਰਹ ॥੧॥ | Nanak begs for the gift of the Naam; O Merciful Lord God, please grant Your Grace. ‖1‖ |
| ਹਿਕੁ ਸੇਵੀ ਹਿਕੁ ਸੰਮਲਾ ਹਰਿ ਇਕਸੁ ਪਹਿ ਅਰਦਾਸਿ ॥ | I serve the One Lord, I contemplate the One Lord, and to the One Lord, I offer my prayer. |
| ਨਾਮ ਵਖਰੁ ਧਨੁ ਸੰਚਿਆ ਨਾਨਕ ਸਚੀ ਰਾਸਿ ॥੨॥ | Nanak has gathered in the wealth, the merchandise of the Naam; this is the true capital. ‖2‖ |
| ਪਉੜੀ ॥ | Pauree: |
| ਪ੍ਰਭ ਦਇਆਲ ਬੇਅੰਤ ਪੂਰਨ ਇਕੁ ਏਹੁ ॥ | God is merciful and infinite. The One and Only is all-pervading. |
| ਸਭੁ ਕਿਛੁ ਆਪੇ ਆਪਿ ਦੂਜਾ ਕਹਾ ਕੇਹੁ ॥ | He Himself is all-in-all. Who else can we speak of? |
| ਆਪਿ ਕਰਹੁ ਪ੍ਰਭ ਦਾਨੁ ਆਪੇ ਆਪਿ ਲੇਹੁ ॥ | God Himself grants His gifts, and He Himself receives them. |
| ਆਵਣ ਜਾਣਾ ਹੁਕਮੁ ਸਭੁ ਨਿਹਚਲੁ ਤੁਧੁ ਥੇਹੁ ॥ | Coming and going are all by the Hukam of Your Will; Your place is steady and unchanging. |
| ਨਾਨਕੁ ਮੰਗੈ ਦਾਨੁ ਕਰਿ ਕਿਰਪਾ ਨਾਮੁ ਦੇਹੁ ॥੨੦॥੧॥ | Nanak begs for this gift; by Your Grace, Lord, please grant me Your Name. ‖20‖1‖ |
| ਜੈਤਸਰੀ ਬਾਣੀ ਭਗਤਾ ਕੀ | Jaitsree, The Word Of The Devotees: |
| ੧ੴ ਸਤਿਗੁਰ ਪ੍ਰਸਾਦਿ ॥ | One Universal Creator God.<br>By The Grace Of The True Guru: |
| ਨਾਥ ਕਛੂਅ ਨ ਜਾਨਉ ॥ | O my Lord and Master, I know nothing. |
| ਮਨੁ ਮਾਇਆ ਕੈ ਹਾਥਿ ਬਿਕਾਨਉ ॥੧॥ ਰਹਾਉ ॥ | My mind has sold out, and is in Maya's hands. ‖1‖Pause‖ |
| ਤੁਮ ਕਹੀਅਤ ਹੌ ਜਗਤ ਗੁਰ ਸੁਆਮੀ ॥ | You are called the Lord and Master, the Guru of the World. |
| ਹਮ ਕਹੀਅਤ ਕਲਿਜੁਗ ਕੇ ਕਾਮੀ ॥੧॥ | I am called a lustful being of the Dark Age of Kali Yuga. ‖1‖ |
| ਇਨ ਪੰਚਨ ਮੇਰੋ ਮਨੁ ਜੁ ਬਿਗਾਰਿਓ ॥ | The five vices have corrupted my mind. |
| ਪਲੁ ਪਲੁ ਹਰਿ ਜੀ ਤੇ ਅੰਤਰੁ ਪਾਰਿਓ ॥੨॥ | Moment by moment, they lead me further away from the Lord. ‖2‖ |

| | |
|---|---|
| ਜਤ ਦੇਖਉ ਤਤ ਦੁਖ ਕੀ ਰਾਸੀ ॥ | Wherever I look, I see loads of pain and suffering. |
| ਅਜੌਂ ਨ ਪਤ੍ਯਾਇ ਨਿਗਮ ਭਏ ਸਾਖੀ ॥੩॥ | I do not have faith, even though the Vedas bear witness to the Lord. \|\|3\|\| |
| ਗੋਤਮ ਨਾਰਿ ਉਮਾਪਤਿ ਸ੍ਵਾਮੀ ॥ ਸੀਸੁ ਧਰਨਿ ਸਹਸ ਭਗ ਗਾਂਮੀ ॥੪॥ | Shiva cut off Brahma's head, and Gautam's wife and the Lord Indra mated; Brahma's head got stuck to Shiva's hand, and Indra came to bear the marks of a thousand female organs. \|\|4\|\| |
| ਇਨ ਦੂਤਨ ਖਲੁ ਬਧੁ ਕਰਿ ਮਾਰਿਓ ॥ | These demons have fooled, bound and destroyed me. |
| ਬਡੋ ਨਿਲਾਜੁ ਅਜਹੂ ਨਹੀ ਹਾਰਿਓ ॥੫॥ | I am very shameless - even now, I am not tired of them. \|\|5\|\| |
| ਕਹਿ ਰਵਿਦਾਸ ਕਹਾ ਕੈਸੇ ਕੀਜੈ ॥ | Says Ravi Daas, what am I to do now? |
| ਬਿਨੁ ਰਘੁਨਾਥ ਸਰਨਿ ਕਾ ਕੀ ਲੀਜੈ ॥੬॥੧॥ | Without the Sanctuary of the Lord's Protection, who else's should I seek? \|\|6\|\|1\|\| |

## ੭੧੧ — 711

| | |
|---|---|
| ੧ਓ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ | One Universal Creator God. Truth Is The Name. Creative Being Personified. No Fear. No Hatred. Image Of The Undying. Beyond Birth. Self-Existent. By Guru's Grace: |
| ਰਾਗੁ ਟੋਡੀ ਮਹਲਾ ੪ ਘਰੁ ੧ ॥ | Raag Todee, Chau-Padas, Fourth Mehl, First House: |
| ਹਰਿ ਬਿਨੁ ਰਹਿ ਨ ਸਕੈ ਮਨੁ ਮੇਰਾ ॥ | Without the Lord, my mind cannot survive. |
| ਮੇਰੇ ਪ੍ਰੀਤਮ ਪ੍ਰਾਨ ਹਰਿ ਪ੍ਰਭੁ ਗੁਰੁ ਮੇਲੇ ਬਹੁਰਿ ਨ ਭਵਜਲਿ ਫੇਰਾ ॥੧॥ ਰਹਾਉ ॥ | If the Guru unites me with my Beloved Lord God, my breath of life, then I shall not have to face the wheel of reincarnation again in the terrifying world-ocean. \|\|1\|\|Pause\|\| |
| ਮੇਰੈ ਹੀਅਰੈ ਲੋਚ ਲਗੀ ਪ੍ਰਭ ਕੇਰੀ ਹਰਿ ਨੈਨਹੁ ਹਰਿ ਪ੍ਰਭ ਹੇਰਾ ॥ | My heart is gripped by a yearning for my Lord God, and with my eyes, I behold my Lord God. |
| ਸਤਿਗੁਰਿ ਦਇਆਲਿ ਹਰਿ ਨਾਮੁ ਦ੍ਰਿੜਾਇਆ ਹਰਿ ਪਾਧਰੁ ਹਰਿ ਪ੍ਰਭ ਕੇਰਾ ॥੧॥ | The merciful True Guru has implanted the Name of the Lord within me; this is the Path leading to my Lord God. \|\|1\|\| |
| ਹਰਿ ਰੰਗੀ ਹਰਿ ਨਾਮੁ ਪ੍ਰਭ ਪਾਇਆ ਹਰਿ ਗੋਵਿੰਦ ਹਰਿ ਪ੍ਰਭ ਕੇਰਾ ॥ | Through the Lord's Love, I have found the Naam, the Name of my Lord God, the Lord of the Universe, the Lord my God. |

ਹਰਿ ਹਿਰਦੈ ਮਨਿ ਤਨਿ ਮੀਠਾ ਲਾਗਾ ਮੁਖਿ ਮਸਤਕਿ ਭਾਗੁ ਚੰਗੇਰਾ ॥੨॥

The Lord seems so very sweet to my heart, mind and body; upon my face, upon my forehead, my good destiny is inscribed. ||2||

ਲੋਭ ਵਿਕਾਰ ਜਿਨਾ ਮਨੁ ਲਾਗਾ ਹਰਿ ਵਿਸਰਿਆ ਪੁਰਖੁ ਚੰਗੇਰਾ ॥

Those whose minds are attached to greed and corruption forget the Lord, the good Lord God.

ਓਇ ਮਨਮੁਖ ਮੂੜ ਅਗਿਆਨੀ ਕਹੀਅਹਿ ਤਿਨ ਮਸਤਕਿ ਭਾਗੁ ਮੰਦੇਰਾ ॥੩॥

Those self-willed manmukhs are called foolish and ignorant; misfortune and bad destiny are written on their foreheads. ||3||

ਬਿਬੇਕ ਬੁਧਿ ਸਤਿਗੁਰ ਤੇ ਪਾਈ ਗੁਰ ਗਿਆਨੁ ਗੁਰੂ ਪ੍ਰਭ ਕੇਰਾ ॥

From the True Guru, I have obtained a discriminating intellect; the Guru has revealed the spiritual wisdom of God.

ਜਨ ਨਾਨਕ ਨਾਮੁ ਗੁਰੂ ਤੇ ਪਾਇਆ ਧੁਰਿ ਮਸਤਕਿ ਭਾਗੁ ਲਿਖੇਰਾ ॥੪॥੧॥

Servant Nanak has obtained the Naam from the Guru; such is the destiny inscribed upon his forehead. ||4||1||

ਟੋਡੀ ਮਹਲਾ ੫ ਘਰੁ ੧ ਦੁਪਦੇ

Todee, Fifth Mehl, First House, Du-Padas:

ੴ ਸਤਿਗੁਰ ਪ੍ਰਸਾਦਿ ॥

One Universal Creator God.
By The Grace Of The True Guru:

ਸੰਤਨ ਅਵਰ ਨ ਕਾਹੂ ਜਾਨੀ ॥

The Saints do not know any other.

ਬੇਪਰਵਾਹ ਸਦਾ ਰੰਗਿ ਹਰਿ ਕੈ ਜਾ ਕੋ ਪਾਖੁ ਸੁਆਮੀ ॥ ਰਹਾਉ ॥

They are carefree, ever in the Lord's Love; the Lord and Master is on their side. ||Pause||

ਊਚ ਸਮਾਨਾ ਠਾਕੁਰ ਤੇਰੋ ਅਵਰ ਨ ਕਾਹੂ ਤਾਨੀ ॥

Your canopy is so high, O Lord and Master; no one else has any power.

ਐਸੋ ਅਮਰੁ ਮਿਲਿਓ ਭਗਤਨ ਕਉ ਰਾਚਿ ਰਹੇ ਰੰਗਿ ਗਿਆਨੀ ॥੧॥

Such is the immortal Lord and Master the devotees have found; the spiritually wise remain absorbed in His Love. ||1||

ਰੋਗ ਸੋਗ ਦੁਖ ਜਰਾ ਮਰਾ ਹਰਿ ਜਨਹਿ ਨਹੀ ਨਿਕਟਾਨੀ ॥

Disease, sorrow, pain, old age and death do not even approach the humble servant of the Lord.

ਨਿਰਭਉ ਹੋਇ ਰਹੇ ਲਿਵ ਏਕੈ ਨਾਨਕ ਹਰਿ ਮਨੁ ਮਾਨੀ ॥੨॥੧॥

They remain fearless, in the Love of the One Lord; O Nanak, they have surrendered their minds to the Lord. ||2||1||

ਟੋਡੀ ਮਹਲਾ ੫ ॥

Todee, Fifth Mehl:

ਹਰਿ ਬਿਸਰਤ ਸਦਾ ਖੁਆਰੀ ॥

Forgetting the Lord, one is ruined forever.

| | |
|---|---|
| ਤਾ ਕਉ ਧੋਖਾ ਕਹਾ ਬਿਆਪੈ ਜਾ ਕਉ ਓਟ ਤੁਹਾਰੀ ॥ ਰਹਾਉ ॥ | How can anyone be deceived, who has Your Support, O Lord? \|\|Pause\|\| |
| **੭੧੨** | **712** |
| ਬਿਨੁ ਸਿਮਰਨ ਜੋ ਜੀਵਨੁ ਬਲਨਾ ਸਰਪ ਜੈਸੇ ਅਰਜਾਰੀ ॥ | Without meditating in remembrance on the Lord, life is like a burning fire, even if one lives long, like a snake. |
| ਨਵ ਖੰਡਨ ਕੋ ਰਾਜੁ ਕਮਾਵੈ ਅੰਤਿ ਚਲੈਗੋ ਹਾਰੀ ॥੧॥ | One may rule over the nine regions of the earth, but in the end, he shall have to depart, losing the game of life. \|\|1\|\| |
| ਗੁਣ ਨਿਧਾਨ ਗੁਣ ਤਿਨ ਹੀ ਗਾਏ ਜਾ ਕਉ ਕਿਰਪਾ ਧਾਰੀ ॥ | He alone sings the Glorious Praises of the Lord, the treasure of virtue, upon whom the Lord showers His Grace. |
| ਸੋ ਸੁਖੀਆ ਧੰਨੁ ਉਸੁ ਜਨਮਾ ਨਾਨਕ ਤਿਸੁ ਬਲਿਹਾਰੀ ॥੨॥੨॥ | He is at peace, and his birth is blessed; Nanak is a sacrifice to him. \|\|2\|\|2\|\| |
| ਟੋਡੀ ਮਹਲਾ ੫ ਘਰੁ ੨ ਚਉਪਦੇ | Todee, Fifth Mehl, Second House, Chau-Padas: |
| ੧ਓ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਧਾਇਓ ਰੇ ਮਨ ਦਹ ਦਿਸ ਧਾਇਓ ॥ | The mind wanders, wandering in the ten directions. |
| ਮਾਇਆ ਮਗਨ ਸੁਆਦਿ ਲੋਭਿ ਮੋਹਿਓ ਤਿਨਿ ਪ੍ਰਭਿ ਆਪਿ ਭੁਲਾਇਓ ॥ ਰਹਾਉ ॥ | It is intoxicated by Maya, enticed by the taste of greed. God Himself has deluded it. \|\|Pause\|\| |
| ਹਰਿ ਕਥਾ ਹਰਿ ਜਸ ਸਾਧਸੰਗਤਿ ਸਿਉ ਇਕੁ ਮੁਹਤੁ ਨ ਇਹੁ ਮਨੁ ਲਾਇਓ ॥ | He does not focus his mind, even for a moment, on the Lord's sermon, or the Lord's Praises, or the Saadh Sangat, the Company of the Holy. |
| ਬਿਗਸਿਓ ਪੇਖਿ ਰੰਗੁ ਕਸੁੰਭ ਕੋ ਪਰ ਗ੍ਰਿਹ ਜੋਹਨਿ ਜਾਇਓ ॥੧॥ | He is excited, gazing on the transitory color of the safflower, and looking at other men's wives. \|\|1\|\| |
| ਚਰਨ ਕਮਲ ਸਿਉ ਭਾਉ ਨ ਕੀਨੋ ਨਹ ਸਤ ਪੁਰਖੁ ਮਨਾਇਓ ॥ | He does not love the Lord's lotus feet, and he does not please the True Lord. |
| ਧਾਵਤ ਕਉ ਧਾਵਹਿ ਬਹੁ ਭਾਤੀ ਜਿਉ ਤੇਲੀ ਬਲਦੁ ਭ੍ਰਮਾਇਓ ॥੨॥ | He runs around chasing the fleeting objects of the world, in all directions, like the ox around the oil press. \|\|2\|\| |
| ਨਾਮ ਦਾਨੁ ਇਸਨਾਨੁ ਨ ਕੀਓ ਇਕ ਨਿਮਖ ਨ ਕੀਰਤਿ ਗਾਇਓ ॥ | He does not practice the Naam, the Name of the Lord; nor does he practice charity or inner cleansing. |

ਨਾਨਾ ਝੂਠਿ ਲਾਇ ਮਨੁ ਤੋਖਿਓ ਨਹ ਬੂਝਿਓ ਅਪਨਾਇਓ ॥੩॥

He does not sing the Kirtan of the Lord's Praises, even for an instant. Clinging to his many falsehoods, he does not please his own mind, and he does not understand his own self. ||3||

ਪਰਉਪਕਾਰ ਨ ਕਬਹੂ ਕੀਏ ਨਹੀ ਸਤਿਗੁਰੁ ਸੇਵਿ ਧਿਆਇਓ ॥

He never does good deeds for others; he does not serve or meditate on the True Guru.

ਪੰਚ ਦੂਤ ਰਚਿ ਸੰਗਤਿ ਗੋਸਟਿ ਮਤਵਾਰੋ ਮਦ ਮਾਇਓ ॥੪॥

He is entangled in the company and the advice of the five demons, intoxicated by the wine of Maya. ||4||

ਕਰਉ ਬੇਨਤੀ ਸਾਧਸੰਗਤਿ ਹਰਿ ਭਗਤਿ ਵਛਲ ਸੁਣਿ ਆਇਓ ॥

I offer my prayer in the Saadh Sangat; hearing that the Lord is the Lover of His devotees, I have come.

ਨਾਨਕ ਭਾਗਿ ਪਰਿਓ ਹਰਿ ਪਾਛੈ ਰਾਖੁ ਲਾਜ ਅਪੁਨਾਇਓ ॥੫॥੧॥੩॥

Nanak runs after the Lord, and pleads, "Protect my honor, Lord, and make me Your own."||5||1||3||

ਟੋਡੀ ਮਹਲਾ ੫ ॥

Todee, Fifth Mehl:

ਮਾਨੁਖੁ ਬਿਨੁ ਬੂਝੇ ਬਿਰਥਾ ਆਇਆ ॥

Without understanding, his coming into the world is useless.

ਅਨਿਕ ਸਾਜ ਸੀਗਾਰ ਬਹੁ ਕਰਤਾ ਜਿਉ ਮਿਰਤਕੁ ਓਢਾਇਆ ॥ ਰਹਾਉ ॥

He puts on various ornaments and many decorations, but it is like dressing a corpse. ||Pause||

ਧਾਇ ਧਾਇ ਕ੍ਰਿਪਨ ਸ੍ਰਮੁ ਕੀਨੋ ਇਕਤ੍ਰ ਕਰੀ ਹੈ ਮਾਇਆ ॥

With great effort and exertion, the miser works to gather in the riches of Maya.

ਦਾਨੁ ਪੁੰਨੁ ਨਹੀ ਸੰਤਨ ਸੇਵਾ ਕਿਤ ਹੀ ਕਾਜਿ ਨ ਆਇਆ ॥੧॥

He does not give anything in charity or generosity, and he does not serve the Saints; his wealth does not do him any good at all. ||1||

ਕਰਿ ਆਭਰਣ ਸਵਾਰੀ ਸੇਜਾ ਕਾਮਨਿ ਥਾਟੁ ਬਨਾਇਆ ॥

The soul-bride puts on her ornaments, embellishes her bed, and fashions decorations.

ਸੰਗੁ ਨ ਪਾਇਓ ਅਪੁਨੇ ਭਰਤੇ ਪੇਖਿ ਪੇਖਿ ਦੁਖੁ ਪਾਇਆ ॥੨॥

But if she does not obtain the company of her Husband Lord, the sight of these decorations only brings her pain. ||2||

ਸਾਰੋ ਦਿਨਸੁ ਮਜੂਰੀ ਕਰਤਾ ਤੁਹੁ ਮੂਸਲਹਿ ਛਰਾਇਆ ॥

The man works all day long, threshing the husks with the pestle.

ਖੇਦੁ ਭਇਓ ਬੇਗਾਰੀ ਨਿਆਈ ਘਰ ਕੈ ਕਾਮਿ ਨ ਆਇਆ ॥੩॥

He is depressed, like a forced laborer, and so he is of no use to his own home. ||3||

ਭਇਓ ਅਨੁਗ੍ਰਹੁ ਜਾ ਕਉ ਪ੍ਰਭ ਕੋ ਤਿਸੁ ਹਿਰਦੈ ਨਾਮੁ ਵਸਾਇਆ ॥

But when God shows His Mercy and Grace, He implants the Naam, the Name of the Lord, within the heart.

ਸਾਧਸੰਗਤਿ ਕੈ ਪਾਛੈ ਪਰਿਅਉ ਜਨ ਨਾਨਕ ਹਰਿ ਰਸੁ ਪਾਇਆ ॥੪॥੨॥੪॥

Search the Saadh Sangat, the Company of the Holy, O Nanak, and find the sublime essence of the Lord. ||4||2||4||

ਟੋਡੀ ਮਹਲਾ ੫ ॥

Todee, Fifth Mehl:

ਕ੍ਰਿਪਾ ਨਿਧਿ ਬਸਹੁ ਰਿਦੈ ਹਰਿ ਨੀਤ ॥

O Lord, ocean of mercy, please abide forever in my heart.

ਤੈਸੀ ਬੁਧਿ ਕਰਹੁ ਪਰਗਾਸਾ ਲਾਗੈ ਪ੍ਰਭ ਸੰਗਿ ਪ੍ਰੀਤਿ ॥ ਰਹਾਉ ॥

Please awaken such understanding within me, that I may be in love with You, God. ||Pause||

ਦਾਸ ਤੁਮਾਰੇ ਕੀ ਪਾਵਉ ਧੂਰਾ ਮਸਤਕਿ ਲੇ ਲੇ ਲਾਵਉ ॥

Please, bless me with the dust of the feet of Your slaves; I touch it to my forehead.

ਮਹਾ ਪਤਿਤ ਤੇ ਹੋਤ ਪੁਨੀਤਾ ਹਰਿ ਕੀਰਤਨ ਗੁਨ ਗਾਵਉ ॥੧॥

I was a great sinner, but I have been made pure, singing the Kirtan of the Lord's Glorious Praises. ||1||

## ੭੧੩

## 713

ਆਗਿਆ ਤੁਮਰੀ ਮੀਠੀ ਲਾਗਉ ਕੀਓ ਤੁਹਾਰੋ ਭਾਵਉ ॥

Your Will seems so sweet to me; whatever You do, is pleasing to me.

ਜੋ ਤੂ ਦੇਹਿ ਤਹੀ ਇਹੁ ਤ੍ਰਿਪਤੈ ਆਨ ਨ ਕਤਹੂ ਧਾਵਉ ॥੨॥

Whatever You give me, with that I am satisfied; I shall chase after no one else. ||2||

ਸਦ ਹੀ ਨਿਕਟਿ ਜਾਨਉ ਪ੍ਰਭ ਸੁਆਮੀ ਸਗਲ ਰੇਣ ਹੋਇ ਰਹੀਐ ॥

I know that my Lord and Master God is always with me; I am the dust of all men's feet.

ਸਾਧੂ ਸੰਗਤਿ ਹੋਇ ਪਰਾਪਤਿ ਤਾ ਪ੍ਰਭੁ ਅਪੁਨਾ ਲਹੀਐ ॥੩॥

If I find the Saadh Sangat, the Company of the Holy, I shall obtain God. ||3||

ਸਦਾ ਸਦਾ ਹਮ ਛੋਹਰੇ ਤੁਮਰੇ ਤੂ ਪ੍ਰਭ ਹਮਰੋ ਮੀਰਾ ॥

Forever and ever, I am Your child; You are my God, my King.

ਨਾਨਕ ਬਾਰਿਕ ਤੁਮ ਮਾਤ ਪਿਤਾ ਮੁਖਿ ਨਾਮੁ ਤੁਮਾਰੋ ਖੀਰਾ ॥੪॥੩॥੫॥

Nanak is Your child; You are my mother and father; please, give me Your Name, like milk in my mouth. ||4||3||5||

ਟੋਡੀ ਮਹਲਾ ੫ ਘਰੁ ੨ ਦੁਪਦੇ

Todee, Fifth Mehl, Second House, Du-Padas:

ੴ ਸਤਿਗੁਰ ਪ੍ਰਸਾਦਿ ॥

One Universal Creator God.
By The Grace Of The True Guru:

ਮਾਗਉ ਦਾਨੁ ਠਾਕੁਰ ਨਾਮ ॥

I beg for the Gift of Your Name, O my Lord and Master.

ਅਵਰੁ ਕਛੂ ਮੇਰੈ ਸੰਗਿ ਨ ਚਾਲੈ ਮਿਲੈ ਕ੍ਰਿਪਾ ਗੁਣ ਗਾਮ ॥੧॥ ਰਹਾਉ ॥

Nothing else shall go along with me in the end; by Your Grace, please allow me to sing Your Glorious Praises. ||1||Pause||

ਰਾਜੁ ਮਾਲੁ ਅਨੇਕ ਭੋਗ ਰਸ ਸਗਲ ਤਰਵਰ ਕੀ ਛਾਮ ॥

Power, wealth, various pleasures and enjoyments, all are just like the shadow of a tree.

ਧਾਇ ਧਾਇ ਬਹੁ ਬਿਧਿ ਕਉ ਧਾਵੈ ਸਗਲ ਨਿਰਾਰਥ ਕਾਮ ॥੧॥

He runs, runs, runs around in many directions, but all of his pursuits are useless. ||1||

ਬਿਨੁ ਗੋਵਿੰਦ ਅਵਰੁ ਜੇ ਚਾਹਉ ਦੀਸੈ ਸਗਲ ਬਾਤ ਹੈ ਖਾਮ ॥

Except for the Lord of the Universe, everything he desires appears transitory.

ਕਹੁ ਨਾਨਕ ਸੰਤ ਰੇਨ ਮਾਗਉ ਮੇਰੋ ਮਨੁ ਪਾਵੈ ਬਿਸ੍ਰਾਮ ॥੨॥੧॥੬॥

Says Nanak, I beg for the dust of the feet of the Saints, so that my mind may find peace and tranquility. ||2||1||6||

ਟੋਡੀ ਮਹਲਾ ੫ ॥

Todee, Fifth Mehl:

ਪ੍ਰਭ ਜੀ ਕੋ ਨਾਮੁ ਮਨਹਿ ਸਾਧਾਰੈ ॥

The Naam, the Name of the Dear Lord, is the Support of my mind.

ਜੀਅ ਪ੍ਰਾਨ ਸੂਖ ਇਸੁ ਮਨ ਕਉ ਬਰਤਨਿ ਏਹ ਹਮਾਰੈ ॥੧॥ ਰਹਾਉ ॥

It is my life, my breath of life, my peace of mind; for me, it is an article of daily use. ||1||Pause||

ਨਾਮੁ ਜਾਤਿ ਨਾਮੁ ਮੇਰੀ ਪਤਿ ਹੈ ਨਾਮੁ ਮੇਰੈ ਪਰਵਾਰੈ ॥

The Naam is my social status, the Naam is my honor; the Naam is my family.

ਨਾਮੁ ਸਖਾਈ ਸਦਾ ਮੇਰੈ ਸੰਗਿ ਹਰਿ ਨਾਮੁ ਮੋ ਕਉ ਨਿਸਤਾਰੈ ॥੧॥

The Naam is my companion; it is always with me. The Lord's Name is my emancipation. ||1||

ਬਿਖੈ ਬਿਲਾਸ ਕਹੀਅਤ ਬਹੁਤੇਰੇ ਚਲਤ ਨ ਕਛੂ ਸੰਗਾਰੈ ॥

Sensual pleasures are talked about a lot, but none of them goes along with anyone in the end.

ਇਸਟੁ ਮੀਤੁ ਨਾਮੁ ਨਾਨਕ ਕੋ ਹਰਿ ਨਾਮੁ ਮੇਰੈ ਭੰਡਾਰੈ ॥੨॥੨॥੭॥

The Naam is Nanak's dearest friend; the Lord's Name is my treasure. ||2||2||7||

ਟੋਡੀ ਮਃ ੫ ॥

Todee, Fifth Mehl:

ਨੀਕੇ ਗੁਣ ਗਾਉ ਮਿਟਹੀ ਰੋਗ ॥

Sing the sublime Praises of the Lord, and your disease shall be eradicated.

ਮੁਖ ਊਜਲ ਮਨੁ ਨਿਰਮਲ ਹੋਈ ਹੈ ਤੇਰੋ ਰਹੈ ਈਹਾ ਊਹਾ ਲੋਗੁ ॥੧॥ ਰਹਾਉ ॥

Your face shall become radiant and bright, and your mind shall be immaculately pure. You shall be saved here and hereafter. ||1||Pause||

ਚਰਨ ਪਖਾਰਿ ਕਰਉ ਗੁਰ ਸੇਵਾ ਮਨਹਿ ਚਰਾਵਉ ਭੋਗ ॥

I wash the Guru's feet and serve Him; I dedicate my mind as an offering to Him.

ਛੋਡਿ ਆਪਤੁ ਬਾਦੁ ਅਹੰਕਾਰਾ ਮਾਨੁ ਸੋਈ ਜੋ ਹੋਗੁ ॥੧॥

Renounce self-conceit, negativity and egotism, and accept what comes to pass. ||1||

ਸੰਤ ਟਹਲ ਸੋਈ ਹੈ ਲਾਗਾ ਜਿਸੁ ਮਸਤਕਿ ਲਿਖਿਆ ਲਿਖੋਗੁ ॥

He alone commits himself to the service of the Saints, upon whose forehead such destiny is inscribed.

ਕਹੁ ਨਾਨਕ ਏਕ ਬਿਨੁ ਦੂਜਾ ਅਵਰੁ ਨ ਕਰਣੈ ਜੋਗੁ ॥੨॥੩॥੮॥

Says Nanak, other than the One Lord, there is not any other able to act. ||2||3||8||

### ਟੋਡੀ ਮਹਲਾ ੫ ॥

### Todee, Fifth Mehl:

ਸਤਿਗੁਰ ਆਇਓ ਸਰਣਿ ਤੁਹਾਰੀ ॥

O True Guru, I have come to Your Sanctuary.

ਮਿਲੈ ਸੂਖੁ ਨਾਮੁ ਹਰਿ ਸੋਭਾ ਚਿੰਤਾ ਲਾਹਿ ਹਮਾਰੀ ॥੧॥ ਰਹਾਉ ॥

Grant me the peace and glory of the Lord's Name, and remove my anxiety. ||1||Pause||

ਅਵਰ ਨ ਸੂਝੈ ਦੂਜੀ ਠਾਹਰ ਹਾਰਿ ਪਰਿਓ ਤਉ ਦੁਆਰੀ ॥

I cannot see any other place of shelter; I have grown weary, and collapsed at Your door.

ਲੇਖਾ ਛੋਡਿ ਅਲੇਖੈ ਛੂਟਹ ਹਮ ਨਿਰਗੁਨ ਲੇਹੁ ਉਬਾਰੀ ॥੧॥

Please ignore my account; only then may I be saved. I am worthless - please, save me! ||1||

ਸਦ ਬਖਸਿੰਦੁ ਸਦਾ ਮਿਹਰਵਾਨਾ ਸਭਨਾ ਦੇਇ ਅਧਾਰੀ ॥

You are always forgiving, and always merciful; You give support to all.

ਨਾਨਕ ਦਾਸ ਸੰਤ ਪਾਛੈ ਪਰਿਓ ਰਾਖਿ ਲੇਹੁ ਇਹ ਬਾਰੀ ॥੨॥੪॥੯॥

Slave Nanak follows the Path of the Saints; save him, O Lord, this time. ||2||4||9||

### ਟੋਡੀ ਮਹਲਾ ੫ ॥

### Todee, Fifth Mehl:

ਰਸਨਾ ਗੁਣ ਗੋਪਾਲ ਨਿਧਿ ਗਾਇਣ ॥

My tongue sings the Praises of the Lord of the world, the ocean of virtue.

ਸਾਂਤਿ ਸਹਜੁ ਰਹਸੁ ਮਨਿ ਉਪਜਿਓ ਸਗਲੇ ਦੂਖ ਪਲਾਇਣ ॥੧॥ ਰਹਾਉ ॥

Peace, tranquility, poise and delight well up in my mind, and all sorrows run away. ||1||Pause||

| ੭੧੪ | 714 |
|---|---|
| ਜੋ ਮਾਗਹਿ ਸੋਈ ਸੋਈ ਪਾਵਹਿ ਸੇਵਿ ਹਰਿ ਕੇ ਚਰਣ ਰਸਾਇਣ ॥ | Whatever I ask for, I receive; I serve at the Lord's feet, the source of nectar. |
| ਜਨਮ ਮਰਣ ਦੁਹਹੂ ਤੇ ਛੂਟਹਿ ਭਵਜਲੁ ਜਗਤੁ ਤਰਾਇਣ ॥੧॥ | I am released from the bondage of birth and death, and so I cross over the terrifying world-ocean. ‖1‖ |
| ਖੋਜਤ ਖੋਜਤ ਤਤੁ ਬੀਚਾਰਿਓ ਦਾਸ ਗੋਵਿੰਦ ਪਰਾਇਣ ॥ | Searching and seeking, I have come to understand the essence of reality; the slave of the Lord of the Universe is dedicated to Him. |
| ਅਬਿਨਾਸੀ ਖੇਮ ਚਾਹਹਿ ਜੇ ਨਾਨਕ ਸਦਾ ਸਿਮਰਿ ਨਾਰਾਇਣ ॥੨॥੫॥੧੦॥ | If you desire eternal bliss, O Nanak, ever remember the Lord in meditation. ‖2‖5‖10‖ |
| ਟੋਡੀ ਮਹਲਾ ੫ ॥ | Todee, Fifth Mehl: |
| ਨਿੰਦਕੁ ਗੁਰ ਕਿਰਪਾ ਤੇ ਹਾਟਿਓ ॥ | The slanderer, by Guru's Grace, has been turned away. |
| ਪਾਰਬ੍ਰਹਮ ਪ੍ਰਭ ਭਏ ਦਇਆਲਾ ਸਿਵ ਕੈ ਬਾਣਿ ਸਿਰੁ ਕਾਟਿਓ ॥੧॥ ਰਹਾਉ ॥ | The Supreme Lord God has become merciful; with Shiva's arrow, He shot his head off. ‖1‖Pause‖ |
| ਕਾਲੁ ਜਾਲੁ ਜਮੁ ਜੋਹਿ ਨ ਸਾਕੈ ਸਚ ਕਾ ਪੰਥਾ ਥਾਟਿਓ ॥ | Death, and the noose of death, cannot see me; I have adopted the Path of Truth. |
| ਖਾਤ ਖਰਚਤ ਕਿਛੁ ਨਿਖੁਟਤ ਨਾਹੀ ਰਾਮ ਰਤਨੁ ਧਨੁ ਖਾਟਿਓ ॥੧॥ | I have earned the wealth, the jewel of the Lord's Name; eating and spending, it is never used up. ‖1‖ |
| ਭਸਮਾ ਭੂਤ ਹੋਆ ਖਿਨ ਭੀਤਰਿ ਅਪਨਾ ਕੀਆ ਪਾਇਆ ॥ | In an instant, the slanderer was reduced to ashes; he received the rewards of his own actions. |
| ਆਗਮ ਨਿਗਮੁ ਕਹੈ ਜਨੁ ਨਾਨਕੁ ਸਭੁ ਦੇਖੈ ਲੋਕੁ ਸਬਾਇਆ ॥੨॥੬॥੧੧॥ | Servant Nanak speaks the truth of the scriptures; the whole world is witness to it. ‖2‖6‖11‖ |
| ਟੋਡੀ ਮਃ ੫ ॥ | Todee, Fifth Mehl: |
| ਕਿਰਪਨ ਤਨ ਮਨ ਕਿਲਵਿਖ ਭਰੇ ॥ | O miser, your body and mind are full of sin. |
| ਸਾਧਸੰਗਿ ਭਜਨੁ ਕਰਿ ਸੁਆਮੀ ਢਾਕਨ ਕਉ ਇਕੁ ਹਰੇ ॥੧॥ ਰਹਾਉ ॥ | In the Saadh Sangat, the Company of the Holy, vibrate, meditate on the Lord and Master; He alone can cover your sins. ‖1‖Pause‖ |

| | |
|---|---|
| ਅਨਿਕ ਛਿਦ੍ਰ ਬੋਹਿਥ ਕੇ ਛੁਟਕਤ ਥਾਮ ਨ ਜਾਹੀ ਕਰੇ ॥ | When many holes appear in your boat, you cannot plug them with your hands. |
| ਜਿਸ ਕਾ ਬੋਹਿਥੁ ਤਿਸੁ ਆਰਾਧੇ ਖੋਟੇ ਸੰਗਿ ਖਰੇ ॥੧॥ | Worship and adore the One, to whom your boat belongs; He saves the counterfeit along with the genuine. \|\|1\|\| |
| ਗਲੀ ਸੈਲ ਉਠਾਵਤ ਚਾਹੈ ਓਇ ਊਹਾ ਹੀ ਹੈ ਧਰੇ ॥ | People want to lift up the mountain with mere words, but it just stays there. |
| ਜੋਰੁ ਸਕਤਿ ਨਾਨਕ ਕਿਛੁ ਨਾਹੀ ਪ੍ਰਭ ਰਾਖਹੁ ਸਰਣਿ ਪਰੇ ॥੨॥੭॥੧੨॥ | Nanak has no strength or power at all; O God, please protect me - I seek Your Sanctuary. \|\|2\|\|7\|\|12\|\| |
| ਟੋਡੀ ਮਹਲਾ ੫ ॥ | Todee, Fifth Mehl: |
| ਹਰਿ ਕੇ ਚਰਨ ਕਮਲ ਮਨਿ ਧਿਆਉ ॥ | Meditate on the lotus feet of the Lord within your mind. |
| ਕਾਢਿ ਕੁਠਾਰੁ ਪਿਤ ਬਾਤ ਹੰਤਾ ਅਉਖਧੁ ਹਰਿ ਕੋ ਨਾਉ ॥੧॥ ਰਹਾਉ ॥ | The Name of the Lord is the medicine; it is like an axe, which destroys the diseases caused by anger and egotism. \|\|1\|\|Pause\|\| |
| ਤੀਨੇ ਤਾਪ ਨਿਵਾਰਣਹਾਰਾ ਦੁਖ ਹੰਤਾ ਸੁਖ ਰਾਸਿ ॥ | The Lord is the One who removes the three fevers; He is the Destroyer of pain, the warehouse of peace. |
| ਤਾ ਕਉ ਬਿਘਨੁ ਨ ਕੋਊ ਲਾਗੈ ਜਾ ਕੀ ਪ੍ਰਭ ਆਗੈ ਅਰਦਾਸਿ ॥੧॥ | No obstacles block the path of one who prays before God. \|\|1\|\| |
| ਸੰਤ ਪ੍ਰਸਾਦਿ ਬੈਦ ਨਾਰਾਇਣ ਕਰਣ ਕਾਰਣ ਪ੍ਰਭ ਏਕ ॥ | By the Grace of the Saints, the Lord has become my physician; God alone is the Doer, the Cause of causes. |
| ਬਾਲ ਬੁਧਿ ਪੂਰਨ ਸੁਖਦਾਤਾ ਨਾਨਕ ਹਰਿ ਹਰਿ ਟੇਕ ॥੨॥੮॥੧੩॥ | He is the Giver of perfect peace to the innocent-minded people; O Nanak, the Lord, Har, Har, is my support. \|\|2\|\|8\|\|13\|\| |
| ਟੋਡੀ ਮਹਲਾ ੫ ॥ | Todee, Fifth Mehl: |
| ਹਰਿ ਹਰਿ ਨਾਮੁ ਸਦਾ ਸਦ ਜਾਪਿ ॥ | Chant the Name of the Lord, Har, Har, forever and ever. |
| ਧਾਰਿ ਅਨੁਗ੍ਰਹੁ ਪਾਰਬ੍ਰਹਮ ਸੁਆਮੀ ਵਸਦੀ ਕੀਨੀ ਆਪਿ ॥੧॥ ਰਹਾਉ ॥ | Showering His Kind Mercy, the Supreme Lord God Himself has blessed the town. \|\|1\|\|Pause\|\| |
| ਜਿਸ ਕੇ ਸੇ ਫਿਰਿ ਤਿਨ ਹੀ ਸਮ੍ਹਾਲੇ ਬਿਨਸੇ ਸੋਗ ਸੰਤਾਪ ॥ | The One who owns me, has again taken care of me; my sorrow and suffering is past. |

| | |
|---|---|
| ਹਾਥ ਦੇਇ ਰਾਖੇ ਜਨ ਅਪਨੇ ਹਰਿ ਹੋਏ ਮਾਈ ਬਾਪ ॥੧॥ | He gave me His hand, and saved me, His humble servant; the Lord is my mother and father. \|\|1\|\| |
| ਜੀਅ ਜੰਤ ਹੋਏ ਮਿਹਰਵਾਨਾ ਦਯਾ ਧਾਰੀ ਹਰਿ ਨਾਥ ॥ | All beings and creatures have become kind to me; my Lord and Master blessed me with His Kind Mercy. |
| ਨਾਨਕ ਸਰਨਿ ਪਰੇ ਦੁਖ ਭੰਜਨ ਜਾ ਕਾ ਬਡ ਪਰਤਾਪ ॥੨॥੯॥੧੪॥ | Nanak seeks the Sanctuary of the Lord, the Destroyer of pain; His glory is so great! \|\|2\|\|9\|\|14\|\| |
| ਟੋਡੀ ਮਹਲਾ ੫ ॥ | Todee, Fifth Mehl: |
| ਸੁਆਮੀ ਸਰਨਿ ਪਰਿਓ ਦਰਬਾਰੇ ॥ | O Lord and Master, I seek the Sanctuary of Your Court. |
| ਕੋਟਿ ਅਪਰਾਧ ਖੰਡਨ ਕੇ ਦਾਤੇ ਤੁਝ ਬਿਨੁ ਕਉਨੁ ਉਧਾਰੇ ॥੧॥ ਰਹਾਉ ॥ | Destroyer of millions of sins, O Great Giver, other than You, who else can save me? \|\|1\|\|Pause\|\| |
| ਖੋਜਤ ਖੋਜਤ ਬਹੁ ਪਰਕਾਰੇ ਸਰਬ ਅਰਥ ਬੀਚਾਰੇ ॥ | Searching, searching in so many ways, I have contemplated all the objects of life. |
| ਸਾਧਸੰਗਿ ਪਰਮ ਗਤਿ ਪਾਈਐ ਮਾਇਆ ਰਚਿ ਬੰਧਿ ਹਾਰੇ ॥੧॥ | In the Saadh Sangat, the Company of the Holy, the supreme state is attained. But those who are engrossed in the bondage of Maya, lose the game of life. \|\|1\|\| |
| ੭੧੫ | 715 |
| ਚਰਨ ਕਮਲ ਸੰਗਿ ਪ੍ਰੀਤਿ ਮਨਿ ਲਾਗੀ ਸੁਰਿ ਜਨ ਮਿਲੇ ਪਿਆਰੇ ॥ | My mind is in love with the Lord's lotus feet; I have met the Beloved Guru, the noble, heroic being. |
| ਨਾਨਕ ਅਨਦ ਕਰੇ ਹਰਿ ਜਪਿ ਜਪਿ ਸਗਲੇ ਰੋਗ ਨਿਵਾਰੇ ॥੨॥੧੦॥੧੫॥ | Nanak celebrates in bliss; chanting and meditating on the Lord, all sickness has been cured. \|\|2\|\|10\|\|15\|\| |
| ਟੋਡੀ ਮਹਲਾ ੫ ਘਰੁ ੩ ਚਉਪਦੇ | Todee, Fifth Mehl, Third House, Chau-Padas: |
| ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਹਾਂ ਹਾਂ ਲਪਟਿਓ ਰੇ ਮੂੜ੍ਹੇ ਕਛੂ ਨ ਥੋਰੀ ॥ | Oh! Oh! You cling to Maya, you fool; this is not a trivial matter. |
| ਤੇਰੋ ਨਹੀ ਸੁ ਜਾਨੀ ਮੋਰੀ ॥ ਰਹਾਉ ॥ | That which you consider to be yours, is not yours. \|\|Pause\|\| |
| ਆਪਨ ਰਾਮੁ ਨ ਚੀਨੋ ਖਿਨੂਆ ॥ | You do not remember your Lord, even for an instant. |
| ਜੋ ਪਰਾਈ ਸੁ ਅਪਨੀ ਮਨੂਆ ॥੧॥ | That which belongs to others, you believe to be your own. \|\|1\|\| |

| | |
|---|---|
| ਨਾਮੁ ਸੰਗੀ ਸੋ ਮਨਿ ਨ ਬਸਾਇਓ ॥ | The Naam, the Name of the Lord, is always with you, but you do not enshrine it within your mind. |
| ਛੋਡਿ ਜਾਹਿ ਵਾਹੂ ਚਿਤੁ ਲਾਇਓ ॥੨॥ | You have attached your consciousness to that which you must eventually abandon. \|\|2\|\| |
| ਸੋ ਸੰਚਿਓ ਜਿਤੁ ਭੂਖ ਤਿਸਾਇਓ ॥ | You collect that which will bring you only hunger and thirst. |
| ਅੰਮ੍ਰਿਤ ਨਾਮੁ ਤੋਸਾ ਨਹੀ ਪਾਇਓ ॥੩॥ | You have not obtained the supplies of the Ambrosial Naam. \|\|3\|\| |
| ਕਾਮ ਕ੍ਰੋਧਿ ਮੋਹ ਕੂਪਿ ਪਰਿਆ ॥ | You have fallen into the pit of sexual desire, anger and emotional attachment. |
| ਗੁਰ ਪ੍ਰਸਾਦਿ ਨਾਨਕ ਕੋ ਤਰਿਆ ॥੪॥੧॥੧੬॥ | By Guru's Grace, O Nanak, a rare few are saved. \|\|4\|\|1\|\|16\|\| |
| ਟੋਡੀ ਮਹਲਾ ੫ ॥ | Todee, Fifth Mehl: |
| ਹਮਾਰੈ ਏਕੈ ਹਰੀ ਹਰੀ ॥ | I have only the One Lord, my God. |
| ਆਨ ਅਵਰ ਸਿਞਾਣਿ ਨ ਕਰੀ ॥ ਰਹਾਉ ॥ | I do not recognize any other. \|\|Pause\|\| |
| ਵਡੈ ਭਾਗਿ ਗੁਰੁ ਅਪੁਨਾ ਪਾਇਓ ॥ | By great good fortune, I have found my Guru. |
| ਗੁਰਿ ਮੋ ਕਉ ਹਰਿ ਨਾਮੁ ਦ੍ਰਿੜਾਇਓ ॥੧॥ | The Guru has implanted the Name of the Lord within me. \|\|1\|\| |
| ਹਰਿ ਹਰਿ ਜਾਪ ਤਾਪ ਬ੍ਰਤ ਨੇਮਾ ॥ | The Name of the Lord, Har, Har, is my meditation, austerity, fasting and daily religious practice. |
| ਹਰਿ ਹਰਿ ਧਿਆਇ ਕੁਸਲ ਸਭਿ ਖੇਮਾ ॥੨॥ | Meditating on the Lord, Har, Har, I have found total joy and bliss. \|\|2\|\| |
| ਆਚਾਰ ਬਿਉਹਾਰ ਜਾਤਿ ਹਰਿ ਗੁਨੀਆ ॥ | The Praises of the Lord are my good conduct, occupation and social class. |
| ਮਹਾ ਅਨੰਦ ਕੀਰਤਨ ਹਰਿ ਸੁਨੀਆ ॥੩॥ | Listening to the Kirtan of the Lord's Praises, I am in absolute ecstasy. \|\|3\|\| |
| ਕਹੁ ਨਾਨਕ ਜਿਨਿ ਠਾਕੁਰੁ ਪਾਇਆ ॥ ਸਭੁ ਕਿਛੁ ਤਿਸ ਕੇ ਗ੍ਰਿਹ ਮਹਿ ਆਇਆ ॥੪॥੨॥੧੭॥ | Says Nanak, everything comes to the homes of those who have found their Lord and Master. \|\|4\|\|2\|\|17\|\| |

ਟੋਡੀ ਮਹਲਾ ੫ ਘਰੁ ੪ ਦੁਪਦੇ
ੴ ਸਤਿਗੁਰ ਪ੍ਰਸਾਦਿ ॥

Todee, Fifth Mehl, Fourth House, Du-Padas:

One Universal Creator God.
By The Grace Of The True Guru:

ਰੂੜੋ ਮਨੁ ਹਰਿ ਰੰਗੋ ਲੋੜੈ ॥

My beautiful mind longs for the Love of the Lord.

ਗਾਲੀ ਹਰਿ ਨੀਹੁ ਨ ਹੋਇ ॥ ਰਹਾਉ ॥

By mere words, the Lord's Love does not come. ||Pause||

ਹਉ ਢੂਢੇਦੀ ਦਰਸਨ ਕਾਰਣਿ ਬੀਥੀ ਬੀਥੀ ਪੇਖਾ ॥

I have searched for the Blessed Vision of His Darshan, looking in each and every street.

ਗੁਰ ਮਿਲਿ ਭਰਮੁ ਗਵਾਇਆ ਹੇ ॥੧॥

Meeting with the Guru, my doubts have been dispelled. ||1||

ਇਹ ਬੁਧਿ ਪਾਈ ਮੈ ਸਾਧੂ ਕੰਨਹੁ ਲੇਖੁ ਲਿਖਿਓ ਧੁਰਿ ਮਾਥੈ ॥

I have obtained this wisdom from the Holy Saints, according to the pre-ordained destiny inscribed upon my forehead.

ਇਹ ਬਿਧਿ ਨਾਨਕ ਹਰਿ ਨੈਣ ਅਲੋਇ ॥੨॥੧॥੧੮॥

In this way, Nanak has seen the Lord with his eyes. ||2||1||18||

ਟੋਡੀ ਮਹਲਾ ੫ ॥

Todee, Fifth Mehl:

ਗਰਬਿ ਗਹਿਲੜੋ ਮੂੜੜੋ ਹੀਓ ਰੇ ॥

My foolish heart is in the grip of pride.

ਹੀਓ ਮਹਰਾਜ ਰੀ ਮਾਇਓ ॥ ਡੀਹਰ ਨਿਆਈ ਮੋਹਿ ਫਾਕਿਓ ਰੇ ॥ ਰਹਾਉ ॥

By the Will of my Lord God, Maya, like a witch, has swallowed my soul. ||Pause||

ਘਣੋ ਘਣੋ ਘਣੋ ਸਦ ਲੋੜੈ ਬਿਨੁ ਲਹਣੇ ਕੈਠੈ ਪਾਇਓ ਰੇ ॥

More and more, he continually yearns for more; but unless he is destined to receive, how can he obtain it?

ਮਹਰਾਜ ਰੋ ਗਾਥੁ ਵਾਹੂ ਸਿਉ ਲੁਭੜਿਓ ਨਿਹਭਾਗੜੋ ਭਾਹਿ ਸੰਜੋਇਓ ਰੇ ॥੧॥

He is entangled in wealth, bestowed by the Lord God; the unfortunate one attaches himself to the fire of desires. ||1||

ਸੁਣਿ ਮਨ ਸੀਖ ਸਾਧੂ ਜਨ ਸਗਲੋ ਥਾਰੇ ਸਗਲੇ ਪ੍ਰਾਛਤ ਮਿਟਿਓ ਰੇ ॥

Listen, O mind, to the Teachings of the Holy Saints, and all your sins shall be totally washed away.

ਜਾ ਕੋ ਲਹਣੋ ਮਹਰਾਜ ਰੀ ਗਾਠੜੀਓ ਜਨ ਨਾਨਕ ਗਰਭਾਸਿ ਨ ਪਉੜਿਓ ਰੇ ॥੨॥੨॥੧੯॥

One who is destined to receive from the Lord, O servant Nanak, shall not be cast into the womb of reincarnation again. ||2||2||19||

# ੭੧੬

# 716

ਟੋਡੀ ਮਹਲਾ ੫ ਘਰੁ ੫ ਦੁਪਦੇ
ੴ ਸਤਿਗੁਰ ਪ੍ਰਸਾਦਿ ॥

Todee, Fifth Mehl, Fifth House, Du-Padas:

One Universal Creator God.
By The Grace Of The True Guru:

ਐਸੋ ਗੁਨੁ ਮੇਰੋ ਪ੍ਰਭ ਜੀ ਕੀਨ ॥

Such is the blessing my God has bestowed upon me.

ਪੰਚ ਦੋਖ ਅਰੁ ਅਹੰ ਰੋਗ ਇਹ ਤਨ ਤੇ ਸਗਲ ਦੂਰਿ ਕੀਨ ॥ ਰਹਾਉ ॥

He has totally banished the five evils and the illness of egotism from my body. ||Pause||

ਬੰਧਨ ਤੋਰਿ ਛੋਰਿ ਬਿਖਿਆ ਤੇ ਗੁਰ ਕੋ ਸਬਦੁ ਮੇਰੈ ਹੀਅਰੈ ਦੀਨ ॥

Breaking my bonds, and releasing me from vice and corruption, He has enshrined the Word of the Guru's Shabad within my heart.

ਰੂਪੁ ਅਨਰੂਪੁ ਮੋਰੋ ਕਛੁ ਨ ਬੀਚਾਰਿਓ ਪ੍ਰੇਮ ਗਹਿਓ ਮੋਹਿ ਹਰਿ ਰੰਗ ਭੀਨ ॥੧॥

The Lord has not considered my beauty or ugliness; instead, He has held me with love. I am drenched with His Love. ||1||

ਪੇਖਿਓ ਲਾਲਨੁ ਪਾਟ ਬੀਚ ਖੋਏ ਅਨਦ ਚਿਤਾ ਹਰਖੇ ਪਤੀਨ ॥

I behold my Beloved, now that the curtain has been torn away. My mind is happy, pleased and satisfied.

ਤਿਸ ਹੀ ਕੋ ਗ੍ਰਿਹੁ ਸੋਈ ਪ੍ਰਭੁ ਨਾਨਕ ਸੋ ਠਾਕੁਰੁ ਤਿਸ ਹੀ ਕੋ ਧੀਨ ॥੨॥੧॥੨੦॥

My house is His; He is my God. Nanak is obedient to His Lord and Master. ||2||1||20||

ਟੋਡੀ ਮਹਲਾ ੫ ॥

Todee, Fifth Mehl:

ਮਾਈ ਮੇਰੇ ਮਨ ਕੀ ਪ੍ਰੀਤਿ ॥

O my mother, my mind is in love.

ਏਹੀ ਕਰਮ ਧਰਮ ਜਪ ਏਹੀ ਰਾਮ ਨਾਮ ਨਿਰਮਲ ਹੈ ਰੀਤਿ ॥ ਰਹਾਉ ॥

This is my karma and my Dharma; this is my meditation. The Lord's Name is my immaculate, unstained way of life. ||Pause||

ਪ੍ਰਾਨ ਅਧਾਰ ਜੀਵਨ ਧਨ ਮੋਰੈ ਦੇਖਨ ਕਉ ਦਰਸਨ ਪ੍ਰਭ ਨੀਤਿ ॥

The Support of my breath of life, the wealth of my life, is to gaze upon the Blessed Vision of God's Darshan.

ਬਾਟ ਘਾਟ ਤੋਸਾ ਸੰਗਿ ਮੋਰੈ ਮਨ ਅਪੁਨੇ ਕਉ ਮੈ ਹਰਿ ਸਖਾ ਕੀਤ ॥੧॥

On the road, and on the river, these supplies are always with me. I have made my mind the Lord's companion. ||1||

ਸੰਤ ਪ੍ਰਸਾਦਿ ਭਏ ਮਨ ਨਿਰਮਲ ਕਰਿ ਕਿਰਪਾ ਅਪੁਨੇ ਕਰਿ ਲੀਤ ॥

By the Grace of the Saints, my mind has become immaculate and pure. In His mercy, He has made me His own.

ਸਿਮਰਿ ਸਿਮਰਿ ਨਾਨਕ ਸੁਖੁ ਪਾਇਆ ਆਦਿ ਜੁਗਾਦਿ ਭਗਤਨ ਕੇ ਮੀਤ ॥੨॥੨॥੨੧॥

Remembering, remembering Him in meditation, Nanak has found peace. From the very beginning, and throughout the ages, He is the friend of His devotees. ||2||2||21||

ਟੋਡੀ ਮਹਲਾ ੫ ॥

Todee, Fifth Mehl:

ਪ੍ਰਭ ਜੀ ਮਿਲੁ ਮੇਰੇ ਪ੍ਰਾਨ ॥

Dear God, please meet me; You are my breath of life.

ਬਿਸਰੁ ਨਹੀ ਨਿਮਖ ਹੀਅਰੇ ਤੇ ਅਪਨੇ ਭਗਤ ਕਉ ਪੂਰਨ ਦਾਨ ॥ ਰਹਾਉ ॥

Do not let me forget You from my heart, even for an instant; please, bless Your devotee with Your gift of perfection. ||Pause||

ਖੋਵਹੁ ਭਰਮੁ ਰਾਖੁ ਮੇਰੇ ਪ੍ਰੀਤਮ ਅੰਤਰਜਾਮੀ ਸੁਘੜ ਸੁਜਾਨ ॥

Dispel my doubt, and save me, O my Beloved, all-knowing Lord, O Inner-knower, O Searcher of hearts.

ਕੋਟਿ ਰਾਜ ਨਾਮ ਧਨੁ ਮੇਰੈ ਅੰਮ੍ਰਿਤ ਦ੍ਰਿਸਟਿ ਧਾਰਹੁ ਪ੍ਰਭ ਮਾਨ ॥੧॥

The wealth of the Naam is worth millions of kingdoms to me; O God, please bless me with Your Ambrosial Glance of Grace. ||1||

ਆਠ ਪਹਰ ਰਸਨਾ ਗੁਨ ਗਾਵੈ ਜਸੁ ਪੂਰਿ ਅਘਾਵਹਿ ਸਮਰਥ ਕਾਨ ॥

Twenty-four hours a day, I sing Your Glorious Praises. They totally satisfy my ears, O my all-powerful Lord.

ਤੇਰੀ ਸਰਣਿ ਜੀਅਨ ਕੇ ਦਾਤੇ ਸਦਾ ਸਦਾ ਨਾਨਕ ਕੁਰਬਾਨ ॥੨॥੩॥੨੨॥

I seek Your Sanctuary, O Lord, O Giver of life to the soul; forever and ever, Nanak is a sacrifice to You. ||2||3||22||

ਟੋਡੀ ਮਹਲਾ ੫ ॥

Todee, Fifth Mehl:

ਪ੍ਰਭ ਤੇਰੇ ਪਗ ਕੀ ਧੂਰਿ ॥

O God, I am the dust of Your feet.

ਦੀਨ ਦਇਆਲ ਪ੍ਰੀਤਮ ਮਨਮੋਹਨ ਕਰਿ ਕਿਰਪਾ ਮੇਰੀ ਲੋਚਾ ਪੂਰਿ ॥ ਰਹਾਉ ॥

O merciful to the meek, Beloved mind-enticing Lord, by Your Kind Mercy, please fulfill my yearning. ||Pause||

ਦਹ ਦਿਸ ਰਵਿ ਰਹਿਆ ਜਸੁ ਤੁਮਰਾ ਅੰਤਰਜਾਮੀ ਸਦਾ ਹਜੂਰਿ ॥

In the ten directions, Your Praises are permeating and pervading, O Inner-knower, Searcher of hearts, O Lord ever-present.

ਜੋ ਤੁਮਰਾ ਜਸੁ ਗਾਵਹਿ ਕਰਤੇ ਸੇ ਜਨ ਕਬਹੁ ਨ ਮਰਤੇ ਝੂਰਿ ॥੧॥

Those who sing Your Praises, O Creator Lord, those humble beings never die or grieve. ||1||

ਧੰਧ ਬੰਧ ਬਿਨਸੇ ਮਾਇਆ ਕੇ ਸਾਧੂ ਸੰਗਤਿ ਮਿਟੇ ਬਿਸੂਰ ॥

The worldly affairs and entanglements of Maya disappear, in the Saadh Sangat, the Company of the Holy; all sorrows are taken away.

ਸੁਖ ਸੰਪਤਿ ਭੋਗ ਇਸੁ ਜੀਅ ਕੇ ਬਿਨੁ ਹਰਿ ਨਾਨਕ ਜਾਨੇ ਕੂਰ ॥੨॥੪॥੨੩॥

The comforts of wealth and the enjoyments of the soul - O Nanak, without the Lord, know them to be false. ||2||4||23||

| | |
|---|---|
| ਟੋਡੀ ਮਃ ੫ ॥ | Todee, Fifth Mehl: |
| ਮਾਈ ਮੇਰੇ ਮਨ ਕੀ ਪਿਆਸ ॥ | O my mother, my mind is so thirsty. |
| ਇਕੁ ਖਿਨੁ ਰਹਿ ਨ ਸਕਉ ਬਿਨੁ ਪ੍ਰੀਤਮ ਦਰਸਨ ਦੇਖਨ ਕਉ ਧਾਰੀ ਮਨਿ ਆਸ ॥ ਰਹਾਉ ॥ | I cannot survive, even for an instant, without my Beloved. My mind is filled with the desire to behold the Blessed Vision of His Darshan. \|\|Pause\|\| |
| ਸਿਮਰਉ ਨਾਮੁ ਨਿਰੰਜਨ ਕਰਤੇ ਮਨ ਤਨ ਤੇ ਸਭਿ ਕਿਲਵਿਖ ਨਾਸ ॥ | I meditate in remembrance on the Naam, the Name of the immaculate Creator Lord; all the sins and errors of my mind and body are washed away. |
| ਪੂਰਨ ਪਾਰਬ੍ਰਹਮ ਸੁਖਦਾਤੇ ਅਬਿਨਾਸੀ ਬਿਮਲ ਜਾ ਕੋ ਜਾਸ ॥੧॥ | The Perfect Supreme Lord God, the eternal, imperishable Giver of peace - spotless and pure are His Praises. \|\|1\|\| |
| ਸੰਤ ਪ੍ਰਸਾਦਿ ਮੇਰੇ ਪੂਰ ਮਨੋਰਥ ਕਰਿ ਕਿਰਪਾ ਭੇਟੇ ਗੁਣਤਾਸ ॥ | By the Grace of the Saints, my desires have been fulfilled; in His Mercy, the Lord, the treasure of virtue, has met me. |
| ੭੧੭ | 717 |
| ਸਾਂਤਿ ਸਹਜ ਸੂਖ ਮਨਿ ਉਪਜਿਓ ਕੋਟਿ ਸੂਰ ਨਾਨਕ ਪਰਗਾਸ ॥੨॥੫॥੨੪॥ | Peace and tranquility, poise and pleasure, have welled up within my mind; millions of suns, O Nanak, illuminate me. \|\|2\|\|5\|\|24\|\| |
| ਟੋਡੀ ਮਹਲਾ ੫ ॥ | Todee, Fifth Mehl: |
| ਹਰਿ ਹਰਿ ਪਤਿਤ ਪਾਵਨ ॥ | The Lord, Har, Har, is the Purifier of sinners; |
| ਜੀਅ ਪ੍ਰਾਨ ਮਾਨ ਸੁਖਦਾਤਾ ਅੰਤਰਜਾਮੀ ਮਨ ਕੋ ਭਾਵਨ ॥ ਰਹਾਉ ॥ | He is the soul, the breath of life, the Giver of peace and honor, the Inner-knower, the Searcher of hearts; He is pleasing to my mind. \|\|Pause\|\| |
| ਸੁੰਦਰੁ ਸੁਘੜੁ ਚਤੁਰੁ ਸਭ ਬੇਤਾ ਰਿਦ ਦਾਸ ਨਿਵਾਸ ਭਗਤ ਗੁਨ ਗਾਵਨ ॥ | He is beautiful and wise, clever and all-knowing. He dwells within the hearts of His slaves; His devotees sing His Glorious Praises. |
| ਨਿਰਮਲ ਰੂਪ ਅਨੂਪ ਸੁਆਮੀ ਕਰਮ ਭੂਮਿ ਬੀਜਨ ਸੋ ਖਾਵਨ ॥੧॥ | His form is immaculate and pure; He is the incomparable Lord and Master. Upon the field of actions and karma, whatever one plants, one eats. \|\|1\|\| |
| ਬਿਸਮਨ ਬਿਸਮ ਭਏ ਬਿਸਮਾਦਾ ਆਨ ਨ ਬੀਓ ਦੂਸਰ ਲਾਵਨ ॥ | I am amazed, and wonder-struck by His wonder. There is none other than Him. |

ਰਸਨਾ ਸਿਮਰਿ ਸਿਮਰਿ ਜਸੁ ਜੀਵਾ ਨਾਨਕ ਦਾਸ ਸਦਾ ਬਲਿ ਜਾਵਨ ॥੨॥੬॥੨੫॥

Meditating in remembrance on His Praises with my tongue, I live; slave Nanak is forever a sacrifice to Him. ||2||6||25||

ਟੋਡੀ ਮਹਲਾ ੫ ॥

Todee, Fifth Mehl:

ਮਾਈ ਮਾਇਆ ਛਲੁ ॥

O my mother, Maya is so misleading and deceptive.

ਤ੍ਰਿਣ ਕੀ ਅਗਨਿ ਮੇਘ ਕੀ ਛਾਇਆ ਗੋਬਿਦ ਭਜਨ ਬਿਨੁ ਹੜ ਕਾ ਜਲੁ ॥ ਰਹਾਉ ॥

Without meditating on the Lord of the Universe, it is like straw on fire, or the shadow of a cloud, or the running of the flood-waters. ||Pause||

ਛੋਡਿ ਸਿਆਨਪ ਬਹੁ ਚਤੁਰਾਈ ਦੁਇ ਕਰ ਜੋੜਿ ਸਾਧ ਮਗਿ ਚਲੁ ॥

Renounce your cleverness and all your mental tricks; with your palms pressed together, walk on the Path of the Holy Saints.

ਸਿਮਰਿ ਸੁਆਮੀ ਅੰਤਰਜਾਮੀ ਮਾਨੁਖ ਦੇਹ ਕਾ ਇਹੁ ਊਤਮ ਫਲੁ ॥੧॥

Remember the Lord, the Inner-knower, the Searcher of hearts; this is the most sublime reward of this human incarnation. ||1||

ਬੇਦ ਬਖਿਆਨ ਕਰਤ ਸਾਧੂ ਜਨ ਭਾਗਹੀਨ ਸਮਝਤ ਨਹੀ ਖਲੁ ॥

The Holy Saints preach the teachings of the Vedas, but the unfortunate fools do not understand them.

ਪ੍ਰੇਮ ਭਗਤਿ ਰਾਚੇ ਜਨ ਨਾਨਕ ਹਰਿ ਸਿਮਰਨਿ ਦਹਨ ਭਏ ਮਲ ॥੨॥੭॥੨੬॥

Servant Nanak is absorbed in loving devotional worship; meditating in remembrance on the Lord, one’s dirt is burnt away. ||2||7||26||

ਟੋਡੀ ਮਹਲਾ ੫ ॥

Todee, Fifth Mehl:

ਮਾਈ ਚਰਨ ਗੁਰ ਮੀਠੇ ॥

O mother, the Guru’s feet are so sweet.

ਵਡੈ ਭਾਗਿ ਦੇਵੈ ਪਰਮੇਸਰੁ ਕੋਟਿ ਫਲਾ ਦਰਸਨ ਗੁਰ ਡੀਠੇ ॥ ਰਹਾਉ ॥

By great good fortune, the Transcendent Lord has blessed me with them. Millions of rewards come from the Blessed Vision of the Guru’s Darshan. ||Pause||

ਗੁਨ ਗਾਵਤ ਅਚੁਤ ਅਬਿਨਾਸੀ ਕਾਮ ਕ੍ਰੋਧ ਬਿਨਸੇ ਮਦ ਢੀਠੇ ॥

Singing the Glorious Praises of the imperishable, indestructible Lord, sexual desire, anger and stubborn pride vanish.

ਅਸਥਿਰ ਭਏ ਸਾਚ ਰੰਗਿ ਰਾਤੇ ਜਨਮ ਮਰਨ ਬਾਹੁਰਿ ਨਹੀ ਪੀਠੇ ॥੧॥

Those who are imbued with the Love of the True Lord become permanent and eternal; birth and death do not grind them down any more. ||1||

ਬਿਨੁ ਹਰਿ ਭਜਨ ਰੰਗ ਰਸ ਜੇਤੇ ਸੰਤ ਦਇਆਲ ਜਾਨੇ ਸਭਿ ਝੂਠੇ ॥

Without the Lord’s meditation, all joys and pleasures are totally false and worthless; by the Kind Mercy of the Saints, I know this.

| | |
|---|---|
| ਨਾਮ ਰਤਨੁ ਪਾਇਓ ਜਨ ਨਾਨਕ ਨਾਮ ਬਿਹੂਨ ਚਲੇ ਸਭਿ ਮੂਠੇ ॥੨॥੮॥੨੭॥ | Servant Nanak has found the jewel of the Naam; without the Naam, all must depart, cheated and plundered. \|\|2\|\|8\|\|27\|\| |
| ਟੋਡੀ ਮਹਲਾ ੫ ॥ | Todee, Fifth Mehl: |
| ਸਾਧਸੰਗਿ ਹਰਿ ਹਰਿ ਨਾਮੁ ਚਿਤਾਰਾ ॥ | In the Saadh Sangat, the Company of the Holy, I contemplate the Name of the Lord, Har, Har. |
| ਸਹਜਿ ਅਨੰਦੁ ਹੋਵੈ ਦਿਨੁ ਰਾਤੀ ਅੰਕੁਰੁ ਭਲੋ ਹਮਾਰਾ ॥ ਰਹਾਉ ॥ | I am in peaceful poise and bliss, day and night; the seed of my destiny has sprouted. \|\|Pause\|\| |
| ਗੁਰੁ ਪੂਰਾ ਭੇਟਿਓ ਬਡਭਾਗੀ ਜਾ ਕੋ ਅੰਤੁ ਨ ਪਾਰਾਵਾਰਾ ॥ | I have met the True Guru, by great good fortune; He has no end or limitation. |
| ਕਰੁ ਗਹਿ ਕਾਢਿ ਲੀਓ ਜਨੁ ਅਪੁਨਾ ਬਿਖੁ ਸਾਗਰ ਸੰਸਾਰਾ ॥੧॥ | Taking His humble servant by the hand, He pulls him out of the poisonous world-ocean. \|\|1\|\| |
| ਜਨਮ ਮਰਨ ਕਾਟੇ ਗੁਰ ਬਚਨੀ ਬਹੁੜਿ ਨ ਸੰਕਟ ਦੁਆਰਾ ॥ | Birth and death are ended for me, by the Word of the Guru's Teachings; I shall no longer pass through the door of pain and suffering. |
| ਨਾਨਕ ਸਰਨਿ ਗਹੀ ਸੁਆਮੀ ਕੀ ਪੁਨਹ ਪੁਨਹ ਨਮਸਕਾਰਾ ॥੨॥੯॥੨੮॥ | Nanak holds tight to the Sanctuary of his Lord and Master; again and again, he bows in humility and reverence to Him. \|\|2\|\|9\|\|28\|\| |
| ਟੋਡੀ ਮਹਲਾ ੫ ॥ | Todee, Fifth Mehl: |
| ਮਾਈ ਮੇਰੇ ਮਨ ਕੋ ਸੁਖੁ ॥ | O my mother, my mind is at peace. |
| ਕੋਟਿ ਅਨੰਦ ਰਾਜ ਸੁਖੁ ਭੁਗਵੈ ਹਰਿ ਸਿਮਰਤ ਬਿਨਸੈ ਸਭ ਦੁਖੁ ॥੧॥ ਰਹਾਉ ॥ | I enjoy the ecstasy of millions of princely pleasures; remembering the Lord in meditation, all pains have been dispelled. \|\|1\|\|Pause\|\| |
| ਕੋਟਿ ਜਨਮ ਕੇ ਕਿਲਬਿਖ ਨਾਸਹਿ ਸਿਮਰਤ ਪਾਵਨ ਤਨ ਮਨ ਸੁਖ ॥ | The sins of millions of lifetimes are erased, by meditating on the Lord; becoming pure, my mind and body have found peace. |
| ਦੇਖਿ ਸਰੂਪੁ ਪੂਰਨੁ ਭਈ ਆਸਾ ਦਰਸਨੁ ਭੇਟਤ ਉਤਰੀ ਭੁਖ ॥੧॥ | Gazing upon the Lord's form of perfect beauty, my hopes have been fulfilled; attaining the Blessed Vision of His Darshan, my hunger has been appeased. \|\|1\|\| |

| | |
|---|---|
| ਚਾਰਿ ਪਦਾਰਥ ਅਸਟ ਮਹਾ ਸਿਧਿ ਕਾਮਧੇਨੁ ਪਾਰਜਾਤ ਹਰਿ ਹਰਿ ਰੁਖੁ ॥ | The four great blessings, the eight supernatural spiritual powers of the Siddhas, the wish-fulfilling Elysian cow, and the wish-fulfilling tree of life - all these come from the Lord, Har, Har. |
| ਨਾਨਕ ਸਰਨਿ ਗਹੀ ਸੁਖ ਸਾਗਰ ਜਨਮ ਮਰਨ ਫਿਰਿ ਗਰਭ ਨ ਧੁਖੁ ॥੨॥੧੦॥੨੯॥ | O Nanak, holding tight to the Sanctuary of the Lord, the ocean of peace, you shall not suffer the pains of birth and death, or fall into the womb of reincarnation again. \|\|2\|\|10\|\|29\|\| |
| **੭੧੮** | **718** |
| ਟੋਡੀ ਮਹਲਾ ੫ ॥ | Todee, Fifth Mehl: |
| ਹਰਿ ਹਰਿ ਚਰਨ ਰਿਦੈ ਉਰ ਧਾਰੇ ॥ | I have enshrined the Lord's Feet within my heart. |
| ਸਿਮਰਿ ਸੁਆਮੀ ਸਤਿਗੁਰੁ ਅਪੁਨਾ ਕਾਰਜ ਸਫਲ ਹਮਾਰੇ ॥੧॥ ਰਹਾਉ ॥ | Contemplating my Lord and Master, my True Guru, all my affairs have been resolved. \|\|1\|\|Pause\|\| |
| ਪੁੰਨ ਦਾਨ ਪੂਜਾ ਪਰਮੇਸੁਰ ਹਰਿ ਕੀਰਤਿ ਤਤੁ ਬੀਚਾਰੇ ॥ | The merits of giving donations to charity and devotional worship come from the Kirtan of the Praises of the Transcendent Lord; this is the true essence of wisdom. |
| ਗੁਨ ਗਾਵਤ ਅਤੁਲ ਸੁਖੁ ਪਾਇਆ ਠਾਕੁਰ ਅਗਮ ਅਪਾਰੇ ॥੧॥ | Singing the Praises of the unapproachable, infinite Lord and Master, I have found immeasurable peace. \|\|1\|\| |
| ਜੋ ਜਨ ਪਾਰਬ੍ਰਹਮਿ ਅਪਨੇ ਕੀਨੇ ਤਿਨ ਕਾ ਬਾਹੁਰਿ ਕਛੁ ਨ ਬੀਚਾਰੇ ॥ | The Supreme Lord God does not consider the merits and demerits of those humble beings whom He makes His own. |
| ਨਾਮ ਰਤਨੁ ਸੁਨਿ ਜਪਿ ਜਪਿ ਜੀਵਾ ਹਰਿ ਨਾਨਕ ਕੰਠ ਮਝਾਰੇ ॥੨॥੧੧॥੩੦॥ | Hearing, chanting and meditating on the jewel of the Naam, I live; Nanak wears the Lord as his necklace. \|\|2\|\|11\|\|30\|\| |
| ਟੋਡੀ ਮਹਲਾ ੯ | Todee, Ninth Mehl: |
| ੧ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਕਹਉ ਕਹਾ ਅਪਨੀ ਅਧਮਾਈ ॥ | What can I say about my base nature? |
| ਉਰਝਿਓ ਕਨਕ ਕਾਮਨੀ ਕੇ ਰਸ ਨਹ ਕੀਰਤਿ ਪ੍ਰਭ ਗਾਈ ॥੧॥ ਰਹਾਉ ॥ | I am entangled in the love of gold and women, and I have not sung the Kirtan of God's Praises. \|\|1\|\|Pause\|\| |

| | |
|---|---|
| ਜਗ ਝੂਠੇ ਕਉ ਸਾਚੁ ਜਾਨਿ ਕੈ ਤਾ ਸਿਉ ਰੁਚ ਉਪਜਾਈ ॥ | I judge the false world to be true, and I have fallen in love with it. |
| ਦੀਨ ਬੰਧ ਸਿਮਰਿਓ ਨਹੀ ਕਬਹੂ ਹੋਤ ਜੁ ਸੰਗਿ ਸਹਾਈ ॥੧॥ | I have never contemplated the friend of the poor, who shall be my companion and helper in the end. \|\|1\|\| |
| ਮਗਨ ਰਹਿਓ ਮਾਇਆ ਮੈ ਨਿਸ ਦਿਨਿ ਛੁਟੀ ਨ ਮਨ ਕੀ ਕਾਈ ॥ | I remain intoxicated by Maya, night and day, and the filth of my mind will not depart. |
| ਕਹਿ ਨਾਨਕ ਅਬ ਨਾਹਿ ਅਨਤ ਗਤਿ ਬਿਨੁ ਹਰਿ ਕੀ ਸਰਨਾਈ ॥੨॥੧॥੩੧॥ | Says Nanak, now, without the Lord's Sanctuary, I cannot find salvation in any other way. \|\|2\|\|1\|\|31\|\| |
| ਟੋਡੀ ਬਾਣੀ ਭਗਤਾਂ ਕੀ | Todee, The Word Of The Devotees: |
| ੧ਓ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਕੋਈ ਬੋਲੈ ਨਿਰਵਾ ਕੋਈ ਬੋਲੈ ਦੂਰਿ ॥ | Some say that He is near, and others say that He is far away. |
| ਜਲ ਕੀ ਮਾਛੁਲੀ ਚਰੈ ਖਜੂਰਿ ॥੧॥ | We might just as well say that the fish climbs out of the water, up the tree. \|\|1\|\| |
| ਕਾਂਇ ਰੇ ਬਕਬਾਦੁ ਲਾਇਓ ॥ | Why do you speak such nonsense? |
| ਜਿਨਿ ਹਰਿ ਪਾਇਓ ਤਿਨਹਿ ਛਪਾਇਓ ॥੧॥ ਰਹਾਉ ॥ | One who has found the Lord, keeps quiet about it. \|\|1\|\|Pause\|\| |
| ਪੰਡਿਤੁ ਹੋਇ ਕੈ ਬੇਦੁ ਬਖਾਨੈ ॥ | Those who become Pandits, religious scholars, recite the Vedas, |
| ਮੂਰਖੁ ਨਾਮਦੇਉ ਰਾਮਹਿ ਜਾਨੈ ॥੨॥੧॥ | but foolish Naam Dayv knows only the Lord. \|\|2\|\|1\|\| |
| ਕਉਨ ਕੋ ਕਲੰਕੁ ਰਹਿਓ ਰਾਮ ਨਾਮੁ ਲੇਤ ਹੀ ॥ | Whose blemishes remain, when one chants the Lord's Name? |
| ਪਤਿਤ ਪਵਿਤ ਭਏ ਰਾਮੁ ਕਹਤ ਹੀ ॥੧॥ ਰਹਾਉ ॥ | Sinners become pure, chanting the Lord's Name. \|\|1\|\|Pause\|\| |
| ਰਾਮ ਸੰਗਿ ਨਾਮਦੇਵ ਜਨ ਕਉ ਪ੍ਰਤਗਿਆ ਆਈ ॥ | With the Lord, servant Naam Dayv has come to have faith. |
| ਏਕਾਦਸੀ ਬ੍ਰਤੁ ਰਹੈ ਕਾਹੇ ਕਉ ਤੀਰਥ ਜਾਈ ॥੧॥ | I have stopped fasting on the eleventh day of each month; why should I bother to go on pilgrimages to sacred shrines? \|\|1\|\| |

ਭਨਤਿ ਨਾਮਦੇਉ ਸੁਕ੍ਰਿਤ ਸੁਮਤਿ ਭਏ ॥
Prays Naam Dayv, I have become a man of good deeds and good thoughts.

ਗੁਰਮਤਿ ਰਾਮੁ ਕਹਿ ਕੋ ਕੋ ਨ ਬੈਕੁੰਠਿ ਗਏ ॥੨॥੨॥
Chanting the Lord's Name, under Guru's Instructions, who has not gone to heaven? ||2||2||

ਤੀਨਿ ਛੰਦੇ ਖੇਲੁ ਆਛੈ ॥੧॥ ਰਹਾਉ ॥
Here is a verse with a three-fold play on words. ||1||Pause||

ਕੁੰਭਾਰ ਕੇ ਘਰ ਹਾਂਡੀ ਆਛੈ ਰਾਜਾ ਕੇ ਘਰ ਸਾਂਡੀ ਗੋ ॥
In the potter's home there are pots, and in the king's home there are camels.

ਬਾਮਨ ਕੇ ਘਰ ਰਾਂਡੀ ਆਛੈ ਰਾਂਡੀ ਸਾਂਡੀ ਹਾਂਡੀ ਗੋ ॥੧॥
In the Brahmin's home there are widows. So here they are: haandee, saandee, raandee. ||1||

ਬਾਣੀਏ ਕੇ ਘਰ ਹੀਂਗੁ ਆਛੈ ਭੈਸਰ ਮਾਥੈ ਸੀਂਗੁ ਗੋ ॥
In the home of the grocer there is asafetida-spice; on the forehead of the buffalo there are horns.

ਦੇਵਲ ਮਧੇ ਲੀਗੁ ਆਛੈ ਲੀਗੁ ਸੀਗੁ ਹੀਗੁ ਗੋ ॥੨॥
In the temple of Shiva there are lingams. So here they are: heeng, seeng, leeng. ||2||

ਤੇਲੀ ਕੈ ਘਰ ਤੇਲੁ ਆਛੈ ਜੰਗਲ ਮਧੇ ਬੇਲ ਗੋ ॥
In the house of the oil-presser there is oil; in the forest there are vines.

ਮਾਲੀ ਕੇ ਘਰ ਕੇਲ ਆਛੈ ਕੇਲ ਬੇਲ ਤੇਲ ਗੋ ॥੩॥
In the gardener's home there are bananas. So here they are: tayl, bayl, kayl. ||3||

ਸੰਤਾਂ ਮਧੇ ਗੋਬਿੰਦੁ ਆਛੈ ਗੋਕਲ ਮਧੇ ਸਿਆਮ ਗੋ ॥
The Lord of the Universe, Govind, is within His Saints; Krishna, Shyaam, is in Gokal.

ਨਾਮੇ ਮਧੇ ਰਾਮੁ ਆਛੈ ਰਾਮ ਸਿਆਮ ਗੋਬਿੰਦ ਗੋ ॥੪॥੩॥
The Lord, Raam, is in Naam Dayv. So here they are: Raam, Shyaam, Govind. ||4||3||

## ੭੧੯

## 719

ਰਾਗੁ ਬੈਰਾੜੀ ਮਹਲਾ ੪ ਘਰੁ ੧ ਦੁਪਦੇ

Raag Bairaaree, Fourth Mehl, First House, Du-Padas:

ੴ ਸਤਿਗੁਰ ਪ੍ਰਸਾਦਿ ॥

One Universal Creator God.
By The Grace Of The True Guru:

ਸੁਨਿ ਮਨ ਅਕਥ ਕਥਾ ਹਰਿ ਨਾਮ ॥
Listen, O mind, to the Unspoken Speech of the Lord's Name.

ਰਿਧਿ ਬੁਧਿ ਸਿਧਿ ਸੁਖ ਪਾਵਹਿ ਭਜੁ ਗੁਰਮਤਿ ਹਰਿ ਰਾਮ ਰਾਮ ॥੧॥ ਰਹਾਉ ॥
Riches, wisdom, supernatural spiritual powers and peace are obtained, by vibrating, meditating on the Lord God, under Guru's Instruction. ||1||Pause||

| | |
|---|---|
| ਨਾਨਾ ਖਿਆਨ ਪੁਰਾਨ ਜਸੁ ਊਤਮ ਖਟ ਦਰਸਨ ਗਾਵਹਿ ਰਾਮ ॥ | Numerous legends, the Puraanas, and the six Shaastras, sing the sublime Praises of the Lord. |
| ਸੰਕਰ ਕ੍ਰੋੜਿ ਤੇਤੀਸ ਧਿਆਇਓ ਨਹੀ ਜਾਨਿਓ ਹਰਿ ਮਰਮਾਮ ॥੧॥ | Shiva and the three hundred thirty million gods meditate on the Lord, but they do not know the secret of His mystery. ||1|| |
| ਸੁਰਿ ਨਰ ਗਣ ਗੰਧ੍ਰਬ ਜਸੁ ਗਾਵਹਿ ਸਭ ਗਾਵਤ ਜੇਤ ਉਪਾਮ ॥ | The angelic and divine beings, and the celestial singers sing His Praises; all Creation sings of Him. |
| ਨਾਨਕ ਕ੍ਰਿਪਾ ਕਰੀ ਹਰਿ ਜਿਨ ਕਉ ਤੇ ਸੰਤ ਭਲੇ ਹਰਿ ਰਾਮ ॥੨॥੧॥ | O Nanak, those whom the Lord blesses with His Kind Mercy, become the good Saints of the Lord God. ||2||1|| |
| ਬੈਰਾੜੀ ਮਹਲਾ ੪ ॥ | Bairaaree, Fourth Mehl: |
| ਮਨ ਮਿਲਿ ਸੰਤ ਜਨਾ ਜਸੁ ਗਾਇਓ ॥ | O mind, those who meet the Lord's humble servants, sing His Praises. |
| ਹਰਿ ਹਰਿ ਰਤਨੁ ਰਤਨੁ ਹਰਿ ਨੀਕੋ ਗੁਰਿ ਸਤਿਗੁਰਿ ਦਾਨੁ ਦਿਵਾਇਓ ॥੧॥ ਰਹਾਉ ॥ | They are blessed with the gift of the jewel of the Lord, Har, Har, the sublime jewel of the Lord, by the Guru, the True Guru. ||1||Pause|| |
| ਤਿਸੁ ਜਨ ਕਉ ਮਨੁ ਤਨੁ ਸਭੁ ਦੇਵਉ ਜਿਨਿ ਹਰਿ ਹਰਿ ਨਾਮੁ ਸੁਨਾਇਓ ॥ | I offer my mind, body and everything to that humble being who recites the Name of the Lord, Har, Har. |
| ਧਨੁ ਮਾਇਆ ਸੰਪੈ ਤਿਸੁ ਦੇਵਉ ਜਿਨਿ ਹਰਿ ਮੀਤੁ ਮਿਲਾਇਓ ॥੧॥ | I offer my wealth, the riches of Maya and my property to that one who leads me to meet the Lord, my friend. ||1|| |
| ਖਿਨੁ ਕਿੰਚਿਤ ਕ੍ਰਿਪਾ ਕਰੀ ਜਗਦੀਸਰਿ ਤਬ ਹਰਿ ਹਰਿ ਹਰਿ ਜਸੁ ਧਿਆਇਓ ॥ | When the Lord of the world bestowed just a tiny bit of His Mercy, for just an instant, then I meditated on the Praise of the Lord, Har, Har, Har. |
| ਜਨ ਨਾਨਕ ਕਉ ਹਰਿ ਭੇਟੇ ਸੁਆਮੀ ਦੁਖੁ ਹਉਮੈ ਰੋਗੁ ਗਵਾਇਓ ॥੨॥੨॥ | The Lord and Master has met servant Nanak, and the pain of the sickness of egotism has been eliminated. ||2||2|| |
| ਬੈਰਾੜੀ ਮਹਲਾ ੪ ॥ | Bairaaree, Fourth Mehl: |
| ਹਰਿ ਜਨੁ ਰਾਮ ਨਾਮ ਗੁਨ ਗਾਵੈ ॥ | The Lord's humble servant sings the Glorious Praises of the Lord's Name. |
| ਜੇ ਕੋਈ ਨਿੰਦ ਕਰੇ ਹਰਿ ਜਨ ਕੀ ਅਪੁਨਾ ਗੁਨੁ ਨ ਗਵਾਵੈ ॥੧॥ ਰਹਾਉ ॥ | Even if someone slanders the Lord's humble servant, he does not give up his own goodness. ||1||Pause|| |

| | |
|---|---|
| ਜੋ ਕਿਛੁ ਕਰੇ ਸੁ ਆਪੇ ਸੁਆਮੀ ਹਰਿ ਆਪੇ ਕਾਰ ਕਮਾਵੈ ॥ | Whatever the Lord and Master does, He does by Himself; the Lord Himself does the deeds. |
| ਹਰਿ ਆਪੇ ਹੀ ਮਤਿ ਦੇਵੈ ਸੁਆਮੀ ਹਰਿ ਆਪੇ ਬੋਲਿ ਬੁਲਾਵੈ ॥੧॥ | The Lord and Master Himself imparts understanding; the Lord Himself inspires us to speak. \|\|1\|\| |
| ੭੨੦ | 720 |
| ਹਰਿ ਆਪੇ ਪੰਚ ਤਤੁ ਬਿਸਥਾਰਾ ਵਿਚਿ ਧਾਤੂ ਪੰਚ ਆਪਿ ਪਾਵੈ ॥ | The Lord Himself directs the evolution of the world of the five elements; He Himself infuses the five senses into it. |
| ਜਨ ਨਾਨਕ ਸਤਿਗੁਰੁ ਮੇਲੇ ਆਪੇ ਹਰਿ ਆਪੇ ਝਗਰੁ ਚੁਕਾਵੈ ॥੨॥੩॥ | O servant Nanak, the Lord Himself unites us with the True Guru; He Himself resolves the conflicts. \|\|2\|\|3\|\| |
| ਬੈਰਾੜੀ ਮਹਲਾ ੪ ॥ | Bairaaree, Fourth Mehl: |
| ਜਪਿ ਮਨ ਰਾਮ ਨਾਮੁ ਨਿਸਤਾਰਾ ॥ | Chant the Name of the Lord, O mind, and you shall be emancipated. |
| ਕੋਟ ਕੋਟੰਤਰ ਕੇ ਪਾਪ ਸਭਿ ਖੋਵੈ ਹਰਿ ਭਵਜਲੁ ਪਾਰਿ ਉਤਾਰਾ ॥੧॥ ਰਹਾਉ ॥ | The Lord shall destroy all the sins of millions upon millions of incarnations, and carry you across the terrifying world-ocean. \|\|1\|\|Pause\|\| |
| ਕਾਇਆ ਨਗਰਿ ਬਸਤ ਹਰਿ ਸੁਆਮੀ ਹਰਿ ਨਿਰਭਉ ਨਿਰਵੈਰੁ ਨਿਰੰਕਾਰਾ ॥ | In the body-village, the Lord Master abides; the Lord is without fear, without vengeance, and without form. |
| ਹਰਿ ਨਿਕਟਿ ਬਸਤ ਕਛੁ ਨਦਰਿ ਨ ਆਵੈ ਹਰਿ ਲਾਧਾ ਗੁਰ ਵੀਚਾਰਾ ॥੧॥ | The Lord is dwelling near at hand, but He cannot be seen. By the Guru's Teachings, the Lord is obtained. \|\|1\|\| |
| ਹਰਿ ਆਪੇ ਸਾਹੁ ਸਰਾਫੁ ਰਤਨੁ ਹੀਰਾ ਹਰਿ ਆਪਿ ਕੀਆ ਪਾਸਾਰਾ ॥ | The Lord Himself is the banker, the jeweller, the jewel, the gem; the Lord Himself created the entire expanse of the creation. |
| ਨਾਨਕ ਜਿਸੁ ਕ੍ਰਿਪਾ ਕਰੇ ਸੁ ਹਰਿ ਨਾਮੁ ਵਿਹਾਝੇ ਸੋ ਸਾਹੁ ਸਚਾ ਵਣਜਾਰਾ ॥੨॥੪॥ | O Nanak, one who is blessed by the Lord's Kind Mercy, trades in the Lord's Name; He alone is the true banker, the true trader. \|\|2\|\|4\|\| |
| ਬੈਰਾੜੀ ਮਹਲਾ ੪ ॥ | Bairaaree, Fourth Mehl: |
| ਜਪਿ ਮਨ ਹਰਿ ਨਿਰੰਜਨੁ ਨਿਰੰਕਾਰਾ ॥ | Meditate, O mind, on the immaculate, formless Lord. |
| ਸਦਾ ਸਦਾ ਹਰਿ ਧਿਆਈਐ ਸੁਖਦਾਤਾ ਜਾ ਕਾ ਅੰਤੁ ਨ ਪਾਰਾਵਾਰਾ ॥੧॥ ਰਹਾਉ ॥ | Forever and ever, meditate on the Lord, the Giver of peace; He has no end or limitation. \|\|1\|\|Pause\|\| |

ਅਗਨਿ ਕੁੰਟ ਮਹਿ ਉਰਧ ਲਿਵ ਲਾਗਾ ਹਰਿ ਰਾਖੈ ਉਦਰ ਮੰਝਾਰਾ ॥

In the fiery pit of the womb, when you were hanging upside-down, the Lord absorbed You in His Love, and preserved You.

ਸੋ ਐਸਾ ਹਰਿ ਸੇਵਹੁ ਮੇਰੇ ਮਨ ਹਰਿ ਅੰਤਿ ਛਡਾਵਣਹਾਰਾ ॥੧॥

So serve such a Lord, O my mind; the Lord shall deliver you in the end. ||1||

ਜਾ ਕੈ ਹਿਰਦੈ ਬਸਿਆ ਮੇਰਾ ਹਰਿ ਹਰਿ ਤਿਸੁ ਜਨ ਕਉ ਕਰਹੁ ਨਮਸਕਾਰਾ ॥

Bow down in reverence to that humble being, within whose heart the Lord, Har, Har, abides.

ਹਰਿ ਕਿਰਪਾ ਤੇ ਪਾਈਐ ਹਰਿ ਜਪੁ ਨਾਨਕ ਨਾਮੁ ਅਧਾਰਾ ॥੨॥੫॥

By the Lord's Kind Mercy, O Nanak, one obtains the Lord's meditation, and the support of the Naam. ||2||5||

ਬੈਰਾੜੀ ਮਹਲਾ ੪ ॥

Bairaaree, Fourth Mehl:

ਜਪਿ ਮਨ ਹਰਿ ਹਰਿ ਨਾਮੁ ਨਿਤ ਧਿਆਇ ॥

O my mind, chant the Name of the Lord, Har, Har; meditate on it continually.

ਜੋ ਇਛਹਿ ਸੋਈ ਫਲੁ ਪਾਵਹਿ ਫਿਰਿ ਦੂਖੁ ਨ ਲਾਗੈ ਆਇ ॥੧॥ ਰਹਾਉ ॥

You shall obtain the fruits of your heart's desires, and pain shall never touch you again. ||1||Pause||

ਸੋ ਜਪੁ ਸੋ ਤਪੁ ਸਾ ਬ੍ਰਤ ਪੂਜਾ ਜਿਤੁ ਹਰਿ ਸਿਉ ਪ੍ਰੀਤਿ ਲਗਾਇ ॥

That is chanting, that is deep meditation and austerity, that is fasting and worship, which inspires love for the Lord.

ਬਿਨੁ ਹਰਿ ਪ੍ਰੀਤਿ ਹੋਰ ਪ੍ਰੀਤਿ ਸਭ ਝੂਠੀ ਇਕ ਖਿਨ ਮਹਿ ਬਿਸਰਿ ਸਭ ਜਾਇ ॥੧॥

Without the Lord's Love, every other love is false; in an instant, it is all forgotten. ||1||

ਤੂ ਬੇਅੰਤੁ ਸਰਬ ਕਲ ਪੂਰਾ ਕਿਛੁ ਕੀਮਤਿ ਕਹੀ ਨ ਜਾਇ ॥

You are infinite, the Master of all power; Your value cannot be described at all.

ਨਾਨਕ ਸਰਣਿ ਤੁਮ੍ਾਰੀ ਹਰਿ ਜੀਉ ਭਾਵੈ ਤਿਵੈ ਛਡਾਇ ॥੨॥੬॥

Nanak has come to Your Sanctuary, O Dear Lord; as it pleases You, save him. ||2||6||

ਰਾਗੁ ਬੈਰਾੜੀ ਮਹਲਾ ੫ ਘਰੁ ੧
ੴ ਸਤਿਗੁਰ ਪ੍ਰਸਾਦਿ ॥

Raag Bairaaree, Fifth Mehl, First House:

One Universal Creator God.
By The Grace Of The True Guru:

ਸੰਤ ਜਨਾ ਮਿਲਿ ਹਰਿ ਜਸੁ ਗਾਇਓ ॥

Meeting with the humble Saints, sing the Praises of the Lord.

ਕੋਟਿ ਜਨਮ ਕੇ ਦੂਖ ਗਵਾਇਓ ॥੧॥ ਰਹਾਉ ॥

The pains of millions of incarnations shall be eradicated. ||1||Pause||

ਜੋ ਚਾਹਤ ਸੋਈ ਮਨਿ ਪਾਇਓ ॥

Whatever your mind desires, that you shall obtain.

ਕਰਿ ਕਿਰਪਾ ਹਰਿ ਨਾਮੁ ਦਿਵਾਇਓ ॥੧॥

By His Kind Mercy, the Lord blesses us with His Name. ||1||

ਸਰਬ ਸੂਖ ਹਰਿ ਨਾਮਿ ਵਡਾਈ ॥

All happiness and greatness are in the Lord's Name.

ਗੁਰ ਪ੍ਰਸਾਦਿ ਨਾਨਕ ਮਤਿ ਪਾਈ ॥੨॥੧॥੭॥

By Guru's Grace, Nanak has gained this understanding. ||2||1||7||

## ੭੨੧

## 721

ਰਾਗੁ ਤਿਲੰਗ ਮਹਲਾ ੧ ਘਰੁ ੧

Raag Tilang, First Mehl, First House:

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

One Universal Creator God. Truth Is The Name. Creative Being Personified. No Fear. No Hatred. Image Of The Undying. Beyond Birth. Self-Existent. By Guru's Grace:

ਯਕ ਅਰਜ ਗੁਫਤਮ ਪੇਸਿ ਤੋ ਦਰ ਗੋਸ ਕੁਨ ਕਰਤਾਰ ॥

I offer this one prayer to You; please listen to it, O Creator Lord.

ਹਕਾ ਕਬੀਰ ਕਰੀਮ ਤੂ ਬੇਐਬ ਪਰਵਦਗਾਰ ॥੧॥

You are true, great, merciful and spotless, O Cherisher Lord. ||1||

ਦੁਨੀਆ ਮੁਕਾਮੇ ਫਾਨੀ ਤਹਕੀਕ ਦਿਲ ਦਾਨੀ ॥

The world is a transitory place of mortality - know this for certain in your mind.

ਮਮ ਸਰ ਮੂਇ ਅਜਰਾਈਲ ਗਿਰਫਤਹ ਦਿਲ ਹੇਚਿ ਨ ਦਾਨੀ ॥੧॥ ਰਹਾਉ ॥

Azraa-eel, the Messenger of Death, has caught me by the hair on my head, and yet, I do not know it at all in my mind. ||1||Pause||

ਜਨ ਪਿਸਰ ਪਦਰ ਬਿਰਾਦਰਾਂ ਕਸ ਨੇਸ ਦਸਤੰਗੀਰ ॥

Spouse, children, parents and siblings - none of them will be there to hold your hand.

ਆਖਿਰ ਬਿਅਫਤਮ ਕਸ ਨ ਦਾਰਦ ਚੂੰ ਸਵਦ ਤਕਬੀਰ ॥੨॥

And when at last I fall, and the time of my last prayer has come, there shall be no one to rescue me. ||2||

ਸਬ ਰੋਜ ਗਸਤਮ ਦਰ ਹਵਾ ਕਰਦੇਮ ਬਦੀ ਖਿਆਲ ॥

Night and day, I wandered around in greed, contemplating evil schemes.

ਗਾਹੇ ਨ ਨੇਕੀ ਕਾਰ ਕਰਦਮ ਮਮ ਈ ਚਿਨੀ ਅਹਵਾਲ ॥੩॥

I never did good deeds; this is my condition. ||3||

ਬਦਬਖਤ ਹਮ ਚੁ ਬਖੀਲ ਗਾਫਿਲ ਬੇਨਜਰ ਬੇਬਾਕ ॥

I am unfortunate, miserly, negligent, shameless and without the Fear of God.

ਨਾਨਕ ਬੁਗੋਯਦ ਜਨੁ ਤੁਰਾ ਤੇਰੇ ਚਾਕਰਾਂ ਪਾ ਖਾਕ ॥੪॥੧॥

Says Nanak, I am Your humble servant, the dust of the feet of Your slaves. ||4||1||

ਤਿਲੰਗ ਮਹਲਾ ੧ ਘਰੁ ੨

Tilang, First Mehl, Second House:

ੴ ਸਤਿਗੁਰ ਪ੍ਰਸਾਦਿ ॥

One Universal Creator God.
By The Grace Of The True Guru:

ਭਉ ਤੇਰਾ ਭਾਂਗ ਖਲੜੀ ਮੇਰਾ ਚੀਤੁ ॥

The Fear of You, O Lord God, is my marijuana; my consciousness is the pouch which holds it.

ਮੈ ਦੇਵਾਨਾ ਭਇਆ ਅਤੀਤੁ ॥

I have become an intoxicated hermit.

ਕਰ ਕਾਸਾ ਦਰਸਨ ਕੀ ਭੂਖ ॥

My hands are my begging bowl; I am so hungry for the Blessed Vision of Your Darshan.

ਮੈ ਦਰਿ ਮਾਗਉ ਨੀਤਾ ਨੀਤ ॥੧॥

I beg at Your Door, day after day. ||1||

ਤਉ ਦਰਸਨ ਕੀ ਕਰਉ ਸਮਾਇ ॥

I long for the Blessed Vision of Your Darshan.

ਮੈ ਦਰਿ ਮਾਗਤੁ ਭੀਖਿਆ ਪਾਇ ॥੧॥ ਰਹਾਉ ॥

I am a beggar at Your Door - please bless me with Your charity. ||1||Pause||

ਕੇਸਰਿ ਕੁਸਮ ਮਿਰਗਮੈ ਹਰਣਾ ਸਰਬ ਸਰੀਰੀ ਚੜ੍ਹਣਾ ॥

Saffron, flowers, musk oil and gold embellish the bodies of all.

ਚੰਦਨ ਭਗਤਾ ਜੋਤਿ ਇਨੇਹੀ ਸਰਬੇ ਪਰਮਲੁ ਕਰਣਾ ॥੨॥

The Lord's devotees are like sandalwood, which imparts its fragrance to everyone. ||2||

ਘਿਅ ਪਟ ਭਾਂਡਾ ਕਹੈ ਨ ਕੋਇ ॥

No one says that ghee or silk are polluted.

ਐਸਾ ਭਗਤੁ ਵਰਨ ਮਹਿ ਹੋਇ ॥

Such is the Lord's devotee, no matter what his social status is.

ਤੇਰੈ ਨਾਮਿ ਨਿਵੇ ਰਹੇ ਲਿਵ ਲਾਇ ॥

Those who bow in reverence to the Naam, the Name of the Lord, remain absorbed in Your Love.

ਨਾਨਕ ਤਿਨ ਦਰਿ ਭੀਖਿਆ ਪਾਇ ॥੩॥੧॥੨॥

Nanak begs for charity at their door. ||3||1||2||

ਤਿਲੰਗ ਮਹਲਾ ੧ ਘਰੁ ੩

Tilang, First Mehl, Third House:

ੴ ਸਤਿਗੁਰ ਪ੍ਰਸਾਦਿ ॥

One Universal Creator God.
By The Grace Of The True Guru:

ਇਹੁ ਤਨੁ ਮਾਇਆ ਪਾਹਿਆ ਪਿਆਰੇ ਲੀਤੜਾ ਲਬਿ ਰੰਗਾਏ ॥

This body fabric is conditioned by Maya, O beloved; this cloth is dyed in greed.

| ੭੨੨ | 722 |
|---|---|
| ਮੇਰੈ ਕੰਤ ਨ ਭਾਵੈ ਚੋਲੜਾ ਪਿਆਰੇ ਕਿਉ ਧਨ ਸੇਜੈ ਜਾਏ ॥੧॥ | My Husband Lord is not pleased by these clothes, O Beloved; how can the soul-bride go to His bed? \|\|1\|\| |
| ਹੰਉ ਕੁਰਬਾਨੈ ਜਾਉ ਮਿਹਰਵਾਨਾ ਹੰਉ ਕੁਰਬਾਨੈ ਜਾਉ ॥ | I am a sacrifice, O Dear Merciful Lord; I am a sacrifice to You. |
| ਹੰਉ ਕੁਰਬਾਨੈ ਜਾਉ ਤਿਨਾ ਕੈ ਲੈਨਿ ਜੋ ਤੇਰਾ ਨਾਉ ॥ | I am a sacrifice to those who take to Your Name. |
| ਲੈਨਿ ਜੋ ਤੇਰਾ ਨਾਉ ਤਿਨਾ ਕੈ ਹੰਉ ਸਦ ਕੁਰਬਾਨੈ ਜਾਉ ॥੧॥ ਰਹਾਉ ॥ | Unto those who take to Your Name, I am forever a sacrifice. \|\|1\|\|Pause\|\| |
| ਕਾਇਆ ਰੰਙਣਿ ਜੇ ਥੀਐ ਪਿਆਰੇ ਪਾਈਐ ਨਾਉ ਮਜੀਠ ॥ | If the body becomes the dyer's vat, O Beloved, and the Name is placed within it as the dye, |
| ਰੰਙਣ ਵਾਲਾ ਜੇ ਰੰਙੈ ਸਾਹਿਬੁ ਐਸਾ ਰੰਗੁ ਨ ਡੀਠ ॥੨॥ | and if the Dyer who dyes this cloth is the Lord Master - O, such a color has never been seen before! \|\|2\|\| |
| ਜਿਨ ਕੇ ਚੋਲੇ ਰਤੜੇ ਪਿਆਰੇ ਕੰਤੁ ਤਿਨਾ ਕੈ ਪਾਸਿ ॥ | Those whose shawls are so dyed, O Beloved, their Husband Lord is always with them. |
| ਧੂੜਿ ਤਿਨਾ ਕੀ ਜੇ ਮਿਲੈ ਜੀ ਕਹੁ ਨਾਨਕ ਕੀ ਅਰਦਾਸਿ ॥੩॥ | Bless me with the dust of those humble beings, O Dear Lord. Says Nanak, this is my prayer. \|\|3\|\| |
| ਆਪੇ ਸਾਜੇ ਆਪੇ ਰੰਗੇ ਆਪੇ ਨਦਰਿ ਕਰੇਇ ॥ | He Himself creates, and He Himself imbues us. He Himself bestows His Glance of Grace. |
| ਨਾਨਕ ਕਾਮਣਿ ਕੰਤੈ ਭਾਵੈ ਆਪੇ ਹੀ ਰਾਵੇਇ ॥੪॥੧॥੩॥ | O Nanak, if the soul-bride becomes pleasing to her Husband Lord, He Himself enjoys her. \|\|4\|\|1\|\|3\|\| |
| ਤਿਲੰਗ ਮਃ ੧ ॥ | Tilang, First Mehl: |
| ਇਆਨੜੀਏ ਮਾਨੜਾ ਕਾਇ ਕਰੇਹਿ ॥ | O foolish and ignorant soul-bride, why are you so proud? |
| ਆਪਨੜੈ ਘਰਿ ਹਰਿ ਰੰਗੋ ਕੀ ਨ ਮਾਣੇਹਿ ॥ | Within the home of your own self, why do you not enjoy the Love of your Lord? |
| ਸਹੁ ਨੇੜੈ ਧਨ ਕੰਮਲੀਏ ਬਾਹਰੁ ਕਿਆ ਢੂਢੇਹਿ ॥ | Your Husband Lord is so very near, O foolish bride; why do you search for Him outside? |
| ਭੈ ਕੀਆ ਦੇਹਿ ਸਲਾਈਆ ਨੈਣੀ ਭਾਵ ਕਾ ਕਰਿ ਸੀਗਾਰੋ ॥ | Apply the Fear of God as the mascara to adorn your eyes, and make the Love of the Lord your ornament. |

ਤਾ ਸੋਹਾਗਣਿ ਜਾਣੀਐ ਲਾਗੀ ਜਾ ਸਹੁ ਧਰੇ ਪਿਆਰੋ ॥੧॥

Then, you shall be known as a devoted and committed soul-bride, when you enshrine love for your Husband Lord. ||1||

ਇਆਣੀ ਬਾਲੀ ਕਿਆ ਕਰੇ ਜਾ ਧਨ ਕੰਤ ਨ ਭਾਵੈ ॥

What can the silly young bride do, if she is not pleasing to her Husband Lord?

ਕਰਣ ਪਲਾਹ ਕਰੇ ਬਹੁਤੇਰੇ ਸਾ ਧਨ ਮਹਲੁ ਨ ਪਾਵੈ ॥

She may plead and implore so many times, but still, such a bride shall not obtain the Mansion of the Lord's Presence.

ਵਿਣੁ ਕਰਮਾ ਕਿਛੁ ਪਾਈਐ ਨਾਹੀ ਜੇ ਬਹੁਤੇਰਾ ਧਾਵੈ ॥

Without the karma of good deeds, nothing is obtained, although she may run around frantically.

ਲਬ ਲੋਭ ਅਹੰਕਾਰ ਕੀ ਮਾਤੀ ਮਾਇਆ ਮਾਹਿ ਸਮਾਣੀ ॥

She is intoxicated with greed, pride and egotism, and engrossed in Maya.

ਇਨੀ ਬਾਤੀ ਸਹੁ ਪਾਈਐ ਨਾਹੀ ਭਈ ਕਾਮਣਿ ਇਆਣੀ ॥੨॥

She cannot obtain her Husband Lord in these ways; the young bride is so foolish! ||2||

ਜਾਇ ਪੁਛਹੁ ਸੋਹਾਗਣੀ ਵਾਹੈ ਕਿਨੀ ਬਾਤੀ ਸਹੁ ਪਾਈਐ ॥

Go and ask the happy, pure soul-brides, how did they obtain their Husband Lord?

ਜੋ ਕਿਛੁ ਕਰੇ ਸੋ ਭਲਾ ਕਰਿ ਮਾਨੀਐ ਹਿਕਮਤਿ ਹੁਕਮੁ ਚੁਕਾਈਐ ॥

Whatever the Lord does, accept that as good; do away with your own cleverness and self-will.

ਜਾ ਕੈ ਪ੍ਰੇਮਿ ਪਦਾਰਥੁ ਪਾਈਐ ਤਉ ਚਰਣੀ ਚਿਤੁ ਲਾਈਐ ॥

By His Love, true wealth is obtained; link your consciousness to His lotus feet.

ਸਹੁ ਕਹੈ ਸੋ ਕੀਜੈ ਤਨੁ ਮਨੋ ਦੀਜੈ ਐਸਾ ਪਰਮਲੁ ਲਾਈਐ ॥

As your Husband Lord directs, so you must act; surrender your body and mind to Him, and apply this perfume to yourself.

ਏਵ ਕਹਹਿ ਸੋਹਾਗਣੀ ਭੈਣੇ ਇਨੀ ਬਾਤੀ ਸਹੁ ਪਾਈਐ ॥੩॥

So speaks the happy soul-bride, O sister; in this way, the Husband Lord is obtained. ||3||

ਆਪੁ ਗਵਾਈਐ ਤਾ ਸਹੁ ਪਾਈਐ ਅਉਰੁ ਕੈਸੀ ਚਤੁਰਾਈ ॥

Give up your selfhood, and so obtain your Husband Lord; what other clever tricks are of any use?

ਸਹੁ ਨਦਰਿ ਕਰਿ ਦੇਖੈ ਸੋ ਦਿਨੁ ਲੇਖੈ ਕਾਮਣਿ ਨਉ ਨਿਧਿ ਪਾਈ ॥

When the Husband Lord looks upon the soul-bride with His Gracious Glance, that day is historic - the bride obtains the nine treasures.

ਆਪਣੇ ਕੰਤ ਪਿਆਰੀ ਸਾ ਸੋਹਾਗਣਿ ਨਾਨਕ ਸਾ ਸਭਰਾਈ ॥

She who is loved by her Husband Lord, is the true soul-bride; O Nanak, she is the queen of all.

ਐਸੇ ਰੰਗਿ ਰਾਤੀ ਸਹਜ ਕੀ ਮਾਤੀ ਅਹਿਨਿਸਿ ਭਾਇ ਸਮਾਣੀ ॥

Thus she is imbued with His Love, intoxicated with delight; day and night, she is absorbed in His Love.

| | |
|---|---|
| ਸੁੰਦਰਿ ਸਾਇ ਸਰੂਪ ਬਿਚਖਣਿ ਕਹੀਐ ਸਾ ਸਿਆਣੀ ॥੪॥੨॥੪॥ | She is beautiful, glorious and brilliant; she is known as truly wise. ‖4‖2‖4‖ |
| ਤਿਲੰਗ ਮਹਲਾ ੧ ॥ | Tilang, First Mehl: |
| ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥ | As the Word of the Forgiving Lord comes to me, so do I express it, O Lalo. |
| ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ ॥ | Bringing the marriage party of sin, Babar has invaded from Kaabul, demanding our land as his wedding gift, O Lalo. |
| ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ ॥ | Modesty and righteousness both have vanished, and falsehood struts around like a leader, O Lalo. |
| ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ ॥ | The Qazis and the Brahmins have lost their roles, and Satan now conducts the marriage rites, O Lalo. |
| ਮੁਸਲਮਾਨੀਆ ਪੜਹਿ ਕਤੇਬਾ ਕਸਟ ਮਹਿ ਕਰਹਿ ਖੁਦਾਇ ਵੇ ਲਾਲੋ ॥ | The Muslim women read the Koran, and in their misery, they call upon God, O Lalo. |
| ਜਾਤਿ ਸਨਾਤੀ ਹੋਰਿ ਹਿਦਵਾਣੀਆ ਏਹਿ ਭੀ ਲੇਖੈ ਲਾਇ ਵੇ ਲਾਲੋ ॥ | The Hindu women of high social status, and others of lowly status as well, are put into the same category, O Lalo. |
| **੭੨੩** | **723** |
| ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ ॥੧॥ | The wedding songs of murder are sung, O Nanak, and blood is sprinkled instead of saffron, O Lalo. ‖1‖ |
| ਸਾਹਿਬ ਕੇ ਗੁਣ ਨਾਨਕੁ ਗਾਵੈ ਮਾਸ ਪੁਰੀ ਵਿਚਿ ਆਖੁ ਮਸੋਲਾ ॥ | Nanak sings the Glorious Praises of the Lord and Master in the city of corpses, and voices this account. |
| ਜਿਨਿ ਉਪਾਈ ਰੰਗਿ ਰਵਾਈ ਬੈਠਾ ਵੇਖੈ ਵਖਿ ਇਕੇਲਾ ॥ | The One who created, and attached the mortals to pleasures, sits alone, and watches this. |
| ਸਚਾ ਸੋ ਸਾਹਿਬੁ ਸਚੁ ਤਪਾਵਸੁ ਸਚੜਾ ਨਿਆਉ ਕਰੇਗੁ ਮਸੋਲਾ ॥ | The Lord and Master is True, and True is His justice. He issues His Commands according to His judgement. |
| ਕਾਇਆ ਕਪੜੁ ਟੁਕੁ ਟੁਕੁ ਹੋਸੀ ਹਿਦੁਸਤਾਨੁ ਸਮਾਲਸੀ ਬੋਲਾ ॥ | The body-fabric will be torn apart into shreds, and then India will remember these words. |
| ਆਵਨਿ ਅਠਤਰੈ ਜਾਨਿ ਸਤਾਨਵੈ ਹੋਰੁ ਭੀ ਉਠਸੀ ਮਰਦ ਕਾ ਚੇਲਾ ॥ | Coming in seventy-eight (1521 A.D.), they will depart in ninety-seven (1540 A.D.), and then another disciple of man will rise up. |

ਸਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ ॥੨॥੩॥੫॥

Nanak speaks the Word of Truth; he proclaims the Truth at this, the right time. ||2||3||5||

ਤਿਲੰਗ ਮਹਲਾ ੪ ਘਰੁ ੨

Tilang, Fourth Mehl, Second House:

ੴ ਸਤਿਗੁਰ ਪ੍ਰਸਾਦਿ ॥

One Universal Creator God.
By The Grace Of The True Guru:

ਸਭਿ ਆਏ ਹੁਕਮਿ ਖਸਮਾਹੁ ਹੁਕਮਿ ਸਭ ਵਰਤਨੀ ॥

Everyone comes by Command of the Lord and Master. The Hukam of His Command extends to all.

ਸਚੁ ਸਾਹਿਬੁ ਸਾਚਾ ਖੇਲੁ ਸਭੁ ਹਰਿ ਧਨੀ ॥੧॥

True is the Lord and Master, and True is His play. The Lord is the Master of all. ||1||

ਸਾਲਾਹਿਹੁ ਸਚੁ ਸਭ ਊਪਰਿ ਹਰਿ ਧਨੀ ॥

So praise the True Lord; the Lord is the Master over all.

ਜਿਸੁ ਨਾਹੀ ਕੋਇ ਸਰੀਕੁ ਕਿਸੁ ਲੇਖੈ ਹਉ ਗਨੀ ॥ ਰਹਾਉ ॥

No one is equal to Him; am I of any account? ||Pause||

ਪਉਣ ਪਾਣੀ ਧਰਤੀ ਆਕਾਸੁ ਘਰ ਮੰਦਰ ਹਰਿ ਬਨੀ ॥

Air, water, earth and sky - the Lord has made these His home and temple.

ਵਿਚਿ ਵਰਤੈ ਨਾਨਕ ਆਪਿ ਝੂਠੁ ਕਹੁ ਕਿਆ ਗਨੀ ॥੨॥੧॥

He Himself is pervading everywhere, O Nanak. Tell me: what can be counted as false? ||2||1||

ਤਿਲੰਗ ਮਹਲਾ ੪ ॥

Tilang, Fourth Mehl:

ਨਿਤ ਨਿਹਫਲ ਕਰਮ ਕਮਾਇ ਬਫਾਵੈ ਦੁਰਮਤੀਆ ॥

The evil-minded person continually does fruitless deeds, all puffed up with pride.

ਜਬ ਆਣੈ ਵਲਵੰਚ ਕਰਿ ਝੂਠੁ ਤਬ ਜਾਣੈ ਜਗੁ ਜਿਤੀਆ ॥੧॥

When he brings home what he has acquired, by practicing deception and falsehood, he thinks that he has conquered the world. ||1||

ਐਸਾ ਬਾਜੀ ਸੈਸਾਰੁ ਨ ਚੇਤੈ ਹਰਿ ਨਾਮਾ ॥

Such is the drama of the world, that he does not contemplate the Lord's Name.

ਖਿਨ ਮਹਿ ਬਿਨਸੈ ਸਭੁ ਝੂਠੁ ਮੇਰੇ ਮਨ ਧਿਆਇ ਰਾਮਾ ॥ ਰਹਾਉ ॥

In an instant, all this false play shall perish; O my mind, meditate on the Lord. ||Pause||

ਸਾ ਵੇਲਾ ਚਿਤਿ ਨ ਆਵੈ ਜਿਤੁ ਆਇ ਕੰਟਕੁ ਕਾਲੁ ਗ੍ਰਸੈ ॥

He does not think of that time, when Death, the Torturer, shall come and seize him.

ਤਿਸੁ ਨਾਨਕ ਲਏ ਛਡਾਇ ਜਿਸੁ ਕਿਰਪਾ ਕਰਿ ਹਿਰਦੈ ਵਸੈ ॥੨॥੨॥

O Nanak, the Lord saves that one, within whose heart the Lord, in His Kind Mercy, dwells. ||2||2||

ਤਿਲੰਗ ਮਹਲਾ ੫ ਘਰੁ ੧

ੴ ਸਤਿਗੁਰ ਪ੍ਰਸਾਦਿ ॥

Tilang, Fifth Mehl, First House:

One Universal Creator God.
By The Grace Of The True Guru:

ਖਾਕ ਨੂਰ ਕਰਦੰ ਆਲਮ ਦੁਨੀਆਇ ॥

The Lord infused His Light into the dust, and created the world, the universe.

ਅਸਮਾਨ ਜਿਮੀ ਦਰਖਤ ਆਬ ਪੈਦਾਇਸਿ ਖੁਦਾਇ ॥੧॥

The sky, the earth, the trees, and the water - all are the Creation of the Lord. ||1||

ਬੰਦੇ ਚਸਮ ਦੀਦੰ ਫਨਾਇ ॥

O human being, whatever you can see with your eyes, shall perish.

ਦੁਨੀਂਆ ਮੁਰਦਾਰ ਖੁਰਦਨੀ ਗਾਫਲ ਹਵਾਇ ॥ ਰਹਾਉ ॥

The world eats dead carcasses, living by neglect and greed. ||Pause||

ਗੈਬਾਨ ਹੈਵਾਨ ਹਰਾਮ ਕੁਸਤਨੀ ਮੁਰਦਾਰ ਬਖੋਰਾਇ ॥

Like a goblin, or a beast, they kill and eat the forbidden carcasses of meat.

ਦਿਲ ਕਬਜ ਕਬਜਾ ਕਾਦਰੋ ਦੋਜਕ ਸਜਾਇ ॥੨॥

So control your urges, or else you will be seized by the Lord, and thrown into the tortures of hell. ||2||

ਵਲੀ ਨਿਆਮਤਿ ਬਿਰਾਦਰਾ ਦਰਬਾਰ ਮਿਲਕ ਖਾਨਾਇ ॥

Your benefactors, presents, companions, courts, lands and homes

ਜਬ ਅਜਰਾਈਲੁ ਬਸਤਨੀ ਤਬ ਚਿ ਕਾਰੇ ਬਿਦਾਇ ॥੩॥

- when Azraa-eel, the Messenger of Death seizes you, what good will these be to you then? ||3||

ਹਵਾਲ ਮਾਲੂਮੁ ਕਰਦੰ ਪਾਕ ਅਲਾਹ ॥

The Pure Lord God knows your condition.

ਬੁਗੋ ਨਾਨਕ ਅਰਦਾਸਿ ਪੇਸਿ ਦਰਵੇਸ ਬੰਦਾਹ ॥੪॥੧॥

O Nanak, recite your prayer to the holy people. ||4||1||

ਤਿਲੰਗ ਘਰੁ ੨ ਮਹਲਾ ੫ ॥

Tilang, Second House, Fifth Mehl:

ਤੁਧੁ ਬਿਨੁ ਦੂਜਾ ਨਾਹੀ ਕੋਇ ॥

There is no other than You, Lord.

ਤੂ ਕਰਤਾਰੁ ਕਰਹਿ ਸੋ ਹੋਇ ॥

You are the Creator; whatever You do, that alone happens.

ਤੇਰਾ ਜੋਰੁ ਤੇਰੀ ਮਨਿ ਟੇਕ ॥

You are the strength, and You are the support of the mind.

ਸਦਾ ਸਦਾ ਜਪਿ ਨਾਨਕ ਏਕ ॥੧॥

Forever and ever, meditate, O Nanak, on the One. ||1||

| | |
|---|---|
| ਸਭ ਊਪਰਿ ਪਾਰਬ੍ਰਹਮੁ ਦਾਤਾਰੁ ॥ | The Great Giver is the Supreme Lord God over all. |
| ਤੇਰੀ ਟੇਕ ਤੇਰਾ ਆਧਾਰੁ ॥ ਰਹਾਉ ॥ | You are our support, You are our sustainer. \|\|Pause\|\| |
| ੭੨੪ | 724 |
| ਹੈ ਤੂਹੈ ਤੂ ਹੋਵਨਹਾਰ ॥ ਅਗਮ ਅਗਾਧਿ ਊਚ ਆਪਾਰ ॥ | You are, You are, and You shall ever be, O inaccessible, unfathomable, lofty and infinite Lord. |
| ਜੋ ਤੁਧੁ ਸੇਵਹਿ ਤਿਨ ਭਉ ਦੁਖੁ ਨਾਹਿ ॥ | Those who serve You, are not touched by fear or suffering. |
| ਗੁਰ ਪਰਸਾਦਿ ਨਾਨਕ ਗੁਣ ਗਾਹਿ ॥੨॥ | By Guru's Grace, O Nanak, sing the Glorious Praises of the Lord. \|\|2\|\| |
| ਜੋ ਦੀਸੈ ਸੋ ਤੇਰਾ ਰੂਪੁ ॥ ਗੁਣ ਨਿਧਾਨ ਗੋਵਿੰਦ ਅਨੂਪ ॥ | Whatever is seen, is Your form, O treasure of virtue, O Lord of the Universe, O Lord of incomparable beauty. |
| ਸਿਮਰਿ ਸਿਮਰਿ ਸਿਮਰਿ ਜਨ ਸੋਇ ॥ | Remembering, remembering, remembering the Lord in meditation, His humble servant becomes like Him. |
| ਨਾਨਕ ਕਰਮਿ ਪਰਾਪਤਿ ਹੋਇ ॥੩॥ | O Nanak, by His Grace, we obtain Him. \|\|3\|\| |
| ਜਿਨਿ ਜਪਿਆ ਤਿਸ ਕਉ ਬਲਿਹਾਰ ॥ | I am a sacrifice to those who meditate on the Lord. |
| ਤਿਸ ਕੈ ਸੰਗਿ ਤਰੈ ਸੰਸਾਰ ॥ | Associating with them, the whole world is saved. |
| ਕਹੁ ਨਾਨਕ ਪ੍ਰਭ ਲੋਚਾ ਪੂਰਿ ॥ | Says Nanak, God fulfills our hopes and aspirations. |
| ਸੰਤ ਜਨਾ ਕੀ ਬਾਛਉ ਧੂਰਿ ॥੪॥੨॥ | I long for the dust of the feet of the Saints. \|\|4\|\|2\|\| |
| ਤਿਲੰਗ ਮਹਲਾ ੫ ਘਰੁ ੩ ॥ | Tilang, Fifth Mehl, Third House: |
| ਮਿਹਰਵਾਨੁ ਸਾਹਿਬੁ ਮਿਹਰਵਾਨੁ ॥ | Merciful, the Lord Master is Merciful. |
| ਸਾਹਿਬੁ ਮੇਰਾ ਮਿਹਰਵਾਨੁ ॥ | My Lord Master is Merciful. |
| ਜੀਅ ਸਗਲ ਕਉ ਦੇਇ ਦਾਨੁ ॥ ਰਹਾਉ ॥ | He gives His gifts to all beings. \|\|Pause\|\| |
| ਤੂ ਕਾਹੇ ਡੋਲਹਿ ਪ੍ਰਾਣੀਆ ਤੁਧੁ ਰਾਖੈਗਾ ਸਿਰਜਣਹਾਰੁ ॥ | Why do you waver, O mortal being? The Creator Lord Himself shall protect you. |
| ਜਿਨਿ ਪੈਦਾਇਸਿ ਤੂ ਕੀਆ ਸੋਈ ਦੇਇ ਆਧਾਰੁ ॥੧॥ | He who created you, will also give you nourishment. \|\|1\|\| |

| | |
|---|---|
| ਜਿਨਿ ਉਪਾਈ ਮੇਦਨੀ ਸੋਈ ਕਰਦਾ ਸਾਰ ॥ | The One who created the world, takes care of it. |
| ਘਟਿ ਘਟਿ ਮਾਲਕੁ ਦਿਲਾ ਕਾ ਸਚਾ ਪਰਵਦਗਾਰੁ ॥੨॥ | In each and every heart and mind, the Lord is the True Cherisher. \|\|2\|\| |
| ਕੁਦਰਤਿ ਕੀਮ ਨ ਜਾਣੀਐ ਵਡਾ ਵੇਪਰਵਾਹੁ ॥ | His creative potency and His value cannot be known; He is the Great and carefree Lord. |
| ਕਰਿ ਬੰਦੇ ਤੂ ਬੰਦਗੀ ਜਿਚਰੁ ਘਟ ਮਹਿ ਸਾਹੁ ॥੩॥ | O human being, meditate on the Lord, as long as there is breath in your body. \|\|3\|\| |
| ਤੂ ਸਮਰਥੁ ਅਕਥੁ ਅਗੋਚਰੁ ਜੀਉ ਪਿੰਡੁ ਤੇਰੀ ਰਾਸਿ ॥ | O God, You are all-powerful, inexpressible and imperceptible; my soul and body are Your capital. |
| ਰਹਮ ਤੇਰੀ ਸੁਖੁ ਪਾਇਆ ਸਦਾ ਨਾਨਕ ਕੀ ਅਰਦਾਸਿ ॥੪॥੩॥ | By Your Mercy, may I find peace; this is Nanak's lasting prayer. \|\|4\|\|3\|\| |
| ਤਿਲੰਗ ਮਹਲਾ ੫ ਘਰੁ ੩ ॥ | Tilang, Fifth Mehl, Third House: |
| ਕਰਤੇ ਕੁਦਰਤੀ ਮੁਸਤਾਕੁ ॥ | O Creator, through Your creative potency, I am in love with You. |
| ਦੀਨ ਦੁਨੀਆ ਏਕ ਤੂਹੀ ਸਭ ਖਲਕ ਹੀ ਤੇ ਪਾਕੁ ॥ ਰਹਾਉ ॥ | You alone are my spiritual and temporal Lord; and yet, You are detached from all Your creation. \|\|Pause\|\| |
| ਖਿਨ ਮਾਹਿ ਥਾਪਿ ਉਥਾਪਦਾ ਆਚਰਜ ਤੇਰੇ ਰੂਪ ॥ | In an instant, You establish and disestablish. Wondrous is Your form! |
| ਕਉਣੁ ਜਾਣੈ ਚਲਤ ਤੇਰੇ ਅੰਧਿਆਰੇ ਮਹਿ ਦੀਪ ॥੧॥ | Who can know Your play? You are the Light in the darkness. \|\|1\|\| |
| ਖੁਦਿ ਖਸਮ ਖਲਕ ਜਹਾਨ ਅਲਹ ਮਿਹਰਵਾਨ ਖੁਦਾਇ ॥ | You are the Master of Your creation, the Lord of all the world, O Merciful Lord God. |
| ਦਿਨਸੁ ਰੈਣਿ ਜਿ ਤੁਧੁ ਅਰਾਧੇ ਸੋ ਕਿਉ ਦੋਜਕਿ ਜਾਇ ॥੨॥ | One who worships You day and night - why should he have to go to hell? \|\|2\|\| |
| ਅਜਰਾਈਲੁ ਯਾਰੁ ਬੰਦੇ ਜਿਸੁ ਤੇਰਾ ਆਧਾਰੁ ॥ | Azraa-eel, the Messenger of Death, is the friend of the human being who has Your support, Lord. |
| ਗੁਨਹ ਉਸ ਕੇ ਸਗਲ ਆਫੂ ਤੇਰੇ ਜਨ ਦੇਖਹਿ ਦੀਦਾਰੁ ॥੩॥ | His sins are all forgiven; Your humble servant gazes upon Your Vision. \|\|3\|\| |

| | |
|---|---|
| ਦੁਨੀਆ ਚੀਜ ਫਿਲਹਾਲ ਸਗਲੇ ਸਚੁ ਸੁਖੁ ਤੇਰਾ ਨਾਉ ॥ | All worldly considerations are for the present only. True peace comes only from Your Name. |
| ਗੁਰ ਮਿਲਿ ਨਾਨਕ ਬੂਝਿਆ ਸਦਾ ਏਕਸੁ ਗਾਉ ॥੪॥੪॥ | Meeting the Guru, Nanak understands; He sings only Your Praises forever, O Lord. \|\|4\|\|4\|\| |
| ਤਿਲੰਗ ਮਹਲਾ ੫ ॥ | Tilang, Fifth Mehl: |
| ਮੀਰਾਂ ਦਾਨਾਂ ਦਿਲ ਸੋਚ ॥ | Think of the Lord in your mind, O wise one. |
| ਮੁਹਬਤੇ ਮਨਿ ਤਨਿ ਬਸੈ ਸਚੁ ਸਾਹ ਬੰਦੀ ਮੋਚ ॥੧॥ ਰਹਾਉ ॥ | Enshrine love for the True Lord in your mind and body; He is the Liberator from bondage. \|\|1\|\|Pause\|\| |
| ਦੀਦਨੇ ਦੀਦਾਰ ਸਾਹਿਬ ਕਛੁ ਨਹੀ ਇਸ ਕਾ ਮੋਲੁ ॥ | The value of seeing the Vision of the Lord Master cannot be estimated. |
| ਪਾਕ ਪਰਵਦਗਾਰ ਤੂ ਖੁਦਿ ਖਸਮੁ ਵਡਾ ਅਤੋਲੁ ॥੧॥ | You are the Pure Cherisher; You Yourself are the great and immeasurable Lord and Master. \|\|1\|\| |
| ਦਸੋਗੀਰੀ ਦੇਹਿ ਦਿਲਾਵਰ ਤੂਹੀ ਤੂਹੀ ਏਕ ॥ | Give me Your help, O brave and generous Lord; You are the One, You are the Only Lord. |
| ਕਰਤਾਰ ਕੁਦਰਤਿ ਕਰਣ ਖਾਲਕ ਨਾਨਕ ਤੇਰੀ ਟੇਕ ॥੨॥੫॥ | O Creator Lord, by Your creative potency, You created the world; Nanak holds tight to Your support. \|\|2\|\|5\|\| |
| ਤਿਲੰਗ ਮਹਲਾ ੧ ਘਰੁ ੨ | Tilang, First Mehl, Second House: |
| ੧ਓ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਜਿਨਿ ਕੀਆ ਤਿਨਿ ਦੇਖਿਆ ਕਿਆ ਕਹੀਐ ਰੇ ਭਾਈ ॥ | The One who created the world watches over it; what more can we say, O Siblings of Destiny? |
| ੭੨੫ | 725 |
| ਆਪੇ ਜਾਣੈ ਕਰੇ ਆਪਿ ਜਿਨਿ ਵਾੜੀ ਹੈ ਲਾਈ ॥੧॥ | He Himself knows, and He Himself acts; He laid out the garden of the world. \|\|1\|\| |
| ਰਾਇਸਾ ਪਿਆਰੇ ਕਾ ਰਾਇਸਾ ਜਿਤੁ ਸਦਾ ਸੁਖੁ ਹੋਈ ॥ ਰਹਾਉ ॥ | Savor the story, the story of the Beloved Lord, which brings a lasting peace. \|\|Pause\|\| |
| ਜਿਨਿ ਰੰਗਿ ਕੰਤੁ ਨ ਰਾਵਿਆ ਸਾ ਪਛੋ ਰੇ ਤਾਣੀ ॥ | She who does not enjoy the Love of her Husband Lord, shall come to regret and repent in the end. |

| | |
|---|---|
| ਹਾਥ ਪਛੋੜੈ ਸਿਰੁ ਧੁਣੈ ਜਬ ਰੈਣਿ ਵਿਹਾਣੀ ॥੨॥ | She wrings her hands, and bangs her head, when the night of her life has passed away. \|\|2\|\| |
| ਪਛੋਤਾਵਾ ਨਾ ਮਿਲੈ ਜਬ ਚੂਕੈਗੀ ਸਾਰੀ ॥ | Nothing comes from repentance, when the game is already finished. |
| ਤਾ ਫਿਰਿ ਪਿਆਰਾ ਰਾਵੀਐ ਜਬ ਆਵੈਗੀ ਵਾਰੀ ॥੩॥ | She shall have the opportunity to enjoy her Beloved, only when her turn comes again. \|\|3\|\| |
| ਕੰਤੁ ਲੀਆ ਸੋਹਾਗਣੀ ਮੈ ਤੇ ਵਧਵੀ ਏਹ ॥ | The happy soul-bride attains her Husband Lord - she is so much better than I am. |
| ਸੇ ਗੁਣ ਮੁਝੈ ਨ ਆਵਨੀ ਕੈ ਜੀ ਦੋਸੁ ਧਰੇਹ ॥੪॥ | I have none of her merits or virtues; whom should I blame? \|\|4\|\| |
| ਜਿਨੀ ਸਖੀ ਸਹੁ ਰਾਵਿਆ ਤਿਨ ਪੂਛਉਗੀ ਜਾਏ ॥ | I shall go and ask those sisters who have enjoyed their Husband Lord. |
| ਪਾਇ ਲਗਉ ਬੇਨਤੀ ਕਰਉ ਲੇਉਗੀ ਪੰਥੁ ਬਤਾਏ ॥੫॥ | I touch their feet, and ask them to show me the Path. \|\|5\|\| |
| ਹੁਕਮੁ ਪਛਾਣੈ ਨਾਨਕਾ ਭਉ ਚੰਦਨੁ ਲਾਵੈ ॥ | She who understands the Hukam of His Command, O Nanak, applies the Fear of God as her sandalwood oil; |
| ਗੁਣ ਕਾਮਣ ਕਾਮਣਿ ਕਰੈ ਤਉ ਪਿਆਰੇ ਕਉ ਪਾਵੈ ॥੬॥ | she charms her Beloved with her virtue, and so obtains Him. \|\|6\|\| |
| ਜੋ ਦਿਲਿ ਮਿਲਿਆ ਸੁ ਮਿਲਿ ਰਹਿਆ ਮਿਲਿਆ ਕਹੀਐ ਰੇ ਸੋਈ ॥ | She who meets her Beloved in her heart, remains united with Him; this is truly called union. |
| ਜੇ ਬਹੁਤੇਰਾ ਲੋਚੀਐ ਬਾਤੀ ਮੇਲੁ ਨ ਹੋਈ ॥੭॥ | As much as she may long for Him, she shall not meet Him through mere words. \|\|7\|\| |
| ਧਾਤੁ ਮਿਲੈ ਫੁਨਿ ਧਾਤੁ ਕਉ ਲਿਵ ਲਿਵੈ ਕਉ ਧਾਵੈ ॥ | As metal melts into metal again, so does love melt into love. |
| ਗੁਰ ਪਰਸਾਦੀ ਜਾਣੀਐ ਤਉ ਅਨਭਉ ਪਾਵੈ ॥੮॥ | By Guru's Grace, this understanding is obtained, and then, one obtains the Fearless Lord. \|\|8\|\| |
| ਪਾਨਾ ਵਾੜੀ ਹੋਇ ਘਰਿ ਖਰੁ ਸਾਰ ਨ ਜਾਣੈ ॥ | There may be an orchard of betel nut trees in the garden, but the donkey does not appreciate its value. |
| ਰਸੀਆ ਹੋਵੈ ਮੁਸਕ ਕਾ ਤਬ ਫੂਲੁ ਪਛਾਣੈ ॥੯॥ | If someone savors a fragrance, then he can truly appreciate its flower. \|\|9\|\| |

| | |
|---|---|
| ਅਪਿਉ ਪੀਵੈ ਜੋ ਨਾਨਕਾ ਭ੍ਰਮੁ ਭ੍ਰਮਿ ਸਮਾਵੈ ॥ | One who drinks in the ambrosia, O Nanak, abandons his doubts and wanderings. |
| ਸਹਜੇ ਸਹਜੇ ਮਿਲਿ ਰਹੈ ਅਮਰਾ ਪਦੁ ਪਾਵੈ ॥੧੦॥੧॥ | Easily and intuitively, he remains blended with the Lord, and obtains the immortal status. \|\|10\|\|1\|\| |
| ਤਿਲੰਗ ਮਹਲਾ ੪ ॥ | Tilang, Fourth Mehl: |
| ਹਰਿ ਕੀਆ ਕਥਾ ਕਹਾਣੀਆ ਗੁਰਿ ਮੀਤਿ ਸੁਣਾਈਆ ॥ | The Guru, my friend, has told me the stories and the sermon of the Lord. |
| ਬਲਿਹਾਰੀ ਗੁਰ ਆਪਣੇ ਗੁਰ ਕਉ ਬਲਿ ਜਾਈਆ ॥੧॥ | I am a sacrifice to my Guru; to the Guru, I am a sacrifice. \|\|1\|\| |
| ਆਇ ਮਿਲੁ ਗੁਰਸਿਖ ਆਇ ਮਿਲੁ ਤੂ ਮੇਰੇ ਗੁਰੂ ਕੇ ਪਿਆਰੇ ॥ ਰਹਾਉ ॥ | Come, join with me, O Sikh of the Guru, come and join with me. You are my Guru's Beloved. \|\|Pause\|\| |
| ਹਰਿ ਕੇ ਗੁਣ ਹਰਿ ਭਾਵਦੇ ਸੇ ਗੁਰੂ ਤੇ ਪਾਏ ॥ | The Glorious Praises of the Lord are pleasing to the Lord; I have obtained them from the Guru. |
| ਜਿਨ ਗੁਰ ਕਾ ਭਾਣਾ ਮੰਨਿਆ ਤਿਨ ਘੁਮਿ ਘੁਮਿ ਜਾਏ ॥੨॥ | I am a sacrifice, a sacrifice to those who surrender to, and obey the Guru's Will. \|\|2\|\| |
| ਜਿਨ ਸਤਿਗੁਰੁ ਪਿਆਰਾ ਦੇਖਿਆ ਤਿਨ ਕਉ ਹਉ ਵਾਰੀ ॥ | I am dedicated and devoted to those who gaze upon the Beloved True Guru. |
| ਜਿਨ ਗੁਰ ਕੀ ਕੀਤੀ ਚਾਕਰੀ ਤਿਨ ਸਦ ਬਲਿਹਾਰੀ ॥੩॥ | I am forever a sacrifice to those who perform service for the Guru. \|\|3\|\| |
| ਹਰਿ ਹਰਿ ਤੇਰਾ ਨਾਮੁ ਹੈ ਦੁਖ ਮੇਟਣਹਾਰਾ ॥ | Your Name, O Lord, Har, Har, is the Destroyer of sorrow. |
| ਗੁਰ ਸੇਵਾ ਤੇ ਪਾਈਐ ਗੁਰਮੁਖਿ ਨਿਸਤਾਰਾ ॥੪॥ | Serving the Guru, it is obtained, and as Gurmukh, one is emancipated. \|\|4\|\| |
| ਜੋ ਹਰਿ ਨਾਮੁ ਧਿਆਇਦੇ ਤੇ ਜਨ ਪਰਵਾਨਾ ॥ | Those humble beings who meditate on the Lord's Name, are celebrated and acclaimed. |
| ਤਿਨ ਵਿਟਹੁ ਨਾਨਕੁ ਵਾਰਿਆ ਸਦਾ ਸਦਾ ਕੁਰਬਾਨਾ ॥੫॥ | Nanak is a sacrifice to them, forever and ever a devoted sacrifice. \|\|5\|\| |
| ਸਾ ਹਰਿ ਤੇਰੀ ਉਸਤਤਿ ਹੈ ਜੋ ਹਰਿ ਪ੍ਰਭ ਭਾਵੈ ॥ | O Lord, that alone is Praise to You, which is pleasing to Your Will, O Lord God. |

| | |
|---|---|
| ਜੋ ਗੁਰਮੁਖਿ ਪਿਆਰਾ ਸੇਵਦੇ ਤਿਨ ਹਰਿ ਫਲੁ ਪਾਵੈ ॥੬॥ | Those Gurmukhs, who serve their Beloved Lord, obtain Him as their reward. ‖6‖ |
| ਜਿਨਾ ਹਰਿ ਸੇਤੀ ਪਿਰਹੜੀ ਤਿਨਾ ਜੀਅ ਪ੍ਰਭ ਨਾਲੇ ॥ | Those who cherish love for the Lord, their souls are always with God. |
| ਓਇ ਜਪਿ ਜਪਿ ਪਿਆਰਾ ਜੀਵਦੇ ਹਰਿ ਨਾਮੁ ਸਮਾਲੇ ॥੭॥ | Chanting and meditating on their Beloved, they live in, and gather in, the Lord's Name. ‖7‖ |
| ਜਿਨ ਗੁਰਮੁਖਿ ਪਿਆਰਾ ਸੇਵਿਆ ਤਿਨ ਕਉ ਘੁਮਿ ਜਾਇਆ ॥ | I am a sacrifice to those Gurmukhs who serve their Beloved Lord. |
| ਓਇ ਆਪਿ ਛੁਟੇ ਪਰਵਾਰ ਸਿਉ ਸਭੁ ਜਗਤੁ ਛਡਾਇਆ ॥੮॥ | They themselves are saved, along with their families, and through them, all the world is saved. ‖8‖ |
| ਗੁਰਿ ਪਿਆਰੈ ਹਰਿ ਸੇਵਿਆ ਗੁਰੁ ਧੰਨੁ ਗੁਰੁ ਧੰਨੋ ॥ | My Beloved Guru serves the Lord. Blessed is the Guru, Blessed is the Guru. |
| ਗੁਰਿ ਹਰਿ ਮਾਰਗੁ ਦਸਿਆ ਗੁਰ ਪੁੰਨੁ ਵਡ ਪੁੰਨੋ ॥੯॥ | The Guru has shown me the Lord's Path; the Guru has done the greatest good deed. ‖9‖ |
| **੭੨੬** | **726** |
| ਜੋ ਗੁਰਸਿਖ ਗੁਰੁ ਸੇਵਦੇ ਸੇ ਪੁੰਨ ਪਰਾਣੀ ॥ | Those Sikhs of the Guru, who serve the Guru, are the most blessed beings. |
| ਜਨੁ ਨਾਨਕੁ ਤਿਨ ਕਉ ਵਾਰਿਆ ਸਦਾ ਸਦਾ ਕੁਰਬਾਣੀ ॥੧੦॥ | Servant Nanak is a sacrifice to them; He is forever and ever a sacrifice. ‖10‖ |
| ਗੁਰਮੁਖਿ ਸਖੀ ਸਹੇਲੀਆ ਸੇ ਆਪਿ ਹਰਿ ਭਾਈਆ ॥ | The Lord Himself is pleased with the Gurmukhs, the fellowship of the companions. |
| ਹਰਿ ਦਰਗਹ ਪੈਨਾਈਆ ਹਰਿ ਆਪਿ ਗਲਿ ਲਾਈਆ ॥੧੧॥ | In the Lord's Court, they are given robes of honor, and the Lord Himself hugs them close in His embrace. ‖11‖ |
| ਜੋ ਗੁਰਮੁਖਿ ਨਾਮੁ ਧਿਆਇਦੇ ਤਿਨ ਦਰਸਨੁ ਦੀਜੈ ॥ | Please bless me with the Blessed Vision of the Darshan of those Gurmukhs, who meditate on the Naam, the Name of the Lord. |
| ਹਮ ਤਿਨ ਕੇ ਚਰਣ ਪਖਾਲਦੇ ਧੂੜਿ ਘੋਲਿ ਘੋਲਿ ਪੀਜੈ ॥੧੨॥ | I wash their feet, and drink in the dust of their feet, dissolved in the wash water. ‖12‖ |

ਪਾਨ ਸੁਪਾਰੀ ਖਾਤੀਆ ਮੁਖਿ ਬੀੜੀਆ ਲਾਈਆ ॥

Those who eat betel nuts and betel leaf and apply lipstick,

ਹਰਿ ਹਰਿ ਕਦੇ ਨ ਚੇਤਿਓ ਜਮਿ ਪਕੜਿ ਚਲਾਈਆ ॥੧੩॥

but do not contemplate the Lord, Har, Har - the Messenger of Death will seize them and take them away. ||13||

ਜਿਨ ਹਰਿ ਨਾਮਾ ਹਰਿ ਚੇਤਿਆ ਹਿਰਦੈ ਉਰਿ ਧਾਰੇ ॥ ਤਿਨ ਜਮੁ ਨੇੜਿ ਨ ਆਵਈ ਗੁਰਸਿਖ ਗੁਰ ਪਿਆਰੇ ॥੧੪॥

The Messenger of Death does not even approach those who contemplate the Name of the Lord, Har, Har, and keep Him enshrined in their hearts. The Guru's Sikhs are the Guru's Beloveds. ||14||

ਹਰਿ ਕਾ ਨਾਮੁ ਨਿਧਾਨੁ ਹੈ ਕੋਈ ਗੁਰਮੁਖਿ ਜਾਣੈ ॥

The Name of the Lord is a treasure, known only to the few Gurmukhs.

ਨਾਨਕ ਜਿਨ ਸਤਿਗੁਰੁ ਭੇਟਿਆ ਰੰਗਿ ਰਲੀਆ ਮਾਣੈ ॥੧੫॥

O Nanak, those who meet with the True Guru, enjoy peace and pleasure. ||15||

ਸਤਿਗੁਰੁ ਦਾਤਾ ਆਖੀਐ ਤੁਸਿ ਕਰੇ ਪਸਾਓ ॥

The True Guru is called the Giver; in His Mercy, He grants His Grace.

ਹਉ ਗੁਰ ਵਿਟਹੁ ਸਦ ਵਾਰਿਆ ਜਿਨਿ ਦਿਤੜਾ ਨਾਓ ॥੧੬॥

I am forever a sacrifice to the Guru, who has blessed me with the Lord's Name. ||16||

ਸੋ ਧੰਨੁ ਗੁਰੂ ਸਾਬਾਸਿ ਹੈ ਹਰਿ ਦੇਇ ਸਨੇਹਾ ॥

Blessed, very blessed is the Guru, who brings the Lord's message.

ਹਉ ਵੇਖਿ ਵੇਖਿ ਗੁਰੂ ਵਿਗਸਿਆ ਗੁਰ ਸਤਿਗੁਰ ਦੇਹਾ ॥੧੭॥

I gaze upon the Guru, the Guru, the True Guru embodied, and I blossom forth in bliss. ||17||

ਗੁਰ ਰਸਨਾ ਅੰਮ੍ਰਿਤੁ ਬੋਲਦੀ ਹਰਿ ਨਾਮਿ ਸੁਹਾਵੀ ॥

The Guru's tongue recites Words of Ambrosial Nectar; He is adorned with the Lord's Name.

ਜਿਨ ਸੁਣਿ ਸਿਖਾ ਗੁਰੁ ਮੰਨਿਆ ਤਿਨਾ ਭੁਖ ਸਭ ਜਾਵੀ ॥੧੮॥

Those Sikhs who hear and obey the Guru - all their desires depart. ||18||

| ਸਚੁ ਤੇਰੀ ਸਾਮਗਰੀ ਸਚੁ ਤੇਰਾ ਦਰਬਾਰਾ ॥ | True are Your devices, and True is Your Court. |

| | |
|---|---|
| ਸਚੁ ਤੇਰੇ ਖਾਜੀਨਿਆ ਸਚੁ ਤੇਰਾ ਪਾਸਾਰਾ ॥੨॥ | True are Your treasures, and True is Your expanse. \|\|2\|\| |
| ਤੇਰਾ ਰੂਪੁ ਅਗੰਮੁ ਹੈ ਅਨੂਪੁ ਤੇਰਾ ਦਰਸਾਰਾ ॥ | Your Form is inaccessible, and Your Vision is incomparably beautiful. |
| ਹਉ ਕੁਰਬਾਣੀ ਤੇਰਿਆ ਸੇਵਕਾ ਜਿਨ੍ ਹਰਿ ਨਾਮੁ ਪਿਆਰਾ ॥੩॥ | I am a sacrifice to Your servants; they love Your Name, O Lord. \|\|3\|\| |
| **੭੪੭** | **747** |
| ਸਭੇ ਇਛਾ ਪੂਰੀਆ ਜਾ ਪਾਇਆ ਅਗਮ ਅਪਾਰਾ ॥ | All desires are fulfilled, when the Inaccessible and Infinite Lord is obtained. |
| ਗੁਰੁ ਨਾਨਕੁ ਮਿਲਿਆ ਪਾਰਬ੍ਰਹਮੁ ਤੇਰਿਆ ਚਰਣਾ ਕਉ ਬਲਿਹਾਰਾ ॥੪॥੧॥੪੭॥ | Guru Nanak has met the Supreme Lord God; I am a sacrifice to Your Feet. \|\|4\|\|1\|\|47\|\| |
| ਰਾਗੁ ਸੂਹੀ ਮਹਲਾ ੫ ਘਰੁ ੭ | Raag Soohee, Fifth Mehl, Seventh House: |
| ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਤੇਰਾ ਭਾਣਾ ਤੂਹੈ ਮਨਾਇਹਿ ਜਿਸ ਨੋ ਹੋਹਿ ਦਇਆਲਾ ॥ | He alone obeys Your Will, O Lord, unto whom You are Merciful. |
| ਸਾਈ ਭਗਤਿ ਜੋ ਤੁਧੁ ਭਾਵੈ ਤੂੰ ਸਰਬ ਜੀਆ ਪ੍ਰਤਿਪਾਲਾ ॥੧॥ | That alone is devotional worship, which is pleasing to Your Will. You are the Cherisher of all beings. \|\|1\|\| |
| ਮੇਰੇ ਰਾਮ ਰਾਇ ਸੰਤਾ ਟੇਕ ਤੁਮ੍ਾਰੀ ॥ | O my Sovereign Lord, You are the Support of the Saints. |
| ਜੋ ਤੁਧੁ ਭਾਵੈ ਸੋ ਪਰਵਾਣੁ ਮਨਿ ਤਨਿ ਤੂਹੈ ਅਧਾਰੀ ॥੧॥ ਰਹਾਉ ॥ | Whatever pleases You, they accept. You are the sustenance of their minds and bodies. \|\|1\|\|Pause\|\| |
| ਤੂੰ ਦਇਆਲੁ ਕ੍ਰਿਪਾਲੁ ਕ੍ਰਿਪਾ ਨਿਧਿ ਮਨਸਾ ਪੂਰਣਹਾਰਾ ॥ | You are kind and compassionate, the treasure of mercy, the fulfiller of our hopes. |
| ਭਗਤ ਤੇਰੇ ਸਭਿ ਪ੍ਰਾਣਪਤਿ ਪ੍ਰੀਤਮ ਤੂੰ ਭਗਤਨ ਕਾ ਪਿਆਰਾ ॥੨॥ | You are the Beloved Lord of life of all Your devotees; You are the Beloved of Your devotees. \|\|2\|\| |
| ਤੂ ਅਥਾਹੁ ਅਪਾਰੁ ਅਤਿ ਊਚਾ ਕੋਈ ਅਵਰੁ ਨ ਤੇਰੀ ਭਾਤੇ ॥ | You are unfathomable, infinite, lofty and exalted. There is no one else like You. |

ਇਹ ਅਰਦਾਸਿ ਹਮਾਰੀ ਸੁਆਮੀ ਵਿਸਰੁ ਨਾਹੀ ਸੁਖਦਾਤੇ ॥੩॥

This is my prayer, O my Lord and Master; may I never forget You, O Peace-giving Lord. ||3||

ਦਿਨੁ ਰੈਣਿ ਸਾਸਿ ਸਾਸਿ ਗੁਣ ਗਾਵਾ ਜੇ ਸੁਆਮੀ ਤੁਧੁ ਭਾਵਾ ॥

Day and night, with each and every breath, I sing Your Glorious Praises, if it is pleasing to Your Will.

ਨਾਮੁ ਤੇਰਾ ਸੁਖੁ ਨਾਨਕੁ ਮਾਗੈ ਸਾਹਿਬ ਤੁਠੈ ਪਾਵਾ ॥੪॥੧॥੪੮॥

Nanak begs for the peace of Your Name, O Lord and Master; as it is pleasing to Your Will, I shall attain it. ||4||1||48||

ਸੂਹੀ ਮਹਲਾ ੫ ॥

Soohee, Fifth Mehl:

ਵਿਸਰਹਿ ਨਾਹੀ ਜਿਤੁ ਤੂ ਕਬਹੂ ਸੋ ਥਾਨੁ ਤੇਰਾ ਕੇਹਾ ॥

Where is that place, where You are never forgotten, Lord?

ਆਠ ਪਹਰ ਜਿਤੁ ਤੁਧੁ ਧਿਆਈ ਨਿਰਮਲ ਹੋਵੈ ਦੇਹਾ ॥੧॥

Twenty-four hours a day, they meditate on You, and their bodies become spotless and pure. ||1||

ਮੇਰੇ ਰਾਮ ਹਉ ਸੋ ਥਾਨੁ ਭਾਲਣ ਆਇਆ ॥

O my Lord, I have come searching for that place.

ਖੋਜਤ ਖੋਜਤ ਭਇਆ ਸਾਧਸੰਗੁ ਤਿਨ੍ਹ ਸਰਣਾਈ ਪਾਇਆ ॥੧॥ ਰਹਾਉ ॥

After seeking and searching, I found Sanctuary in the Saadh Sangat, the Company of the Holy. ||1||Pause||

ਬੇਦ ਪੜੇ ਪੜਿ ਬ੍ਰਹਮੇ ਹਾਰੇ ਇਕੁ ਤਿਲੁ ਨਹੀ ਕੀਮਤਿ ਪਾਈ ॥

Reading and reciting the Vedas, Brahma grew weary, but he did not find even a tiny bit of God's worth.

ਸਾਧਿਕ ਸਿਧ ਫਿਰਹਿ ਬਿਲਲਾਤੇ ਤੇ ਭੀ ਮੋਹੇ ਮਾਈ ॥੨॥

The seekers and Siddhas wander around bewailing; they too are enticed by Maya. ||2||

ਦਸ ਅਉਤਾਰ ਰਾਜੇ ਹੋਇ ਵਰਤੇ ਮਹਾਦੇਵ ਅਉਧੂਤਾ ॥

There were ten regal incarnations of Vishnu; and then there was Shiva, the renunciate.

ਤਿਨ੍ਹ ਭੀ ਅੰਤੁ ਨ ਪਾਇਓ ਤੇਰਾ ਲਾਇ ਥਕੇ ਬਿਭੂਤਾ ॥੩॥

He did not find Your limits either, although he grew weary of smearing his body with ashes. ||3||

ਸਹਜ ਸੂਖ ਆਨੰਦ ਨਾਮ ਰਸ ਹਰਿ ਸੰਤੀ ਮੰਗਲੁ ਗਾਇਆ ॥

Peace, poise and bliss are found in the subtle essence of the Naam. The Lord's Saints sing the songs of joy.

ਸਫਲ ਦਰਸਨੁ ਭੇਟਿਓ ਗੁਰ ਨਾਨਕ ਤਾ ਮਨਿ ਤਨਿ ਹਰਿ ਹਰਿ ਧਿਆਇਆ ॥੪॥੨॥੪੯॥

I have obtained the Fruitful Vision of Guru Nanak's Darshan, and with my mind and body I meditate on the Lord, Har, Har. ||4||2||49||

| | |
|---|---|
| ਸੂਹੀ ਮਹਲਾ ੫ ॥ | Soohee, Fifth Mehl: |
| ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ ॥ | The religious rites, rituals and hypocrisies which are seen, are plundered by the Messenger of Death, the ultimate tax collector. |
| ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ ॥੧॥ | In the state of Nirvaanaa, sing the Kirtan of the Creator's Praises; contemplating Him in meditation, even for an instant, one is saved. \|\|1\|\| |
| ਸੰਤਹੁ ਸਾਗਰੁ ਪਾਰਿ ਉਤਰੀਐ ॥ | O Saints, cross over the world-ocean. |
| ਜੇ ਕੋ ਬਚਨੁ ਕਮਾਵੈ ਸੰਤਨ ਕਾ ਸੋ ਗੁਰ ਪਰਸਾਦੀ ਤਰੀਐ ॥੧॥ ਰਹਾਉ ॥ | One who practices the Teachings of the Saints, by Guru's Grace, is carried across. \|\|1\|\|Pause\|\| |
| ਕੋਟਿ ਤੀਰਥ ਮਜਨ ਇਸਨਾਨਾ ਇਸੁ ਕਲਿ ਮਹਿ ਮੈਲੁ ਭਰੀਜੈ ॥ | Millions of cleansing baths at sacred shrines of pilgrimage only fill the mortal with filth in this Dark Age of Kali Yuga. |
| ਸਾਧਸੰਗਿ ਜੋ ਹਰਿ ਗੁਣ ਗਾਵੈ ਸੋ ਨਿਰਮਲੁ ਕਰਿ ਲੀਜੈ ॥੨॥ | One who sings the Glorious Praises of the Lord in the Saadh Sangat, the Company of the Holy, becomes spotlessly pure. \|\|2\|\| |
| ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ ਇਨ੍ ਪੜਿਆ ਮੁਕਤਿ ਨ ਹੋਈ ॥ | One may read all the books of the Vedas, the Bible, the Simritees and the Shaastras, but they will not bring liberation. |
| ਏਕੁ ਅਖਰੁ ਜੋ ਗੁਰਮੁਖਿ ਜਾਪੈ ਤਿਸ ਕੀ ਨਿਰਮਲ ਸੋਈ ॥੩॥ | One who, as Gurmukh, chants the One Word, acquires a spotlessly pure reputation. \|\|3\|\| |
| ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ ॥ | The four castes - the Kh'shaatriyas, Brahmins, Soodras and Vaishyas - are equal in respect to the teachings. |
| **੭੪੮** | **748** |
| ਗੁਰਮੁਖਿ ਨਾਮੁ ਜਪੈ ਉਧਰੈ ਸੋ ਕਲਿ ਮਹਿ ਘਟਿ ਘਟਿ ਨਾਨਕ ਮਾਝਾ ॥੪॥੩॥੫੦॥ | One who, as Gurmukh, chants the Naam, the Name of the Lord, is saved. In this Dark Age of Kali Yuga, O Nanak, God is permeating the hearts of each and every being. \|\|4\|\|3\|\|50\|\| |
| ਸੂਹੀ ਮਹਲਾ ੫ ॥ | Soohee, Fifth Mehl: |
| ਜੋ ਕਿਛੁ ਕਰੈ ਸੋਈ ਪ੍ਰਭ ਮਾਨਹਿ ਓਇ ਰਾਮ ਨਾਮ ਰੰਗਿ ਰਾਤੇ ॥ | Whatever God causes to happen is accepted, by those who are attuned to the Love of the Lord's Name. |

| | |
|---|---|
| ਤਿਨ੍ ਕੀ ਸੋਭਾ ਸਭਨੀ ਥਾਈ ਜਿਨ੍ ਪ੍ਰਭ ਕੇ ਚਰਣ ਪਰਾਤੇ ॥੧॥ | Those who fall at the Feet of God are respected everywhere. \|\|1\|\| |
| ਮੇਰੇ ਰਾਮ ਹਰਿ ਸੰਤਾ ਜੇਵਡੁ ਨ ਕੋਈ ॥ | O my Lord, no one is as great as the Lord's Saints. |
| ਭਗਤਾ ਬਣਿ ਆਈ ਪ੍ਰਭ ਅਪਨੇ ਸਿਉ ਜਲਿ ਥਲਿ ਮਹੀਅਲਿ ਸੋਈ ॥੧॥ ਰਹਾਉ ॥ | The devotees are in harmony with their God; He is in the water, the land, and the sky. \|\|1\|\|Pause\|\| |
| ਕੋਟਿ ਅਪ੍ਰਾਧੀ ਸੰਤਸੰਗਿ ਉਧਰੈ ਜਮੁ ਤਾ ਕੈ ਨੇੜਿ ਨ ਆਵੈ ॥ | Millions of sinners have been saved in the Saadh Sangat, the Company of the Holy; the Messenger of Death does not even approach them. |
| ਜਨਮ ਜਨਮ ਕਾ ਬਿਛੁੜਿਆ ਹੋਵੈ ਤਿਨ੍ ਹਰਿ ਸਿਉ ਆਨਿ ਮਿਲਾਵੈ ॥੨॥ | Those who have been separated from the Lord, for countless incarnations, are reunited with the Lord again. \|\|2\|\| |
| ਮਾਇਆ ਮੋਹ ਭਰਮੁ ਭਉ ਕਾਟੈ ਸੰਤ ਸਰਣਿ ਜੋ ਆਵੈ ॥ | Attachment to Maya, doubt and fear are eradicated, when one enters the Sanctuary of the Saints. |
| ਜੇਹਾ ਮਨੋਰਥੁ ਕਰਿ ਆਰਾਧੇ ਸੋ ਸੰਤਨ ਤੇ ਪਾਵੈ ॥੩॥ | Whatever wishes one harbors, are obtained from the Saints. \|\|3\|\| |
| ਜਨ ਕੀ ਮਹਿਮਾ ਕੇਤਕ ਬਰਨਉ ਜੋ ਪ੍ਰਭ ਅਪਨੇ ਭਾਣੇ ॥ | How can I describe the glory of the Lord's humble servants? They are pleasing to their God. |
| ਕਹੁ ਨਾਨਕ ਜਿਨ ਸਤਿਗੁਰੁ ਭੇਟਿਆ ਸੇ ਸਭ ਤੇ ਭਏ ਨਿਕਾਣੇ ॥੪॥੪॥੫੧॥ | Says Nanak, those who meet the True Guru, become independent of all obligations. \|\|4\|\|4\|\|51\|\| |
| ਸੂਹੀ ਮਹਲਾ ੫ ॥ | Soohee, Fifth Mehl: |
| ਮਹਾ ਅਗਨਿ ਤੇ ਤੁਧੁ ਹਾਥ ਦੇ ਰਾਖੇ ਪਏ ਤੇਰੀ ਸਰਣਾਈ ॥ | Giving me Your Hand, You saved me from the terrible fire, when I sought Your Sanctuary. |
| ਤੇਰਾ ਮਾਣੁ ਤਾਣੁ ਰਿਦ ਅੰਤਰਿ ਹੋਰ ਦੂਜੀ ਆਸ ਚੁਕਾਈ ॥੧॥ | Deep within my heart, I respect Your strength; I have abandoned all other hopes. \|\|1\|\| |
| ਮੇਰੇ ਰਾਮ ਰਾਇ ਤੁਧੁ ਚਿਤਿ ਆਇਐ ਉਬਰੇ ॥ | O my Sovereign Lord, when You enter my consciousness, I am saved. |
| ਤੇਰੀ ਟੇਕ ਭਰਵਾਸਾ ਤੁਮ੍ਰਾ ਜਪਿ ਨਾਮੁ ਤੁਮ੍ਾਰਾ ਉਧਰੇ ॥੧॥ ਰਹਾਉ ॥ | You are my support. I count on You. Meditating on You, I am saved. \|\|1\|\|Pause\|\| |

| | |
|---|---|
| ਅੰਧ ਕੂਪ ਤੇ ਕਾਢਿ ਲੀਏ ਤੁਮ੍ ਆਪਿ ਭਏ ਕਿਰਪਾਲਾ ॥ | You pulled me up out of the deep, dark pit. You have become merciful to me. |
| ਸਾਰਿ ਸਮ੍ਾਲਿ ਸਰਬ ਸੁਖ ਦੀਏ ਆਪਿ ਕਰੇ ਪ੍ਰਤਿਪਾਲਾ ॥੨॥ | You care for me, and bless me with total peace; You Yourself cherish me. \|\|2\|\| |
| ਆਪਣੀ ਨਦਰਿ ਕਰੇ ਪਰਮੇਸਰੁ ਬੰਧਨ ਕਾਟਿ ਛਡਾਏ ॥ | The Transcendent Lord has blessed me with His Glance of Grace; breaking my bonds, He has delivered me. |
| ਆਪਣੀ ਭਗਤਿ ਪ੍ਰਭਿ ਆਪਿ ਕਰਾਈ ਆਪੇ ਸੇਵਾ ਲਾਏ ॥੩॥ | God Himself inspires me to worship Him; He Himself inspires me to serve Him. \|\|3\|\| |
| ਭਰਮੁ ਗਇਆ ਭੈ ਮੋਹ ਬਿਨਾਸੇ ਮਿਟਿਆ ਸਗਲ ਵਿਸੂਰਾ ॥ | My doubts have gone, my fears and infatuations have been dispelled, and all my sorrows are gone. |
| ਨਾਨਕ ਦਇਆ ਕਰੀ ਸੁਖਦਾਤੈ ਭੇਟਿਆ ਸਤਿਗੁਰੁ ਪੂਰਾ ॥੪॥੫॥੫੨॥ | O Nanak, the Lord, the Giver of peace has been merciful to me. I have met the Perfect True Guru. \|\|4\|\|5\|\|52\|\| |
| ਸੂਹੀ ਮਹਲਾ ੫ ॥ | Soohee, Fifth Mehl: |
| ਜਬ ਕਛੁ ਨ ਸੀਓ ਤਬ ਕਿਆ ਕਰਤਾ ਕਵਨ ਕਰਮ ਕਰਿ ਆਇਆ ॥ | When nothing existed, what deeds were being done? And what karma caused anyone to be born at all? |
| ਅਪਨਾ ਖੇਲੁ ਆਪਿ ਕਰਿ ਦੇਖੈ ਠਾਕੁਰਿ ਰਚਨੁ ਰਚਾਇਆ ॥੧॥ | The Lord Himself set His play in motion, and He Himself beholds it. He created the Creation. \|\|1\|\| |
| ਮੇਰੇ ਰਾਮ ਰਾਇ ਮੁਝ ਤੇ ਕਛੂ ਨ ਹੋਈ ॥ | O my Sovereign Lord, I cannot do anything at all by myself. |
| ਆਪੇ ਕਰਤਾ ਆਪਿ ਕਰਾਏ ਸਰਬ ਨਿਰੰਤਰਿ ਸੋਈ ॥੧॥ ਰਹਾਉ ॥ | He Himself is the Creator, He Himself is the Cause. He is pervading deep within all. \|\|1\|\|Pause\|\| |
| ਗਣਤੀ ਗਣੀ ਨ ਛੂਟੈ ਕਤਹੂ ਕਾਚੀ ਦੇਹ ਇਆਣੀ ॥ | If my account were to be judged, I would never be saved. My body is transitory and ignorant. |
| ਕ੍ਰਿਪਾ ਕਰਹੁ ਪ੍ਰਭ ਕਰਣੈਹਾਰੇ ਤੇਰੀ ਬਖਸ ਨਿਰਾਲੀ ॥੨॥ | Take pity upon me, O Creator Lord God; Your Forgiving Grace is singular and unique. \|\|2\|\| |
| ਜੀਅ ਜੰਤ ਸਭ ਤੇਰੇ ਕੀਤੇ ਘਟਿ ਘਟਿ ਤੁਹੀ ਧਿਆਈਐ ॥ | You created all beings and creatures. Each and every heart meditates on You. |

| | |
|---|---|
| ਤੇਰੀ ਗਤਿ ਮਿਤਿ ਤੂਹੈ ਜਾਣਹਿ ਕੁਦਰਤਿ ਕੀਮ ਨ ਪਾਈਐ ॥੩॥ | Your condition and expanse are known only to You; the value of Your creative omnipotence cannot be estimated. ‖3‖ |
| ਨਿਰਗੁਣੁ ਮੁਗਧੁ ਅਜਾਣੁ ਅਗਿਆਨੀ ਕਰਮ ਧਰਮ ਨਹੀ ਜਾਣਾ ॥ | I am worthless, foolish, thoughtless and ignorant. I know nothing about good actions and righteous living. |
| ਦਇਆ ਕਰਹੁ ਨਾਨਕੁ ਗੁਣ ਗਾਵੈ ਮਿਠਾ ਲਗੈ ਤੇਰਾ ਭਾਣਾ ॥੪॥੬॥੫੩॥ | Take pity on Nanak, that he may sing Your Glorious Praises; and that Your Will may seem sweet to him. ‖4‖6‖53‖ |
| ਸੂਹੀ ਮਹਲਾ ੫ ॥ | Soohee, Fifth Mehl: |
| **੭੪੯** | **749** |
| ਭਾਗਠੜੇ ਹਰਿ ਸੰਤ ਤੁਮ੍ਾਰੇ ਜਿਨ੍ ਘਰਿ ਧਨੁ ਹਰਿ ਨਾਮਾ ॥ | Your Saints are very fortunate; their homes are filled with the wealth of the Lord's Name. |
| ਪਰਵਾਣੁ ਗਣੀ ਸੇਈ ਇਹ ਆਏ ਸਫਲ ਤਿਨਾ ਕੇ ਕਾਮਾ ॥੧॥ | Their birth is approved, and their actions are fruitful. ‖1‖ |
| ਮੇਰੇ ਰਾਮ ਹਰਿ ਜਨ ਕੈ ਹਉ ਬਲਿ ਜਾਈ ॥ | O my Lord, I am a sacrifice to the humble servants of the Lord. |
| ਕੇਸਾ ਕਾ ਕਰਿ ਚਵਰੁ ਢੁਲਾਵਾ ਚਰਣ ਧੂੜਿ ਮੁਖਿ ਲਾਈ ॥੧॥ ਰਹਾਉ ॥ | I make my hair into a fan, and wave it over them; I apply the dust of their feet to my face. ‖1‖Pause‖ |
| ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥ | Those generous, humble beings are above both birth and death. |
| ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥੨॥ | They give the gift of the soul, and practice devotional worship; they inspire others to meet the Lord. ‖2‖ |
| ਸਚਾ ਅਮਰੁ ਸਚੀ ਪਾਤਿਸਾਹੀ ਸਚੇ ਸੇਤੀ ਰਾਤੇ ॥ | True are their commands, and true are their empires; they are attuned to the Truth. |
| ਸਚਾ ਸੁਖੁ ਸਚੀ ਵਡਿਆਈ ਜਿਸ ਕੇ ਸੇ ਤਿਨਿ ਜਾਤੇ ॥੩॥ | True is their happiness, and true is their greatness. They know the Lord, to whom they belong. ‖3‖ |
| ਪਖਾ ਫੇਰੀ ਪਾਣੀ ਢੋਵਾ ਹਰਿ ਜਨ ਕੈ ਪੀਸਣੁ ਪੀਸਿ ਕਮਾਵਾ ॥ | I wave the fan over them, carry water for them, and grind corn for the humble servants of the Lord. |

| | |
|---|---|
| ਨਾਨਕ ਕੀ ਪ੍ਰਭ ਪਾਸਿ ਬੇਨੰਤੀ ਤੇਰੇ ਜਨ ਦੇਖਣੁ ਪਾਵਾ ॥੪॥੭॥੫੪॥ | Nanak offers this prayer to God - please, grant me the sight of Your humble servants. ‖4‖7‖54‖ |
| ਸੂਹੀ ਮਹਲਾ ੫ ॥ | Soohee, Fifth Mehl: |
| ਪਾਰਬ੍ਰਹਮ ਪਰਮੇਸਰ ਸਤਿਗੁਰ ਆਪੇ ਕਰਣੈਹਾਰਾ ॥ | The True Guru is the Transcendent Lord, the Supreme Lord God; He Himself is the Creator Lord. |
| ਚਰਣ ਧੂੜਿ ਤੇਰੀ ਸੇਵਕੁ ਮਾਗੈ ਤੇਰੇ ਦਰਸਨ ਕਉ ਬਲਿਹਾਰਾ ॥੧॥ | Your servant begs for the dust of Your feet. I am a sacrifice to the Blessed Vision of Your Darshan. ‖1‖ |
| ਮੇਰੇ ਰਾਮ ਰਾਇ ਜਿਉ ਰਾਖਹਿ ਤਿਉ ਰਹੀਐ ॥ | O my Sovereign Lord, as You keep me, so do I remain. |
| ਤੁਧੁ ਭਾਵੈ ਤਾ ਨਾਮੁ ਜਪਾਵਹਿ ਸੁਖੁ ਤੇਰਾ ਦਿਤਾ ਲਹੀਐ ॥੧॥ ਰਹਾਉ ॥ | When it pleases You, I chant Your Name. You alone can grant me peace. ‖1‖Pause‖ |
| ਮੁਕਤਿ ਭੁਗਤਿ ਜੁਗਤਿ ਤੇਰੀ ਸੇਵਾ ਜਿਸੁ ਤੂੰ ਆਪਿ ਕਰਾਇਹਿ ॥ | Liberation, comfort and proper lifestyle come from serving You; You alone cause us to serve You. |
| ਤਹਾ ਬੈਕੁੰਠੁ ਜਹ ਕੀਰਤਨੁ ਤੇਰਾ ਤੂੰ ਆਪੇ ਸਰਧਾ ਲਾਇਹਿ ॥੨॥ | That place is heaven, where the Kirtan of the Lord's Praises are sung. You Yourself instill faith into us. ‖2‖ |
| ਸਿਮਰਿ ਸਿਮਰਿ ਸਿਮਰਿ ਨਾਮੁ ਜੀਵਾ ਤਨੁ ਮਨੁ ਹੋਇ ਨਿਹਾਲਾ ॥ | Meditating, meditating, meditating in remembrance on the Naam, I live; my mind and body are enraptured. |
| ਚਰਣ ਕਮਲ ਤੇਰੇ ਧੋਇ ਧੋਇ ਪੀਵਾ ਮੇਰੇ ਸਤਿਗੁਰ ਦੀਨ ਦਇਆਲਾ ॥੩॥ | I wash Your Lotus Feet, and drink in this water, O my True Guru, O Merciful to the meek. ‖3‖ |
| ਕੁਰਬਾਣੁ ਜਾਈ ਉਸੁ ਵੇਲਾ ਸੁਹਾਵੀ ਜਿਤੁ ਤੁਮਰੈ ਦੁਆਰੈ ਆਇਆ ॥ | I am a sacrifice to that most wonderful time when I came to Your Door. |
| ਨਾਨਕ ਕਉ ਪ੍ਰਭ ਭਏ ਕ੍ਰਿਪਾਲਾ ਸਤਿਗੁਰੁ ਪੂਰਾ ਪਾਇਆ ॥੪॥੮॥੫੫॥ | God has become compassionate to Nanak; I have found the Perfect True Guru. ‖4‖8‖55‖ |
| ਸੂਹੀ ਮਹਲਾ ੫ ॥ | Soohee, Fifth Mehl: |
| ਤੁਧੁ ਚਿਤਿ ਆਏ ਮਹਾ ਅਨੰਦਾ ਜਿਸੁ ਵਿਸਰਹਿ ਸੋ ਮਰਿ ਜਾਏ ॥ | When You come to mind, I am totally in bliss. One who forgets You might just as well be dead. |
| ਦਇਆਲੁ ਹੋਵਹਿ ਜਿਸੁ ਊਪਰਿ ਕਰਤੇ ਸੋ ਤੁਧੁ ਸਦਾ ਧਿਆਏ ॥੧॥ | That being, whom You bless with Your Mercy, O Creator Lord, constantly meditates on You. ‖1‖ |

| | |
|---|---|
| ਮੇਰੇ ਸਾਹਿਬ ਤੂੰ ਮੈ ਮਾਣੁ ਨਿਮਾਣੀ ॥ | O my Lord and Master, You are the honor of the dishonored such as me. |
| ਅਰਦਾਸਿ ਕਰੀ ਪ੍ਰਭ ਅਪਨੇ ਆਗੈ ਸੁਣਿ ਸੁਣਿ ਜੀਵਾ ਤੇਰੀ ਬਾਣੀ ॥੧॥ ਰਹਾਉ ॥ | I offer my prayer to You, God; listening, listening to the Word of Your Bani, I live. \|\|1\|\|Pause\|\| |
| ਚਰਣ ਧੂੜਿ ਤੇਰੇ ਜਨ ਕੀ ਹੋਵਾ ਤੇਰੇ ਦਰਸਨ ਕਉ ਬਲਿ ਜਾਈ ॥ | May I become the dust of the feet of Your humble servants. I am a sacrifice to the Blessed Vision of Your Darshan. |
| ਅੰਮ੍ਰਿਤ ਬਚਨ ਰਿਦੈ ਉਰਿ ਧਾਰੀ ਤਉ ਕਿਰਪਾ ਤੇ ਸੰਗੁ ਪਾਈ ॥੨॥ | I enshrine Your Ambrosial Word within my heart. By Your Grace, I have found the Company of the Holy. \|\|2\|\| |
| ਅੰਤਰ ਕੀ ਗਤਿ ਤੁਧੁ ਪਹਿ ਸਾਰੀ ਤੁਧੁ ਜੇਵਡੁ ਅਵਰੁ ਨ ਕੋਈ ॥ | I place the state of my inner being before You; there is no other as great as You. |
| ਜਿਸ ਨੋ ਲਾਇ ਲੈਹਿ ਸੋ ਲਾਗੈ ਭਗਤੁ ਤੁਹਾਰਾ ਸੋਈ ॥੩॥ | He alone is attached, whom You attach; he alone is Your devotee. \|\|3\|\| |
| ਦੁਇ ਕਰ ਜੋੜਿ ਮਾਗਉ ਇਕੁ ਦਾਨਾ ਸਾਹਿਬਿ ਤੁਠੈ ਪਾਵਾ ॥ | With my palms pressed together, I beg for this one gift; O my Lord and Master, if it pleases You, I shall obtain it. |
| ਸਾਸਿ ਸਾਸਿ ਨਾਨਕੁ ਆਰਾਧੇ ਆਠ ਪਹਰ ਗੁਣ ਗਾਵਾ ॥੪॥੯॥੫੬॥ | With each and every breath, Nanak adores You; twenty-four hours a day, I sing Your Glorious Praises. \|\|4\|\|9\|\|56\|\| |
| ਸੂਹੀ ਮਹਲਾ ੫ ॥ | Soohee, Fifth Mehl: |
| ਜਿਸ ਕੇ ਸਿਰ ਊਪਰਿ ਤੂੰ ਸੁਆਮੀ ਸੋ ਦੁਖੁ ਕੈਸਾ ਪਾਵੈ ॥ | When You stand over our heads, O Lord and Master, how can we suffer in pain? |
| ਬੋਲਿ ਨ ਜਾਣੈ ਮਾਇਆ ਮਦਿ ਮਾਤਾ ਮਰਣਾ ਚੀਤਿ ਨ ਆਵੈ ॥੧॥ | The mortal being does not know how to chant Your Name - he is intoxicated with the wine of Maya, and the thought of death does not even enter his mind. \|\|1\|\| |
| ਮੇਰੇ ਰਾਮ ਰਾਇ ਤੂੰ ਸੰਤਾ ਕਾ ਸੰਤ ਤੇਰੇ ॥ | O my Sovereign Lord, You belong to the Saints, and the Saints belong to You. |
| **੭੫੦** | **750** |
| ਤੇਰੇ ਸੇਵਕ ਕਉ ਭਉ ਕਿਛੁ ਨਾਹੀ ਜਮੁ ਨਹੀ ਆਵੈ ਨੇਰੇ ॥੧॥ ਰਹਾਉ ॥ | Your servant is not afraid of anything; the Messenger of Death cannot even approach him. \|\|1\|\|Pause\|\| |

ਜੋ ਤੇਰੈ ਰੰਗਿ ਰਾਤੇ ਸੁਆਮੀ ਤਿਨ੍ ਕਾ ਜਨਮ ਮਰਣ ਦੁਖੁ ਨਾਸਾ ॥

Those who are attuned to Your Love, O my Lord and Master, are released from the pains of birth and death.

ਤੇਰੀ ਬਖਸ ਨ ਮੇਟੈ ਕੋਈ ਸਤਿਗੁਰ ਕਾ ਦਿਲਾਸਾ ॥੨॥

No one can erase Your Blessings; the True Guru has given me this assurance. ||2||

ਨਾਮੁ ਧਿਆਇਨਿ ਸੁਖ ਫਲ ਪਾਇਨਿ ਆਠ ਪਹਰ ਆਰਾਧਹਿ ॥

Those who meditate on the Naam, the Name of the Lord, obtain the fruits of peace. Twenty-four hours a day, they worship and adore You.

ਤੇਰੀ ਸਰਣਿ ਤੇਰੈ ਭਰਵਾਸੈ ਪੰਚ ਦੁਸਟ ਲੈ ਸਾਧਹਿ ॥੩॥

In Your Sanctuary, with Your Support, they subdue the five villains. ||3||

ਗਿਆਨੁ ਧਿਆਨੁ ਕਿਛੁ ਕਰਮੁ ਨ ਜਾਣਾ ਸਾਰ ਨ ਜਾਣਾ ਤੇਰੀ ॥

I know nothing about wisdom, meditation and good deeds; I know nothing about Your excellence.

ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ ॥੪॥੧੦॥੫੭॥

Guru Nanak is the greatest of all; He saved my honor in this Dark Age of Kali Yuga. ||4||10||57||

ਸੂਹੀ ਮਹਲਾ ੫ ॥

Soohee, Fifth Mehl:

ਸਗਲ ਤਿਆਗਿ ਗੁਰ ਸਰਣੀ ਆਇਆ ਰਾਖਹੁ ਰਾਖਨਹਾਰੇ ॥

Renouncing everything, I have come to the Guru's Sanctuary; save me, O my Savior Lord!

ਜਿਤੁ ਤੂ ਲਾਵਹਿ ਤਿਤੁ ਹਮ ਲਾਗਹ ਕਿਆ ਏਹਿ ਜੰਤ ਵਿਚਾਰੇ ॥੧॥

Whatever You link me to, to that I am linked; what can this poor creature do? ||1||

ਮੇਰੇ ਰਾਮ ਜੀ ਤੂੰ ਪ੍ਰਭ ਅੰਤਰਜਾਮੀ ॥

O my Dear Lord God, You are the Inner-knower, the Searcher of hearts.

ਕਰਿ ਕਿਰਪਾ ਗੁਰਦੇਵ ਦਇਆਲਾ ਗੁਣ ਗਾਵਾ ਨਿਤ ਸੁਆਮੀ ॥੧॥ ਰਹਾਉ ॥

Be Merciful to me, O Divine, Compassionate Guru, that I may constantly sing the Glorious Praises of my Lord and Master. ||1||Pause||

ਆਠ ਪਹਰ ਪ੍ਰਭੁ ਅਪਨਾ ਧਿਆਈਐ ਗੁਰ ਪ੍ਰਸਾਦਿ ਭਉ ਤਰੀਐ ॥

Twenty-four hours a day, I meditate on my God; by Guru's Grace, I cross over the terrifying world-ocean.

ਆਪੁ ਤਿਆਗਿ ਹੋਈਐ ਸਭ ਰੇਣਾ ਜੀਵਤਿਆ ਇਉ ਮਰੀਐ ॥੨॥

Renouncing self-conceit, I have become the dust of all men's feet; in this way, I die, while I am still alive. ||2||

ਸਫਲ ਜਨਮੁ ਤਿਸ ਕਾ ਜਗ ਭੀਤਰਿ ਸਾਧਸੰਗਿ ਨਾਉ ਜਾਪੇ ॥

How fruitful is the life of that being in this world, who chants the Name in the Saadh Sangat, the Company of the Holy.

| | |
|---|---|
| ਸਗਲ ਮਨੋਰਥ ਤਿਸ ਕੇ ਪੂਰਨ ਜਿਸੁ ਦਇਆ ਕਰੇ ਪ੍ਰਭੁ ਆਪੇ ॥੩॥ | All desires are fulfilled, for the one who is blessed with God's Kindness and Mercy. \|\|3\|\| |
| ਦੀਨ ਦਇਆਲ ਕ੍ਰਿਪਾਲ ਪ੍ਰਭ ਸੁਆਮੀ ਤੇਰੀ ਸਰਣਿ ਦਇਆਲਾ ॥ | O Merciful to the meek, Kind and Compassionate Lord God, I seek Your Sanctuary. |
| ਕਰਿ ਕਿਰਪਾ ਅਪਨਾ ਨਾਮੁ ਦੀਜੈ ਨਾਨਕ ਸਾਧ ਰਵਾਲਾ ॥੪॥੧੧॥੫੮॥ | Take pity upon me, and bless me with Your Name. Nanak is the dust of the feet of the Holy. \|\|4\|\|11\|\|58\|\| |
| ਰਾਗੁ ਸੂਹੀ ਅਸਟਪਦੀਆ ਮਹਲਾ ੧ ਘਰੁ ੧ | Raag Soohee, Ashtapadee, First Mehl, First House: |
| ੧ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਸਭਿ ਅਵਗਣ ਮੈ ਗੁਣੁ ਨਹੀ ਕੋਈ ॥ | I am totally without virtue; I have no virtue at all. |
| ਕਿਉ ਕਰਿ ਕੰਤ ਮਿਲਾਵਾ ਹੋਈ ॥੧॥ | How can I meet my Husband Lord? \|\|1\|\| |
| ਨਾ ਮੈ ਰੂਪੁ ਨ ਬੰਕੇ ਨੈਣਾ ॥ | I have no beauty, no enticing eyes. |
| ਨਾ ਕੁਲ ਢੰਗੁ ਨ ਮੀਠੇ ਬੈਣਾ ॥੧॥ ਰਹਾਉ ॥ | I do not have a noble family, good manners or a sweet voice. \|\|1\|\|Pause\|\| |
| ਸਹਜਿ ਸੀਗਾਰ ਕਾਮਣਿ ਕਰਿ ਆਵੈ ॥ | The soul-bride adorns herself with peace and poise. |
| ਤਾ ਸੋਹਾਗਣਿ ਜਾ ਕੰਤੈ ਭਾਵੈ ॥੨॥ | But she is a happy soul-bride, only if her Husband Lord is pleased with her. \|\|2\|\| |
| ਨਾ ਤਿਸੁ ਰੂਪੁ ਨ ਰੇਖਿਆ ਕਾਈ ॥ | He has no form or feature; |
| ਅੰਤਿ ਨ ਸਾਹਿਬੁ ਸਿਮਰਿਆ ਜਾਈ ॥੩॥ | at the very last instant, he cannot suddenly be contemplated. \|\|3\|\| |
| ਸੁਰਤਿ ਮਤਿ ਨਾਹੀ ਚਤੁਰਾਈ ॥ | I have no understanding, intellect or cleverness. |
| ਕਰਿ ਕਿਰਪਾ ਪ੍ਰਭ ਲਾਵਹੁ ਪਾਈ ॥੪॥ | Have Mercy upon me, God, and attach me to Your Feet. \|\|4\|\| |
| ਖਰੀ ਸਿਆਣੀ ਕੰਤ ਨ ਭਾਣੀ ॥ | She may be very clever, but this does not please her Husband Lord. |
| ਮਾਇਆ ਲਾਗੀ ਭਰਮਿ ਭੁਲਾਣੀ ॥੫॥ | Attached to Maya, she is deluded by doubt. \|\|5\|\| |
| ਹਉਮੈ ਜਾਈ ਤਾ ਕੰਤ ਸਮਾਈ ॥ | But if she gets rid of her ego, then she merges in her Husband Lord. |

| | |
|---|---|
| ਤਉ ਕਾਮਣਿ ਪਿਆਰੇ ਨਵ ਨਿਧਿ ਪਾਈ ॥੬॥ | Only then can the soul-bride obtain the nine treasures of her Beloved. ‖6‖ |
| ਅਨਿਕ ਜਨਮ ਬਿਛੁਰਤ ਦੁਖੁ ਪਾਇਆ ॥ | Separated from You for countless incarnations, I have suffered in pain. |
| ਕਰੁ ਗਹਿ ਲੇਹੁ ਪ੍ਰੀਤਮ ਪ੍ਰਭ ਰਾਇਆ ॥੭॥ | Please take my hand, O my Beloved Sovereign Lord God. ‖7‖ |
| ਭਣਤਿ ਨਾਨਕੁ ਸਹੁ ਹੈ ਭੀ ਹੋਸੀ ॥ | Prays Nanak, the Lord is, and shall always be. |
| ਜੈ ਭਾਵੈ ਪਿਆਰਾ ਤੈ ਰਾਵੇਸੀ ॥੮॥੧॥ | She alone is ravished and enjoyed, with whom the Beloved Lord is pleased. ‖8‖1‖ |

## ੭੫੧ / 751

| | |
|---|---|
| ਸੂਹੀ ਮਹਲਾ ੧ ਘਰੁ ੯ | Soohee, First Mehl, Ninth House: |
| ੧ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਕਚਾ ਰੰਗੁ ਕਸੁੰਭ ਕਾ ਥੋੜੜਿਆ ਦਿਨ ਚਾਰਿ ਜੀਉ ॥ | The color of safflower is transitory; it lasts for only a few days. |
| ਵਿਣੁ ਨਾਵੈ ਭ੍ਰਮਿ ਭੁਲੀਆ ਠਗਿ ਮੁਠੀ ਕੂੜਿਆਰਿ ਜੀਉ ॥ | Without the Name, the false woman is deluded by doubt and plundered by thieves. |
| ਸਚੇ ਸੇਤੀ ਰਤਿਆ ਜਨਮੁ ਨ ਦੂਜੀ ਵਾਰ ਜੀਉ ॥੧॥ | But those who are attuned to the True Lord, are not reincarnated again. ‖1‖ |
| ਰੰਗੇ ਕਾ ਕਿਆ ਰੰਗੀਐ ਜੋ ਰਤੇ ਰੰਗੁ ਲਾਇ ਜੀਉ ॥ | How can one who is already dyed in the color of the Lord's Love, be colored any other color? |
| ਰੰਗਣ ਵਾਲਾ ਸੇਵੀਐ ਸਚੇ ਸਿਉ ਚਿਤੁ ਲਾਇ ਜੀਉ ॥੧॥ ਰਹਾਉ ॥ | So serve God the Dyer, and focus your consciousness on the True Lord. ‖1‖Pause‖ |
| ਚਾਰੇ ਕੁੰਡਾ ਜੇ ਭਵਹਿ ਬਿਨੁ ਭਾਗਾ ਧਨੁ ਨਾਹਿ ਜੀਉ ॥ | You wander around in the four directions, but without the good fortune of destiny, you shall never obtain wealth. |
| ਅਵਗਣਿ ਮੁਠੀ ਜੇ ਫਿਰਹਿ ਬਧਿਕ ਥਾਇ ਨ ਪਾਹਿ ਜੀਉ ॥ | If you are plundered by corruption and vice, you shall wander around, but like a fugitive, you shall find no place of rest. |
| ਗੁਰਿ ਰਾਖੇ ਸੇ ਉਬਰੇ ਸਬਦਿ ਰਤੇ ਮਨ ਮਾਹਿ ਜੀਉ ॥੨॥ | Only those who are protected by the Guru are saved; their minds are attuned to the Word of the Shabad. ‖2‖ |

| | |
|---|---|
| ਚਿਟੇ ਜਿਨ ਕੇ ਕਪੜੇ ਮੈਲੇ ਚਿਤ ਕਠੋਰ ਜੀਉ ॥ | Those who wear white clothes, but have filthy and stone-hearted minds, |
| ਤਿਨ ਮੁਖਿ ਨਾਮੁ ਨ ਊਪਜੈ ਦੂਜੈ ਵਿਆਪੇ ਚੋਰ ਜੀਉ ॥ | may chant the Lord's Name with their mouths, but they are engrossed in duality; they are thieves. |
| ਮੂਲੁ ਨ ਬੂਝਹਿ ਆਪਣਾ ਸੇ ਪਸੂਆ ਸੇ ਢੋਰ ਜੀਉ ॥੩॥ | They do not understand their own roots; they are beasts. They are just animals! \|\|3\|\| |
| ਨਿਤ ਨਿਤ ਖੁਸੀਆ ਮਨੁ ਕਰੇ ਨਿਤ ਨਿਤ ਮੰਗੈ ਸੁਖ ਜੀਉ ॥ | Constantly, continually, the mortal seeks pleasures. Constantly, continually, he begs for peace. |
| ਕਰਤਾ ਚਿਤਿ ਨ ਆਵਈ ਫਿਰਿ ਫਿਰਿ ਲਗਹਿ ਦੁਖ ਜੀਉ ॥ | But he does not think of the Creator Lord, and so he is overtaken by pain, again and again. |
| ਸੁਖ ਦੁਖ ਦਾਤਾ ਮਨਿ ਵਸੈ ਤਿਤੁ ਤਨਿ ਕੈਸੀ ਭੁਖ ਜੀਉ ॥੪॥ | But one, within whose mind the Giver of pleasure and pain dwells - how can his body feel any need? \|\|4\|\| |
| ਬਾਕੀ ਵਾਲਾ ਤਲਬੀਐ ਸਿਰਿ ਮਾਰੇ ਜੰਦਾਰੁ ਜੀਉ ॥ | One who has a karmic debt to pay off is summoned, and the Messenger of Death smashes his head. |
| ਲੇਖਾ ਮੰਗੈ ਦੇਵਣਾ ਪੁਛੈ ਕਰਿ ਬੀਚਾਰੁ ਜੀਉ ॥ | When his account is called for, it has to be given. After it is reviewed, payment is demanded. |
| ਸਚੇ ਕੀ ਲਿਵ ਉਬਰੈ ਬਖਸੇ ਬਖਸਣਹਾਰੁ ਜੀਉ ॥੫॥ | Only love for the True One will save you; the Forgiver forgives. \|\|5\|\| |
| ਅਨ ਕੋ ਕੀਜੈ ਮਿਤੜਾ ਖਾਕੁ ਰਲੈ ਮਰਿ ਜਾਇ ਜੀਉ ॥ | If you make any friend other than God, you shall die and mingle with the dust. |
| ਬਹੁ ਰੰਗ ਦੇਖਿ ਭੁਲਾਇਆ ਭੁਲਿ ਭੁਲਿ ਆਵੈ ਜਾਇ ਜੀਉ ॥ | Gazing upon the many games of love, you are beguiled and bewildered; you come and go in reincarnation. |
| ਨਦਰਿ ਪ੍ਰਭੂ ਤੇ ਛੁਟੀਐ ਨਦਰੀ ਮੇਲਿ ਮਿਲਾਇ ਜੀਉ ॥੬॥ | Only by God's Grace can you be saved. By His Grace, He unites in His Union. \|\|6\|\| |
| ਗਾਫਲ ਗਿਆਨ ਵਿਹੂਣਿਆ ਗੁਰ ਬਿਨੁ ਗਿਆਨੁ ਨ ਭਾਲਿ ਜੀਉ ॥ | O careless one, you are totally lacking any wisdom; do not seek wisdom without the Guru. |
| ਖਿੰਚੋਤਾਣਿ ਵਿਗੁਚੀਐ ਬੁਰਾ ਭਲਾ ਦੁਇ ਨਾਲਿ ਜੀਉ ॥ | By indecision and inner conflict, you shall come to ruin. Good and bad both pull at you. |
| ਬਿਨੁ ਸਬਦੈ ਭੈ ਰਤਿਆ ਸਭ ਜੋਹੀ ਜਮਕਾਲਿ ਜੀਉ ॥੭॥ | Without being attuned to the Word of the Shabad and the Fear of God, all come under the gaze of the Messenger of Death. \|\|7\|\| |

| | |
|---|---|
| ਜਿਨਿ ਕਰਿ ਕਾਰਣੁ ਧਾਰਿਆ ਸਭਸੈ ਦੇਇ ਆਧਾਰੁ ਜੀਉ ॥ | He who created the creation and sustains it, gives sustenance to all. |
| ਸੋ ਕਿਉ ਮਨਹੁ ਵਿਸਾਰੀਐ ਸਦਾ ਸਦਾ ਦਾਤਾਰੁ ਜੀਉ ॥ | How can you forget Him from your mind? He is the Great Giver, forever and ever. |
| ਨਾਨਕ ਨਾਮੁ ਨ ਵੀਸਰੈ ਨਿਧਾਰਾ ਆਧਾਰੁ ਜੀਉ ॥੮॥੧॥੨॥ | Nanak shall never forget the Naam, the Name of the Lord, the Support of the unsupported. \|\|8\|\|1\|\|2\|\| |
| ਸੂਹੀ ਮਹਲਾ ੧ ਕਾਫੀ ਘਰੁ ੧੦ | Soohee, First Mehl, Kaafee, Tenth House: |
| ੧ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਮਾਣਸ ਜਨਮੁ ਦੁਲੰਭੁ ਗੁਰਮੁਖਿ ਪਾਇਆ ॥ | For if you depart with virtue, then pain shall never afflict you. \|\|5\|\| |
| ਮਨੁ ਤਨੁ ਹੋਇ ਚੁਲੰਭੁ ਜੇ ਸਤਿਗੁਰ ਭਾਇਆ ॥੧॥ | The mind and body are dyed in the deep red color of devotional love, if it pleases the True Guru. \|\|1\|\| |
| ਚਲੈ ਜਨਮੁ ਸਵਾਰਿ ਵਖਰੁ ਸਚੁ ਲੈ ॥ | He departs with his life embellished and successful, taking the merchandise of the True Name. |
| ਪਤਿ ਪਾਏ ਦਰਬਾਰਿ ਸਤਿਗੁਰ ਸਬਦਿ ਭੈ ॥੧॥ ਰਹਾਉ ॥ | He is honored in the Darbaar, the Royal Court, of the Lord, through the Shabad, the Word of the True Guru, and the Fear of God. \|\|1\|\|Pause\|\| |
| ਮਨਿ ਤਨਿ ਸਚੁ ਸਲਾਹਿ ਸਾਚੇ ਮਨਿ ਭਾਇਆ ॥ | One who praises the True Lord with his mind and body, pleases the Mind of the True Lord. |
| ੭੫੨ | 752 |
| ਲਾਲਿ ਰਤਾ ਮਨੁ ਮਾਨਿਆ ਗੁਰੁ ਪੂਰਾ ਪਾਇਆ ॥੨॥ | Attuned to the Beloved Lord, the mind is appeased, and finds the Perfect Guru. \|\|2\|\| |
| ਹਉ ਜੀਵਾ ਗੁਣ ਸਾਰਿ ਅੰਤਰਿ ਤੂ ਵਸੈ ॥ | I live, by cherishing Your Glorious Virtues; You dwell deep within me. |
| ਤੂੰ ਵਸਹਿ ਮਨ ਮਾਹਿ ਸਹਜੇ ਰਸਿ ਰਸੈ ॥੩॥ | You dwell within my mind, and so it naturally celebrates in joyful delight. \|\|3\|\| |
| ਮੂਰਖ ਮਨ ਸਮਝਾਇ ਆਖਉ ਕੇਤੜਾ ॥ | O my foolish mind, how can I teach and instruct you? |

| | |
|---|---|
| ਗੁਰਮੁਖਿ ਹਰਿ ਗੁਣ ਗਾਇ ਰੰਗਿ ਰੰਗੇਤੜਾ ॥੪॥ | As Gurmukh, sing the Glorious Praises of the Lord, and so become attuned to His Love. \|\|4\|\| |
| ਨਿਤ ਨਿਤ ਰਿਦੈ ਸਮਾਲਿ ਪ੍ਰੀਤਮੁ ਆਪਣਾ ॥ | Continually, continuously, remember and cherish your Beloved Lord in your heart. |
| ਜੇ ਚਲਹਿ ਗੁਣ ਨਾਲਿ ਨਾਹੀ ਦੁਖੁ ਸੰਤਾਪਣਾ ॥੫॥ | For if you depart with virtue, then pain shall never afflict you. \|\|5\|\| |
| ਮਨਮੁਖ ਭਰਮਿ ਭੁਲਾਣਾ ਨਾ ਤਿਸੁ ਰੰਗੁ ਹੈ ॥ | The self-willed manmukh wanders around, deluded by doubt; he does not enshrine love for the Lord. |
| ਮਰਸੀ ਹੋਇ ਵਿਡਾਣਾ ਮਨਿ ਤਨਿ ਭੰਗੁ ਹੈ ॥੬॥ | He dies as a stranger to his own self, and his mind and body are spoiled. \|\|6\|\| |
| ਗੁਰ ਕੀ ਕਾਰ ਕਮਾਇ ਲਾਹਾ ਘਰਿ ਆਣਿਆ ॥ | Performing service to the Guru, you shall go home with the profit. |
| ਗੁਰਬਾਣੀ ਨਿਰਬਾਣੁ ਸਬਦਿ ਪਛਾਣਿਆ ॥੭॥ | Through the Word of the Guru's Bani, and the Shabad, the Word of God, the state of Nirvaanaa is attained. \|\|7\|\| |
| ਇਕ ਨਾਨਕ ਕੀ ਅਰਦਾਸਿ ਜੇ ਤੁਧੁ ਭਾਵਸੀ ॥ | Nanak makes this one prayer: if it pleases Your Will, |
| ਮੈ ਦੀਜੈ ਨਾਮ ਨਿਵਾਸੁ ਹਰਿ ਗੁਣ ਗਾਵਸੀ ॥੮॥੧॥੩॥ | bless me with a home in Your Name, Lord, that I may sing Your Glorious Praises. \|\|8\|\|1\|\|3\|\| |
| ਸੂਹੀ ਮਹਲਾ ੧ ॥ | Soohee, First Mehl: |
| ਜਿਉ ਆਰਣਿ ਲੋਹਾ ਪਾਇ ਭੰਨਿ ਘੜਾਈਐ ॥ | As iron is melted in the forge and re-shaped, |
| ਤਿਉ ਸਾਕਤੁ ਜੋਨੀ ਪਾਇ ਭਵੈ ਭਵਾਈਐ ॥੧॥ | so is the godless materialist reincarnated, and forced to wander aimlessly. \|\|1\|\| |
| ਬਿਨੁ ਬੂਝੇ ਸਭੁ ਦੁਖੁ ਦੁਖੁ ਕਮਾਵਣਾ ॥ | Without understanding, everything is suffering, earning only more suffering. |
| ਹਉਮੈ ਆਵੈ ਜਾਇ ਭਰਮਿ ਭੁਲਾਵਣਾ ॥੧॥ ਰਹਾਉ ॥ | In his ego, he comes and goes, wandering in confusion, deluded by doubt. \|\|1\|\|Pause\|\| |
| ਤੂੰ ਗੁਰਮੁਖਿ ਰਖਣਹਾਰੁ ਹਰਿ ਨਾਮੁ ਧਿਆਈਐ ॥ | You save those who are Gurmukh, O Lord, through meditation on Your Naam. |

| | |
|---|---|
| ਮੇਲਹਿ ਤੁਝਹਿ ਰਜਾਇ ਸਬਦੁ ਕਮਾਈਐ ॥੨॥ | You blend with Yourself, by Your Will, those who practice the Word of the Shabad. \|\|2\|\| |
| ਤੂੰ ਕਰਿ ਕਰਿ ਵੇਖਹਿ ਆਪਿ ਦੇਹਿ ਸੁ ਪਾਈਐ ॥ | You created the Creation, and You Yourself gaze upon it; whatever You give, is received. |
| ਤੂ ਦੇਖਹਿ ਥਾਪਿ ਉਥਾਪਿ ਦਰਿ ਬੀਨਾਈਐ ॥੩॥ | You watch, establish and disestablish; You keep all in Your vision at Your Door. \|\|3\|\| |
| ਦੇਹੀ ਹੋਵਗਿ ਖਾਕੁ ਪਵਣੁ ਉਡਾਈਐ ॥ | The body shall turn to dust, and the soul shall fly away. |
| ਇਹੁ ਕਿਥੈ ਘਰੁ ਅਉਤਾਕੁ ਮਹਲੁ ਨ ਪਾਈਐ ॥੪॥ | So where are their homes and resting places now? They do not find the Mansion of the Lord's Presence, either. \|\|4\|\| |
| ਦਿਹੁ ਦੀਵੀ ਅੰਧ ਘੋਰੁ ਘਬੁ ਮੁਹਾਈਐ ॥ | In the pitch darkness of broad daylight, their wealth is being plundered. |
| ਗਰਬਿ ਮੁਸੈ ਘਰੁ ਚੋਰੁ ਕਿਸੁ ਰੂਆਈਐ ॥੫॥ | Pride is looting their homes like a thief; where can they file their complaint? \|\|5\|\| |
| ਗੁਰਮੁਖਿ ਚੋਰੁ ਨ ਲਾਗਿ ਹਰਿ ਨਾਮਿ ਜਗਾਈਐ ॥ | The thief does not break into the home of the Gurmukh; he is awake in the Name of the Lord. |
| ਸਬਦਿ ਨਿਵਾਰੀ ਆਗਿ ਜੋਤਿ ਦੀਪਾਈਐ ॥੬॥ | The Word of the Shabad puts out the fire of desire; God's Light illuminates and enlightens. \|\|6\|\| |
| ਲਾਲੁ ਰਤਨੁ ਹਰਿ ਨਾਮੁ ਗੁਰਿ ਸੁਰਤਿ ਬੁਝਾਈਐ ॥ | The Naam, the Name of the Lord, is a jewel, a ruby; the Guru has taught me the Word of the Shabad. |
| ਸਦਾ ਰਹੈ ਨਿਹਕਾਮੁ ਜੇ ਗੁਰਮਤਿ ਪਾਈਐ ॥੭॥ | One who follows the Guru's Teachings remains forever free of desire. \|\|7\|\| |
| ਰਾਤਿ ਦਿਹੈ ਹਰਿ ਨਾਉ ਮੰਨਿ ਵਸਾਈਐ ॥ | Night and day, enshrine the Lord's Name within your mind. |
| ਨਾਨਕ ਮੇਲਿ ਮਿਲਾਇ ਜੇ ਤੁਧੁ ਭਾਈਐ ॥੮॥੨॥੪॥ | Please unite Nanak in Union, O Lord, if it is pleasing to Your Will. \|\|8\|\|2\|\|4\|\| |
| ਸੂਹੀ ਮਹਲਾ ੧ ॥ | Soohee, First Mehl: |
| ਮਨਹੁ ਨ ਨਾਮੁ ਵਿਸਾਰਿ ਅਹਿਨਿਸਿ ਧਿਆਈਐ ॥ | Never forget the Naam, the Name of the Lord, from your mind; night and day, meditate on it. |

| | |
|---|---|
| ਜਿਉ ਰਾਖਹਿ ਕਿਰਪਾ ਧਾਰਿ ਤਿਵੈ ਸੁਖੁ ਪਾਈਐ ॥੧॥ | As You keep me, in Your Merciful Grace, so do I find peace. \|\|1\|\| |
| ਮੈ ਅੰਧੁਲੇ ਹਰਿ ਨਾਮੁ ਲਕੁਟੀ ਟੋਹਣੀ ॥ | I am blind, and the Lord's Name is my cane. |
| ਰਹਉ ਸਾਹਿਬ ਕੀ ਟੇਕ ਨ ਮੋਹੈ ਮੋਹਣੀ ॥੧॥ ਰਹਾਉ ॥ | I remain under the Sheltering Support of my Lord and Master; I am not enticed by Maya the enticer. \|\|1\|\|Pause\|\| |
| ਜਹ ਦੇਖਉ ਤਹ ਨਾਲਿ ਗੁਰਿ ਦੇਖਾਲਿਆ ॥ | Wherever I look, there the Guru has shown me that God is always with me. |
| ਅੰਤਰਿ ਬਾਹਰਿ ਭਾਲਿ ਸਬਦਿ ਨਿਹਾਲਿਆ ॥੨॥ | Searching inwardly and outwardly as well, I came to see Him, through the Word of the Shabad. \|\|2\|\| |
| ਸੇਵੀ ਸਤਿਗੁਰ ਭਾਇ ਨਾਮੁ ਨਿਰੰਜਨਾ ॥ | So serve the True Guru with love, through the Immaculate Naam, the Name of the Lord. |
| ਤੁਧੁ ਭਾਵੈ ਤਿਵੈ ਰਜਾਇ ਭਰਮੁ ਭਉ ਭੰਜਨਾ ॥੩॥ | As it pleases You, so by Your Will, You destroy my doubts and fears. \|\|3\|\| |
| ਜਨਮਤ ਹੀ ਦੁਖੁ ਲਾਗੈ ਮਰਣਾ ਆਇ ਕੈ ॥ | At the very moment of birth, he is afflicted with pain, and in the end, he comes only to die. |
| ਜਨਮੁ ਮਰਣੁ ਪਰਵਾਣੁ ਹਰਿ ਗੁਣ ਗਾਇ ਕੈ ॥੪॥ | Birth and death are validated and approved, singing the Glorious Praises of the Lord. \|\|4\|\| |
| ਹਉ ਨਾਹੀ ਤੂ ਹੋਵਹਿ ਤੁਧ ਹੀ ਸਾਜਿਆ ॥ | When there is no ego, there You are; You fashioned all of this. |
| **੭੫੩** | **753** |
| ਆਪੇ ਥਾਪਿ ਉਥਾਪਿ ਸਬਦਿ ਨਿਵਾਜਿਆ ॥੫॥ | You Yourself establish and disestablish; through the Word of Your Shabad, You elevate and exalt. \|\|5\|\| |
| ਦੇਹੀ ਭਸਮ ਰੁਲਾਇ ਨ ਜਾਪੀ ਕਹ ਗਇਆ ॥ | When the body rolls in the dust, it is not known where the soul has gone. |
| ਆਪੇ ਰਹਿਆ ਸਮਾਇ ਸੋ ਵਿਸਮਾਦੁ ਭਇਆ ॥੬॥ | He Himself is permeating and pervading; this is wonderful and amazing! \|\|6\|\| |
| ਤੂੰ ਨਾਹੀ ਪ੍ਰਭ ਦੂਰਿ ਜਾਣਹਿ ਸਭ ਤੂ ਹੈ ॥ | You are not far away, God; You know everything. |

| | |
|---|---|
| ਗੁਰਮੁਖਿ ਵੇਖਿ ਹਦੂਰਿ ਅੰਤਰਿ ਭੀ ਤੂ ਹੈ ॥੭॥ | The Gurmukh sees You ever-present; You are deep within the nucleus of our inner self. ‖7‖ |
| ਮੈ ਦੀਜੈ ਨਾਮ ਨਿਵਾਸੁ ਅੰਤਰਿ ਸਾਂਤਿ ਹੋਇ ॥ | Please, bless me with a home in Your Name; may my inner self be at peace. |
| ਗੁਣ ਗਾਵੈ ਨਾਨਕ ਦਾਸੁ ਸਤਿਗੁਰੁ ਮਤਿ ਦੇਇ ॥੮॥੩॥੫॥ | May slave Nanak sing Your Glorious Praises; O True Guru, please share the Teachings with me. ‖8‖3‖5‖ |
| ਰਾਗੁ ਸੂਹੀ ਮਹਲਾ ੩ ਘਰੁ ੧ ਅਸਟਪਦੀਆ | Raag Soohee, Third Mehl, First House, Ashtapadees: |
| ੧ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਨਾਮੈ ਹੀ ਤੇ ਸਭੁ ਕਿਛੁ ਹੋਆ ਬਿਨੁ ਸਤਿਗੁਰ ਨਾਮੁ ਨ ਜਾਪੈ ॥ | Everything comes from the Naam, the Name of the Lord; without the True Guru, the Naam is not experienced. |
| ਗੁਰ ਕਾ ਸਬਦੁ ਮਹਾ ਰਸੁ ਮੀਠਾ ਬਿਨੁ ਚਾਖੇ ਸਾਦੁ ਨ ਜਾਪੈ ॥ | The Word of the Guru's Shabad is the sweetest and most sublime essence, but without tasting it, its flavor cannot be experienced. |
| ਕਉਡੀ ਬਦਲੈ ਜਨਮੁ ਗਵਾਇਆ ਚੀਨਸਿ ਨਾਹੀ ਆਪੈ ॥ | He wastes this human life in exchange for a mere shell; he does not understand his own self. |
| ਗੁਰਮੁਖਿ ਹੋਵੈ ਤਾ ਏਕੋ ਜਾਣੈ ਹਉਮੈ ਦੁਖੁ ਨ ਸੰਤਾਪੈ ॥੧॥ | But, if he becomes Gurmukh, then he comes to know the One Lord, and the disease of egotism does not afflict him. ‖1‖ |
| ਬਲਿਹਾਰੀ ਗੁਰ ਅਪਣੇ ਵਿਟਹੁ ਜਿਨਿ ਸਾਚੇ ਸਿਉ ਲਿਵ ਲਾਈ ॥ | I am a sacrifice to my Guru, who has lovingly attached me to the True Lord. |
| ਸਬਦੁ ਚੀਨ੍ਹਿ ਆਤਮੁ ਪਰਗਾਸਿਆ ਸਹਜੇ ਰਹਿਆ ਸਮਾਈ ॥੧॥ ਰਹਾਉ ॥ | Concentrating on the Word of the Shabad, the soul is illumined and enlightened. I remain absorbed in celestial ecstasy. ‖1‖Pause‖ |
| ਗੁਰਮੁਖਿ ਗਾਵੈ ਗੁਰਮੁਖਿ ਬੂਝੈ ਗੁਰਮੁਖਿ ਸਬਦੁ ਬੀਚਾਰੇ ॥ | The Gurmukh sings the Praises of the Lord; the Gurmukh understands. The Gurmukh contemplates the Word of the Shabad. |
| ਜੀਉ ਪਿੰਡੁ ਸਭੁ ਗੁਰ ਤੇ ਉਪਜੈ ਗੁਰਮੁਖਿ ਕਾਰਜ ਸਵਾਰੇ ॥ | Body and soul are totally rejuvenated through the Guru; the Gurmukh's affairs are resolved in his favor. |
| ਮਨਮੁਖਿ ਅੰਧਾ ਅੰਧੁ ਕਮਾਵੈ ਬਿਖੁ ਖਟੇ ਸੰਸਾਰੇ ॥ | The blind self-willed manmukh acts blindly, and earns only poison in this world. |

| | |
|---|---|
| ਮਾਇਆ ਮੋਹਿ ਸਦਾ ਦੁਖੁ ਪਾਏ ਬਿਨੁ ਗੁਰ ਅਤਿ ਪਿਆਰੇ ॥੨॥ | Enticed by Maya, he suffers in constant pain, without the most Beloved Guru. \|\|2\|\| |
| ਸੋਈ ਸੇਵਕੁ ਜੇ ਸਤਿਗੁਰ ਸੇਵੇ ਚਾਲੈ ਸਤਿਗੁਰ ਭਾਏ ॥ | He alone is a selfless servant, who serves the True Guru, and walks in harmony with the True Guru's Will. |
| ਸਾਚਾ ਸਬਦੁ ਸਿਫਤਿ ਹੈ ਸਾਚੀ ਸਾਚਾ ਮੰਨਿ ਵਸਾਏ ॥ | The True Shabad, the Word of God, is the True Praise of God; enshrine the True Lord within your mind. |
| ਸਚੀ ਬਾਣੀ ਗੁਰਮੁਖਿ ਆਖੈ ਹਉਮੈ ਵਿਚਹੁ ਜਾਏ ॥ | The Gurmukh speaks the True Word of Gurbani, and egotism departs from within. |
| ਆਪੇ ਦਾਤਾ ਕਰਮੁ ਹੈ ਸਾਚਾ ਸਾਚਾ ਸਬਦੁ ਸੁਣਾਏ ॥੩॥ | He Himself is the Giver, and True are His actions. He proclaims the True Word of the Shabad. \|\|3\|\| |
| ਗੁਰਮੁਖਿ ਘਾਲੇ ਗੁਰਮੁਖਿ ਖਟੇ ਗੁਰਮੁਖਿ ਨਾਮੁ ਜਪਾਏ ॥ | The Gurmukh works, and the Gurmukh earns; the Gurmukh inspires others to chant the Naam. |
| ਸਦਾ ਅਲਿਪਤੁ ਸਾਚੈ ਰੰਗਿ ਰਾਤਾ ਗੁਰ ਕੈ ਸਹਜਿ ਸੁਭਾਏ ॥ | He is forever unattached, imbued with the Love of the True Lord, intuitively in harmony with the Guru. |
| ਮਨਮੁਖੁ ਸਦ ਹੀ ਕੂੜੋ ਬੋਲੈ ਬਿਖੁ ਬੀਜੈ ਬਿਖੁ ਖਾਏ ॥ | The self-willed manmukh always tells lies; he plants the seeds of poison, and eats only poison. |
| ਜਮਕਾਲਿ ਬਾਧਾ ਤ੍ਰਿਸਨਾ ਦਾਧਾ ਬਿਨੁ ਗੁਰ ਕਵਣੁ ਛਡਾਏ ॥੪॥ | He is bound and gagged by the Messenger of Death, and burnt in the fire of desire; who can save him, except the Guru? \|\|4\|\| |
| ਸਚਾ ਤੀਰਥੁ ਜਿਤੁ ਸਤ ਸਰਿ ਨਾਵਣੁ ਗੁਰਮੁਖਿ ਆਪਿ ਬੁਝਾਏ ॥ | True is that place of pilgrimage, where one bathes in the pool of Truth, and achieves self-realization as Gurmukh. The Gurmukh understands his own self. |
| ਅਠਸਠਿ ਤੀਰਥ ਗੁਰ ਸਬਦਿ ਦਿਖਾਏ ਤਿਤੁ ਨਾਤੈ ਮਲੁ ਜਾਏ ॥ | The Lord has shown that the Word of the Guru's Shabad is the sixty-eight sacred shrines of pilgrimage; bathing in it, filth is washed away. |
| ਸਚਾ ਸਬਦੁ ਸਚਾ ਹੈ ਨਿਰਮਲੁ ਨਾ ਮਲੁ ਲਗੈ ਨ ਲਾਏ ॥ | True and Immaculate is the True Word of His Shabad; no filth touches or clings to Him. |
| ਸਚੀ ਸਿਫਤਿ ਸਚੀ ਸਾਲਾਹ ਪੂਰੇ ਗੁਰ ਤੇ ਪਾਏ ॥੫॥ | True Praise, True Devotional Praise, is obtained from the Perfect Guru. \|\|5\|\| |
| ਤਨੁ ਮਨੁ ਸਭੁ ਕਿਛੁ ਹਰਿ ਤਿਸੁ ਕੇਰਾ ਦੁਰਮਤਿ ਕਹਣੁ ਨ ਜਾਏ ॥ | Body, mind, everything belongs to the Lord; but the evil-minded ones cannot even say this. |
| ਹੁਕਮੁ ਹੋਵੈ ਤਾ ਨਿਰਮਲੁ ਹੋਵੈ ਹਉਮੈ ਵਿਚਹੁ ਜਾਏ ॥ | If such is the Hukam of the Lord's Command, then one becomes pure and spotless, and the ego is taken away from within. |

| | |
|---|---|
| ਗੁਰ ਕੀ ਸਾਖੀ ਸਹਜੇ ਚਾਖੀ ਤ੍ਰਿਸਨਾ ਅਗਨਿ ਬੁਝਾਏ ॥ | I have intuitively tasted the Guru's Teachings, and the fire of my desire has been quenched. |
| ਗੁਰ ਕੈ ਸਬਦਿ ਰਾਤਾ ਸਹਜੇ ਮਾਤਾ ਸਹਜੇ ਰਹਿਆ ਸਮਾਏ ॥੬॥ | Attuned to the Word of the Guru's Shabad, one is naturally intoxicated, merging imperceptibly into the Lord. \|\|6\|\| |
| **੭੫੪** | **754** |
| ਹਰਿ ਕਾ ਨਾਮੁ ਸਤਿ ਕਰਿ ਜਾਣੈ ਗੁਰ ਕੈ ਭਾਇ ਪਿਆਰੇ ॥ | The Name of the Lord is known as True, through the Love of the Beloved Guru. |
| ਸਚੀ ਵਡਿਆਈ ਗੁਰ ਤੇ ਪਾਈ ਸਚੈ ਨਾਇ ਪਿਆਰੇ ॥ | True Glorious Greatness is obtained from the Guru, through the Beloved True Name. |
| ਏਕੋ ਸਚਾ ਸਭ ਮਹਿ ਵਰਤੈ ਵਿਰਲਾ ਕੋ ਵੀਚਾਰੇ ॥ | The One True Lord is permeating and pervading among all; how rare is the one who contemplates this. |
| ਆਪੇ ਮੇਲਿ ਲਏ ਤਾ ਬਖਸੇ ਸਚੀ ਭਗਤਿ ਸਵਾਰੇ ॥੭॥ | The Lord Himself unites us in Union, and forgives us; He embellishes us with true devotional worship. \|\|7\|\| |
| ਸਭੋ ਸਚੁ ਸਚੁ ਸਚੁ ਵਰਤੈ ਗੁਰਮੁਖਿ ਕੋਈ ਜਾਣੈ ॥ | All is Truth; Truth, and Truth alone is pervading; how rare is the Gurmukh who knows this. |
| ਜੰਮਣ ਮਰਣਾ ਹੁਕਮੋ ਵਰਤੈ ਗੁਰਮੁਖਿ ਆਪੁ ਪਛਾਣੈ ॥ | Birth and death occur by the Hukam of His Command; the Gurmukh understands his own self. |
| ਨਾਮੁ ਧਿਆਏ ਤਾ ਸਤਿਗੁਰੁ ਭਾਏ ਜੋ ਇਛੈ ਸੋ ਫਲੁ ਪਾਏ ॥ | He meditates on the Naam, the Name of the Lord, and so pleases the True Guru. He receives whatever rewards he desires. |
| ਨਾਨਕ ਤਿਸ ਦਾ ਸਭੁ ਕਿਛੁ ਹੋਵੈ ਜਿ ਵਿਚਹੁ ਆਪੁ ਗਵਾਏ ॥੮॥੧॥ | O Nanak, one who eradicates self-conceit from within, has everything. \|\|8\|\|1\|\| |
| ਸੂਹੀ ਮਹਲਾ ੩ ॥ | Soohee, Third Mehl: |
| ਕਾਇਆ ਕਾਮਣਿ ਅਤਿ ਸੁਆਲ੍ਹਿਉ ਪਿਰੁ ਵਸੈ ਜਿਸੁ ਨਾਲੇ ॥ | The body-bride is very beautiful; she dwells with her Husband Lord. |
| ਪਿਰ ਸਚੇ ਤੇ ਸਦਾ ਸੁਹਾਗਣਿ ਗੁਰ ਕਾ ਸਬਦੁ ਸਮ੍ਹਾਲੇ ॥ | She becomes the happy soul-bride of her True Husband Lord, contemplating the Word of the Guru's Shabad. |
| ਹਰਿ ਕੀ ਭਗਤਿ ਸਦਾ ਰੰਗਿ ਰਾਤਾ ਹਉਮੈ ਵਿਚਹੁ ਜਾਲੇ ॥੧॥ | The Lord's devotee is forever attuned to the Lord's Love; her ego is burnt away from within. \|\|1\|\| |
| ਵਾਹੁ ਵਾਹੁ ਪੂਰੇ ਗੁਰ ਕੀ ਬਾਣੀ ॥ | Waaho! Waaho! Blessed, blessed is the Word of the Perfect Guru's Bani. |

| | |
|---|---|
| ਪੂਰੇ ਗੁਰ ਤੇ ਉਪਜੀ ਸਾਚਿ ਸਮਾਣੀ ॥੧॥ ਰਹਾਉ ॥ | It wells up and springs forth from the Perfect Guru, and merges into Truth. \|\|1\|\|Pause\|\| |
| ਕਾਇਆ ਅੰਦਰਿ ਸਭੁ ਕਿਛੁ ਵਸੈ ਖੰਡ ਮੰਡਲ ਪਾਤਾਲਾ ॥ | Everything is within the Lord - the continents, worlds and nether regions. |
| ਕਾਇਆ ਅੰਦਰਿ ਜਗਜੀਵਨ ਦਾਤਾ ਵਸੈ ਸਭਨਾ ਕਰੇ ਪ੍ਰਤਿਪਾਲਾ ॥ | The Life of the World, the Great Giver, dwells within the body; He is the Cherisher of all. |
| ਕਾਇਆ ਕਾਮਣਿ ਸਦਾ ਸੁਹੇਲੀ ਗੁਰਮੁਖਿ ਨਾਮੁ ਸਮ੍ਾਲਾ ॥੨॥ | The body-bride is eternally beautiful; the Gurmukh contemplates the Naam. \|\|2\|\| |
| ਕਾਇਆ ਅੰਦਰਿ ਆਪੇ ਵਸੈ ਅਲਖੁ ਨ ਲਖਿਆ ਜਾਈ ॥ | The Lord Himself dwells within the body; He is invisible and cannot be seen. |
| ਮਨਮੁਖੁ ਮੁਗਧੁ ਬੂਝੈ ਨਾਹੀ ਬਾਹਰਿ ਭਾਲਣਿ ਜਾਈ ॥ | The foolish self-willed manmukh does not understand; he goes out searching for the Lord externally. |
| ਸਤਿਗੁਰੁ ਸੇਵੇ ਸਦਾ ਸੁਖੁ ਪਾਏ ਸਤਿਗੁਰਿ ਅਲਖੁ ਦਿਤਾ ਲਖਾਈ ॥੩॥ | One who serves the True Guru is always at peace; the True Guru has shown me the Invisible Lord. \|\|3\|\| |
| ਕਾਇਆ ਅੰਦਰਿ ਰਤਨ ਪਦਾਰਥ ਭਗਤਿ ਭਰੇ ਭੰਡਾਰਾ ॥ | Within the body there are jewels and precious treasures, the over-flowing treasure of devotion. |
| ਇਸੁ ਕਾਇਆ ਅੰਦਰਿ ਨਉਖੰਡ ਪ੍ਰਿਥਮੀ ਹਾਟ ਪਟਣ ਬਾਜਾਰਾ ॥ | Within this body are the nine continents of the earth, its markets, cities and streets. |
| ਇਸੁ ਕਾਇਆ ਅੰਦਰਿ ਨਾਮੁ ਨਉ ਨਿਧਿ ਪਾਈਐ ਗੁਰ ਕੈ ਸਬਦਿ ਵੀਚਾਰਾ ॥੪॥ | Within this body are the nine treasures of the Naam; contemplating the Word of the Guru's Shabad, it is obtained. \|\|4\|\| |
| ਕਾਇਆ ਅੰਦਰਿ ਤੋਲਿ ਤੁਲਾਵੈ ਆਪੇ ਤੋਲਣਹਾਰਾ ॥ | Within the body, the Lord estimates the weight; He Himself is the weigher. |
| ਇਹੁ ਮਨੁ ਰਤਨੁ ਜਵਾਹਰ ਮਾਣਕੁ ਤਿਸ ਕਾ ਮੋਲੁ ਅਫਾਰਾ ॥ | This mind is the jewel, the gem, the diamond; it is absolutely priceless. |
| ਮੋਲਿ ਕਿਤ ਹੀ ਨਾਮੁ ਪਾਈਐ ਨਾਹੀ ਨਾਮੁ ਪਾਈਐ ਗੁਰ ਬੀਚਾਰਾ ॥੫॥ | The Naam, the Name of the Lord, cannot be purchased at any price; the Naam is obtained by contemplating the Guru. \|\|5\|\| |
| ਗੁਰਮੁਖਿ ਹੋਵੈ ਸੁ ਕਾਇਆ ਖੋਜੈ ਹੋਰ ਸਭ ਭਰਮਿ ਭੁਲਾਈ ॥ | One who becomes Gurmukh searches this body; all others just wander around in confusion. |

| | |
|---|---|
| ਜਿਸ ਨੋ ਦੇਇ ਸੋਈ ਜਨੁ ਪਾਵੈ ਹੋਰ ਕਿਆ ਕੋ ਕਰੇ ਚਤੁਰਾਈ ॥ | That humble being alone obtains it, unto whom the Lord bestows it. What other clever tricks can anyone try? |
| ਕਾਇਆ ਅੰਦਰਿ ਭਉ ਭਾਉ ਵਸੈ ਗੁਰ ਪਰਸਾਦੀ ਪਾਈ ॥੬॥ | Within the body, the Fear of God and Love for Him abides; by Guru's Grace, they are obtained. \|\|6\|\| |
| ਕਾਇਆ ਅੰਦਰਿ ਬ੍ਰਹਮਾ ਬਿਸਨੁ ਮਹੇਸਾ ਸਭ ਓਪਤਿ ਜਿਤੁ ਸੰਸਾਰਾ ॥ | Within the body, are Brahma, Vishnu and Shiva, from whom the whole world emanated. |
| ਸਚੈ ਆਪਣਾ ਖੇਲੁ ਰਚਾਇਆ ਆਵਾ ਗਉਣੁ ਪਾਸਾਰਾ ॥ | The True Lord has staged and contrived His own play; the expanse of the Universe comes and goes. |
| ਪੂਰੈ ਸਤਿਗੁਰਿ ਆਪਿ ਦਿਖਾਇਆ ਸਚਿ ਨਾਮਿ ਨਿਸਤਾਰਾ ॥੭॥ | The Perfect True Guru Himself has made it clear, that emancipation comes through the True Name. \|\|7\|\| |
| ਸਾ ਕਾਇਆ ਜੋ ਸਤਿਗੁਰੁ ਸੇਵੈ ਸਚੈ ਆਪਿ ਸਵਾਰੀ ॥ | That body, which serves the True Guru, is embellished by the True Lord Himself. |
| ਵਿਣੁ ਨਾਵੈ ਦਰਿ ਢੋਈ ਨਾਹੀ ਤਾ ਜਮੁ ਕਰੇ ਖੁਆਰੀ ॥ | Without the Name, the mortal finds no place of rest in the Court of the Lord; he shall be tortured by the Messenger of Death. |
| ਨਾਨਕ ਸਚੁ ਵਡਿਆਈ ਪਾਏ ਜਿਸ ਨੋ ਹਰਿ ਕਿਰਪਾ ਧਾਰੀ ॥੮॥੨॥ | O Nanak, true glory is bestowed, when the Lord showers His Mercy. \|\|8\|\|2\|\| |

## ੭੫੫ | 755

| | |
|---|---|
| ਰਾਗੁ ਸੂਹੀ ਮਹਲਾ ੩ ਘਰੁ ੧੦ | Raag Soohee, Third Mehl, Tenth House: |
| ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਦੁਨੀਆ ਨ ਸਾਲਾਹਿ ਜੋ ਮਰਿ ਵੰਞਸੀ ॥ | Do not praise the world; it shall simply pass away. |
| ਲੋਕਾ ਨ ਸਾਲਾਹਿ ਜੋ ਮਰਿ ਖਾਕੁ ਥੀਈ ॥੧॥ | Do not praise other people; they shall die and turn to dust. \|\|1\|\| |
| ਵਾਹੁ ਮੇਰੇ ਸਾਹਿਬਾ ਵਾਹੁ ॥ | Waaho! Waaho! Hail, hail to my Lord and Master. |
| ਗੁਰਮੁਖਿ ਸਦਾ ਸਲਾਹੀਐ ਸਚਾ ਵੇਪਰਵਾਹੁ ॥੧॥ ਰਹਾਉ ॥ | As Gurmukh, forever praise the One who is forever True, Independent and Carefree. \|\|1\|\|Pause\|\| |
| ਦੁਨੀਆ ਕੇਰੀ ਦੋਸਤੀ ਮਨਮੁਖ ਦਝਿ ਮਰੰਨਿ ॥ | Making worldly friendships, the self-willed manmukhs burn and die. |

ਜਮ ਪੁਰਿ ਬਧੇ ਮਾਰੀਅਹਿ ਵੇਲਾ ਨ ਲਾਹੰਨਿ ॥੨॥

In the City of Death, they are bound and gagged and beaten; this opportunity shall never come again. ||2||

ਗੁਰਮੁਖਿ ਜਨਮੁ ਸਕਾਰਥਾ ਸਚੈ ਸਬਦਿ ਲਗੰਨਿ ॥

The lives of the Gurmukhs are fruitful and blessed; they are committed to the True Word of the Shabad.

ਆਤਮ ਰਾਮੁ ਪ੍ਰਗਾਸਿਆ ਸਹਜੇ ਸੁਖਿ ਰਹੰਨਿ ॥੩॥

Their souls are illuminated by the Lord, and they dwell in peace and pleasure. ||3||

ਗੁਰ ਕਾ ਸਬਦੁ ਵਿਸਾਰਿਆ ਦੂਜੈ ਭਾਇ ਰਚੰਨਿ ॥

Those who forget the Word of the Guru's Shabad are engrossed in the love of duality.

ਤਿਸਨਾ ਭੁਖ ਨ ਉਤਰੈ ਅਨਦਿਨੁ ਜਲਤ ਫਿਰੰਨਿ ॥੪॥

Their hunger and thirst never leave them, and night and day, they wander around burning. ||4||

ਦੁਸਟਾ ਨਾਲਿ ਦੋਸਤੀ ਨਾਲਿ ਸੰਤਾ ਵੈਰੁ ਕਰੰਨਿ ॥

Those who make friendships with the wicked, and harbor animosity to the Saints,

ਆਪਿ ਡੁਬੇ ਕੁਟੰਬ ਸਿਉ ਸਗਲੇ ਕੁਲ ਡੋਬੰਨਿ ॥੫॥

shall drown with their families, and their entire lineage shall be obliterated. ||5||

ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ ॥

It is not good to slander anyone, but the foolish, self-willed manmukhs still do it.

ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ ॥੬॥

The faces of the slanderers turn black, and they fall into the most horrible hell. ||6||

ਏ ਮਨ ਜੈਸਾ ਸੇਵਹਿ ਤੈਸਾ ਹੋਵਹਿ ਤੇਹੇ ਕਰਮ ਕਮਾਇ ॥

O mind, as you serve, so do you become, and so are the deeds that you do.

ਆਪਿ ਬੀਜਿ ਆਪੇ ਹੀ ਖਾਵਣਾ ਕਹਣਾ ਕਿਛੂ ਨ ਜਾਇ ॥੭॥

Whatever you yourself plant, that is what you shall have to eat; nothing else can be said about this. ||7||

ਮਹਾ ਪੁਰਖਾ ਕਾ ਬੋਲਣਾ ਹੋਵੈ ਕਿਤੈ ਪਰਥਾਇ ॥

The speech of the great spiritual beings has a higher purpose.

ਓਇ ਅੰਮ੍ਰਿਤ ਭਰੇ ਭਰਪੂਰ ਹਹਿ ਓਨਾ ਤਿਲੁ ਨ ਤਮਾਇ ॥੮॥

They are filled to over-flowing with Ambrosial Nectar, and they have absolutely no greed at all. ||8||

ਗੁਣਕਾਰੀ ਗੁਣ ਸੰਘਰੈ ਅਵਰਾ ਉਪਦੇਸੇਨਿ ॥

The virtuous accumulate virtue, and teach others.

ਸੇ ਵਡਭਾਗੀ ਜਿ ਓਨਾ ਮਿਲਿ ਰਹੇ ਅਨਦਿਨੁ ਨਾਮੁ ਲਏਨਿ ॥੯॥

Those who meet with them are so very fortunate; night and day, they chant the Naam, the Name of the Lord. ||9||

| | |
|---|---|
| ਦੇਸੀ ਰਿਜਕੁ ਸੰਬਾਹਿ ਜਿਨਿ ਉਪਾਈ ਮੇਦਨੀ ॥ | He who created the Universe, gives sustenance to it. |
| ਏਕੋ ਹੈ ਦਾਤਾਰੁ ਸਚਾ ਆਪਿ ਧਣੀ ॥੧੦॥ | The One Lord alone is the Great Giver. He Himself is the True Master. \|\|10\|\| |
| ਸੋ ਸਚੁ ਤੇਰੈ ਨਾਲਿ ਹੈ ਗੁਰਮੁਖਿ ਨਦਰਿ ਨਿਹਾਲਿ ॥ | That True Lord is always with you; the Gurmukh is blessed with His Glance of Grace. |
| ਆਪੇ ਬਖਸੇ ਮੇਲਿ ਲਏ ਸੋ ਪ੍ਰਭੁ ਸਦਾ ਸਮਾਲਿ ॥੧੧॥ | He Himself shall forgive you, and merge you into Himself; forever cherish and contemplate God. \|\|11\|\| |
| ਮਨੁ ਮੈਲਾ ਸਚੁ ਨਿਰਮਲਾ ਕਿਉ ਕਰਿ ਮਿਲਿਆ ਜਾਇ ॥ | The mind is impure; only the True Lord is pure. So how can it merge into Him? |
| ਪ੍ਰਭੁ ਮੇਲੇ ਤਾ ਮਿਲਿ ਰਹੈ ਹਉਮੈ ਸਬਦਿ ਜਲਾਇ ॥੧੨॥ | God merges it into Himself, and then it remains merged; through the Word of His Shabad, the ego is burnt away. \|\|12\|\| |
| ਸੋ ਸਹੁ ਸਚਾ ਵੀਸਰੈ ਧ੍ਰਿਗੁ ਜੀਵਣੁ ਸੰਸਾਰਿ ॥ | Cursed is the life in this world, of one who forgets her True Husband Lord. |
| ਨਦਰਿ ਕਰੇ ਨਾ ਵੀਸਰੈ ਗੁਰਮਤੀ ਵੀਚਾਰਿ ॥੧੩॥ | The Lord grants His Mercy, and she does not forget Him, if she contemplates the Guru's Teachings. \|\|13\|\| |
| ਸਤਿਗੁਰੁ ਮੇਲੇ ਤਾ ਮਿਲਿ ਰਹਾ ਸਾਚੁ ਰਖਾ ਉਰ ਧਾਰਿ ॥ | The True Guru unites her, and so she remains united with Him, with the True Lord enshrined within her heart. |
| ਮਿਲਿਆ ਹੋਇ ਨ ਵੀਛੁੜੈ ਗੁਰ ਕੈ ਹੇਤਿ ਪਿਆਰਿ ॥੧੪॥ | And so united, she will not be separated again; she remains in the love and affection of the Guru. \|\|14\|\| |
| ਪਿਰੁ ਸਾਲਾਹੀ ਆਪਣਾ ਗੁਰ ਕੈ ਸਬਦਿ ਵੀਚਾਰਿ ॥ | I praise my Husband Lord, contemplating the Word of the Guru's Shabad. |
| ਮਿਲਿ ਪ੍ਰੀਤਮ ਸੁਖੁ ਪਾਇਆ ਸੋਭਾਵੰਤੀ ਨਾਰਿ ॥੧੫॥ | Meeting with my Beloved, I have found peace; I am His most beautiful and happy soul-bride. \|\|15\|\| |
| ਮਨਮੁਖ ਮਨੁ ਨ ਭਿਜਈ ਅਤਿ ਮੈਲੇ ਚਿਤਿ ਕਠੋਰ ॥ | The mind of the self-willed manmukh is not softened; his consciousness is totally polluted and stone-hearted. |
| ਸਪੈ ਦੁਧੁ ਪੀਆਈਐ ਅੰਦਰਿ ਵਿਸੁ ਨਿਕੋਰ ॥੧੬॥ | Even if the venomous snake is fed on milk, it shall still be filled with poison. \|\|16\|\| |
| ਆਪਿ ਕਰੇ ਕਿਸੁ ਆਖੀਐ ਆਪੇ ਬਖਸਣਹਾਰੁ ॥ | He Himself does - who else should I ask? He Himself is the Forgiving Lord. |

| | |
|---|---|
| ਗੁਰ ਸਬਦੀ ਮੈਲੁ ਉਤਰੈ ਤਾ ਸਚੁ ਬਣਿਆ ਸੀਗਾਰੁ ॥੧੭॥ | Through the Guru's Teachings, filth is washed away, and then, one is embellished with the ornament of Truth. ‖17‖ |
| ੭੫੬ | 756 |
| ਸਚਾ ਸਾਹੁ ਸਚੇ ਵਣਜਾਰੇ ਓਥੈ ਕੂੜੇ ਨ ਟਿਕੰਨਿ ॥ | True is the Banker, and True are His traders. The false ones cannot remain there. |
| ਓਨਾ ਸਚੁ ਨ ਭਾਵਈ ਦੁਖ ਹੀ ਮਾਹਿ ਪਚੰਨਿ ॥੧੮॥ | They do not love the Truth - they are consumed by their pain. ‖18‖ |
| ਹਉਮੈ ਮੈਲਾ ਜਗੁ ਫਿਰੈ ਮਰਿ ਜੰਮੈ ਵਾਰੋ ਵਾਰ ॥ | The world wanders around in the filth of egotism; it dies, and is re-born, over and again. |
| ਪਇਐ ਕਿਰਤਿ ਕਮਾਵਣਾ ਕੋਇ ਨ ਮੇਟਣਹਾਰ ॥੧੯॥ | He acts in accordance with the karma of his past actions, which no one can erase. ‖19‖ |
| ਸੰਤਾ ਸੰਗਤਿ ਮਿਲਿ ਰਹੈ ਤਾ ਸਚਿ ਲਗੈ ਪਿਆਰੁ ॥ | But if he joins the Society of the Saints, then he comes to embrace love for the Truth. |
| ਸਚੁ ਸਲਾਹੀ ਸਚੁ ਮਨਿ ਦਰਿ ਸਚੈ ਸਚਿਆਰੁ ॥੨੦॥ | Praising the True Lord with a truthful mind, he becomes true in the Court of the True Lord. ‖20‖ |
| ਗੁਰ ਪੂਰੇ ਪੂਰੀ ਮਤਿ ਹੈ ਅਹਿਨਿਸਿ ਨਾਮੁ ਧਿਆਇ ॥ | The Teachings of the Perfect Guru are perfect; meditate on the Naam, the Name of the Lord, day and night. |
| ਹਉਮੈ ਮੇਰਾ ਵਡ ਰੋਗੁ ਹੈ ਵਿਚਹੁ ਠਾਕਿ ਰਹਾਇ ॥੨੧॥ | Egotism and self-conceit are terrible diseases; tranquility and stillness come from within. ‖21‖ |
| ਗੁਰੁ ਸਾਲਾਹੀ ਆਪਣਾ ਨਿਵਿ ਨਿਵਿ ਲਾਗਾ ਪਾਇ ॥ | I praise my Guru; bowing down to Him again and again, I fall at His Feet. |
| ਤਨੁ ਮਨੁ ਸਉਪੀ ਆਗੈ ਧਰੀ ਵਿਚਹੁ ਆਪੁ ਗਵਾਇ ॥੨੨॥ | I place my body and mind in offering unto Him, eradicating self-conceit from within. ‖22‖ |
| ਖਿੰਚੋਤਾਣਿ ਵਿਗੁਚੀਐ ਏਕਸੁ ਸਿਉ ਲਿਵ ਲਾਇ ॥ | Indecision leads to ruin; focus your attention on the One Lord. |
| ਹਉਮੈ ਮੇਰਾ ਛਡਿ ਤੂ ਤਾ ਸਚਿ ਰਹੈ ਸਮਾਇ ॥੨੩॥ | Renounce egotism and self-conceit, and remain merged in Truth. ‖23‖ |
| ਸਤਿਗੁਰ ਨੋ ਮਿਲੇ ਸਿ ਭਾਇਰਾ ਸਚੈ ਸਬਦਿ ਲਗੰਨਿ ॥ | Those who meet with the True Guru are my Siblings of Destiny; they are committed to the True Word of the Shabad. |

| | |
|---|---|
| ਸਚਿ ਮਿਲੇ ਸੇ ਨ ਵਿਛੁੜਹਿ ਦਰਿ ਸਚੈ ਦਿਸੰਨਿ ॥੨੪॥ | Those who merge with the True Lord shall not be separated again; they are judged to be True in the Court of the Lord. \|\|24\|\| |
| ਸੇ ਭਾਈ ਸੇ ਸਜਣਾ ਜੋ ਸਚਾ ਸੇਵੰਨਿ ॥ | They are my Siblings of Destiny, and they are my friends, who serve the True Lord. |
| ਅਵਗਣ ਵਿਕਣਿ ਪਲ੍ਰਨਿ ਗੁਣ ਕੀ ਸਾਝ ਕਰੰਨ੍ਹਿ ॥੨੫॥ | They sell off their sins and demerits like straw, and enter into the partnership of virtue. \|\|25\|\| |
| ਗੁਣ ਕੀ ਸਾਝ ਸੁਖੁ ਊਪਜੈ ਸਚੀ ਭਗਤਿ ਕਰੇਨਿ ॥ | In the partnership of virtue, peace wells up, and they perform true devotional worship service. |
| ਸਚੁ ਵਣੰਜਹਿ ਗੁਰ ਸਬਦ ਸਿਉ ਲਾਹਾ ਨਾਮੁ ਲਏਨਿ ॥੨੬॥ | They deal in Truth, through the Word of the Guru's Shabad, and they earn the profit of the Naam. \|\|26\|\| |
| ਸੁਇਨਾ ਰੁਪਾ ਪਾਪ ਕਰਿ ਕਰਿ ਸੰਚੀਐ ਚਲੈ ਨ ਚਲਦਿਆ ਨਾਲਿ ॥ | Gold and silver may be earned by committing sins, but they will not go with you when you die. |
| ਵਿਣੁ ਨਾਵੈ ਨਾਲਿ ਨ ਚਲਸੀ ਸਭ ਮੁਠੀ ਜਮਕਾਲਿ ॥੨੭॥ | Nothing will go with you in the end, except the Name; all are plundered by the Messenger of Death. \|\|27\|\| |
| ਮਨ ਕਾ ਤੋਸਾ ਹਰਿ ਨਾਮੁ ਹੈ ਹਿਰਦੈ ਰਖਹੁ ਸਮ੍ਹਾਲਿ ॥ | The Lord's Name is the nourishment of the mind; cherish it, and preserve it carefully within your heart. |
| ਏਹੁ ਖਰਚੁ ਅਖੁਟੁ ਹੈ ਗੁਰਮੁਖਿ ਨਿਬਹੈ ਨਾਲਿ ॥੨੮॥ | This nourishment is inexhaustible; it is always with the Gurmukhs. \|\|28\|\| |
| ਏ ਮਨ ਮੂਲਹੁ ਭੁਲਿਆ ਜਾਸਹਿ ਪਤਿ ਗਵਾਇ ॥ | O mind, if you forget the Primal Lord, you shall depart, having lost your honor. |
| ਇਹੁ ਜਗਤੁ ਮੋਹਿ ਦੂਜੈ ਵਿਆਪਿਆ ਗੁਰਮਤੀ ਸਚੁ ਧਿਆਇ ॥੨੯॥ | This world is engrossed in the love of duality; follow the Guru's Teachings, and meditate on the True Lord. \|\|29\|\| |
| ਹਰਿ ਕੀ ਕੀਮਤਿ ਨ ਪਵੈ ਹਰਿ ਜਸੁ ਲਿਖਣੁ ਨ ਜਾਇ ॥ | The Lord's value cannot be estimated; the Lord's Praises cannot be written down. |
| ਗੁਰ ਕੈ ਸਬਦਿ ਮਨੁ ਤਨੁ ਰਪੈ ਹਰਿ ਸਿਉ ਰਹੈ ਸਮਾਇ ॥੩੦॥ | When one's mind and body are attuned to the Word of the Guru's Shabad, one remains merged in the Lord. \|\|30\|\| |
| ਸੋ ਸਹੁ ਮੇਰਾ ਰੰਗੁਲਾ ਰੰਗੇ ਸਹਜਿ ਸੁਭਾਇ ॥ | My Husband Lord is playful; He has imbued me with His Love, with natural ease. |
| ਕਾਮਣਿ ਰੰਗੁ ਤਾ ਚੜੈ ਜਾ ਪਿਰ ਕੈ ਅੰਕਿ ਸਮਾਇ ॥੩੧॥ | The soul-bride is imbued with His Love, when her Husband Lord merges her into His Being. \|\|31\|\| |

ਚਿਰੀ ਵਿਛੁੰਨੇ ਭੀ ਮਿਲਨਿ ਜੋ ਸਤਿਗੁਰੁ ਸੇਵੰਨਿ ॥

Even those who have been separated for so very long, are reunited with Him, when they serve the True Guru.

ਅੰਤਰਿ ਨਵ ਨਿਧਿ ਨਾਮੁ ਹੈ ਖਾਨਿ ਖਰਚਨਿ ਨ ਨਿਖੁਟਈ ਹਰਿ ਗੁਣ ਸਹਜਿ ਰਵੰਨਿ ॥੩੨॥

The nine treasures of the Naam, the Name of the Lord, are deep within the nucleus of the self; consuming them, they are still never exhausted. Chant the Glorious Praises of the Lord, with natural ease. ||32||

ਨਾ ਓਇ ਜਨਮਹਿ ਨਾ ਮਰਹਿ ਨਾ ਓਇ ਦੁਖ ਸਹੰਨਿ ॥

They are not born, and they do not die; they do not suffer in pain.

ਗੁਰਿ ਰਾਖੇ ਸੇ ਉਬਰੇ ਹਰਿ ਸਿਉ ਕੇਲ ਕਰੰਨਿ ॥੩੩॥

Those who are protected by the Guru are saved. They celebrate with the Lord. ||33||

ਸਜਣ ਮਿਲੇ ਨ ਵਿਛੁੜਹਿ ਜਿ ਅਨਦਿਨੁ ਮਿਲੇ ਰਹੰਨਿ ॥

Those who are united with the Lord, the True Friend, are not separated again; night and day, they remain blended with Him.

ਇਸੁ ਜਗ ਮਹਿ ਵਿਰਲੇ ਜਾਣੀਅਹਿ ਨਾਨਕ ਸਚੁ ਲਹੰਨਿ ॥੩੪॥੧॥੩॥

In this world, only a rare few are known, O Nanak, to have obtained the True Lord. ||34||1||3||

ਸੂਹੀ ਮਹਲਾ ੩ ॥

Soohee, Third Mehl:

ਹਰਿ ਜੀ ਸੂਖਮੁ ਅਗਮੁ ਹੈ ਕਿਤੁ ਬਿਧਿ ਮਿਲਿਆ ਜਾਇ ॥

The Dear Lord is subtle and inaccessible; how can we ever meet Him?

ਗੁਰ ਕੈ ਸਬਦਿ ਭ੍ਰਮੁ ਕਟੀਐ ਅਚਿੰਤੁ ਵਸੈ ਮਨਿ ਆਇ ॥੧॥

Through the Word of the Guru's Shabad, doubt is dispelled, and the Carefree Lord comes to abide in the mind. ||1||

ਗੁਰਮੁਖਿ ਹਰਿ ਹਰਿ ਨਾਮੁ ਜਪੰਨਿ ॥

The Gurmukhs chant the Name of the Lord, Har, Har.

੭੫੭

757

ਹਉ ਤਿਨ ਕੈ ਬਲਿਹਾਰਣੈ ਮਨਿ ਹਰਿ ਗੁਣ ਸਦਾ ਰਵੰਨਿ ॥੧॥ ਰਹਾਉ ॥

I am a sacrifice to those who chant the Glorious Praises of the Lord in their minds forever. ||1||Pause||

ਗੁਰੁ ਸਰਵਰੁ ਮਾਨ ਸਰੋਵਰੁ ਹੈ ਵਡਭਾਗੀ ਪੁਰਖ ਲਹੰਨ੍ਹਿ ॥

The Guru is like the Mansarovar Lake; only the very fortunate beings find Him.

ਸੇਵਕ ਗੁਰਮੁਖਿ ਖੋਜਿਆ ਸੇ ਹੰਸੁਲੇ ਨਾਮੁ ਲਹੰਨਿ ॥੨॥

The Gurmukhs, the selfless servants, seek out the Guru; the swan-souls feed there on the Naam, the Name of the Lord. ||2||

ਨਾਮੁ ਧਿਆਇਨ੍ਹਿ ਰੰਗ ਸਿਉ ਗੁਰਮੁਖਿ ਨਾਮਿ ਲਗੰਨ੍ਹਿ ॥

The Gurmukhs meditate on the Naam, and remain linked to the Naam.

| | |
|---|---|
| ਧੁਰਿ ਪੂਰਬਿ ਹੋਵੈ ਲਿਖਿਆ ਗੁਰ ਭਾਣਾ ਮੰਨਿ ਲਏਨਿ੍ ॥੩॥ | Whatever is pre-ordained, accept it as the Will of the Guru. \|\|3\|\| |
| ਵਡਭਾਗੀ ਘਰੁ ਖੋਜਿਆ ਪਾਇਆ ਨਾਮੁ ਨਿਧਾਨੁ ॥ | By great good fortune, I searched my home, and found the treasure of the Naam. |
| ਗੁਰਿ ਪੂਰੈ ਵੇਖਾਲਿਆ ਪ੍ਰਭੁ ਆਤਮ ਰਾਮੁ ਪਛਾਨੁ ॥੪॥ | The Perfect Guru has shown God to me; I have realized the Lord, the Supreme Soul. \|\|4\|\| |
| ਸਭਨਾ ਕਾ ਪ੍ਰਭੁ ਏਕੁ ਹੈ ਦੂਜਾ ਅਵਰੁ ਨ ਕੋਇ ॥ | There is One God of all; there is no other at all. |
| ਗੁਰ ਪਰਸਾਦੀ ਮਨਿ ਵਸੈ ਤਿਤੁ ਘਟਿ ਪਰਗਟੁ ਹੋਇ ॥੫॥ | By Guru's Grace, the Lord comes to abide in the mind; in the heart of such a one, He is revealed. \|\|5\|\| |
| ਸਭੁ ਅੰਤਰਜਾਮੀ ਬ੍ਰਹਮੁ ਹੈ ਬ੍ਰਹਮੁ ਵਸੈ ਸਭ ਥਾਇ ॥ | God is the Inner-knower of all hearts; God dwells in every place. |
| ਮੰਦਾ ਕਿਸ ਨੋ ਆਖੀਐ ਸਬਦਿ ਵੇਖਹੁ ਲਿਵ ਲਾਇ ॥੬॥ | So who should we call evil? Behold the Word of the Shabad, and lovingly dwell upon it. \|\|6\|\| |
| ਬੁਰਾ ਭਲਾ ਤਿਚਰੁ ਆਖਦਾ ਜਿਚਰੁ ਹੈ ਦੁਹੁ ਮਾਹਿ ॥ | He calls others bad and good, as long as he is in duality. |
| ਗੁਰਮੁਖਿ ਏਕੋ ਬੁਝਿਆ ਏਕਸੁ ਮਾਹਿ ਸਮਾਇ ॥੭॥ | The Gurmukh understands the One and Only Lord; He is absorbed in the One Lord. \|\|7\|\| |
| ਸੇਵਾ ਸਾ ਪ੍ਰਭ ਭਾਵਸੀ ਜੋ ਪ੍ਰਭੁ ਪਾਏ ਥਾਇ ॥ | That is selfless service, which pleases God, and which is approved by God. |
| ਜਨ ਨਾਨਕ ਹਰਿ ਆਰਾਧਿਆ ਗੁਰ ਚਰਣੀ ਚਿਤੁ ਲਾਇ ॥੮॥੨॥੪॥੯॥ | Servant Nanak worships the Lord in adoration; he focuses his consciousness on the Guru's Feet. \|\|8\|\|2\|\|4\|\|9\|\| |
| ਰਾਗੁ ਸੂਹੀ ਅਸਟਪਦੀਆ ਮਹਲਾ ੪ ਘਰੁ ੨ | Raag Soohee, Ashtapadees, Fourth Mehl, Second House: |
| ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ ਹਉ ਤਿਸੁ ਪਹਿ ਆਪੁ ਵੇਚਾਈ ॥੧॥ | If only someone would come, and lead me to meet my Darling Beloved; I would sell myself to him. \|\|1\|\| |

ਦਰਸਨੁ ਹਰਿ ਦੇਖਣ ਕੈ ਤਾਈ ॥

I long for the Blessed Vision of the Lord's Darshan.

ਕ੍ਰਿਪਾ ਕਰਹਿ ਤਾ ਸਤਿਗੁਰੁ ਮੇਲਹਿ ਹਰਿ ਹਰਿ ਨਾਮੁ ਧਿਆਈ ॥੧॥ ਰਹਾਉ ॥

When the Lord shows Mercy unto me, then I meet the True Guru; I meditate on the Name of the Lord, Har, Har. ||1||Pause||

ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ ॥੨॥

If You will bless me with happiness, then I will worship and adore You. Even in pain, I will meditate on You. ||2||

ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚਿ ਸੂਖ ਮਨਾਈ ॥੩॥

Even if You give me hunger, I will still feel satisfied; I am joyful, even in the midst of sorrow. ||3||

ਤਨੁ ਮਨੁ ਕਾਟਿ ਕਾਟਿ ਸਭੁ ਅਰਪੀ ਵਿਚਿ ਅਗਨੀ ਆਪੁ ਜਲਾਈ ॥੪॥

I would cut my mind and body apart into pieces, and offer them all to You; I would burn myself in fire. ||4||

ਪਖਾ ਫੇਰੀ ਪਾਣੀ ਢੋਵਾ ਜੋ ਦੇਵਹਿ ਸੋ ਖਾਈ ॥੫॥

I wave the fan over You, and carry water for You; whatever You give me, I take. ||5||

ਨਾਨਕੁ ਗਰੀਬੁ ਢਹਿ ਪਇਆ ਦੁਆਰੈ ਹਰਿ ਮੇਲਿ ਲੈਹੁ ਵਡਿਆਈ ॥੬॥

Poor Nanak has fallen at the Lord's Door; please, O Lord, unite me with Yourself, by Your Glorious Greatness. ||6||

ਅਖੀ ਕਾਢਿ ਧਰੀ ਚਰਣਾ ਤਲਿ ਸਭ ਧਰਤੀ ਫਿਰਿ ਮਤ ਪਾਈ ॥੭॥

Taking out my eyes, I place them at Your Feet; after travelling over the entire earth, I have come to understand this. ||7||

ਜੇ ਪਾਸਿ ਬਹਾਲਹਿ ਤਾ ਤੁਝਹਿ ਅਰਾਧੀ ਜੇ ਮਾਰਿ ਕਢਹਿ ਭੀ ਧਿਆਈ ॥੮॥

If You seat me near You, then I worship and adore You. Even if You beat me and drive me out, I will still meditate on You. ||8||

ਜੇ ਲੋਕੁ ਸਲਾਹੇ ਤਾ ਤੇਰੀ ਉਪਮਾ ਜੇ ਨਿੰਦੈ ਤ ਛੋਡਿ ਨ ਜਾਈ ॥੯॥

If people praise me, the praise is Yours. Even if they slander me, I will not leave You. ||9||

ਜੇ ਤੁਧੁ ਵਲਿ ਰਹੈ ਤਾ ਕੋਈ ਕਿਹੁ ਆਖਉ ਤੁਧੁ ਵਿਸਰਿਐ ਮਰਿ ਜਾਈ ॥੧੦॥

If You are on my side, then anyone can say anything. But if I were to forget You, then I would die. ||10||

ਵਾਰਿ ਵਾਰਿ ਜਾਈ ਗੁਰ ਊਪਰਿ ਪੈ ਪੈਰੀ ਸੰਤ ਮਨਾਈ ॥੧੧॥

I am a sacrifice, a sacrifice to my Guru; falling at His Feet, I surrender to the Saintly Guru. ||11||

ਨਾਨਕੁ ਵਿਚਾਰਾ ਭਇਆ ਦਿਵਾਨਾ ਹਰਿ ਤਉ ਦਰਸਨ ਕੈ ਤਾਈ ॥੧੨॥

Poor Nanak has gone insane, longing for the Blessed Vision of the Lord's Darshan. ||12||

| | |
|---|---|
| ਝਖੜੁ ਝਾਗੀ ਮੀਹੁ ਵਰਸੈ ਭੀ ਗੁਰੁ ਦੇਖਣ ਜਾਈ ॥੧੩॥ | Even in violent storms and torrential rain, I go out to catch a glimpse of my Guru. \|\|13\|\| |
| ਸਮੁੰਦੁ ਸਾਗਰੁ ਹੋਵੈ ਬਹੁ ਖਾਰਾ ਗੁਰਸਿਖੁ ਲੰਘਿ ਗੁਰ ਪਹਿ ਜਾਈ ॥੧੪॥ | Even though the oceans and the salty seas are very vast, the GurSikh will cross over it to get to his Guru. \|\|14\|\| |
| ਜਿਉ ਪ੍ਰਾਣੀ ਜਲ ਬਿਨੁ ਹੈ ਮਰਤਾ ਤਿਉ ਸਿਖੁ ਗੁਰ ਬਿਨੁ ਮਰਿ ਜਾਈ ॥੧੫॥ | Just as the mortal dies without water, so does the Sikh die without the Guru. \|\|15\|\| |
| ੭੫੮ | 758 |
| ਜਿਉ ਧਰਤੀ ਸੋਭ ਕਰੇ ਜਲੁ ਬਰਸੈ ਤਿਉ ਸਿਖੁ ਗੁਰ ਮਿਲਿ ਬਿਗਸਾਈ ॥੧੬॥ | Just as the earth looks beautiful when the rain falls, so does the Sikh blossom forth meeting the Guru. \|\|16\|\| |
| ਸੇਵਕ ਕਾ ਹੋਇ ਸੇਵਕੁ ਵਰਤਾ ਕਰਿ ਕਰਿ ਬਿਨਉ ਬੁਲਾਈ ॥੧੭॥ | I long to be the servant of Your servants; I call upon You reverently in prayer. \|\|17\|\| |
| ਨਾਨਕ ਕੀ ਬੇਨੰਤੀ ਹਰਿ ਪਹਿ ਗੁਰ ਮਿਲਿ ਗੁਰ ਸੁਖੁ ਪਾਈ ॥੧੮॥ | Nanak offers this prayer to the Lord, that he may meet the Guru, and find peace. \|\|18\|\| |
| ਤੂ ਆਪੇ ਗੁਰੁ ਚੇਲਾ ਹੈ ਆਪੇ ਗੁਰ ਵਿਚੁ ਦੇ ਤੁਝਹਿ ਧਿਆਈ ॥੧੯॥ | You Yourself are the Guru, and You Yourself are the chaylaa, the disciple; through the Guru, I meditate on You. \|\|19\|\| |
| ਜੋ ਤੁਧੁ ਸੇਵਹਿ ਸੋ ਤੂਹੈ ਹੋਵਹਿ ਤੁਧੁ ਸੇਵਕ ਪੈਜ ਰਖਾਈ ॥੨੦॥ | Those who serve You, become You. You preserve the honor of Your servants. \|\|20\|\| |
| ਭੰਡਾਰ ਭਰੇ ਭਗਤੀ ਹਰਿ ਤੇਰੇ ਜਿਸੁ ਭਾਵੈ ਤਿਸੁ ਦੇਵਾਈ ॥੨੧॥ | O Lord, Your devotional worship is a treasure overflowing. One who loves You, is blessed with it. \|\|21\|\| |
| ਜਿਸੁ ਤੂੰ ਦੇਹਿ ਸੋਈ ਜਨੁ ਪਾਏ ਹੋਰ ਨਿਹਫਲ ਸਭ ਚਤੁਰਾਈ ॥੨੨॥ | That humble being alone receives it, unto whom You bestow it. All other clever tricks are fruitless. \|\|22\|\| |
| ਸਿਮਰਿ ਸਿਮਰਿ ਸਿਮਰਿ ਗੁਰੁ ਅਪੁਨਾ ਸੋਇਆ ਮਨੁ ਜਾਗਾਈ ॥੨੩॥ | Remembering, remembering, remembering my Guru in meditation, my sleeping mind is awakened. \|\|23\|\| |
| ਇਕੁ ਦਾਨੁ ਮੰਗੈ ਨਾਨਕੁ ਵੇਚਾਰਾ ਹਰਿ ਦਾਸਨਿ ਦਾਸੁ ਕਰਾਈ ॥੨੪॥ | Poor Nanak begs for this one blessing, that he may become the slave of the slaves of the Lord. \|\|24\|\| |

ਜੇ ਗੁਰੁ ਝਿੜਕੇ ਤ ਮੀਠਾ ਲਾਗੈ ਜੇ ਬਖਸੇ ਤ ਗੁਰ ਵਡਿਆਈ ॥੨੫॥

Even if the Guru rebukes me, He still seems very sweet to me. And if He actually forgives me, that is the Guru's greatness. ||25||

ਗੁਰਮੁਖਿ ਬੋਲਹਿ ਸੋ ਥਾਇ ਪਾਏ ਮਨਮੁਖਿ ਕਿਛੁ ਥਾਇ ਨ ਪਾਈ ॥੨੬॥

That which Gurmukh speaks is certified and approved. Whatever the self-willed manmukh says is not accepted. ||26||

ਪਾਲਾ ਕਕਰੁ ਵਰਫ ਵਰਸੈ ਗੁਰਸਿਖੁ ਗੁਰ ਦੇਖਣ ਜਾਈ ॥੨੭॥

Even in the cold, the frost and the snow, the GurSikh still goes out to see his Guru. ||27||

ਸਭੁ ਦਿਨਸੁ ਰੈਣਿ ਦੇਖਉ ਗੁਰੁ ਅਪੁਨਾ ਵਿਚਿ ਅਖੀ ਗੁਰ ਪੈਰ ਧਰਾਈ ॥੨੮॥

All day and night, I gaze upon my Guru; I install the Guru's Feet in my eyes. ||28||

ਅਨੇਕ ਉਪਾਵ ਕਰੀ ਗੁਰ ਕਾਰਣਿ ਗੁਰ ਭਾਵੈ ਸੋ ਥਾਇ ਪਾਈ ॥੨੯॥

I make so many efforts for the sake of the Guru; only that which pleases the Guru is accepted and approved. ||29||

ਰੈਣਿ ਦਿਨਸੁ ਗੁਰ ਚਰਣ ਅਰਾਧੀ ਦਇਆ ਕਰਹੁ ਮੇਰੇ ਸਾਈ ॥੩੦॥

Night and day, I worship the Guru's Feet in adoration; have Mercy upon me, O my Lord and Master. ||30||

ਨਾਨਕ ਕਾ ਜੀਉ ਪਿੰਡੁ ਗੁਰੂ ਹੈ ਗੁਰ ਮਿਲਿ ਤ੍ਰਿਪਤਿ ਅਘਾਈ ॥੩੧॥

The Guru is Nanak's body and soul; meeting the Guru, he is satisfied and satiated. ||31||

ਨਾਨਕ ਕਾ ਪ੍ਰਭੁ ਪੂਰਿ ਰਹਿਓ ਹੈ ਜਤ ਕਤ ਤਤ ਗੋਸਾਈ ॥੩੨॥੧॥

Nanak's God is perfectly permeating and all-pervading. Here and there and everywhere, the Lord of the Universe. ||32||1||

ਰਾਗੁ ਸੂਹੀ ਮਹਲਾ ੪ ਅਸਟਪਦੀਆ ਘਰੁ ੧੦

Raag Soohee, Fourth Mehl, Ashtapadees, Tenth House:

ੴ ਸਤਿਗੁਰ ਪ੍ਰਸਾਦਿ ॥

One Universal Creator God.
By The Grace Of The True Guru:

ਅੰਦਰਿ ਸਚਾ ਨੇਹੁ ਲਾਇਆ ਪ੍ਰੀਤਮ ਆਪਣੈ ॥

Deep within myself, I have enshrined true love for my Beloved.

ਤਨੁ ਮਨੁ ਹੋਇ ਨਿਹਾਲੁ ਜਾ ਗੁਰੁ ਦੇਖਾ ਸਾਮ੍ਹਣੇ ॥੧॥

My body and soul are in ecstasy; I see my Guru before me. ||1||

ਮੈ ਹਰਿ ਹਰਿ ਨਾਮੁ ਵਿਸਾਹੁ ॥

I have purchased the Name of the Lord, Har, Har.

ਗੁਰ ਪੂਰੇ ਤੇ ਪਾਇਆ ਅੰਮ੍ਰਿਤੁ ਅਗਮ ਅਥਾਹੁ ॥੧॥ ਰਹਾਉ ॥

I have obtained the Inaccessible and Unfathomable Ambrosial Nectar from the Perfect Guru. ||1||Pause||

ਹਉ ਸਤਿਗੁਰੁ ਵੇਖਿ ਵਿਗਸੀਆ ਹਰਿ ਨਾਮੇ ਲਗਾ ਪਿਆਰੁ ॥

Gazing upon the True Guru, I blossom forth in ecstasy; I am in love with the Name of the Lord.

ਕਿਰਪਾ ਕਰਿ ਕੈ ਮੇਲਿਅਨੁ ਪਾਇਆ ਮੋਖ ਦੁਆਰੁ ॥੨॥

Through His Mercy, the Lord has united me with Himself, and I have found the Door of Salvation. ||2||

ਸਤਿਗੁਰੁ ਬਿਰਹੀ ਨਾਮ ਕਾ ਜੇ ਮਿਲੈ ਤ ਤਨੁ ਮਨੁ ਦੇਉ ॥

The True Guru is the Lover of the Naam, the Name of the Lord. Meeting Him, I dedicate my body and mind to Him.

ਜੇ ਪੂਰਬਿ ਹੋਵੈ ਲਿਖਿਆ ਤਾ ਅੰਮ੍ਰਿਤੁ ਸਹਜਿ ਪੀਏਉ ॥੩॥

And if it is so pre-ordained, then I shall automatically drink in the Ambrosial Nectar. ||3||

ਸੁਤਿਆ ਗੁਰੁ ਸਾਲਾਹੀਐ ਉਠਦਿਆ ਭੀ ਗੁਰੁ ਆਲਾਉ ॥

Praise the Guru while you are asleep, and call on the Guru while you are up.

ਕੋਈ ਐਸਾ ਗੁਰਮੁਖਿ ਜੇ ਮਿਲੈ ਹਉ ਤਾ ਕੇ ਧੋਵਾ ਪਾਉ ॥੪॥

If only I could meet such a Gurmukh; I would wash His Feet. ||4||

ਕੋਈ ਐਸਾ ਸਜਣੁ ਲੋੜਿ ਲਹੁ ਮੈ ਪ੍ਰੀਤਮੁ ਦੇਇ ਮਿਲਾਇ ॥

I long for such a Friend, to unite me with my Beloved.

ਸਤਿਗੁਰਿ ਮਿਲਿਐ ਹਰਿ ਪਾਇਆ ਮਿਲਿਆ ਸਹਜਿ ਸੁਭਾਇ ॥੫॥

Meeting the True Guru, I have found the Lord. He has met me, easily and effortlessly. ||5||

੭੫੯ 759

ਸਤਿਗੁਰੁ ਸਾਗਰੁ ਗੁਣ ਨਾਮ ਕਾ ਮੈ ਤਿਸੁ ਦੇਖਣ ਕਾ ਚਾਉ ॥

The True Guru is the Ocean of Virtue of the Naam, the Name of the Lord. I have such a yearning to see Him!

ਹਉ ਤਿਸੁ ਬਿਨੁ ਘੜੀ ਨ ਜੀਵਊ ਬਿਨੁ ਦੇਖੇ ਮਰਿ ਜਾਉ ॥੬॥

Without Him, I cannot live, even for an instant. If I do not see Him, I die. ||6||

ਜਿਉ ਮਛੁਲੀ ਵਿਣੁ ਪਾਣੀਐ ਰਹੈ ਨ ਕਿਤੈ ਉਪਾਇ ॥

As the fish cannot survive at all without water,

ਤਿਉ ਹਰਿ ਬਿਨੁ ਸੰਤੁ ਨ ਜੀਵਈ ਬਿਨੁ ਹਰਿ ਨਾਮੈ ਮਰਿ ਜਾਇ ॥੭॥

the Saint cannot live without the Lord. Without the Lord's Name, he dies. ||7||

ਮੈ ਸਤਿਗੁਰ ਸੇਤੀ ਪਿਰਹੜੀ ਕਿਉ ਗੁਰ ਬਿਨੁ ਜੀਵਾ ਮਾਉ ॥

I am so much in love with my True Guru! How could I even live without the Guru, O my mother?

ਮੈ ਗੁਰਬਾਣੀ ਆਧਾਰੁ ਹੈ ਗੁਰਬਾਣੀ ਲਾਗਿ ਰਹਾਉ ॥੮॥

I have the Support of the Word of the Guru's Bani. Attached to Gurbani, I survive. ||8||

| | |
|---|---|
| ਹਰਿ ਹਰਿ ਨਾਮੁ ਰਤੰਨੁ ਹੈ ਗੁਰੁ ਤੁਠਾ ਦੇਵੈ ਮਾਇ ॥ | The Name of the Lord, Har, Har, is a jewel; by the Pleasure of His Will, the Guru has given it, O my mother. |
| ਮੈ ਧਰ ਸਚੇ ਨਾਮ ਕੀ ਹਰਿ ਨਾਮਿ ਰਹਾ ਲਿਵ ਲਾਇ ॥੯॥ | The True Name is my only Support. I remain lovingly absorbed in the Lord's Name. ‖9‖ |
| ਗੁਰ ਗਿਆਨੁ ਪਦਾਰਥੁ ਨਾਮੁ ਹੈ ਹਰਿ ਨਾਮੋ ਦੇਇ ਦ੍ਰਿੜਾਇ ॥ | The wisdom of the Guru is the treasure of the Naam. The Guru implants and enshrines the Lord's Name. |
| ਜਿਸੁ ਪਰਾਪਤਿ ਸੋ ਲਹੈ ਗੁਰ ਚਰਣੀ ਲਾਗੈ ਆਇ ॥੧੦॥ | He alone receives it, he alone gets it, who comes and falls at the Guru's Feet. ‖10‖ |
| ਅਕਥ ਕਹਾਣੀ ਪ੍ਰੇਮ ਕੀ ਕੋ ਪ੍ਰੀਤਮੁ ਆਖੈ ਆਇ ॥ | If only someone would come and tell me the Unspoken Speech of the Love of my Beloved. |
| ਤਿਸੁ ਦੇਵਾ ਮਨੁ ਆਪਣਾ ਨਿਵਿ ਨਿਵਿ ਲਾਗਾ ਪਾਇ ॥੧੧॥ | I would dedicate my mind to him; I would bow down in humble respect, and fall at his feet. ‖11‖ |
| ਸਜਣੁ ਮੇਰਾ ਏਕੁ ਤੂੰ ਕਰਤਾ ਪੁਰਖੁ ਸੁਜਾਣੁ ॥ | You are my only Friend, O my All-knowing, All-powerful Creator Lord. |
| ਸਤਿਗੁਰਿ ਮੀਤਿ ਮਿਲਾਇਆ ਮੈ ਸਦਾ ਸਦਾ ਤੇਰਾ ਤਾਣੁ ॥੧੨॥ | You have brought me to meet with my True Guru. Forever and ever, You are my only strength. ‖12‖ |
| ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨ ਜਾਇ ॥ | My True Guru, forever and ever, does not come and go. |
| ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ ॥੧੩॥ | He is the Imperishable Creator Lord; He is permeating and pervading among all. ‖13‖ |
| ਰਾਮ ਨਾਮ ਧਨੁ ਸੰਚਿਆ ਸਾਬਤੁ ਪੂੰਜੀ ਰਾਸਿ ॥ | I have gathered in the wealth of the Lord's Name. My facilities and faculties are intact, safe and sound. |
| ਨਾਨਕ ਦਰਗਹ ਮੰਨਿਆ ਗੁਰ ਪੂਰੇ ਸਾਬਾਸਿ ॥੧੪॥੧॥੨॥੧੧॥ | O Nanak, I am approved and respected in the Court of the Lord; the Perfect Guru has blessed me! ‖14‖1‖2‖11‖ |
| ਰਾਗੁ ਸੂਹੀ ਅਸਟਪਦੀਆ ਮਹਲਾ ੫ ਘਰੁ ੧ | Raag Soohee, Ashtapadees, Fifth Mehl, First House: |
| ੧ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਉਰਝਿ ਰਹਿਓ ਬਿਖਿਆ ਕੈ ਸੰਗਾ ॥ | He is entangled in sinful associations; |

| | |
|---|---|
| ਮਨਹਿ ਬਿਆਪਤ ਅਨਿਕ ਤਰੰਗਾ ॥੧॥ | his mind is troubled by so very many waves. \|\|1\|\| |
| ਮੇਰੇ ਮਨ ਅਗਮ ਅਗੋਚਰ ॥ ਕਤ ਪਾਈਐ ਪੂਰਨ ਪਰਮੇਸਰ ॥੧॥ ਰਹਾਉ ॥ | O my mind, how can the Unapproachable and Incomprehensible Lord be found? He is the Perfect Transcendent Lord. \|\|1\|\|Pause\|\| |
| ਮੋਹ ਮਗਨ ਮਹਿ ਰਹਿਆ ਬਿਆਪੇ ॥ | He remains entangled in the intoxication of worldly love. |
| ਅਤਿ ਤ੍ਰਿਸਨਾ ਕਬਹੂ ਨਹੀ ਧ੍ਰਾਪੇ ॥੨॥ | His excessive thirst is never quenched. \|\|2\|\| |
| ਬਸਇ ਕਰੋਧੁ ਸਰੀਰਿ ਚੰਡਾਰਾ ॥ | Anger is the outcaste which hides within his body; |
| ਅਗਿਆਨਿ ਨ ਸੂਝੈ ਮਹਾ ਗੁਬਾਰਾ ॥੩॥ | he is in the utter darkness of ignorance, and he does not understand. \|\|3\|\| |
| ਭ੍ਰਮਤ ਬਿਆਪਤ ਜਰੇ ਕਿਵਾਰਾ ॥ | Afflicted by doubt, the shutters are shut tight; |
| ਜਾਣੁ ਨ ਪਾਈਐ ਪ੍ਰਭ ਦਰਬਾਰਾ ॥੪॥ | he cannot go to God's Court. \|\|4\|\| |
| ਆਸਾ ਅੰਦੇਸਾ ਬੰਧਿ ਪਰਾਨਾ ॥ | The mortal is bound and gagged by hope and fear; |
| ਮਹਲੁ ਨ ਪਾਵੈ ਫਿਰਤ ਬਿਗਾਨਾ ॥੫॥ | he cannot find the Mansion of the Lord's Presence, and so he wanders around like a stranger. \|\|5\|\| |
| ਸਗਲ ਬਿਆਧਿ ਕੈ ਵਸਿ ਕਰਿ ਦੀਨਾ ॥ | He falls under the power of all negative influences; |
| ਫਿਰਤ ਪਿਆਸ ਜਿਉ ਜਲ ਬਿਨੁ ਮੀਨਾ ॥੬॥ | he wanders around thirsty like a fish out of water. \|\|6\|\| |
| ਕਛੂ ਸਿਆਨਪ ਉਕਤਿ ਨ ਮੋਰੀ ॥ | I have no clever tricks or techniques; |
| ਏਕ ਆਸ ਠਾਕੁਰ ਪ੍ਰਭ ਤੋਰੀ ॥੭॥ | You are my only hope, O my Lord God Master. \|\|7\|\| |
| ਕਰਉ ਬੇਨਤੀ ਸੰਤਨ ਪਾਸੇ ॥ | Nanak offers this prayer to the Saints |
| ਮੇਲਿ ਲੈਹੁ ਨਾਨਕ ਅਰਦਾਸੇ ॥੮॥ | - please let me merge and blend with You. \|\|8\|\| |
| ਭਇਓ ਕ੍ਰਿਪਾਲੁ ਸਾਧਸੰਗੁ ਪਾਇਆ ॥ | God has shown Mercy, and I have found the Saadh Sangat, the Company of the Holy. |
| ਨਾਨਕ ਤ੍ਰਿਪਤੇ ਪੂਰਾ ਪਾਇਆ ॥੧॥ ਰਹਾਉ ਦੂਜਾ ॥੧॥ | Nanak is satisfied, finding the Perfect Lord. \|\|1\|\|Second Pause\|\|1\|\| |

| ੭੬੦ | 760 |
|---|---|
| ਰਾਗੁ ਸੂਹੀ ਮਹਲਾ ੫ ਘਰੁ ੩ | Raag Soohee, Fifth Mehl, Third House: |
| ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਮਿਥਨ ਮੋਹ ਅਗਨਿ ਸੋਕ ਸਾਗਰ ॥ | Attachment to sex is an ocean of fire and pain. |
| ਕਰਿ ਕਿਰਪਾ ਉਧਰੁ ਹਰਿ ਨਾਗਰ ॥੧॥ | By Your Grace, O Sublime Lord, please save me from it. \|\|1\|\| |
| ਚਰਣ ਕਮਲ ਸਰਣਾਇ ਨਰਾਇਣ ॥ | I seek the Sanctuary of the Lotus Feet of the Lord. |
| ਦੀਨਾ ਨਾਥ ਭਗਤ ਪਰਾਇਣ ॥੧॥ ਰਹਾਉ ॥ | He is the Master of the meek, the Support of His devotees. \|\|1\|\|Pause\|\| |
| ਅਨਾਥਾ ਨਾਥ ਭਗਤ ਭੈ ਮੇਟਨ ॥ | Master of the masterless, Patron of the forlorn, Eradicator of fear of His devotees. |
| ਸਾਧਸੰਗਿ ਜਮਦੂਤ ਨ ਭੇਟਨ ॥੨॥ | In the Saadh Sangat, the Company of the Holy, the Messenger of Death cannot even touch them. \|\|2\|\| |
| ਜੀਵਨ ਰੂਪ ਅਨੂਪ ਦਇਆਲਾ ॥ | The Merciful, Incomparably Beautiful, Embodiment of Life. |
| ਰਵਣ ਗੁਣਾ ਕਟੀਐ ਜਮ ਜਾਲਾ ॥੩॥ | Vibrating the Glorious Virtues of the Lord, the noose of the Messenger of Death is cut away. \|\|3\|\| |
| ਅੰਮ੍ਰਿਤ ਨਾਮੁ ਰਸਨ ਨਿਤ ਜਾਪੈ ॥ | One who constantly chants the Ambrosial Nectar of the Naam with his tongue, |
| ਰੋਗ ਰੂਪ ਮਾਇਆ ਨ ਬਿਆਪੈ ॥੪॥ | is not touched or affected by Maya, the embodiment of disease. \|\|4\|\| |
| ਜਪਿ ਗੋਬਿੰਦ ਸੰਗੀ ਸਭਿ ਤਾਰੇ ॥ | Chant and meditate on God, the Lord of the Universe, and all of your companions shall be carried across; |
| ਪੋਹਤ ਨਾਹੀ ਪੰਚ ਬਟਵਾਰੇ ॥੫॥ | the five thieves will not even approach. \|\|5\|\| |
| ਮਨ ਬਚ ਕ੍ਰਮ ਪ੍ਰਭੁ ਏਕੁ ਧਿਆਏ ॥ | One who meditates on the One God in thought, word and deed |
| ਸਰਬ ਫਲਾ ਸੋਈ ਜਨੁ ਪਾਏ ॥੬॥ | - that humble being receives the fruits of all rewards. \|\|6\|\| |
| ਧਾਰਿ ਅਨੁਗ੍ਰਹੁ ਅਪਨਾ ਪ੍ਰਭਿ ਕੀਨਾ ॥ | Showering His Mercy, God has made me His own; |
| ਕੇਵਲ ਨਾਮੁ ਭਗਤਿ ਰਸੁ ਦੀਨਾ ॥੭॥ | He has blessed me with the unique and singular Naam, and the sublime essence of devotion. \|\|7\|\| |
| ਆਦਿ ਮਧਿ ਅੰਤਿ ਪ੍ਰਭੁ ਸੋਈ ॥ | In the beginning, in the middle, and in the end, He is God. |

ਨਾਨਕ ਤਿਸੁ ਬਿਨੁ ਅਵਰੁ ਨ ਕੋਈ ॥੮॥੧॥੨॥

O Nanak, without Him, there is no other at all. ||8||1||2||

ਰਾਗੁ ਸੂਹੀ ਮਹਲਾ ੫ ਅਸਟਪਦੀਆ ਘਰੁ ੯

Raag Soohee, Fifth Mehl, Ashtapadees, Ninth House:

ੴ ਸਤਿਗੁਰ ਪ੍ਰਸਾਦਿ ॥

One Universal Creator God.
By The Grace Of The True Guru:

ਜਿਨ ਡਿਠਿਆ ਮਨੁ ਰਹਸੀਐ ਕਿਉ ਪਾਈਐ ਤਿਨ੍ ਸੰਗੁ ਜੀਉ ॥

Gazing upon them, my mind is enraptured. How can I join them and be with them?

ਸੰਤ ਸਜਨ ਮਨ ਮਿਤ੍ਰ ਸੇ ਲਾਇਨਿ ਪ੍ਰਭ ਸਿਉ ਰੰਗੁ ਜੀਉ ॥

They are Saints and friends, good friends of my mind, who inspire me and help me tune in to God's Love.

ਤਿਨ੍ ਸਿਉ ਪ੍ਰੀਤਿ ਨ ਤੁਟਈ ਕਬਹੁ ਨ ਹੋਵੈ ਭੰਗੁ ਜੀਉ ॥੧॥

My love for them shall never die; it shall never, ever be broken. ||1||

ਪਾਰਬ੍ਰਹਮ ਪ੍ਰਭ ਕਰਿ ਦਇਆ ਗੁਣ ਗਾਵਾ ਤੇਰੇ ਨਿਤ ਜੀਉ ॥

O Supreme Lord God, please grant me Your Grace, that I might constantly sing Your Glorious Praises.

ਆਇ ਮਿਲਹੁ ਸੰਤ ਸਜਣਾ ਨਾਮੁ ਜਪਹ ਮਨ ਮਿਤ ਜੀਉ ॥੧॥ ਰਹਾਉ ॥

Come, and meet with me, O Saints, and good friends; let us chant and meditate on the Naam, the Name of the Lord, the Best Friend of my mind. ||1||Pause||

ਦੇਖੈ ਸੁਣੇ ਨ ਜਾਣਈ ਮਾਇਆ ਮੋਹਿਆ ਅੰਧੁ ਜੀਉ ॥

He does not see, he does not hear, and he does not understand; he is blind, enticed and bewitched by Maya.

ਕਾਚੀ ਦੇਹਾ ਵਿਣਸਣੀ ਕੂੜੁ ਕਮਾਵੈ ਧੰਧੁ ਜੀਉ ॥

His body is false and transitory; it shall perish. And still, he entangles himself in false pursuits.

ਨਾਮੁ ਧਿਆਵਹਿ ਸੇ ਜਿਣਿ ਚਲੇ ਗੁਰ ਪੂਰੇ ਸਨਬੰਧੁ ਜੀਉ ॥੨॥

They alone depart victorious, who have meditated on the Naam; they stick with the Perfect Guru. ||2||

ਹੁਕਮੇ ਜੁਗ ਮਹਿ ਆਇਆ ਚਲਣੁ ਹੁਕਮਿ ਸੰਜੋਗਿ ਜੀਉ ॥

By the Hukam of God's Will, they come into this world, and they leave upon receipt of His Hukam.

ਹੁਕਮੇ ਪਰਪੰਚੁ ਪਸਰਿਆ ਹੁਕਮਿ ਕਰੇ ਰਸ ਭੋਗ ਜੀਉ ॥

By His Hukam, the Expanse of the Universe is expanded. By His Hukam, they enjoy pleasures.

ਜਿਸ ਨੋ ਕਰਤਾ ਵਿਸਰੈ ਤਿਸਹਿ ਵਿਛੋੜਾ ਸੋਗੁ ਜੀਉ ॥੩॥

One who forgets the Creator Lord, suffers sorrow and separation. ||3||

ਆਪਨੜੇ ਪ੍ਰਭ ਭਾਣਿਆ ਦਰਗਹ ਪੈਧਾ ਜਾਇ ਜੀਉ ॥

One who is pleasing to his God, goes to His Court dressed in robes of honor.

| | |
|---|---|
| ਐਥੈ ਸੁਖੁ ਮੁਖੁ ਉਜਲਾ ਇਕੋ ਨਾਮੁ ਧਿਆਇ ਜੀਉ ॥ | One who meditates on the Naam, the One Name, finds peace in this world; his face is radiant and bright. |
| ਆਦਰੁ ਦਿਤਾ ਪਾਰਬ੍ਰਹਮਿ ਗੁਰੁ ਸੇਵਿਆ ਸਤ ਭਾਇ ਜੀਉ ॥੪॥ | The Supreme Lord confers honor and respect on those who serve the Guru with true love. \|\|4\|\| |
| ਥਾਨ ਥਨੰਤਰਿ ਰਵਿ ਰਹਿਆ ਸਰਬ ਜੀਆ ਪ੍ਰਤਿਪਾਲ ਜੀਉ ॥ | He is pervading and permeating the spaces and interspaces; He loves and cherishes all beings. |
| ਸਚੁ ਖਜਾਨਾ ਸੰਚਿਆ ਏਕੁ ਨਾਮੁ ਧਨੁ ਮਾਲ ਜੀਉ ॥ | I have accumulated the true treasure, the wealth and riches of the One Name. |
| ਮਨ ਤੇ ਕਬਹੁ ਨ ਵੀਸਰੈ ਜਾ ਆਪੇ ਹੋਇ ਦਇਆਲ ਜੀਉ ॥੫॥ | I shall never forget Him from my mind, since He has been so merciful to me. \|\|5\|\| |
| **੭੬੧** | **761** |
| ਆਵਣੁ ਜਾਣਾ ਰਹਿ ਗਏ ਮਨਿ ਵੁਠਾ ਨਿਰੰਕਾਰੁ ਜੀਉ ॥ | My comings and goings have ended; the Formless Lord now dwells within my mind. |
| ਤਾ ਕਾ ਅੰਤੁ ਨ ਪਾਈਐ ਉਚਾ ਅਗਮ ਅਪਾਰੁ ਜੀਉ ॥ | His limits cannot be found; He is lofty and exalted, inaccessible and infinite. |
| ਜਿਸੁ ਪ੍ਰਭੁ ਅਪਣਾ ਵਿਸਰੈ ਸੋ ਮਰਿ ਜੰਮੈ ਲਖ ਵਾਰ ਜੀਉ ॥੬॥ | One who forgets His God, shall die and be reincarnated, hundreds of thousands of times. \|\|6\|\| |
| ਸਾਚੁ ਨੇਹੁ ਤਿਨ ਪ੍ਰੀਤਮਾ ਜਿਨ ਮਨਿ ਵੁਠਾ ਆਪਿ ਜੀਉ ॥ | They alone bear true love for their God, within whose minds He Himself dwells. |
| ਗੁਣ ਸਾਝੀ ਤਿਨ ਸੰਗਿ ਬਸੇ ਆਠ ਪਹਰ ਪ੍ਰਭ ਜਾਪਿ ਜੀਉ ॥ | So dwell only with those who share their virtues; chant and meditate on God, twenty-four hours a day. |
| ਰੰਗਿ ਰਤੇ ਪਰਮੇਸਰੈ ਬਿਨਸੇ ਸਗਲ ਸੰਤਾਪ ਜੀਉ ॥੭॥ | They are attuned to the Love of the Transcendent Lord; all their sorrows and afflictions are dispelled. \|\|7\|\| |
| ਤੂੰ ਕਰਤਾ ਤੂੰ ਕਰਣਹਾਰੁ ਤੂਹੈ ਏਕੁ ਅਨੇਕ ਜੀਉ ॥ | You are the Creator, You are the Cause of causes; You are the One and the many. |
| ਤੂ ਸਮਰਥੁ ਤੂ ਸਰਬ ਮੈ ਤੂਹੈ ਬੁਧਿ ਬਿਬੇਕ ਜੀਉ ॥ | You are All-powerful, You are present everywhere; You are the subtle intellect, the clear wisdom. |
| ਨਾਨਕ ਨਾਮੁ ਸਦਾ ਜਪੀ ਭਗਤ ਜਨਾ ਕੀ ਟੇਕ ਜੀਉ ॥੮॥੧॥੩॥ | Nanak chants and meditates forever on the Naam, the Support of the humble devotees. \|\|8\|\|1\|\|3\|\| |

| | |
|---|---|
| ਰਾਗੁ ਸੂਹੀ ਮਹਲਾ ੫ ਅਸਟਪਦੀਆ ਘਰੁ ੧੦ ਕਾਫੀ | Raag Soohee, Fifth Mehl, Ashtapadees, Tenth House, Kaafee: |
| ੧ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਜੇ ਭੁਲੀ ਜੇ ਚੁਕੀ ਸਾਇੰ ਭੀ ਤਹਿੰਜੀ ਕਾਢੀਆ ॥ | Even though I have made mistakes, and even though I have been wrong, I am still called Yours, O my Lord and Master. |
| ਜਿਨ੍ਾ ਨੇਹੁ ਦੂਜਾਣੇ ਲਗਾ ਝੂਰਿ ਮਰਹੁ ਸੇ ਵਾਢੀਆ ॥੧॥ | Those who enshrine love for another, die regretting and repenting. \|\|1\|\| |
| ਹਉ ਨਾ ਛੋਡਉ ਕੰਤ ਪਾਸਰਾ ॥ | I shall never leave my Husband Lord's side. |
| ਸਦਾ ਰੰਗੀਲਾ ਲਾਲੁ ਪਿਆਰਾ ਏਹੁ ਮਹਿੰਜਾ ਆਸਰਾ ॥੧॥ ਰਹਾਉ ॥ | My Beloved Lover is always and forever beautiful. He is my hope and inspiration. \|\|1\|\|Pause\|\| |
| ਸਜਣੁ ਤੂਹੈ ਸੈਣੁ ਤੂ ਮੈ ਤੁਝ ਉਪਰਿ ਬਹੁ ਮਾਣੀਆ ॥ | You are my Best Friend; You are my relative. I am so proud of You. |
| ਜਾ ਤੂ ਅੰਦਰਿ ਤਾ ਸੁਖੇ ਤੂੰ ਨਿਮਾਣੀ ਮਾਣੀਆ ॥੨॥ | And when You dwell within me, I am at peace. I am without honor - You are my honor. \|\|2\|\| |
| ਜੇ ਤੂ ਤੁਠਾ ਕ੍ਰਿਪਾ ਨਿਧਾਨ ਨਾ ਦੂਜਾ ਵੇਖਾਲਿ ॥ | And when You are pleased with me, O treasure of mercy, then I do not see any other. |
| ਏਹਾ ਪਾਈ ਮੂ ਦਾਤੜੀ ਨਿਤ ਹਿਰਦੈ ਰਖਾ ਸਮਾਲਿ ॥੩॥ | Please grant me this blessing, that that I may forever dwell upon You and cherish You within my heart. \|\|3\|\| |
| ਪਾਵ ਜੁਲਾਈ ਪੰਧ ਤਉ ਨੈਣੀ ਦਰਸੁ ਦਿਖਾਲਿ ॥ | Let my feet walk on Your Path, and let my eyes behold the Blessed Vision of Your Darshan. |
| ਸ੍ਰਵਣੀ ਸੁਣੀ ਕਹਾਣੀਆ ਜੇ ਗੁਰੁ ਥੀਵੈ ਕਿਰਪਾਲਿ ॥੪॥ | With my ears, I will listen to Your Sermon, if the Guru becomes merciful to me. \|\|4\|\| |
| ਕਿਤੀ ਲਖ ਕਰੋੜਿ ਪਿਰੀਏ ਰੋਮ ਨ ਪੁਜਨਿ ਤੇਰਿਆ ॥ | Hundreds of thousands and millions do not equal even one hair of Yours, O my Beloved. |
| ਤੂ ਸਾਹੀ ਹੂ ਸਾਹੁ ਹਉ ਕਹਿ ਨ ਸਕਾ ਗੁਣ ਤੇਰਿਆ ॥੫॥ | You are the King of kings; I cannot even describe Your Glorious Praises. \|\|5\|\| |
| ਸਹੀਆ ਤਊ ਅਸੰਖ ਮੰਞਹੁ ਹਭਿ ਵਧਾਣੀਆ ॥ | Your brides are countless; they are all greater than I am. |

ਹਿਕ ਭੋਰੀ ਨਦਰਿ ਨਿਹਾਲਿ ਦੇਹਿ ਦਰਸੁ ਰੰਗੁ ਮਾਣੀਆ ॥੬॥

Please bless me with Your Glance of Grace, even for an instant; please bless me with Your Darshan, that I may revel in Your Love. ||6||

ਜੈ ਡਿਠੇ ਮਨੁ ਧੀਰੀਐ ਕਿਲਵਿਖ ਵੰਞਨ੍ਹਿ ਦੂਰੇ ॥

Seeing Him, my mind is comforted and consoled, and my sins and mistakes are far removed.

ਸੋ ਕਿਉ ਵਿਸਰੈ ਮਾਉ ਮੈ ਜੋ ਰਹਿਆ ਭਰਪੂਰੇ ॥੭॥

How could I ever forget Him, O my mother? He is permeating and pervading everywhere. ||7||

ਹੋਇ ਨਿਮਾਣੀ ਢਹਿ ਪਈ ਮਿਲਿਆ ਸਹਜਿ ਸੁਭਾਇ ॥

In humility, I bowed down in surrender to Him, and He naturally met me.

ਪੂਰਬਿ ਲਿਖਿਆ ਪਾਇਆ ਨਾਨਕ ਸੰਤ ਸਹਾਇ ॥੮॥੧॥੪॥

I have received what was pre-ordained for me, O Nanak, with the help and assistance of the Saints. ||8||1||4||

ਸੂਹੀ ਮਹਲਾ ੫ ॥

Soohee, Fifth Mehl:

ਸਿਮ੍ਰਿਤਿ ਬੇਦ ਪੁਰਾਣ ਪੁਕਾਰਨਿ ਪੋਥੀਆ ॥

The Simritees, the Vedas, the Puraanas and the other holy scriptures proclaim

ਨਾਮ ਬਿਨਾ ਸਭਿ ਕੂੜੁ ਗਾਲ੍ਹੀ ਹੋਛੀਆ ॥੧॥

that without the Naam, everything is false and worthless. ||1||

ਨਾਮੁ ਨਿਧਾਨੁ ਅਪਾਰੁ ਭਗਤਾ ਮਨਿ ਵਸੈ ॥

The infinite treasure of the Naam abides within the minds of the devotees.

ਜਨਮ ਮਰਣ ਮੋਹੁ ਦੁਖੁ ਸਾਧੂ ਸੰਗਿ ਨਸੈ ॥੧॥ ਰਹਾਉ ॥

Birth and death, attachment and suffering, are erased in the Saadh Sangat, the Company of the Holy. ||1||Pause||

ਮੋਹਿ ਬਾਦਿ ਅਹੰਕਾਰਿ ਸਰਪਰ ਰੁੰਨਿਆ ॥

Those who indulge in attachment, conflict and egotism shall surely weep and cry.

ਸੁਖੁ ਨ ਪਾਇਨ੍ਹਿ ਮੂਲਿ ਨਾਮ ਵਿਛੁੰਨਿਆ ॥੨॥

Those who are separated from the Naam shall never find any peace. ||2||

ਮੇਰੀ ਮੇਰੀ ਧਾਰਿ ਬੰਧਨਿ ਬੰਧਿਆ ॥

Crying out, Mine! Mine!, he is bound in bondage.

ਨਰਕਿ ਸੁਰਗਿ ਅਵਤਾਰ ਮਾਇਆ ਧੰਧਿਆ ॥੩॥

Entangled in Maya, he is reincarnated in heaven and hell. ||3||

ਸੋਧਤ ਸੋਧਤ ਸੋਧਿ ਤਤੁ ਬੀਚਾਰਿਆ ॥

Searching, searching, searching, I have come to understand the essence of reality.

ਨਾਮ ਬਿਨਾ ਸੁਖੁ ਨਾਹਿ ਸਰਪਰ ਹਾਰਿਆ ॥੪॥

Without the Naam, there is no peace at all, and the mortal will surely fail. ||4||

| ੭੬੨ | 762 |
|---|---|
| ਆਵਹਿ ਜਾਹਿ ਅਨੇਕ ਮਰਿ ਮਰਿ ਜਨਮਤੇ ॥ | Many come and go; they die, and die again, and are reincarnated. |
| ਬਿਨੁ ਬੂਝੇ ਸਭੁ ਵਾਦਿ ਜੋਨੀ ਭਰਮਤੇ ॥੫॥ | Without understanding, they are totally useless, and they wander in reincarnation. ‖5‖ |
| ਜਿਨ੍ ਕਉ ਭਏ ਦਇਆਲ ਤਿਨ੍ ਸਾਧੂ ਸੰਗੁ ਭਇਆ ॥ | They alone join the Saadh Sangat, unto whom the Lord becomes Merciful. |
| ਅੰਮ੍ਰਿਤੁ ਹਰਿ ਕਾ ਨਾਮੁ ਤਿਨ੍ੀ ਜਨੀ ਜਪਿ ਲਇਆ ॥੬॥ | They chant and meditate on the Ambrosial Name of the Lord. ‖6‖ |
| ਖੋਜਹਿ ਕੋਟਿ ਅਸੰਖ ਬਹੁਤੁ ਅਨੰਤ ਕੇ ॥ | Uncounted millions, so many they are endless, search for Him. |
| ਜਿਸੁ ਬੁਝਾਏ ਆਪਿ ਨੇੜਾ ਤਿਸੁ ਹੇ ॥੭॥ | But only that one, who understands his own self, sees God near at hand. ‖7‖ |
| ਵਿਸਰੁ ਨਾਹੀ ਦਾਤਾਰ ਆਪਣਾ ਨਾਮੁ ਦੇਹੁ ॥ | Never forget me, O Great Giver - please bless me with Your Naam. |
| ਗੁਣ ਗਾਵਾ ਦਿਨੁ ਰਾਤਿ ਨਾਨਕ ਚਾਉ ਏਹੁ ॥੮॥੨॥੫॥੧੬॥ | To sing Your Glorious Praises day and night - O Nanak, this is my heart-felt desire. ‖8‖2‖5‖16‖ |
| ਰਾਗੁ ਸੂਹੀ ਮਹਲਾ ੧ ਕੁਚਜੀ | Raag Soohee, First Mehl, Kuchajee ~ The Ungraceful Bride: |
| ੧ਓ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਮੰਞੁ ਕੁਚਜੀ ਅੰਮਾਵਣਿ ਡੋਸੜੇ ਹਉ ਕਿਉ ਸਹੁ ਰਾਵਣਿ ਜਾਉ ਜੀਉ ॥ | I am ungraceful and ill-mannered, full of endless faults. How can I go to enjoy my Husband Lord? |
| ਇਕ ਦੂ ਇਕਿ ਚੜੰਦੀਆ ਕਉਣੁ ਜਾਣੈ ਮੇਰਾ ਨਾਉ ਜੀਉ ॥ | Each of His soul-brides is better than the rest - who even knows my name? |
| ਜਿਨ੍ੀ ਸਖੀ ਸਹੁ ਰਾਵਿਆ ਸੇ ਅੰਬੀ ਛਾਵੜੀਏਹਿ ਜੀਉ ॥ | Those brides who enjoy their Husband Lord are very blessed, resting in the shade of the mango tree. |
| ਸੇ ਗੁਣ ਮੰਞੁ ਨ ਆਵਨੀ ਹਉ ਕੈ ਜੀ ਦੋਸ ਧਰੇਉ ਜੀਉ ॥ | I do not have their virtue - who can I blame for this? |

| | |
|---|---|
| ਕਿਆ ਗੁਣ ਤੇਰੇ ਵਿਥਰਾ ਹਉ ਕਿਆ ਕਿਆ ਘਿਨਾ ਤੇਰਾ ਨਾਉ ਜੀਉ ॥ | Which of Your Virtues, O Lord, should I speak of? Which of Your Names should I chant? |
| ਇਕਤੁ ਟੋਲਿ ਨ ਅੰਬੜਾ ਹਉ ਸਦ ਕੁਰਬਾਣੈ ਤੇਰੈ ਜਾਉ ਜੀਉ ॥ | I cannot even reach one of Your Virtues. I am forever a sacrifice to You. |
| ਸੁਇਨਾ ਰੁਪਾ ਰੰਗੁਲਾ ਮੋਤੀ ਤੈ ਮਾਣਿਕੁ ਜੀਉ ॥ | Gold, silver, pearls and rubies are pleasing. |
| ਸੇ ਵਸਤੂ ਸਹਿ ਦਿਤੀਆ ਮੈ ਤਿਨ੍ ਸਿਉ ਲਾਇਆ ਚਿਤੁ ਜੀਉ ॥ | My Husband Lord has blessed me with these things, and I have focused my thoughts on them. |
| ਮੰਦਰ ਮਿਟੀ ਸੰਦੜੇ ਪਥਰ ਕੀਤੇ ਰਾਸਿ ਜੀਉ ॥ | Palaces of brick and mud are built and decorated with stones; |
| ਹਉ ਏਨੀ ਟੋਲੀ ਭੁਲੀਅਸੁ ਤਿਸੁ ਕੰਤ ਨ ਬੈਠੀ ਪਾਸਿ ਜੀਉ ॥ | I have been fooled by these decorations, and I do not sit near my Husband Lord. |
| ਅੰਬਰਿ ਕੂੰਜਾ ਕੁਰਲੀਆ ਬਗ ਬਹਿਠੇ ਆਇ ਜੀਉ ॥ | The cranes shriek overhead in the sky, and the herons have come to rest. |
| ਸਾ ਧਨ ਚਲੀ ਸਾਹੁਰੈ ਕਿਆ ਮੁਹੁ ਦੇਸੀ ਅਗੈ ਜਾਇ ਜੀਉ ॥ | The bride has gone to her father-in-law's house; in the world hereafter, what face will she show? |
| ਸੁਤੀ ਸੁਤੀ ਝਾਲੁ ਥੀਆ ਭੁਲੀ ਵਾਟੜੀਆਸੁ ਜੀਉ ॥ | She kept sleeping as the day dawned; she forgot all about her journey. |
| ਤੈ ਸਹ ਨਾਲਹੁ ਮੁਤੀਅਸੁ ਦੁਖਾ ਕੂੰ ਧਰੀਆਸੁ ਜੀਉ ॥ | She separated herself from her Husband Lord, and now she suffers in pain. |
| ਤੁਧੁ ਗੁਣ ਮੈ ਸਭਿ ਅਵਗਣਾ ਇਕ ਨਾਨਕ ਕੀ ਅਰਦਾਸਿ ਜੀਉ ॥ | Virtue is in You, O Lord; I am totally without virtue. This is Nanak's only prayer: |
| ਸਭਿ ਰਾਤੀ ਸੋਹਾਗਣੀ ਮੈ ਡੋਹਾਗਣਿ ਕਾਈ ਰਾਤਿ ਜੀਉ ॥੧॥ | You give all Your nights to the virtuous soul-brides. I know I am unworthy, but isn't there a night for me as well? ‖1‖ |
| ਸੂਹੀ ਮਹਲਾ ੧ ਸੁਚਜੀ ॥ | Soohee, First Mehl, Suchajee ~ The Noble And Graceful Bride: |
| ਜਾ ਤੂ ਤਾ ਮੈ ਸਭੁ ਕੋ ਤੂ ਸਾਹਿਬੁ ਮੇਰੀ ਰਾਸਿ ਜੀਉ ॥ | When I have You, then I have everything. O my Lord and Master, You are my wealth and capital. |
| ਤੁਧੁ ਅੰਤਰਿ ਹਉ ਸੁਖਿ ਵਸਾ ਤੂੰ ਅੰਤਰਿ ਸਾਬਾਸਿ ਜੀਉ ॥ | Within You, I abide in peace; within You, I am congratulated. |

| | |
|---|---|
| ਭਾਣੈ ਤਖਤਿ ਵਡਾਈਆ ਭਾਣੈ ਭੀਖ ਉਦਾਸਿ ਜੀਉ ॥ | By the Pleasure of Your Will, You bestow thrones and greatness. And by the Pleasure of Your Will, You make us beggars and wanderers. |
| ਭਾਣੈ ਥਲ ਸਿਰਿ ਸਰੁ ਵਹੈ ਕਮਲੁ ਫੁਲੈ ਆਕਾਸਿ ਜੀਉ ॥ | By the Pleasure of Your Will, the ocean flows in the desert, and the lotus blossoms in the sky. |
| ਭਾਣੈ ਭਵਜਲੁ ਲੰਘੀਐ ਭਾਣੈ ਮੰਝਿ ਭਰੀਆਸਿ ਜੀਉ ॥ | By the Pleasure of Your Will, one crosses over the terrifying world-ocean; by the Pleasure of Your Will, he sinks down into it. |
| ਭਾਣੈ ਸੋ ਸਹੁ ਰੰਗੁਲਾ ਸਿਫਤਿ ਰਤਾ ਗੁਣਤਾਸਿ ਜੀਉ ॥ | By the Pleasure of His Will, that Lord becomes my Husband, and I am imbued with the Praises of the Lord, the treasure of virtue. |
| ਭਾਣੈ ਸਹੁ ਭੀਹਾਵਲਾ ਹਉ ਆਵਣਿ ਜਾਣਿ ਮੁਈਆਸਿ ਜੀਉ ॥ | By the Pleasure of Your Will, O my Husband Lord, I am afraid of You, and I come and go, and die. |
| ਤੂ ਸਹੁ ਅਗਮੁ ਅਤੋਲਵਾ ਹਉ ਕਹਿ ਕਹਿ ਢਹਿ ਪਈਆਸਿ ਜੀਉ ॥ | You, O my Husband Lord, are inaccessible and immeasurable; talking and speaking of You, I have fallen at Your Feet. |
| ਕਿਆ ਮਾਗਉ ਕਿਆ ਕਹਿ ਸੁਣੀ ਮੈ ਦਰਸਨ ਭੁਖ ਪਿਆਸਿ ਜੀਉ ॥ | What should I beg for? What should I say and hear? I am hungry and thirsty for the Blessed Vision of Your Darshan. |
| ਗੁਰ ਸਬਦੀ ਸਹੁ ਪਾਇਆ ਸਚੁ ਨਾਨਕ ਕੀ ਅਰਦਾਸਿ ਜੀਉ ॥੨॥ | Through the Word of the Guru's Teachings, I have found my Husband Lord. This is Nanak's true prayer. \|\|2\|\| |

## ੭੬੩ / 763

| | |
|---|---|
| ਸੂਹੀ ਮਹਲਾ ੫ ਗੁਣਵੰਤੀ ॥ | Soohee, Fifth Mehl, Gunvantee ~ The Worthy And Virtuous Bride: |
| ਜੋ ਦੀਸੈ ਗੁਰਸਿਖੜਾ ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ ॥ | When I see a Sikh of the Guru, I humbly bow and fall at his feet. |
| ਆਖਾ ਬਿਰਥਾ ਜੀਅ ਕੀ ਗੁਰੁ ਸਜਣੁ ਦੇਹਿ ਮਿਲਾਇ ਜੀਉ ॥ | I tell to him the pain of my soul, and beg him to unite me with the Guru, my Best Friend. |
| ਸੋਈ ਦਸਿ ਉਪਦੇਸੜਾ ਮੇਰਾ ਮਨੁ ਅਨਤ ਨ ਕਾਹੂ ਜਾਇ ਜੀਉ ॥ | I ask that he impart to me such an understanding, that my mind will not go out wandering anywhere else. |
| ਇਹੁ ਮਨੁ ਤੈ ਕੂੰ ਡੇਵਸਾ ਮੈ ਮਾਰਗੁ ਦੇਹੁ ਬਤਾਇ ਜੀਉ ॥ | I dedicate this mind to you. Please, show me the Path to God. |
| ਹਉ ਆਇਆ ਦੂਰਹੁ ਚਲਿ ਕੈ ਮੈ ਤਕੀ ਤਉ ਸਰਣਾਇ ਜੀਉ ॥ | I have come so far, seeking the Protection of Your Sanctuary. |

| | |
|---|---|
| ਮੈ ਆਸਾ ਰਖੀ ਚਿਤਿ ਮਹਿ ਮੇਰਾ ਸਭੋ ਦੁਖੁ ਗਵਾਇ ਜੀਉ ॥ | Within my mind, I place my hopes in You; please, take my pain and suffering away! |
| ਇਤੁ ਮਾਰਗਿ ਚਲੇ ਭਾਈਅੜੇ ਗੁਰੁ ਕਹੈ ਸੁ ਕਾਰ ਕਮਾਇ ਜੀਉ ॥ | So walk on this Path, O sister soul-brides; do that work which the Guru tells you to do. |
| ਤਿਆਗੇਂ ਮਨ ਕੀ ਮਤੜੀ ਵਿਸਾਰੇਂ ਦੂਜਾ ਭਾਉ ਜੀਉ ॥ | Abandon the intellectual pursuits of the mind, and forget the love of duality. |
| ਇਉ ਪਾਵਹਿ ਹਰਿ ਦਰਸਾਵੜਾ ਨਹ ਲਗੈ ਤਤੀ ਵਾਉ ਜੀਉ ॥ | In this way, you shall obtain the Blessed Vision of the Lord's Darshan; the hot winds shall not even touch you. |
| ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ ॥ | By myself, I do not even know how to speak; I speak all that the Lord commands. |
| ਹਰਿ ਭਗਤਿ ਖਜਾਨਾ ਬਖਸਿਆ ਗੁਰਿ ਨਾਨਕਿ ਕੀਆ ਪਸਾਉ ਜੀਉ ॥ | I am blessed with the treasure of the Lord's devotional worship; Guru Nanak has been kind and compassionate to me. |
| ਮੈ ਬਹੁੜਿ ਨ ਤ੍ਰਿਸਨਾ ਭੁਖੜੀ ਹਉ ਰਜਾ ਤ੍ਰਿਪਤਿ ਅਘਾਇ ਜੀਉ ॥ | I shall never again feel hunger or thirst; I am satisfied, satiated and fulfilled. |
| ਜੋ ਗੁਰ ਦੀਸੈ ਸਿਖੜਾ ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ ॥੩॥ | When I see a Sikh of the Guru, I humbly bow and fall at his feet. \|\|3\|\| |
| ਰਾਗੁ ਸੂਹੀ ਛੰਤ ਮਹਲਾ ੧ ਘਰੁ ੧ | Raag Soohee, Chhant, First Mehl, First House: |
| ੧ਓ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਭਰਿ ਜੋਬਨਿ ਮੈ ਮਤ ਪੇਈਅੜੈ ਘਰਿ ਪਾਹੁਣੀ ਬਲਿ ਰਾਮ ਜੀਉ ॥ | Intoxicated with the wine of youth, I did not realize that I was only a guest at my parents' home (in this world). |
| ਮੈਲੀ ਅਵਗਣਿ ਚਿਤਿ ਬਿਨੁ ਗੁਰ ਗੁਣ ਨ ਸਮਾਵਨੀ ਬਲਿ ਰਾਮ ਜੀਉ ॥ | My consciousness is polluted with faults and mistakes; without the Guru, virtue does not even enter into me. |
| ਗੁਣ ਸਾਰ ਨ ਜਾਣੀ ਭਰਮਿ ਭੁਲਾਣੀ ਜੋਬਨੁ ਬਾਦਿ ਗਵਾਇਆ ॥ | I have not known the value of virtue; I have been deluded by doubt. I have wasted away my youth in vain. |
| ਵਰੁ ਘਰੁ ਦਰੁ ਦਰਸਨੁ ਨਹੀ ਜਾਤਾ ਪਿਰ ਕਾ ਸਹਜੁ ਨ ਭਾਇਆ ॥ | I have not known my Husband Lord, His celestial home and gate, or the Blessed Vision of His Darshan. I have not had the pleasure of my Husband Lord's celestial peace. |
| ਸਤਿਗੁਰ ਪੂਛਿ ਨ ਮਾਰਗਿ ਚਾਲੀ ਸੂਤੀ ਰੈਣਿ ਵਿਹਾਣੀ ॥ | After consulting the True Guru, I have not walked on the Path; the night of my life is passing away in sleep. |
| ਨਾਨਕ ਬਾਲਤਣਿ ਰਾਡੇਪਾ ਬਿਨੁ ਪਿਰ ਧਨ ਕੁਮਲਾਣੀ ॥੧॥ | O Nanak, in the prime of my youth, I am a widow; without my Husband Lord, the soul-bride is wasting away. \|\|1\|\| |

ਬਾਬਾ ਮੈ ਵਰੁ ਦੇਹਿ ਮੈ ਹਰਿ ਵਰੁ ਭਾਵੈ ਤਿਸ ਕੀ ਬਲਿ ਰਾਮ ਜੀਉ ॥

O father, give me in marriage to the Lord; I am pleased with Him as my Husband. I belong to Him.

ਰਵਿ ਰਹਿਆ ਜੁਗ ਚਾਰਿ ਤ੍ਰਿਭਵਣ ਬਾਣੀ ਜਿਸ ਕੀ ਬਲਿ ਰਾਮ ਜੀਉ ॥

He is pervading throughout the four ages, and the Word of His Bani permeates the three worlds.

ਤ੍ਰਿਭਵਣ ਕੰਤੁ ਰਵੈ ਸੋਹਾਗਣਿ ਅਵਗਣਵੰਤੀ ਦੂਰੇ ॥

The Husband Lord of the three worlds ravishes and enjoys His virtuous brides, but He keeps the ungraceful and unvirtuous ones far away.

ਜੈਸੀ ਆਸਾ ਤੈਸੀ ਮਨਸਾ ਪੂਰਿ ਰਹਿਆ ਭਰਪੂਰੇ ॥

As are our hopes, so are our minds' desires, which the All-pervading Lord brings to fulfillment.

ਹਰਿ ਕੀ ਨਾਰਿ ਸੁ ਸਰਬ ਸੁਹਾਗਣਿ ਰਾਂਡ ਨ ਮੈਲੈ ਵੇਸੇ ॥

The bride of the Lord is forever happy and virtuous; she shall never be a widow, and she shall never have to wear dirty clothes.

ਨਾਨਕ ਮੈ ਵਰੁ ਸਾਚਾ ਭਾਵੈ ਜੁਗਿ ਜੁਗਿ ਪ੍ਰੀਤਮ ਤੈਸੇ ॥੨॥

O Nanak, I love my True Husband Lord; my Beloved is the same, age after age. ||2||

ਬਾਬਾ ਲਗਨੁ ਗਣਾਇ ਹੰ ਭੀ ਵੰਞਾ ਸਾਹੁਰੈ ਬਲਿ ਰਾਮ ਜੀਉ ॥

O Baba, calculate that auspicious moment, when I too shall be going to my in-laws' house.

ਸਾਹਾ ਹੁਕਮੁ ਰਜਾਇ ਸੋ ਨ ਟਲੈ ਜੋ ਪ੍ਰਭੁ ਕਰੈ ਬਲਿ ਰਾਮ ਜੀਉ ॥

The moment of that marriage will be set by the Hukam of God's Command; His Will cannot be changed.

ਕਿਰਤੁ ਪਇਆ ਕਰਤੈ ਕਰਿ ਪਾਇਆ ਮੇਟਿ ਨ ਸਕੈ ਕੋਈ ॥

The karmic record of past deeds, written by the Creator Lord, cannot be erased by anyone.

ਜਾਞੀ ਨਾਉ ਨਰਹ ਨਿਹਕੇਵਲੁ ਰਵਿ ਰਹਿਆ ਤਿਹੁ ਲੋਈ ॥

The most respected member of the marriage party, my Husband, is the independent Lord of all beings, pervading and permeating the three worlds.

ਮਾਇ ਨਿਰਾਸੀ ਰੋਇ ਵਿਛੁੰਨੀ ਬਾਲੀ ਬਾਲੈ ਹੇਤੇ ॥

Maya, crying out in pain, leaves, seeing that the bride and the groom are in love.

ਨਾਨਕ ਸਾਚ ਸਬਦਿ ਸੁਖ ਮਹਲੀ ਗੁਰ ਚਰਣੀ ਪ੍ਰਭੁ ਚੇਤੇ ॥੩॥

O Nanak, the peace of the Mansion of God's Presence comes through the True Word of the Shabad; the bride keeps the Guru's Feet enshrined in her mind. ||3||

## ੭੬੪

## 764

ਬਾਬੁਲਿ ਦਿਤੜੀ ਦੂਰਿ ਨਾ ਆਵੈ ਘਰਿ ਪੇਈਐ ਬਲਿ ਰਾਮ ਜੀਉ ॥

My father has given me in marriage far away, and I shall not return to my parents' home.

ਰਹਸੀ ਵੇਖਿ ਹਦੂਰਿ ਪਿਰਿ ਰਾਵੀ ਘਰਿ ਸੋਹੀਐ ਬਲਿ ਰਾਮ ਜੀਉ ॥

I am delighted to see my Husband Lord near at hand; in His Home, I am so beautiful.

| | |
|---|---|
| ਸਾਚੇ ਪਿਰ ਲੋੜੀ ਪ੍ਰੀਤਮ ਜੋੜੀ ਮਤਿ ਪੂਰੀ ਪਰਧਾਨੇ ॥ | My True Beloved Husband Lord desires me; He has joined me to Himself, and made my intellect pure and sublime. |
| ਸੰਜੋਗੀ ਮੇਲਾ ਥਾਨਿ ਸੁਹੇਲਾ ਗੁਣਵੰਤੀ ਗੁਰ ਗਿਆਨੇ ॥ | By good destiny I met Him, and was given a place of rest; through the Guru's Wisdom, I have become virtuous. |
| ਸਤੁ ਸੰਤੋਖੁ ਸਦਾ ਸਚੁ ਪਲੈ ਸਚੁ ਬੋਲੈ ਪਿਰ ਭਾਏ ॥ | I gather lasting Truth and contentment in my lap, and my Beloved is pleased with my truthful speech. |
| ਨਾਨਕ ਵਿਛੁੜਿ ਨਾ ਦੁਖੁ ਪਾਏ ਗੁਰਮਤਿ ਅੰਕਿ ਸਮਾਏ ॥੪॥੧॥ | O Nanak, I shall not suffer the pain of separation; through the Guru's Teachings, I merge into the loving embrace of the Lord's Being. ‖4‖1‖ |
| ਰਾਗੁ ਸੂਹੀ ਮਹਲਾ ੧ ਛੰਤੁ ਘਰੁ ੨ | Raag Soohee, First Mehl, Chhant, Second House: |
| ੧ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਹਮ ਘਰਿ ਸਾਜਨ ਆਏ ॥ | My friends have come into my home. |
| ਸਾਚੈ ਮੇਲਿ ਮਿਲਾਏ ॥ | The True Lord has united me with them. |
| ਸਹਜਿ ਮਿਲਾਏ ਹਰਿ ਮਨਿ ਭਾਏ ਪੰਚ ਮਿਲੇ ਸੁਖੁ ਪਾਇਆ ॥ | The Lord automatically united me with them when it pleased Him; uniting with the chosen ones, I have found peace. |
| ਸਾਈ ਵਸਤੁ ਪਰਾਪਤਿ ਹੋਈ ਜਿਸੁ ਸੇਤੀ ਮਨੁ ਲਾਇਆ ॥ | I have obtained that thing, which my mind desired. |
| ਅਨਦਿਨੁ ਮੇਲੁ ਭਇਆ ਮਨੁ ਮਾਨਿਆ ਘਰ ਮੰਦਰ ਸੋਹਾਏ ॥ | Meeting with them, night and day, my mind is pleased; my home and mansion are beautified. |
| ਪੰਚ ਸਬਦ ਧੁਨਿ ਅਨਹਦ ਵਾਜੇ ਹਮ ਘਰਿ ਸਾਜਨ ਆਏ ॥੧॥ | The unstruck sound current of the Panch Shabad, the Five Primal Sounds, vibrates and resounds; my friends have come into my home. ‖1‖ |
| ਆਵਹੁ ਮੀਤ ਪਿਆਰੇ ॥ ਮੰਗਲ ਗਾਵਹੁ ਨਾਰੇ ॥ | So come, my beloved friends, and sing the songs of joy, O sisters. |
| ਸਚੁ ਮੰਗਲੁ ਗਾਵਹੁ ਤਾ ਪ੍ਰਭ ਭਾਵਹੁ ਸੋਹਿਲੜਾ ਜੁਗ ਚਾਰੇ ॥ | Sing the true songs of joy and God will be pleased. You shall be celebrated throughout the four ages. |
| ਅਪਨੈ ਘਰਿ ਆਇਆ ਥਾਨਿ ਸੁਹਾਇਆ ਕਾਰਜ ਸਬਦਿ ਸਵਾਰੇ ॥ | My Husband Lord has come into my home, and my place is adorned and decorated. Through the Shabad, my affairs have been resolved. |
| ਗਿਆਨ ਮਹਾ ਰਸੁ ਨੇਤ੍ਰੀ ਅੰਜਨੁ ਤ੍ਰਿਭਵਣ ਰੂਪੁ ਦਿਖਾਇਆ ॥ | Applying the ointment, the supreme essence, of divine wisdom to my eyes, I see the Lord's form throughout the three worlds. |

| | |
|---|---|
| ਸਖੀ ਮਿਲਹੁ ਰਸਿ ਮੰਗਲੁ ਗਾਵਹੁ ਹਮ ਘਰਿ ਸਾਜਨੁ ਆਇਆ ॥੨॥ | So join with me, my sisters, and sing the songs of joy and delight; my friends have come into my home. ‖2‖ |
| ਮਨੁ ਤਨੁ ਅੰਮ੍ਰਿਤਿ ਭਿੰਨਾ ॥ | My mind and body are drenched with Ambrosial Nectar; |
| ਅੰਤਰਿ ਪ੍ਰੇਮੁ ਰਤੰਨਾ ॥ | deep within the nucleus of my self, is the jewel of the Lord's Love. |
| ਅੰਤਰਿ ਰਤਨੁ ਪਦਾਰਥੁ ਮੇਰੈ ਪਰਮ ਤਤੁ ਵੀਚਾਰੋ ॥ | This invaluable jewel is deep within me; I contemplate the supreme essence of reality. |
| ਜੰਤ ਭੇਖ ਤੂ ਸਫਲਿਓ ਦਾਤਾ ਸਿਰਿ ਸਿਰਿ ਦੇਵਣਹਾਰੋ ॥ | Living beings are mere beggars; You are the Giver of rewards; You are the Giver to each and every being. |
| ਤੂ ਜਾਨੁ ਗਿਆਨੀ ਅੰਤਰਜਾਮੀ ਆਪੇ ਕਾਰਣੁ ਕੀਨਾ ॥ | You are Wise and All-knowing, the Inner-knower; You Yourself created the creation. |
| ਸੁਨਹੁ ਸਖੀ ਮਨੁ ਮੋਹਨਿ ਮੋਹਿਆ ਤਨੁ ਮਨੁ ਅੰਮ੍ਰਿਤਿ ਭੀਨਾ ॥੩॥ | So listen, O my sisters - the Enticer has enticed my mind. My body and mind are drenched with Nectar. ‖3‖ |
| ਆਤਮ ਰਾਮੁ ਸੰਸਾਰਾ ॥ | O Supreme Soul of the World, |
| ਸਾਚਾ ਖੇਲੁ ਤੁਮ੍ਾਰਾ ॥ | Your play is true. |
| ਸਚੁ ਖੇਲੁ ਤੁਮ੍ਾਰਾ ਅਗਮ ਅਪਾਰਾ ਤੁਧੁ ਬਿਨੁ ਕਉਣੁ ਬੁਝਾਏ ॥ | Your play is true, O Inaccessible and Infinite Lord; without You, who can make me understand? |
| ਸਿਧ ਸਾਧਿਕ ਸਿਆਣੇ ਕੇਤੇ ਤੁਝ ਬਿਨੁ ਕਵਣੁ ਕਹਾਏ ॥ | There are millions of Siddhas and enlightened seekers, but without You, who can call himself one? |
| ਕਾਲੁ ਬਿਕਾਲੁ ਭਏ ਦੇਵਾਨੇ ਮਨੁ ਰਾਖਿਆ ਗੁਰਿ ਠਾਏ ॥ | Death and rebirth drive the mind insane; only the Guru can hold it in its place. |
| ਨਾਨਕ ਅਵਗਣ ਸਬਦਿ ਜਲਾਏ ਗੁਣ ਸੰਗਮਿ ਪ੍ਰਭੁ ਪਾਏ ॥੪॥੧॥੨॥ | O Nanak, one who burns away his demerits and faults with the Shabad, accumulates virtue, and finds God. ‖4‖1‖2‖ |
| ਰਾਗੁ ਸੂਹੀ ਮਹਲਾ ੧ ਘਰੁ ੩ | Raag Soohee, First Mehl, Third House: |
| ੧ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਆਵਹੁ ਸਜਣਾ ਹਉ ਦੇਖਾ ਦਰਸਨੁ ਤੇਰਾ ਰਾਮ ॥ | Come, my friend, so that I may behold the blessed Vision of Your Darshan. |
| ਘਰਿ ਆਪਨੜੈ ਖੜੀ ਤਕਾ ਮੈ ਮਨਿ ਚਾਉ ਘਨੇਰਾ ਰਾਮ ॥ | I stand in my doorway, watching for You; my mind is filled with such a great yearning. |
| ਮਨਿ ਚਾਉ ਘਨੇਰਾ ਸੁਣਿ ਪ੍ਰਭ ਮੇਰਾ ਮੈ ਤੇਰਾ ਭਰਵਾਸਾ ॥ | My mind is filled with such a great yearning; hear me, O God - I place my faith in You. |

| | |
|---|---|
| ਦਰਸਨੁ ਦੇਖਿ ਭਈ ਨਿਹਕੇਵਲ ਜਨਮ ਮਰਣ ਦੁਖੁ ਨਾਸਾ ॥ | Gazing upon the Blessed Vision of Your Darshan, I have become free of desire; the pains of birth and death are taken away. |
| **੭੬੫** | **765** |
| ਸਗਲੀ ਜੋਤਿ ਜਾਤਾ ਤੂ ਸੋਈ ਮਿਲਿਆ ਭਾਇ ਸੁਭਾਏ ॥ | Your Light is in everyone; through it, You are known. Through love, You are easily met. |
| ਨਾਨਕ ਸਾਜਨ ਕਉ ਬਲਿ ਜਾਈਐ ਸਾਚਿ ਮਿਲੇ ਘਰਿ ਆਏ ॥੧॥ | O Nanak, I am a sacrifice to my Friend; He has come home to meet with those who are true. ‖1‖ |
| ਘਰਿ ਆਇਅੜੇ ਸਾਜਨਾ ਤਾ ਧਨ ਖਰੀ ਸਰਸੀ ਰਾਮ ॥ | When her Friend comes to her home, the bride is very pleased. |
| ਹਰਿ ਮੋਹਿਅੜੀ ਸਾਚ ਸਬਦਿ ਠਾਕੁਰ ਦੇਖਿ ਰਹੰਸੀ ਰਾਮ ॥ | She is fascinated with the True Word of the Lord's Shabad; gazing upon her Lord and Master, she is filled with joy. |
| ਗੁਣ ਸੰਗਿ ਰਹੰਸੀ ਖਰੀ ਸਰਸੀ ਜਾ ਰਾਵੀ ਰੰਗਿ ਰਾਤੈ ॥ | She is filled with virtuous joy, and is totally pleased, when she is ravished and enjoyed by her Lord, and imbued with His Love. |
| ਅਵਗਣ ਮਾਰਿ ਗੁਣੀ ਘਰੁ ਛਾਇਆ ਪੂਰੈ ਪੁਰਖਿ ਬਿਧਾਤੈ ॥ | Her faults and demerits are eradicated, and she roofs her home with virtue, through the Perfect Lord, the Architect of Destiny. |
| ਤਸਕਰ ਮਾਰਿ ਵਸੀ ਪੰਚਾਇਣਿ ਅਦਲੁ ਕਰੇ ਵੀਚਾਰੇ ॥ | Conquering the thieves, she dwells as the mistress of her home, and administers justice wisely. |
| ਨਾਨਕ ਰਾਮ ਨਾਮਿ ਨਿਸਤਾਰਾ ਗੁਰਮਤਿ ਮਿਲਹਿ ਪਿਆਰੇ ॥੨॥ | O Nanak, through the Lord's Name, she is emancipated; through the Guru's Teachings, she meets her Beloved. ‖2‖ |
| ਵਰੁ ਪਾਇਅੜਾ ਬਾਲੜੀਏ ਆਸਾ ਮਨਸਾ ਪੂਰੀ ਰਾਮ ॥ | The young bride has found her Husband Lord; her hopes and desires are fulfilled. |
| ਪਿਰਿ ਰਾਵਿਅੜੀ ਸਬਦਿ ਰਲੀ ਰਵਿ ਰਹਿਆ ਨਹ ਦੂਰੀ ਰਾਮ ॥ | She enjoys and ravishes her Husband Lord, and blends into the Word of the Shabad, pervading and permeating everywhere; the Lord is not far away. |
| ਪ੍ਰਭੁ ਦੂਰਿ ਨ ਹੋਈ ਘਟਿ ਘਟਿ ਸੋਈ ਤਿਸ ਕੀ ਨਾਰਿ ਸਬਾਈ ॥ | God is not far away; He is in each and every heart. All are His brides. |
| ਆਪੇ ਰਸੀਆ ਆਪੇ ਰਾਵੇ ਜਿਉ ਤਿਸ ਦੀ ਵਡਿਆਈ ॥ | He Himself is the Enjoyer, He Himself ravishes and enjoys; this is His glorious greatness. |
| ਅਮਰ ਅਡੋਲੁ ਅਮੋਲੁ ਅਪਾਰਾ ਗੁਰਿ ਪੂਰੈ ਸਚੁ ਪਾਈਐ ॥ | He is imperishable, immovable, invaluable and infinite. The True Lord is obtained through the Perfect Guru. |

ਨਾਨਕ ਆਪੇ ਜੋਗ ਸਜੋਗੀ ਨਦਰਿ ਕਰੇ ਲਿਵ ਲਾਈਐ ॥੩॥

O Nanak, He Himself unites in Union; by His Glance of Grace, He lovingly attunes them to Himself. ||3||

ਪਿਰੁ ਉਚੜੀਐ ਮਾੜੜੀਐ ਤਿਹੁ ਲੋਆ ਸਿਰਤਾਜਾ ਰਾਮ ॥

My Husband Lord dwells in the loftiest balcony; He is the Supreme Lord of the three worlds.

ਹਉ ਬਿਸਮ ਭਈ ਦੇਖਿ ਗੁਣਾ ਅਨਹਦ ਸਬਦ ਅਗਾਜਾ ਰਾਮ ॥

I am amazed, gazing upon His glorious excellence; the unstruck sound current of the Shabad vibrates and resonates.

ਸਬਦੁ ਵੀਚਾਰੀ ਕਰਣੀ ਸਾਰੀ ਰਾਮ ਨਾਮੁ ਨੀਸਾਣੋ ॥

I contemplate the Shabad, and perform sublime deeds; I am blessed with the insignia, the banner of the Lord's Name.

ਨਾਮ ਬਿਨਾ ਖੋਟੇ ਨਹੀ ਠਾਹਰ ਨਾਮੁ ਰਤਨੁ ਪਰਵਾਣੋ ॥

Without the Naam, the Name of the Lord, the false find no place of rest; only the jewel of the Naam brings acceptance and renown.

ਪਤਿ ਮਤਿ ਪੂਰੀ ਪੂਰਾ ਪਰਵਾਨਾ ਨਾ ਆਵੈ ਨਾ ਜਾਸੀ ॥

Perfect is my honor, perfect is my intellect and password. I shall not have to come or go.

ਨਾਨਕ ਗੁਰਮੁਖਿ ਆਪੁ ਪਛਾਣੈ ਪ੍ਰਭ ਜੈਸੇ ਅਵਿਨਾਸੀ ॥੪॥੧॥੩॥

O Nanak, the Gurmukh understands her own self; she becomes like her Imperishable Lord God. ||4||1||3||

ੴ ਸਤਿਗੁਰ ਪ੍ਰਸਾਦਿ ॥

One Universal Creator God.
By The Grace Of The True Guru:

ਰਾਗੁ ਸੂਹੀ ਛੰਤ ਮਹਲਾ ੧ ਘਰੁ ੪ ॥

Raag Soohee, Chhant, First Mehl, Fourth House:

ਜਿਨਿ ਕੀਆ ਤਿਨਿ ਦੇਖਿਆ ਜਗੁ ਧੰਧੜੈ ਲਾਇਆ ॥

The One who created the world, watches over it; He enjoins the people of the world to their tasks.

ਦਾਨਿ ਤੇਰੈ ਘਟਿ ਚਾਨਣਾ ਤਨਿ ਚੰਦੁ ਦੀਪਾਇਆ ॥

Your gifts, O Lord, illuminate the heart, and the moon casts its light on the body.

ਚੰਦੋ ਦੀਪਾਇਆ ਦਾਨਿ ਹਰਿ ਕੈ ਦੁਖੁ ਅੰਧੇਰਾ ਉਠਿ ਗਇਆ ॥

The moon glows, by the Lord's gift, and the darkness of suffering is taken away.

ਗੁਣ ਜੰਞ ਲਾੜੇ ਨਾਲਿ ਸੋਹੈ ਪਰਖਿ ਮੋਹਣੀਐ ਲਇਆ ॥

The marriage party of virtue looks beautiful with the Groom; He chooses His enticing bride with care.

ਵੀਵਾਹੁ ਹੋਆ ਸੋਭ ਸੇਤੀ ਪੰਚ ਸਬਦੀ ਆਇਆ ॥

The wedding is performed with glorious splendor; He has arrived, accompanied by the vibrations of the Panch Shabad, the Five Primal Sounds.

ਜਿਨਿ ਕੀਆ ਤਿਨਿ ਦੇਖਿਆ ਜਗੁ ਧੰਧੜੈ ਲਾਇਆ ॥੧॥

The One who created the world, watches over it; He enjoins the people of the world to their tasks. ||1||

| | |
|---|---|
| ਹਉ ਬਲਿਹਾਰੀ ਸਾਜਨਾ ਮੀਤਾ ਅਵਰੀਤਾ ॥ | I am a sacrifice to my pure friends, the immaculate Saints. |
| ਇਹੁ ਤਨੁ ਜਿਨ ਸਿਉ ਗਾਡਿਆ ਮਨੁ ਲੀਅੜਾ ਦੀਤਾ ॥ | This body is attached to them, and we have shared our minds. |
| ਲੀਆ ਤ ਦੀਆ ਮਾਨੁ ਜਿਨ੍ ਸਿਉ ਸੇ ਸਜਨ ਕਿਉ ਵੀਸਰਹਿ ॥ | We have shared our minds - how could I forget those friends? |
| ਜਿਨ੍ ਦਿਸਿ ਆਇਆ ਹੋਹਿ ਰਲੀਆ ਜੀਅ ਸੇਤੀ ਗਹਿ ਰਹਹਿ ॥ | Seeing them brings joy to my heart; I keep them clasped to my soul. |
| ਸਗਲ ਗੁਣ ਅਵਗਣੁ ਨ ਕੋਈ ਹੋਹਿ ਨੀਤਾ ਨੀਤਾ ॥ | They have all virtues and merits, forever and ever; they have no demerits or faults at all. |
| ਹਉ ਬਲਿਹਾਰੀ ਸਾਜਨਾ ਮੀਤਾ ਅਵਰੀਤਾ ॥੨॥ | I am a sacrifice to my pure friends, the immaculate Saints. \|\|2\|\| |
| ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ॥ | One who has a basket of fragrant virtues, should enjoy its fragrance. |
| ਜੇ ਗੁਣ ਹੋਵਨਿ੍ ਸਾਜਨਾ ਮਿਲਿ ਸਾਝ ਕਰੀਜੈ ॥ | If my friends have virtues, I will share in them. |
| **੭੬੬** | **766** |
| ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ ॥ | Let us form a partnership, and share our virtues; let us abandon our faults, and walk on the Path. |
| ਪਹਿਰੇ ਪਟੰਬਰ ਕਰਿ ਅਡੰਬਰ ਆਪਣਾ ਪਿੜੁ ਮਲੀਐ ॥ | Let us wear our virtues like silk clothes; let us decorate ourselves, and enter the arena. |
| ਜਿਥੈ ਜਾਇ ਬਹੀਐ ਭਲਾ ਕਹੀਐ ਝੋਲਿ ਅੰਮ੍ਰਿਤੁ ਪੀਜੈ ॥ | Let us speak of goodness, wherever we go and sit; let us skim off the Ambrosial Nectar, and drink it in. |
| ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ॥੩॥ | One who has a basket of fragrant virtues, should enjoy its fragrance. \|\|3\|\| |
| ਆਪਿ ਕਰੇ ਕਿਸੁ ਆਖੀਐ ਹੋਰੁ ਕਰੇ ਨ ਕੋਈ ॥ | He Himself acts; unto whom should we complain? No one else does anything. |
| ਆਖਣ ਤਾ ਕਉ ਜਾਈਐ ਜੇ ਭੂਲੜਾ ਹੋਈ ॥ | Go ahead and complain to Him, if He makes a mistake. |
| ਜੇ ਹੋਇ ਭੂਲਾ ਜਾਇ ਕਹੀਐ ਆਪਿ ਕਰਤਾ ਕਿਉ ਭੁਲੈ ॥ | If He makes a mistake, go ahead and complain to Him; but how can the Creator Himself make a mistake? |

| | |
|---|---|
| ਸੁਣੇ ਦੇਖੇ ਬਾਝੁ ਕਹਿਐ ਦਾਨੁ ਅਣਮੰਗਿਆ ਦਿਵੈ ॥ | He sees, He hears, and without our asking, without our begging, He gives His gifts. |
| ਦਾਨੁ ਦੇਇ ਦਾਤਾ ਜਗਿ ਬਿਧਾਤਾ ਨਾਨਕਾ ਸਚੁ ਸੋਈ ॥ | The Great Giver, the Architect of the Universe, gives His gifts. O Nanak, He is the True Lord. |
| ਆਪਿ ਕਰੇ ਕਿਸੁ ਆਖੀਐ ਹੋਰੁ ਕਰੇ ਨ ਕੋਈ ॥੪॥੧॥੪॥ | He Himself acts; unto whom should we complain? No one else does anything. \|\|4\|\|1\|\|4\|\| |
| ਸੂਹੀ ਮਹਲਾ ੧ ॥ | Soohee, First Mehl: |
| ਮੇਰਾ ਮਨੁ ਰਾਤਾ ਗੁਣ ਰਵੈ ਮਨਿ ਭਾਵੈ ਸੋਈ ॥ | My mind is imbued with His Glorious Praises; I chant them, and He is pleasing to my mind. |
| ਗੁਰ ਕੀ ਪਉੜੀ ਸਾਚ ਕੀ ਸਾਚਾ ਸੁਖੁ ਹੋਈ ॥ | Truth is the ladder to the Guru; climbing up to the True Lord, peace is obtained. |
| ਸੁਖਿ ਸਹਜਿ ਆਵੈ ਸਾਚ ਭਾਵੈ ਸਾਚ ਕੀ ਮਤਿ ਕਿਉ ਟਲੈ ॥ | Celestial peace comes; the Truth pleases me. How could these True Teachings ever be erased? |
| ਇਸਨਾਨੁ ਦਾਨੁ ਸੁਗਿਆਨੁ ਮਜਨੁ ਆਪਿ ਅਛਲਿਓ ਕਿਉ ਛਲੈ ॥ | He Himself is Undeceivable; how could He ever be deceived by cleansing baths, charity, spiritual wisdom or ritual bathings? |
| ਪਰਪੰਚ ਮੋਹ ਬਿਕਾਰ ਥਾਕੇ ਕੂੜੁ ਕਪਟੁ ਨ ਦੋਈ ॥ | Fraud, attachment and corruption are taken away, as are falsehood, hypocrisy and duality. |
| ਮੇਰਾ ਮਨੁ ਰਾਤਾ ਗੁਣ ਰਵੈ ਮਨਿ ਭਾਵੈ ਸੋਈ ॥੧॥ | My mind is imbued with His Glorious Praises; I chant them, and He is pleasing to my mind. \|\|1\|\| |
| ਸਾਹਿਬੁ ਸੋ ਸਾਲਾਹੀਐ ਜਿਨਿ ਕਾਰਣੁ ਕੀਆ ॥ | So praise your Lord and Master, who created the creation. |
| ਮੈਲੁ ਲਾਗੀ ਮਨਿ ਮੈਲਿਐ ਕਿਨੈ ਅੰਮ੍ਰਿਤੁ ਪੀਆ ॥ | Filth sticks to the polluted mind; how rare are those who drink in the Ambrosial Nectar. |
| ਮਥਿ ਅੰਮ੍ਰਿਤੁ ਪੀਆ ਇਹੁ ਮਨੁ ਦੀਆ ਗੁਰ ਪਹਿ ਮੋਲੁ ਕਰਾਇਆ ॥ | Churn this Ambrosial Nectar, and drink it in; dedicate this mind to the Guru, and He will value it highly. |
| ਆਪਨੜਾ ਪ੍ਰਭੁ ਸਹਜਿ ਪਛਾਤਾ ਜਾ ਮਨੁ ਸਾਚੈ ਲਾਇਆ ॥ | I intuitively realized my God, when I linked my mind to the True Lord. |
| ਤਿਸੁ ਨਾਲਿ ਗੁਣ ਗਾਵਾ ਜੇ ਤਿਸੁ ਭਾਵਾ ਕਿਉ ਮਿਲੈ ਹੋਇ ਪਰਾਇਆ ॥ | I will sing the Lord’s Glorious Praises with Him, if it pleases Him; how could I meet Him by being a stranger to Him? |
| ਸਾਹਿਬੁ ਸੋ ਸਾਲਾਹੀਐ ਜਿਨਿ ਜਗਤੁ ਉਪਾਇਆ ॥੨॥ | So praise your Lord and Master, who created the creation. \|\|2\|\| |

ਆਇ ਗਇਆ ਕੀ ਨ ਆਇਓ ਕਿਉ ਆਵੈ ਜਾਤਾ ॥

When He comes, what else remains behind? How can there be any coming or going then?

ਪ੍ਰੀਤਮ ਸਿਉ ਮਨੁ ਮਾਨਿਆ ਹਰਿ ਸੇਤੀ ਰਾਤਾ ॥

When the mind is reconciled with its Beloved Lord, it is blended with Him.

ਸਾਹਿਬ ਰੰਗਿ ਰਾਤਾ ਸਚ ਕੀ ਬਾਤਾ ਜਿਨਿ ਬਿੰਬ ਕਾ ਕੋਟੁ ਉਸਾਰਿਆ ॥

True is the speech of one who is imbued with the Love of his Lord and Master, who fashioned the body fortress from a mere bubble.

ਪੰਚ ਭੂ ਨਾਇਕੋ ਆਪਿ ਸਿਰੰਦਾ ਜਿਨਿ ਸਚ ਕਾ ਪਿੰਡੁ ਸਵਾਰਿਆ ॥

He is the Master of the five elements; He Himself is the Creator Lord. He embellished the body with Truth.

ਹਮ ਅਵਗਣਿਆਰੇ ਤੂ ਸੁਣਿ ਪਿਆਰੇ ਤੁਧੁ ਭਾਵੈ ਸਚੁ ਸੋਈ ॥

I am worthless; please hear me, O my Beloved! Whatever pleases You is True.

ਆਵਣ ਜਾਣਾ ਨਾ ਥੀਐ ਸਾਚੀ ਮਤਿ ਹੋਈ ॥੩॥

One who is blessed with true understanding, does not come and go. ||3||

ਅੰਜਨੁ ਤੈਸਾ ਅੰਜੀਐ ਜੈਸਾ ਪਿਰ ਭਾਵੈ ॥

Apply such an ointment to your eyes, which is pleasing to your Beloved.

ਸਮਝੈ ਸੂਝੈ ਜਾਣੀਐ ਜੇ ਆਪਿ ਜਾਣਾਵੈ ॥

I realize, understand and know Him, only if He Himself causes me to know Him.

ਆਪਿ ਜਾਣਾਵੈ ਮਾਰਗਿ ਪਾਵੈ ਆਪੇ ਮਨੂਆ ਲੇਵਏ ॥

He Himself shows me the Way, and He Himself leads me to it, attracting my mind.

ਕਰਮ ਸੁਕਰਮ ਕਰਾਏ ਆਪੇ ਕੀਮਤਿ ਕਉਣ ਅਭੇਵਏ ॥

He Himself causes us to do good and bad deeds; who can know the value of the Mysterious Lord?

ਤੰਤੁ ਮੰਤੁ ਪਾਖੰਡੁ ਨ ਜਾਣਾ ਰਾਮੁ ਰਿਦੈ ਮਨੁ ਮਾਨਿਆ ॥

I know nothing of Tantric spells, magical mantras and hypocritical rituals; enshrining the Lord within my heart, my mind is satisfied.

ਅੰਜਨੁ ਨਾਮੁ ਤਿਸੈ ਤੇ ਸੂਝੈ ਗੁਰ ਸਬਦੀ ਸਚੁ ਜਾਨਿਆ ॥੪॥

The ointment of the Naam, the Name of the Lord, is only understood by one who realizes the Lord, through the Word of the Guru's Shabad. ||4||

ਸਾਜਨ ਹੋਵਨਿ ਆਪਣੇ ਕਿਉ ਪਰ ਘਰ ਜਾਹੀ ॥

I have my own friends; why should I go to the home of a stranger?

ਸਾਜਨ ਰਾਤੇ ਸਚ ਕੇ ਸੰਗੇ ਮਨ ਮਾਹੀ ॥

My friends are imbued with the True Lord; He is with them, in their minds.

ਮਨ ਮਾਹਿ ਸਾਜਨ ਕਰਹਿ ਰਲੀਆ ਕਰਮ ਧਰਮ ਸਬਾਇਆ ॥
ਅਠਸਠਿ ਤੀਰਥ ਪੁੰਨ ਪੂਜਾ ਨਾਮੁ ਸਾਚਾ ਭਾਇਆ ॥

In their minds, these friends celebrate in happiness; all good karma, righteousness and Dharma, the sixty-eight holy places of pilgrimage, charity and worship, are found in the love of the True Name.

| ੭੬੭ | 767 |
|---|---|
| ਆਪਿ ਸਾਜੇ ਥਾਪਿ ਵੇਖੈ ਤਿਸੈ ਭਾਣਾ ਭਾਇਆ ॥ | He Himself creates, establishes and beholds all, by the Pleasure of His Will. |
| ਸਾਜਨ ਰਾਂਗਿ ਰੰਗੀਲੜੇ ਰੰਗੁ ਲਾਲੁ ਬਣਾਇਆ ॥੫॥ | My friends are happy in the Love of the Lord; they nurture love for their Beloved. ‖5‖ |
| ਅੰਧਾ ਆਗੂ ਜੇ ਥੀਐ ਕਿਉ ਪਾਧਰੁ ਜਾਣੈ ॥ | If a blind man is made the leader, how will he know the way? |
| ਆਪਿ ਮੁਸੈ ਮਤਿ ਹੋਛੀਐ ਕਿਉ ਰਾਹੁ ਪਛਾਣੈ ॥ | He is impaired, and his understanding is inadequate; how will he know the way? |
| ਕਿਉ ਰਾਹਿ ਜਾਵੈ ਮਹਲੁ ਪਾਵੈ ਅੰਧ ਕੀ ਮਤਿ ਅੰਧਲੀ ॥ | How can he follow the path and reach the Mansion of the Lord's Presence? Blind is the understanding of the blind. |
| ਵਿਣੁ ਨਾਮ ਹਰਿ ਕੇ ਕਛੁ ਨ ਸੂਝੈ ਅੰਧੁ ਬੂਡੌ ਧੰਧਲੀ ॥ | Without the Lord's Name, they cannot see anything; the blind are drowned in worldly entanglements. |
| ਦਿਨੁ ਰਾਤਿ ਚਾਨਣੁ ਚਾਉ ਉਪਜੈ ਸਬਦੁ ਗੁਰ ਕਾ ਮਨਿ ਵਸੈ ॥ | Day and night, the Divine Light shines forth and joy wells up, when the Word of the Guru's Shabad abides in the mind. |
| ਕਰ ਜੋੜਿ ਗੁਰ ਪਹਿ ਕਰਿ ਬਿਨੰਤੀ ਰਾਹੁ ਪਾਧਰੁ ਗੁਰੁ ਦਸੈ ॥੬॥ | With your palms pressed together, pray to the Guru to show you the way. ‖6‖ |
| ਮਨੁ ਪਰਦੇਸੀ ਜੇ ਥੀਐ ਸਭੁ ਦੇਸੁ ਪਰਾਇਆ ॥ | If the man becomes a stranger to God, then all the world becomes a stranger to him. |
| ਕਿਸੁ ਪਹਿ ਖੋਲ੍ਉ ਗੰਠੜੀ ਦੂਖੀ ਭਰਿ ਆਇਆ ॥ | Unto whom should I tie up and give the bundle of my pains? |
| ਦੂਖੀ ਭਰਿ ਆਇਆ ਜਗਤੁ ਸਬਾਇਆ ਕਉਣੁ ਜਾਣੈ ਬਿਧਿ ਮੇਰੀਆ ॥ | The whole world is overflowing with pain and suffering; who can know the state of my inner self? |
| ਆਵਣੇ ਜਾਵਣੇ ਖਰੇ ਡਰਾਵਣੇ ਤੋਟਿ ਨ ਆਵੈ ਫੇਰੀਆ ॥ | Comings and goings are terrible and dreadful; there is no end to the rounds of reincarnation. |
| ਨਾਮ ਵਿਹੂਣੇ ਊਣੇ ਝੂਣੇ ਨਾ ਗੁਰਿ ਸਬਦੁ ਸੁਣਾਇਆ ॥ | Without the Naam, he is vacant and sad; he does not listen to the Word of the Guru's Shabad. |
| ਮਨੁ ਪਰਦੇਸੀ ਜੇ ਥੀਐ ਸਭੁ ਦੇਸੁ ਪਰਾਇਆ ॥੭॥ | If the mind becomes a stranger to God, then all the world becomes a stranger to him. ‖7‖ |
| ਗੁਰ ਮਹਲੀ ਘਰਿ ਆਪਣੈ ਸੋ ਭਰਪੁਰਿ ਲੀਣਾ ॥ | One who finds the Guru's Mansion within the home of his own being, merges in the All-pervading Lord. |

ਸੇਵਕੁ ਸੇਵਾ ਤਾਂ ਕਰੇ ਸਚ ਸਬਦਿ ਪਤੀਣਾ ॥

The sevadar performs selfless service when he is pleased, and confirmed in the True Word of the Shabad.

ਸਬਦੇ ਪਤੀਜੈ ਅੰਕੁ ਭੀਜੈ ਸੁ ਮਹਲੁ ਮਹਲਾ ਅੰਤਰੇ ॥

Confirmed in the Shabad, with her being softened by devotion, the bride dwells in the Mansion of the Lord's Presence, deep within her being.

ਆਪਿ ਕਰਤਾ ਕਰੇ ਸੋਈ ਪ੍ਰਭੁ ਆਪਿ ਅੰਤਿ ਨਿਰੰਤਰੇ ॥

The Creator Himself creates; God Himself, in the end, is endless.

ਗੁਰ ਸਬਦਿ ਮੇਲਾ ਤਾਂ ਸੁਹੇਲਾ ਬਾਜੰਤ ਅਨਹਦ ਬੀਣਾ ॥

Through the Word of the Guru's Shabad, the mortal is united, and then embellished; the unstruck melody of the sound current resounds.

ਗੁਰ ਮਹਲੀ ਘਰਿ ਆਪਣੈ ਸੋ ਭਰਿਪੁਰਿ ਲੀਣਾ ॥੮॥

One who finds the Guru's Mansion within the home of his own being, merges in the All-pervading Lord. ||8||

ਕੀਤਾ ਕਿਆ ਸਾਲਾਹੀਐ ਕਰਿ ਵੇਖੈ ਸੋਈ ॥

Why praise that which is created? Praise instead the One who created it and watches over it.

ਤਾ ਕੀ ਕੀਮਤਿ ਨ ਪਵੈ ਜੇ ਲੋਚੈ ਕੋਈ ॥

His value cannot be estimated, no matter how much one may wish.

ਕੀਮਤਿ ਸੋ ਪਾਵੈ ਆਪਿ ਜਾਣਾਵੈ ਆਪਿ ਅਭੁਲੁ ਨ ਭੁਲਏ ॥

He alone can estimate the Lord's value, whom the Lord Himself causes to know. He is not mistaken; He does not make mistakes.

ਜੈ ਜੈ ਕਾਰੁ ਕਰਹਿ ਤੁਧੁ ਭਾਵਹਿ ਗੁਰ ਕੈ ਸਬਦਿ ਅਮੁਲਏ ॥

He alone celebrates victory, who is pleasing to You, through the Invaluable Word of the Guru's Shabad.

ਹੀਣਉ ਨੀਚੁ ਕਰਉ ਬੇਨੰਤੀ ਸਾਚੁ ਨ ਛੋਡਉ ਭਾਈ ॥

I am lowly and abject - I offer my prayer; may I never forsake the True Name, O Sibling of Destiny.

ਨਾਨਕ ਜਿਨਿ ਕਰਿ ਦੇਖਿਆ ਦੇਵੈ ਮਤਿ ਸਾਈ ॥੯॥੨॥੫॥

O Nanak, the One who created the creation, watches over it; He alone bestows understanding. ||9||2||5||

ਰਾਗੁ ਸੂਹੀ ਛੰਤ ਮਹਲਾ ੩ ਘਰੁ ੨

ੴ ਸਤਿਗੁਰ ਪ੍ਰਸਾਦਿ ॥

Raag Soohee, Chhant, Third Mehl, Second House:

One Universal Creator God.
By The Grace Of The True Guru:

ਸੁਖ ਸੋਹਿਲੜਾ ਹਰਿ ਧਿਆਵਹੁ ॥

Meditate on the Lord, and find peace and pleasure.

ਗੁਰਮੁਖਿ ਹਰਿ ਫਲੁ ਪਾਵਹੁ ॥

As Gurmukh, obtain the Lord's fruitful rewards.

ਗੁਰਮੁਖਿ ਫਲੁ ਪਾਵਹੁ ਹਰਿ ਨਾਮੁ ਧਿਆਵਹੁ ਜਨਮ ਜਨਮ ਕੇ ਦੂਖ ਨਿਵਾਰੇ ॥

As Gurmukh, obtain the fruit of the Lord, and meditate on the Lord's Name; the pains of countless lifetimes shall be erased.

| | |
|---|---|
| ਬਲਿਹਾਰੀ ਗੁਰ ਅਪਣੇ ਵਿਟਹੁ ਜਿਨਿ ਕਾਰਜ ਸਭਿ ਸਵਾਰੇ ॥ | I am a sacrifice to my Guru, who has arranged and resolved all my affairs. |
| ਹਰਿ ਪ੍ਰਭੁ ਕ੍ਰਿਪਾ ਕਰੇ ਹਰਿ ਜਾਪਹੁ ਸੁਖ ਫਲ ਹਰਿ ਜਨ ਪਾਵਹੁ ॥ | The Lord God will bestow His Grace, if you meditate on the Lord; O humble servant of the Lord, you shall obtain the fruit of peace. |
| ਨਾਨਕੁ ਕਹੈ ਸੁਣਹੁ ਜਨ ਭਾਈ ਸੁਖ ਸੋਹਿਲੜਾ ਹਰਿ ਧਿਆਵਹੁ ॥੧॥ | Says Nanak, listen O humble Sibling of Destiny: meditate on the Lord, and find peace and pleasure. ‖1‖ |
| ਸੁਣਿ ਹਰਿ ਗੁਣ ਭੀਨੇ ਸਹਜਿ ਸੁਭਾਏ ॥ | Hearing the Glorious Praises of the Lord, I am intuitively drenched with His Love. |
| ਗੁਰਮਤਿ ਸਹਜੇ ਨਾਮੁ ਧਿਆਏ ॥ | Under Guru's Instruction, I meditate intuitively on the Naam. |
| ਜਿਨ ਕਉ ਧੁਰਿ ਲਿਖਿਆ ਤਿਨ ਗੁਰੁ ਮਿਲਿਆ ਤਿਨ ਜਨਮ ਮਰਣ ਭਉ ਭਾਗਾ ॥ | Those who have such pre-ordained destiny, meet the Guru, and their fears of birth and death leave them. |
| **੭੬੮** | **768** |
| ਅੰਦਰਹੁ ਦੁਰਮਤਿ ਦੂਜੀ ਖੋਈ ਸੋ ਜਨੁ ਹਰਿ ਲਿਵ ਲਾਗਾ ॥ | One who eliminates evil-mindedness and duality from within himself, that humble being lovingly focuses his mind on the Lord. |
| ਜਿਨ ਕਉ ਕ੍ਰਿਪਾ ਕੀਨੀ ਮੇਰੈ ਸੁਆਮੀ ਤਿਨ ਅਨਦਿਨੁ ਹਰਿ ਗੁਣ ਗਾਏ ॥ | Those, upon whom my Lord and Master bestows His Grace, sing the Glorious Praises of the Lord, night and day. |
| ਸੁਣਿ ਮਨ ਭੀਨੇ ਸਹਜਿ ਸੁਭਾਏ ॥੨॥ | Hearing the Glorious Praises of the Lord, I am intuitively drenched with His Love. ‖2‖ |
| ਜੁਗ ਮਹਿ ਰਾਮ ਨਾਮੁ ਨਿਸਤਾਰਾ ॥ | In this age, emancipation comes only from the Lord's Name. |
| ਗੁਰ ਤੇ ਉਪਜੈ ਸਬਦੁ ਵੀਚਾਰਾ ॥ | Contemplative meditation on the Word of the Shabad emanates from the Guru. |
| ਗੁਰ ਸਬਦੁ ਵੀਚਾਰਾ ਰਾਮ ਨਾਮੁ ਪਿਆਰਾ ਜਿਸੁ ਕਿਰਪਾ ਕਰੇ ਸੁ ਪਾਏ ॥ | Contemplating the Guru's Shabad, one comes to love the Lord's Name; he alone obtains it, unto whom the Lord shows Mercy. |
| ਸਹਜੇ ਗੁਣ ਗਾਵੈ ਦਿਨੁ ਰਾਤੀ ਕਿਲਵਿਖ ਸਭਿ ਗਵਾਏ ॥ | In peace and poise, he sings the Lord's Praises day and night, and all sins are eradicated. |
| ਸਭੁ ਕੋ ਤੇਰਾ ਤੂ ਸਭਨਾ ਕਾ ਹਉ ਤੇਰਾ ਤੂ ਹਮਾਰਾ ॥ | All are Yours, and You belong to all. I am Yours, and You are mine. |

| | |
|---|---|
| ਜੁਗ ਮਹਿ ਰਾਮ ਨਾਮੁ ਨਿਸਤਾਰਾ ॥੩॥ | In this age, emancipation comes only from the Lord's Name. ‖3‖ |
| ਸਾਜਨ ਆਇ ਵੁਠੇ ਘਰ ਮਾਹੀ ॥ | The Lord, my Friend has come to dwell within the home of my heart; |
| ਹਰਿ ਗੁਣ ਗਾਵਹਿ ਤ੍ਰਿਪਤਿ ਅਘਾਹੀ ॥ | singing the Glorious Praises of the Lord, one is satisfied and fulfilled. |
| ਹਰਿ ਗੁਣ ਗਾਇ ਸਦਾ ਤ੍ਰਿਪਤਾਸੀ ਫਿਰਿ ਭੂਖ ਨ ਲਾਗੈ ਆਏ ॥ | Singing the Glorious Praises of the Lord, one is satisfied forever, never to feel hunger again. |
| ਦਹ ਦਿਸਿ ਪੂਜ ਹੋਵੈ ਹਰਿ ਜਨ ਕੀ ਜੋ ਹਰਿ ਹਰਿ ਨਾਮੁ ਧਿਆਏ ॥ | That humble servant of the Lord, who meditates on the Name of the Lord, Har, Har, is worshipped in the ten directions. |
| ਨਾਨਕ ਹਰਿ ਆਪੇ ਜੋੜਿ ਵਿਛੋੜੇ ਹਰਿ ਬਿਨੁ ਕੋ ਦੂਜਾ ਨਾਹੀ ॥ | O Nanak, He Himself joins and separates; there is no other than the Lord. |
| ਸਾਜਨ ਆਇ ਵੁਠੇ ਘਰ ਮਾਹੀ ॥੪॥੧॥ | The Lord, my Friend has come to dwell within the home of my heart. ‖4‖1‖ |
| ੧ਓ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਰਾਗੁ ਸੂਹੀ ਮਹਲਾ ੩ ਘਰੁ ੩ ॥ | Raag Soohee, Third Mehl, Third House: |
| ਭਗਤ ਜਨਾ ਕੀ ਹਰਿ ਜੀਉ ਰਾਖੈ ਜੁਗਿ ਜੁਗਿ ਰਖਦਾ ਆਇਆ ਰਾਮ ॥ | The Dear Lord protects His humble devotees; throughout the ages, He has protected them. |
| ਸੋ ਭਗਤੁ ਜੋ ਗੁਰਮੁਖਿ ਹੋਵੈ ਹਉਮੈ ਸਬਦਿ ਜਲਾਇਆ ਰਾਮ ॥ | Those devotees who become Gurmukh burn away their ego, through the Word of the Shabad. |
| ਹਉਮੈ ਸਬਦਿ ਜਲਾਇਆ ਮੇਰੇ ਹਰਿ ਭਾਇਆ ਜਿਸ ਦੀ ਸਾਚੀ ਬਾਣੀ ॥ | Those who burn away their ego through the Shabad, become pleasing to my Lord; their speech becomes True. |
| ਸਚੀ ਭਗਤਿ ਕਰਹਿ ਦਿਨੁ ਰਾਤੀ ਗੁਰਮੁਖਿ ਆਖਿ ਵਖਾਣੀ ॥ | They perform the Lord's true devotional service, day and night, as the Guru has instructed them. |
| ਭਗਤਾ ਕੀ ਚਾਲ ਸਚੀ ਅਤਿ ਨਿਰਮਲ ਨਾਮੁ ਸਚਾ ਮਨਿ ਭਾਇਆ ॥ | The devotees' lifestyle is true, and absolutely pure; the True Name is pleasing to their minds. |
| ਨਾਨਕ ਭਗਤ ਸੋਹਹਿ ਦਰਿ ਸਾਚੈ ਜਿਨੀ ਸਚੋ ਸਚੁ ਕਮਾਇਆ ॥੧॥ | O Nanak, the those devotees, who practice Truth, and only Truth, look beauteous in the Court of the True Lord. ‖1‖ |

| | |
|---|---|
| ਹਰਿ ਭਗਤਾ ਕੀ ਜਾਤਿ ਪਤਿ ਹੈ ਭਗਤ ਹਰਿ ਕੈ ਨਾਮਿ ਸਮਾਣੇ ਰਾਮ ॥ | The Lord is the social class and honor of His devotees; the Lord's devotees merge in the Naam, the Name of the Lord. |
| ਹਰਿ ਭਗਤਿ ਕਰਹਿ ਵਿਚਹੁ ਆਪੁ ਗਵਾਵਹਿ ਜਿਨ ਗੁਣ ਅਵਗਣ ਪਛਾਣੇ ਰਾਮ ॥ | They worship the Lord in devotion, and eradicate self-conceit from within themselves; they understand merits and demerits. |
| ਗੁਣ ਅਉਗਣ ਪਛਾਣੈ ਹਰਿ ਨਾਮੁ ਵਖਾਣੈ ਭੈ ਭਗਤਿ ਮੀਠੀ ਲਾਗੀ ॥ | They understand merits and demerits, and chant the Lord's Name; devotional worship is sweet to them. |
| ਅਨਦਿਨੁ ਭਗਤਿ ਕਰਹਿ ਦਿਨੁ ਰਾਤੀ ਘਰ ਹੀ ਮਹਿ ਬੈਰਾਗੀ ॥ | Night and day, they perform devotional worship, day and night, and in the home of the self, they remain detached. |
| ਭਗਤੀ ਰਾਤੇ ਸਦਾ ਮਨੁ ਨਿਰਮਲੁ ਹਰਿ ਜੀਉ ਵੇਖਹਿ ਸਦਾ ਨਾਲੇ ॥ | Imbued with devotion, their minds remain forever immaculate and pure; they see their Dear Lord always with them. |
| ਨਾਨਕ ਸੇ ਭਗਤ ਹਰਿ ਕੈ ਦਰਿ ਸਾਚੇ ਅਨਦਿਨੁ ਨਾਮੁ ਸਮ੍ਾਲੇ ॥੨॥ | O Nanak, those devotees are True in the Court of the Lord; night and day, they dwell upon the Naam. \|\|2\|\| |
| ਮਨਮੁਖ ਭਗਤਿ ਕਰਹਿ ਬਿਨੁ ਸਤਿਗੁਰ ਵਿਣੁ ਸਤਿਗੁਰ ਭਗਤਿ ਨ ਹੋਈ ਰਾਮ ॥ | The self-willed manmukhs practice devotional rituals without the True Guru, but without the True Guru, there is no devotion. |
| ਹਉਮੈ ਮਾਇਆ ਰੋਗਿ ਵਿਆਪੇ ਮਰਿ ਜਨਮਹਿ ਦੁਖੁ ਹੋਈ ਰਾਮ ॥ | They are afflicted with the diseases of egotism and Maya, and they suffer the pains of death and rebirth. |
| ਮਰਿ ਜਨਮਹਿ ਦੁਖੁ ਹੋਈ ਦੂਜੈ ਭਾਇ ਪਰਜ ਵਿਗੋਈ ਵਿਣੁ ਗੁਰ ਤਤੁ ਨ ਜਾਨਿਆ ॥ | The world suffers the pains of death and rebirth, and through the love of duality, it is ruined; without the Guru, the essence of reality is not known. |
| ਭਗਤਿ ਵਿਹੂਣਾ ਸਭੁ ਜਗੁ ਭਰਮਿਆ ਅੰਤਿ ਗਇਆ ਪਛੁਤਾਨਿਆ ॥ | Without devotional worship, everyone in the world is deluded and confused, and in the end, they depart with regrets. |
| ੭੬੯ | 769 |
| ਕੋਟਿ ਮਧੇ ਕਿਨੈ ਪਛਾਣਿਆ ਹਰਿ ਨਾਮਾ ਸਚੁ ਸੋਈ ॥ | Among millions, there is scarcely one who realizes the Name of the True Lord. |
| ਨਾਨਕ ਨਾਮਿ ਮਿਲੈ ਵਡਿਆਈ ਦੂਜੈ ਭਾਇ ਪਤਿ ਖੋਈ ॥੩॥ | O Nanak, through the Naam, greatness is obtained; in the love of duality, all honor is lost. \|\|3\|\| |
| ਭਗਤਾ ਕੈ ਘਰਿ ਕਾਰਜੁ ਸਾਚਾ ਹਰਿ ਗੁਣ ਸਦਾ ਵਖਾਣੇ ਰਾਮ ॥ | In the home of the devotees, is the joy of true marriage; they chant the Glorious Praises of the Lord forever. |

ਭਗਤਿ ਖਜਾਨਾ ਆਪੇ ਦੀਆ ਕਾਲੁ ਕੰਟਕੁ ਮਾਰਿ ਸਮਾਣੇ ਰਾਮ ॥

He Himself blesses them with the treasure of devotion; conquering the thorny pain of death, they merge in the Lord.

ਕਾਲੁ ਕੰਟਕੁ ਮਾਰਿ ਸਮਾਣੇ ਹਰਿ ਮਨਿ ਭਾਣੇ ਨਾਮੁ ਨਿਧਾਨੁ ਸਚੁ ਪਾਇਆ ॥

Conquering the thorny pain of death, they merge in the Lord; they are pleasing to the Lord's Mind, and they obtain the true treasure of the Naam.

ਸਦਾ ਅਖੁਟੁ ਕਦੇ ਨ ਨਿਖੁਟੈ ਹਰਿ ਦੀਆ ਸਹਜਿ ਸੁਭਾਇਆ ॥

This treasure is inexhaustible; it will never be exhausted. The Lord automatically blesses them with it.

ਹਰਿ ਜਨ ਊਚੇ ਸਦ ਹੀ ਊਚੇ ਗੁਰ ਕੈ ਸਬਦਿ ਸੁਹਾਇਆ ॥

The humble servants of the Lord are exalted and elevated, forever on high; they are adorned with the Word of the Guru's Shabad.

ਨਾਨਕ ਆਪੇ ਬਖਸਿ ਮਿਲਾਏ ਜੁਗਿ ਜੁਗਿ ਸੋਭਾ ਪਾਇਆ ॥੪॥੧॥੨॥

O Nanak, He Himself forgives them, and merges them with Himself; throughout the ages, they are glorified. ||4||1||2||

ਸੂਹੀ ਮਹਲਾ ੩ ॥

Soohee, Third Mehl:

ਸਬਦਿ ਸਚੈ ਸਚੁ ਸੋਹਿਲਾ ਜਿਥੈ ਸਚੇ ਕਾ ਹੋਇ ਵੀਚਾਰੋ ਰਾਮ ॥

Through the True Word of the Shabad, true happiness prevails, there where the True Lord is contemplated.

ਹਉਮੈ ਸਭਿ ਕਿਲਵਿਖ ਕਾਟੇ ਸਾਚੁ ਰਖਿਆ ਉਰਿ ਧਾਰੇ ਰਾਮ ॥

Egotism and all sins are eradicated, when one keeps the True Lord enshrined in the heart.

ਸਚੁ ਰਖਿਆ ਉਰ ਧਾਰੇ ਦੁਤਰੁ ਤਾਰੇ ਫਿਰਿ ਭਵਜਲੁ ਤਰਣੁ ਨ ਹੋਈ ॥

One who keeps the True Lord enshrined in the heart, crosses over the terrible and dreadful world-ocean; he shall not have to cross over it again.

ਸਚਾ ਸਤਿਗੁਰੁ ਸਚੀ ਬਾਣੀ ਜਿਨਿ ਸਚੁ ਵਿਖਾਲਿਆ ਸੋਈ ॥

True is the True Guru, and True is the Word of His Bani; through it, the True Lord is seen.

ਸਾਚੇ ਗੁਣ ਗਾਵੈ ਸਚਿ ਸਮਾਵੈ ਸਚੁ ਵੇਖੈ ਸਭੁ ਸੋਈ ॥

One who sings the Glorious Praises of the True Lord merges in Truth; he beholds the True Lord everywhere.

ਨਾਨਕ ਸਾਚਾ ਸਾਹਿਬੁ ਸਾਚੀ ਨਾਈ ਸਚੁ ਨਿਸਤਾਰਾ ਹੋਈ ॥੧॥

O Nanak, True is the Lord and Master, and True is His Name; through Truth, comes emancipation. ||1||

ਸਾਚੈ ਸਤਿਗੁਰਿ ਸਾਚੁ ਬੁਝਾਇਆ ਪਤਿ ਰਾਖੈ ਸਚੁ ਸੋਈ ਰਾਮ ॥

The True Guru reveals the True Lord; the True Lord preserves our honor.

ਸਚਾ ਭੋਜਨੁ ਭਾਉ ਸਚਾ ਹੈ ਸਚੈ ਨਾਮਿ ਸੁਖੁ ਹੋਈ ਰਾਮ ॥

The true food is love for the True Lord; through the True Name, peace is obtained.

ਸਾਚੈ ਨਾਮਿ ਸੁਖੁ ਹੋਈ ਮਰੈ ਨ ਕੋਈ ਗਰਭਿ ਨ ਜੂਨੀ ਵਾਸਾ ॥

Through the True Name, the mortal finds peace; he shall never die, and never again enter the womb of reincarnation.

| | |
|---|---|
| ਜੋਤੀ ਜੋਤਿ ਮਿਲਾਈ ਸਚਿ ਸਮਾਈ ਸਚਿ ਨਾਇ ਪਰਗਾਸਾ ॥ | His light blends with the Light, and he merges into the True Lord; he is illuminated and enlightened with the True Name. |
| ਜਿਨੀ ਸਚੁ ਜਾਤਾ ਸੇ ਸਚੇ ਹੋਏ ਅਨਦਿਨੁ ਸਚੁ ਧਿਆਇਨਿ ॥ | Those who know the Truth are True; night and day, they meditate on Truth. |
| ਨਾਨਕ ਸਚੁ ਨਾਮੁ ਜਿਨ ਹਿਰਦੈ ਵਸਿਆ ਨਾ ਵੀਛੁੜਿ ਦੁਖੁ ਪਾਇਨਿ ॥੨॥ | O Nanak, those whose hearts are filled with the True Name, never suffer the pains of separation. \|\|2\|\| |
| ਸਚੀ ਬਾਣੀ ਸਚੇ ਗੁਣ ਗਾਵਹਿ ਤਿਤੁ ਘਰਿ ਸੋਹਿਲਾ ਹੋਈ ਰਾਮ ॥ | In that home, and in that heart, where the True Bani of the Lord's True Praises are sung, the songs of joy resound. |
| ਨਿਰਮਲ ਗੁਣ ਸਾਚੇ ਤਨੁ ਮਨੁ ਸਾਚਾ ਵਿਚਿ ਸਾਚਾ ਪੁਰਖੁ ਪ੍ਰਭੁ ਸੋਈ ਰਾਮ ॥ | Through the immaculate virtues of the True Lord, the body and mind are rendered True, and God, the True Primal Being, dwells within. |
| ਸਭੁ ਸਚੁ ਵਰਤੈ ਸਚੋ ਬੋਲੈ ਜੋ ਸਚੁ ਕਰੈ ਸੁ ਹੋਈ ॥ | Such a person practices only Truth, and speaks only Truth; whatever the True Lord does, that alone comes to pass. |
| ਜਹ ਦੇਖਾ ਤਹ ਸਚੁ ਪਸਰਿਆ ਅਵਰੁ ਨ ਦੂਜਾ ਕੋਈ ॥ | Wherever I look, there I see the True Lord pervading; there is no other at all. |
| ਸਚੇ ਉਪਜੈ ਸਚਿ ਸਮਾਵੈ ਮਰਿ ਜਨਮੈ ਦੂਜਾ ਹੋਈ ॥ | From the True Lord, we emanate, and into the True Lord, we shall merge; death and birth come from duality. |
| ਨਾਨਕ ਸਭੁ ਕਿਛੁ ਆਪੇ ਕਰਤਾ ਆਪਿ ਕਰਾਵੈ ਸੋਈ ॥੩॥ | O Nanak, He Himself does everything; He Himself is the Cause. \|\|3\|\| |
| ਸਚੇ ਭਗਤ ਸੋਹਹਿ ਦਰਵਾਰੇ ਸਚੋ ਸਚੁ ਵਖਾਣੇ ਰਾਮ ॥ | The true devotees look beautiful in the Darbaar of the Lord's Court. They speak Truth, and only Truth. |
| ਘਟ ਅੰਤਰੇ ਸਾਚੀ ਬਾਣੀ ਸਾਚੋ ਆਪਿ ਪਛਾਣੇ ਰਾਮ ॥ | Deep within the nucleus of their heart, is the True Word of the Lord's Bani. Through the Truth, they understand themselves. |
| ਆਪੁ ਪਛਾਣਹਿ ਤਾ ਸਚੁ ਜਾਣਹਿ ਸਾਚੇ ਸੋਝੀ ਹੋਈ ॥ | They understand themselves, and so know the True Lord, through their true intuition. |
| ਸਚਾ ਸਬਦੁ ਸਚੀ ਹੈ ਸੋਭਾ ਸਾਚੇ ਹੀ ਸੁਖੁ ਹੋਈ ॥ | True is the Shabad, and True is its Glory; peace comes only from Truth. |
| ਸਾਚਿ ਰਤੇ ਭਗਤ ਇਕ ਰੰਗੀ ਦੂਜਾ ਰੰਗੁ ਨ ਕੋਈ ॥ | Imbued with Truth, the devotees love the One Lord; they do not love any other. |

ਨਾਨਕ ਜਿਸ ਕਉ ਮਸਤਕਿ ਲਿਖਿਆ ਤਿਸੁ ਸਚੁ ਪਰਾਪਤਿ ਹੋਈ ॥੪॥੨॥੩॥

O Nanak, he alone obtains the True Lord, who has such pre-ordained destiny written upon his forehead. ||4||2||3||

ਸੂਹੀ ਮਹਲਾ ੩ ॥

Soohee, Third Mehl:

ਜੁਗ ਚਾਰੇ ਧਨ ਜੇ ਭਵੈ ਬਿਨੁ ਸਤਿਗੁਰ ਸੋਹਾਗੁ ਨ ਹੋਈ ਰਾਮ ॥

The soul-bride may wander throughout the four ages, but still, without the True Guru, she will not find her True Husband Lord.

੭੭੦

770

ਨਿਹਚਲੁ ਰਾਜੁ ਸਦਾ ਹਰਿ ਕੇਰਾ ਤਿਸੁ ਬਿਨੁ ਅਵਰੁ ਨ ਕੋਈ ਰਾਮ ॥

The Kingdom of the Lord is permanent, and forever unchanging; there is no other than Him.

ਤਿਸੁ ਬਿਨੁ ਅਵਰੁ ਨ ਕੋਈ ਸਦਾ ਸਚੁ ਸੋਈ ਗੁਰਮੁਖਿ ਏਕੋ ਜਾਣਿਆ ॥

There is no other than Him - He is True forever; the Gurmukh knows the One Lord.

ਧਨ ਪਿਰ ਮੇਲਾਵਾ ਹੋਆ ਗੁਰਮਤੀ ਮਨੁ ਮਾਨਿਆ ॥

That soul-bride, whose mind accepts the Guru's Teachings, meets her Husband Lord.

ਸਤਿਗੁਰੁ ਮਿਲਿਆ ਤਾ ਹਰਿ ਪਾਇਆ ਬਿਨੁ ਹਰਿ ਨਾਵੈ ਮੁਕਤਿ ਨ ਹੋਈ ॥

Meeting the True Guru, she finds the Lord; without the Lord's Name, there is no liberation.

ਨਾਨਕ ਕਾਮਣਿ ਕੰਤੈ ਰਾਵੇ ਮਨਿ ਮਾਨਿਐ ਸੁਖੁ ਹੋਈ ॥੧॥

O Nanak, the soul-bride ravishes and enjoys her Husband Lord; her mind accepts Him, and she finds peace. ||1||

ਸਤਿਗੁਰੁ ਸੇਵਿ ਧਨ ਬਾਲੜੀਏ ਹਰਿ ਵਰੁ ਪਾਵਹਿ ਸੋਈ ਰਾਮ ॥

Serve the True Guru, O young and innocent bride; thus you shall obtain the Lord as your Husband.

ਸਦਾ ਹੋਵਹਿ ਸੋਹਾਗਣੀ ਫਿਰਿ ਮੈਲਾ ਵੇਸੁ ਨ ਹੋਈ ਰਾਮ ॥

You shall be the virtuous and happy bride of the True Lord forever; and you shall never again wear soiled clothes.

ਫਿਰਿ ਮੈਲਾ ਵੇਸੁ ਨ ਹੋਈ ਗੁਰਮੁਖਿ ਬੂਝੈ ਕੋਈ ਹਉਮੈ ਮਾਰਿ ਪਛਾਣਿਆ ॥

Your clothes shall never again be soiled; how rare are those few, who, as Gurmukh, recognize this, and conquer their ego.

ਕਰਣੀ ਕਾਰ ਕਮਾਵੈ ਸਬਦਿ ਸਮਾਵੈ ਅੰਤਰਿ ਏਕੋ ਜਾਣਿਆ ॥

So make your practice the practice of good deeds; merge into the Word of the Shabad, and deep within, come to know the One Lord.

ਗੁਰਮੁਖਿ ਪ੍ਰਭੁ ਰਾਵੇ ਦਿਨੁ ਰਾਤੀ ਆਪਣਾ ਸਾਚੀ ਸੋਭਾ ਹੋਈ ॥

The Gurmukh enjoys God, day and night, and so obtains true glory.

| | |
|---|---|
| ਨਾਨਕ ਕਾਮਣਿ ਪਿਰੁ ਰਾਵੇ ਆਪਣਾ ਰਵਿ ਰਹਿਆ ਪ੍ਰਭੁ ਸੋਈ ॥੨॥ | O Nanak, the soul-bride enjoys and ravishes her Beloved; God is pervading and permeating everywhere. \|\|2\|\| |
| ਗੁਰ ਕੀ ਕਾਰ ਕਰੇ ਧਨ ਬਾਲੜੀਏ ਹਰਿ ਵਰੁ ਦੇਇ ਮਿਲਾਏ ਰਾਮ ॥ | Serve the Guru, O young and innocent soul-bride, and he will lead to you meet your Husband Lord. |
| ਹਰਿ ਕੈ ਰੰਗਿ ਰਤੀ ਹੈ ਕਾਮਣਿ ਮਿਲਿ ਪ੍ਰੀਤਮ ਸੁਖੁ ਪਾਏ ਰਾਮ ॥ | The bride is imbued with the Love of her Lord; meeting with her Beloved, she finds peace. |
| ਮਿਲਿ ਪ੍ਰੀਤਮ ਸੁਖੁ ਪਾਏ ਸਚਿ ਸਮਾਏ ਸਚੁ ਵਰਤੈ ਸਭ ਥਾਈ ॥ | Meeting her Beloved, she finds peace, and merges in the True Lord; the True Lord is pervading everywhere. |
| ਸਚਾ ਸੀਗਾਰੁ ਕਰੇ ਦਿਨੁ ਰਾਤੀ ਕਾਮਣਿ ਸਚਿ ਸਮਾਈ ॥ | The bride makes Truth her decorations, day and night, and remains absorbed in the True Lord. |
| ਹਰਿ ਸੁਖਦਾਤਾ ਸਬਦਿ ਪਛਾਤਾ ਕਾਮਣਿ ਲਇਆ ਕੰਠਿ ਲਾਏ ॥ | The Lord, the Giver of peace, is realized through His Shabad; He hugs His bride close in His embrace. |
| ਨਾਨਕ ਮਹਲੀ ਮਹਲੁ ਪਛਾਣੈ ਗੁਰਮਤੀ ਹਰਿ ਪਾਏ ॥੩॥ | O Nanak, the bride obtains the Mansion of His Presence; through the Guru's Teachings, she finds her Lord. \|\|3\|\| |
| ਸਾ ਧਨ ਬਾਲੀ ਧੁਰਿ ਮੇਲੀ ਮੇਰੈ ਪ੍ਰਭਿ ਆਪਿ ਮਿਲਾਈ ਰਾਮ ॥ | The Primal Lord, my God, has united His young and innocent bride with Himself. |
| ਗੁਰਮਤੀ ਘਟਿ ਚਾਨਣੁ ਹੋਆ ਪ੍ਰਭੁ ਰਵਿ ਰਹਿਆ ਸਭ ਥਾਈ ਰਾਮ ॥ | Through the Guru's Teachings, her heart is illumined and enlightened; God is permeating and pervading everywhere. |
| ਪ੍ਰਭੁ ਰਵਿ ਰਹਿਆ ਸਭ ਥਾਈ ਮੰਨਿ ਵਸਾਈ ਪੂਰਬਿ ਲਿਖਿਆ ਪਾਇਆ ॥ | God is permeating and pervading everywhere; He dwells in her mind, and she realizes her pre-ordained destiny. |
| ਸੇਜ ਸੁਖਾਲੀ ਮੇਰੇ ਪ੍ਰਭ ਭਾਣੀ ਸਚੁ ਸੀਗਾਰੁ ਬਣਾਇਆ ॥ | On his cozy bed, she is pleasing to my God; she fashions her decorations of Truth. |
| ਕਾਮਣਿ ਨਿਰਮਲ ਹਉਮੈ ਮਲੁ ਖੋਈ ਗੁਰਮਤਿ ਸਚਿ ਸਮਾਈ ॥ | The bride is immaculate and pure; she washes away the filth of egotism, and through the Guru's Teachings, she merges in the True Lord. |
| ਨਾਨਕ ਆਪਿ ਮਿਲਾਈ ਕਰਤੈ ਨਾਮੁ ਨਵੈ ਨਿਧਿ ਪਾਈ ॥੪॥੩॥੪॥ | O Nanak, the Creator Lord blends her into Himself, and she obtains the nine treasure of the Naam. \|\|4\|\|3\|\|4\|\| |
| ਸੂਹੀ ਮਹਲਾ ੩ ॥ | Soohee, Third Mehl: |
| ਹਰਿ ਹਰੇ ਹਰਿ ਗੁਣ ਗਾਵਹੁ ਹਰਿ ਗੁਰਮੁਖੇ ਪਾਏ ਰਾਮ ॥ | Sing the Glorious Praises of the Lord, Har, Har, Har; the Gurmukh obtains the Lord. |
| ਅਨਦਿਨੋ ਸਬਦਿ ਰਵਹੁ ਅਨਹਦ ਸਬਦ ਵਜਾਏ ਰਾਮ ॥ | Night and day, chant the Word of the Shabad; night and day, the Shabad shall vibrate and resound. |

| | |
|---|---|
| ਅਨਹਦ ਸਬਦ ਵਜਾਏ ਹਰਿ ਜੀਉ ਘਰਿ ਆਏ ਹਰਿ ਗੁਣ ਗਾਵਹੁ ਨਾਰੀ ॥ | The unstruck melody of the Shabad vibrates, and the Dear Lord comes into the home of my heart; O ladies, sing the Glorious Praises of the Lord. |
| ਅਨਦਿਨੁ ਭਗਤਿ ਕਰਹਿ ਗੁਰ ਆਗੈ ਸਾ ਧਨ ਕੰਤ ਪਿਆਰੀ ॥ | That soul-bride, who performs devotional worship service to the Guru night and day, becomes the Beloved bride of her Lord. |
| ਗੁਰ ਕਾ ਸਬਦੁ ਵਸਿਆ ਘਟ ਅੰਤਰਿ ਸੇ ਜਨ ਸਬਦਿ ਸੁਹਾਏ ॥ | Those humble beings, whose hearts are filled with the Word of the Guru's Shabad, are adorned with the Shabad. |
| ਨਾਨਕ ਤਿਨ ਘਰਿ ਸਦ ਹੀ ਸੋਹਿਲਾ ਹਰਿ ਕਰਿ ਕਿਰਪਾ ਘਰਿ ਆਏ ॥੧॥ | O Nanak, their hearts are forever filled with happiness; the Lord, in His Mercy, enters into their hearts. \|\|1\|\| |
| ਭਗਤਾ ਮਨਿ ਆਨੰਦੁ ਭਇਆ ਹਰਿ ਨਾਮਿ ਰਹੇ ਲਿਵ ਲਾਏ ਰਾਮ ॥ | The minds of the devotees are filled with bliss; they remain lovingly absorbed in the Lord's Name. |
| ਗੁਰਮੁਖੇ ਮਨੁ ਨਿਰਮਲੁ ਹੋਆ ਨਿਰਮਲ ਹਰਿ ਗੁਣ ਗਾਏ ਰਾਮ ॥ | The mind of the Gurmukh is immaculate and pure; she sings the Immaculate Praises of the Lord. |
| ਨਿਰਮਲ ਗੁਣ ਗਾਏ ਨਾਮੁ ਮੰਨਿ ਵਸਾਏ ਹਰਿ ਕੀ ਅੰਮ੍ਰਿਤ ਬਾਣੀ ॥ | Singing His Immaculate Praises, she enshrines in her mind the Naam, the Name of the Lord, and the Ambrosial Word of His Bani. |
| ਜਿਨ੍ਹ ਮਨਿ ਵਸਿਆ ਸੇਈ ਜਨ ਨਿਸਤਰੇ ਘਟਿ ਘਟਿ ਸਬਦਿ ਸਮਾਣੀ ॥ | Those humble beings, within whose minds it abides, are emancipated; the Shabad permeates each and every heart. |
| ੭੭੧ | 771 |
| ਤੇਰੇ ਗੁਣ ਗਾਵਹਿ ਸਹਜਿ ਸਮਾਵਹਿ ਸਬਦੇ ਮੇਲਿ ਮਿਲਾਏ ॥ | Singing Your Glorious Praises, they merge naturally into You, O Lord; through the Shabad, they are united in Union with You. |
| ਨਾਨਕ ਸਫਲ ਜਨਮੁ ਤਿਨ ਕੇਰਾ ਜਿ ਸਤਿਗੁਰਿ ਹਰਿ ਮਾਰਗਿ ਪਾਏ ॥੨॥ | O Nanak, their lives are fruitful; the True Guru places them on the Lord's Path. \|\|2\|\| |
| ਸੰਤਸੰਗਤਿ ਸਿਉ ਮੇਲੁ ਭਇਆ ਹਰਿ ਹਰਿ ਨਾਮਿ ਸਮਾਏ ਰਾਮ ॥ | Those who join the Society of the Saints are absorbed in the Name of the Lord, Har, Har. |
| ਗੁਰ ਕੈ ਸਬਦਿ ਸਦ ਜੀਵਨ ਮੁਕਤ ਭਏ ਹਰਿ ਕੈ ਨਾਮਿ ਲਿਵ ਲਾਏ ਰਾਮ ॥ | Through the Word of the Guru's Shabad, they are forever 'jivan mukta' - liberated while yet alive; they are lovingly absorbed in the Name of the Lord. |
| ਹਰਿ ਨਾਮਿ ਚਿਤੁ ਲਾਏ ਗੁਰਿ ਮੇਲਿ ਮਿਲਾਏ ਮਨੂਆ ਰਤਾ ਹਰਿ ਨਾਲੇ ॥ | They center their consciousness on the Lord's Name; through the Guru, they are united in His Union. Their minds are imbued with the Lord's Love. |

ਸੁਖਦਾਤਾ ਪਾਇਆ ਮੋਹੁ ਚੁਕਾਇਆ ਅਨਦਿਨੁ ਨਾਮੁ ਸਮ੍ਹਾਲੇ ॥

They find the Lord, the Giver of peace, and they eradicate attachments; night and day, they contemplate the Naam.

ਗੁਰ ਸਬਦੇ ਰਾਤਾ ਸਹਜੇ ਮਾਤਾ ਨਾਮੁ ਮਨਿ ਵਸਾਏ ॥

They are imbued with the Word of the Guru's Shabad, and intoxicated with celestial peace; the Naam abides in their minds.

ਨਾਨਕ ਤਿਨ ਘਰਿ ਸਦ ਹੀ ਸੋਹਿਲਾ ਜਿ ਸਤਿਗੁਰ ਸੇਵਿ ਸਮਾਏ ॥੩॥

O Nanak, the homes of their hearts are filled with happiness, forever and always; they are absorbed in serving the True Guru. ||3||

ਬਿਨੁ ਸਤਿਗੁਰ ਜਗੁ ਭਰਮਿ ਭੁਲਾਇਆ ਹਰਿ ਕਾ ਮਹਲੁ ਨ ਪਾਇਆ ਰਾਮ ॥

Without the True Guru, the world is deluded by doubt; it does not obtain the Mansion of the Lord's Presence.

ਗੁਰਮੁਖੇ ਇਕਿ ਮੇਲਿ ਮਿਲਾਇਆ ਤਿਨ ਕੇ ਦੂਖ ਗਵਾਇਆ ਰਾਮ ॥

As Gurmukh, some are united in the Lord's Union, and their pains are dispelled.

ਤਿਨ ਕੇ ਦੂਖ ਗਵਾਇਆ ਜਾ ਹਰਿ ਮਨਿ ਭਾਇਆ ਸਦਾ ਗਾਵਹਿ ਰੰਗਿ ਰਾਤੇ ॥

Their pains are dispelled, when it is pleasing to the Lord's Mind; imbued with His Love, they sing His Praises forever.

ਹਰਿ ਕੇ ਭਗਤ ਸਦਾ ਜਨ ਨਿਰਮਲ ਜੁਗਿ ਜੁਗਿ ਸਦ ਹੀ ਜਾਤੇ ॥

The Lord's devotees are pure and humble forever; throughout the ages, they are forever respected.

ਸਾਚੀ ਭਗਤਿ ਕਰਹਿ ਦਰਿ ਜਾਪਹਿ ਘਰਿ ਦਰਿ ਸਚਾ ਸੋਈ ॥

They perform true devotional worship service, and are honored in the Lord's Court; the True Lord is their hearth and home.

ਨਾਨਕ ਸਚਾ ਸੋਹਿਲਾ ਸਚੀ ਸਚੁ ਬਾਣੀ ਸਬਦੇ ਹੀ ਸੁਖੁ ਹੋਈ ॥੪॥੪॥੫॥

O Nanak, true are their songs of joy, and true is their word; through the Word of the Shabad, they find peace. ||4||4||5||

ਸੂਹੀ ਮਹਲਾ ੩ ॥

Shalok, Third Mehl:

ਜੇ ਲੋੜਹਿ ਵਰੁ ਬਾਲੜੀਏ ਤਾ ਗੁਰ ਚਰਣੀ ਚਿਤੁ ਲਾਏ ਰਾਮ ॥

If you long for your Husband Lord, O young and innocent bride, then focus your consciousness on the Guru's feet.

ਸਦਾ ਹੋਵਹਿ ਸੋਹਾਗਣੀ ਹਰਿ ਜੀਉ ਮਰੈ ਨ ਜਾਏ ਰਾਮ ॥

You shall be a happy soul bride of your Dear Lord forever; He does not die or leave.

ਹਰਿ ਜੀਉ ਮਰੈ ਨ ਜਾਏ ਗੁਰ ਕੈ ਸਹਜਿ ਸੁਭਾਏ ਸਾ ਧਨ ਕੰਤ ਪਿਆਰੀ ॥

The Dear Lord does not die, and He does not leave; through the peaceful poise of the Guru, the soul bride becomes the lover of her Husband Lord.

ਸਚਿ ਸੰਜਮਿ ਸਦਾ ਹੈ ਨਿਰਮਲ ਗੁਰ ਕੈ ਸਬਦਿ ਸੀਗਾਰੀ ॥

Through truth and self-control, she is forever immaculate and pure; she is embellished with the Word of the Guru's Shabad.

| | |
|---|---|
| ਮੇਰਾ ਪ੍ਰਭੁ ਸਾਚਾ ਸਦ ਹੀ ਸਾਚਾ ਜਿਨਿ ਆਪੇ ਆਪੁ ਉਪਾਇਆ ॥ | My God is True, forever and ever; He Himself created Himself. |
| ਨਾਨਕ ਸਦਾ ਪਿਰੁ ਰਾਵੇ ਆਪਣਾ ਜਿਨਿ ਗੁਰ ਚਰਣੀ ਚਿਤੁ ਲਾਇਆ ॥੧॥ | O Nanak, she who focuses her consciousness on the Guru's feet, enjoys her Husband Lord. ‖1‖ |
| ਪਿਰੁ ਪਾਇਅੜਾ ਬਾਲੜੀਏ ਅਨਦਿਨੁ ਸਹਜੇ ਮਾਤੀ ਰਾਮ ॥ | When the young, innocent bride finds her Husband Lord, she is automatically intoxicated with Him, night and day. |
| ਗੁਰਮਤੀ ਮਨਿ ਅਨਦੁ ਭਇਆ ਤਿਤੁ ਤਨਿ ਮੈਲੁ ਨ ਰਾਤੀ ਰਾਮ ॥ | Through the Word of the Guru's Teachings, her mind becomes blissful, and her body is not tinged with filth at all. |
| ਤਿਤੁ ਤਨਿ ਮੈਲੁ ਨ ਰਾਤੀ ਹਰਿ ਪ੍ਰਭਿ ਰਾਤੀ ਮੇਰਾ ਪ੍ਰਭੁ ਮੇਲਿ ਮਿਲਾਏ ॥ | Her body is not tinged with filth at all, and she is imbued with her Lord God; my God unites her in Union. |
| ਅਨਦਿਨੁ ਰਾਵੇ ਹਰਿ ਪ੍ਰਭੁ ਅਪਣਾ ਵਿਚਹੁ ਆਪੁ ਗਵਾਏ ॥ | Night and day, she enjoys her Lord God; her egotism is banished from within. |
| ਗੁਰਮਤਿ ਪਾਇਆ ਸਹਜਿ ਮਿਲਾਇਆ ਅਪਣੇ ਪ੍ਰੀਤਮ ਰਾਤੀ ॥ | Through the Guru's Teachings, she easily finds and meets Him. She is imbued with her Beloved. |
| ਨਾਨਕ ਨਾਮੁ ਮਿਲੈ ਵਡਿਆਈ ਪ੍ਰਭੁ ਰਾਵੇ ਰੰਗਿ ਰਾਤੀ ॥੨॥ | O Nanak, through the Naam, the Name of the Lord, she obtains glorious greatness. She ravishes and enjoys her God; she is imbued with His Love. ‖2‖ |
| ਪਿਰੁ ਰਾਵੇ ਰੰਗਿ ਰਾਤੜੀਏ ਪਿਰ ਕਾ ਮਹਲੁ ਤਿਨ ਪਾਇਆ ਰਾਮ ॥ | Ravishing her Husband Lord, she is imbued with His Love; she obtains the Mansion of His Presence. |
| ਸੋ ਸਹੋ ਅਤਿ ਨਿਰਮਲੁ ਦਾਤਾ ਜਿਨਿ ਵਿਚਹੁ ਆਪੁ ਗਵਾਇਆ ਰਾਮ ॥ | She is utterly immaculate and pure; the Great Giver banishes self-conceit from within her. |
| ਵਿਚਹੁ ਮੋਹੁ ਚੁਕਾਇਆ ਜਾ ਹਰਿ ਭਾਇਆ ਹਰਿ ਕਾਮਣਿ ਮਨਿ ਭਾਣੀ ॥ | The Lord drives out attachment from within her, when it pleases Him. The soul bride becomes pleasing to the Lord's Mind. |
| ਅਨਦਿਨੁ ਗੁਣ ਗਾਵੈ ਨਿਤ ਸਾਚੇ ਕਥੇ ਅਕਥ ਕਹਾਣੀ ॥ | Night and day, she continually sings the Glorious Praises of the True Lord; she speaks the Unspoken Speech. |
| ਜੁਗ ਚਾਰੇ ਸਾਚਾ ਏਕੋ ਵਰਤੈ ਬਿਨੁ ਗੁਰ ਕਿਨੈ ਨ ਪਾਇਆ ॥ | Throughout the four ages, the One True Lord is permeating and pervading; without the Guru, no one finds Him. |

## ੭੭੨ 772

ਨਾਨਕ ਰੰਗਿ ਰਵੈ ਰੰਗਿ ਰਾਤੀ ਜਿਨਿ ਹਰਿ ਸੇਤੀ ਚਿਤੁ ਲਾਇਆ ॥੩॥

O Nanak, she revels in joy, imbued with His Love; she focuses her consciousness on the Lord. ||3||

ਕਾਮਣਿ ਮਨਿ ਸੋਹਿਲੜਾ ਸਾਜਨ ਮਿਲੇ ਪਿਆਰੇ ਰਾਮ ॥

The mind of the soul bride is very happy, when she meets her Friend, her Beloved Lord.

ਗੁਰਮਤੀ ਮਨੁ ਨਿਰਮਲੁ ਹੋਆ ਹਰਿ ਰਾਖਿਆ ਉਰਿ ਧਾਰੇ ਰਾਮ ॥

Through the Guru's Teachings, her mind becomes immaculate; she enshrines the Lord within her heart.

ਹਰਿ ਰਾਖਿਆ ਉਰਿ ਧਾਰੇ ਅਪਨਾ ਕਾਰਜੁ ਸਵਾਰੇ ਗੁਰਮਤੀ ਹਰਿ ਜਾਤਾ ॥

Keeping the Lord enshrined within her heart, her affairs are arranged and resolved; through the Guru's Teachings, she knows her Lord.

ਪ੍ਰੀਤਮਿ ਮੋਹਿ ਲਇਆ ਮਨੁ ਮੇਰਾ ਪਾਇਆ ਕਰਮ ਬਿਧਾਤਾ ॥

My Beloved has enticed my mind; I have obtained the Lord, the Architect of Destiny.

ਸਤਿਗੁਰੁ ਸੇਵਿ ਸਦਾ ਸੁਖੁ ਪਾਇਆ ਹਰਿ ਵਸਿਆ ਮੰਨਿ ਮੁਰਾਰੇ ॥

Serving the True Guru, she finds lasting peace; the Lord, the Destroyer of pride, dwells in her mind.

ਨਾਨਕ ਮੇਲਿ ਲਈ ਗੁਰਿ ਅਪੁਨੈ ਗੁਰ ਕੈ ਸਬਦਿ ਸਵਾਰੇ ॥੪॥੫॥੬॥

O Nanak, she merges with her Guru, embellished and adorned with the Word of the Guru's Shabad. ||4||5||6||

### ਸੂਹੀ ਮਹਲਾ ੩ ॥

### Shalok, Third Mehl:

ਸੋਹਿਲੜਾ ਹਰਿ ਰਾਮ ਨਾਮੁ ਗੁਰ ਸਬਦੀ ਵੀਚਾਰੇ ਰਾਮ ॥

The song of joy is the Naam, the Name of the Lord; contemplate it, through the Word of the Guru's Shabad.

ਹਰਿ ਮਨੁ ਤਨੋ ਗੁਰਮੁਖਿ ਭੀਜੈ ਰਾਮ ਨਾਮੁ ਪਿਆਰੇ ਰਾਮ ॥

The mind and body of the Gurmukh is drenched with the Lord, the Beloved Lord.

ਰਾਮ ਨਾਮੁ ਪਿਆਰੇ ਸਭਿ ਕੁਲ ਉਧਾਰੇ ਰਾਮ ਨਾਮੁ ਮੁਖਿ ਬਾਣੀ ॥

Through the Name of the Beloved Lord, all one's ancestors and generations are redeemed; chant the Lord's Name with your mouth.

ਆਵਣ ਜਾਣ ਰਹੇ ਸੁਖੁ ਪਾਇਆ ਘਰਿ ਅਨਹਦ ਸੁਰਤਿ ਸਮਾਣੀ ॥

Comings and goings cease, peace is obtained, and in the home of the heart, one's awareness is absorbed in the unstruck melody of the sound current.

ਹਰਿ ਹਰਿ ਏਕੋ ਪਾਇਆ ਹਰਿ ਪ੍ਰਭੁ ਨਾਨਕ ਕਿਰਪਾ ਧਾਰੇ ॥

I have found the One and only Lord, Har, Har. The Lord God has showered His Mercy upon Nanak.

ਸੋਹਿਲੜਾ ਹਰਿ ਰਾਮ ਨਾਮੁ ਗੁਰ ਸਬਦੀ ਵੀਚਾਰੇ ॥੧॥

The song of joy is the Naam, the Name of the Lord; through the Word of the Guru's Shabad, contemplate it. ||1||

ਹਮ ਨੀਵੀ ਪ੍ਰਭੁ ਅਤਿ ਊਚਾ ਕਿਉ ਕਰਿ ਮਿਲਿਆ ਜਾਏ ਰਾਮ ॥

I am lowly, and God is lofty and exalted. How will I ever meet Him?

ਗੁਰਿ ਮੇਲੀ ਬਹੁ ਕਿਰਪਾ ਧਾਰੀ ਹਰਿ ਕੈ ਸਬਦਿ ਸੁਭਾਏ ਰਾਮ ॥

The Guru has very mercifully blessed me and united me with the Lord; through the Shabad, the Word of the Lord, I am lovingly embellished.

ਮਿਲੁ ਸਬਦਿ ਸੁਭਾਏ ਆਪੁ ਗਵਾਏ ਰੰਗ ਸਿਉ ਰਲੀਆ ਮਾਣੇ ॥

Merging in the Word of the Shabad, I am lovingly embellished; my ego is eradicated, and I revel in joyous love.

ਸੇਜ ਸੁਖਾਲੀ ਜਾ ਪ੍ਰਭੁ ਭਾਇਆ ਹਰਿ ਹਰਿ ਨਾਮਿ ਸਮਾਣੇ ॥

My bed is so comfortable, since I became pleasing to God; I am absorbed in the Name of the Lord, Har, Har.

ਨਾਨਕ ਸੋਹਾਗਣਿ ਸਾ ਵਡਭਾਗੀ ਜੇ ਚਲੈ ਸਤਿਗੁਰ ਭਾਏ ॥

O Nanak, that soul bride is so very blessed, who walks in harmony with the True Guru's Will.

ਹਮ ਨੀਵੀ ਪ੍ਰਭੁ ਅਤਿ ਊਚਾ ਕਿਉ ਕਰਿ ਮਿਲਿਆ ਜਾਏ ਰਾਮ ॥੨॥

I am lowly, and God is lofty and exalted. How will I ever meet Him? ||2||

ਘਟਿ ਘਟੇ ਸਭਨਾ ਵਿਚਿ ਏਕੋ ਏਕੋ ਰਾਮ ਭਤਾਰੋ ਰਾਮ ॥

In each and every heart, and deep within all, is the One Lord, the Husband Lord of all.

ਇਕਨਾ ਪ੍ਰਭੁ ਦੂਰਿ ਵਸੈ ਇਕਨਾ ਮਨਿ ਆਧਾਰੋ ਰਾਮ ॥

God dwells far away from some, while for others, He is the Support of the mind.

ਇਕਨਾ ਮਨ ਆਧਾਰੋ ਸਿਰਜਣਹਾਰੋ ਵਡਭਾਗੀ ਗੁਰੁ ਪਾਇਆ ॥

For some, the Creator Lord is the Support of the mind; He is obtained by great good fortune, through the Guru.

ਘਟਿ ਘਟਿ ਹਰਿ ਪ੍ਰਭੁ ਏਕੋ ਸੁਆਮੀ ਗੁਰਮੁਖਿ ਅਲਖੁ ਲਖਾਇਆ ॥

The One Lord God, the Master, is in each and every heart; the Gurmukh sees the unseen.

ਸਹਜੇ ਅਨਦੁ ਹੋਆ ਮਨੁ ਮਾਨਿਆ ਨਾਨਕ ਬ੍ਰਹਮ ਬੀਚਾਰੋ ॥

The mind is satisfied, in natural ecstasy, O Nanak, contemplating God.

ਘਟਿ ਘਟੇ ਸਭਨਾ ਵਿਚਿ ਏਕੋ ਏਕੋ ਰਾਮ ਭਤਾਰੋ ਰਾਮ ॥੩॥

In each and every heart, and deep within all, is the One Lord, the Husband Lord of all. ||3||

ਗੁਰੁ ਸੇਵਨਿ ਸਤਿਗੁਰੁ ਦਾਤਾ ਹਰਿ ਹਰਿ ਨਾਮਿ ਸਮਾਇਆ ਰਾਮ ॥

Those who serve the Guru, the True Guru, the Giver, merge in the Name of the Lord, Har, Har.

ਹਰਿ ਧੂੜਿ ਦੇਵਹੁ ਮੈ ਪੂਰੇ ਗੁਰ ਕੀ ਹਮ ਪਾਪੀ ਮੁਕਤੁ ਕਰਾਇਆ ਰਾਮ ॥

O Lord, please bless me with the dust of the feet of the Perfect Guru, so that I, a sinner, may be liberated.

ਪਾਪੀ ਮੁਕਤੁ ਕਰਾਏ ਆਪੁ ਗਵਾਏ ਨਿਜ ਘਰਿ ਪਾਇਆ ਵਾਸਾ ॥

Even sinners are liberated, by eradicating their egotism; they obtain a home within their own heart.

| | |
|---|---|
| ਬਿਬੇਕ ਬੁਧੀ ਸੁਖਿ ਰੈਣਿ ਵਿਹਾਣੀ ਗੁਰਮਤਿ ਨਾਮਿ ਪ੍ਰਗਾਸਾ ॥ | With clear understanding, the night of their lives passes peacefully; through the Guru's Teachings, the Naam is revealed to them. |
| ਹਰਿ ਹਰਿ ਅਨਦੁ ਭਇਆ ਦਿਨੁ ਰਾਤੀ ਨਾਨਕ ਹਰਿ ਮੀਠ ਲਗਾਏ ॥ | Through the Lord, Har, Har, I am in ecstasy, day and night. O Nanak, the Lord seems sweet. |
| ਗੁਰੁ ਸੇਵਨਿ ਸਤਿਗੁਰੁ ਦਾਤਾ ਹਰਿ ਹਰਿ ਨਾਮਿ ਸਮਾਏ ॥੪॥੬॥੭॥੫॥੭॥੧੨॥ | Those who serve the Guru, the True Guru, the Giver, merge in the Name of the Lord, Har, Har. \|\|4\|\|6\|\|7\|\|5\|\|7\|\|12\|\| |

## ੭੭੩ — 773

| | |
|---|---|
| ਰਾਗੁ ਸੂਹੀ ਮਹਲਾ ੪ ਛੰਤ ਘਰੁ ੧ | Raag Soohee, Fourth Mehl, Chhant, First House: |
| ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਸਤਿਗੁਰੁ ਪੁਰਖੁ ਮਿਲਾਇ ਅਵਗਣ ਵਿਕਣਾ ਗੁਣ ਰਵਾ ਬਲਿ ਰਾਮ ਜੀਉ ॥ | If only I could meet the True Guru, the Primal Being. Discarding my faults and sins, I would chant the Lord's Glorious Praises. |
| ਹਰਿ ਹਰਿ ਨਾਮੁ ਧਿਆਇ ਗੁਰਬਾਣੀ ਨਿਤ ਨਿਤ ਚਵਾ ਬਲਿ ਰਾਮ ਜੀਉ ॥ | I meditate on the Naam, the Name of the Lord, Har, Har. Continuously, continually, I chant the Word of the Guru's Bani. |
| ਗੁਰਬਾਣੀ ਸਦ ਮੀਠੀ ਲਾਗੀ ਪਾਪ ਵਿਕਾਰ ਗਵਾਇਆ ॥ | Gurbani always seems so sweet; I have eradicated the sins from within. |
| ਹਉਮੈ ਰੋਗੁ ਗਇਆ ਭਉ ਭਾਗਾ ਸਹਜੇ ਸਹਜਿ ਮਿਲਾਇਆ ॥ | The disease of egotism is gone, fear has left, and I am absorbed in celestial peace. |
| ਕਾਇਆ ਸੇਜ ਗੁਰ ਸਬਦਿ ਸੁਖਾਲੀ ਗਿਆਨ ਤਤਿ ਕਰਿ ਭੋਗੋ ॥ | Through the Word of the Guru's Shabad, the bed of my body has become cozy and beautiful, and I enjoy the essence of spiritual wisdom. |
| ਅਨਦਿਨੁ ਸੁਖਿ ਮਾਣੇ ਨਿਤ ਰਲੀਆ ਨਾਨਕ ਧੁਰਿ ਸੰਜੋਗੋ ॥੧॥ | Night and day, I continually enjoy peace and pleasure. O Nanak, this is my pre-ordained destiny. \|\|1\|\| |
| ਸਤੁ ਸੰਤੋਖੁ ਕਰਿ ਭਾਉ ਕੁੜਮੁ ਕੁੜਮਾਈ ਆਇਆ ਬਲਿ ਰਾਮ ਜੀਉ ॥ | The soul-bride is lovingly embellished with truth and contentment; her Father, the Guru, has come to engage her in marriage to her Husband Lord. |
| ਸੰਤ ਜਨਾ ਕਰਿ ਮੇਲੁ ਗੁਰਬਾਣੀ ਗਾਵਾਈਆ ਬਲਿ ਰਾਮ ਜੀਉ ॥ | Joining with the humble Saints, I sing Gurbani. |

| | |
|---|---|
| ਬਾਣੀ ਗੁਰ ਗਾਈ ਪਰਮ ਗਤਿ<br>ਪਾਈ ਪੰਚ ਮਿਲੇ ਸੋਹਾਇਆ ॥ | Singing the Guru's Bani, I have obtained the supreme status; meeting with the Saints, the self-elect, I am blessed and adorned. |
| ਗਇਆ ਕਰੋਧੁ ਮਮਤਾ ਤਨਿ ਨਾਠੀ<br>ਪਾਖੰਡੁ ਭਰਮੁ ਗਵਾਇਆ ॥ | Anger and attachment have left my body and run away; I have eradicated hypocrisy and doubt. |
| ਹਉਮੈ ਪੀਰ ਗਈ ਸੁਖੁ ਪਾਇਆ<br>ਆਰੋਗਤ ਭਏ ਸਰੀਰਾ ॥ | The pain of egotism is gone, and I have found peace; my body has become healthy and free of disease. |
| ਗੁਰ ਪਰਸਾਦੀ ਬ੍ਰਹਮੁ ਪਛਾਤਾ<br>ਨਾਨਕ ਗੁਣੀ ਗਹੀਰਾ ॥੨॥ | By Guru's Grace, O Nanak, I have realized God, the ocean of virtue. ‖2‖ |
| ਮਨਮੁਖਿ ਵਿਛੁੜੀ ਦੂਰਿ ਮਹਲੁ ਨ<br>ਪਾਏ ਬਲਿ ਗਈ ਬਲਿ ਰਾਮ ਜੀਉ ॥ | The self-willed manmukh is separated, far away from God; she does not obtain the Mansion of His Presence, and she burns. |
| ਅੰਤਰਿ ਮਮਤਾ ਕੂਰਿ ਕੂੜੁ ਵਿਹਾਝੇ<br>ਕੂੜਿ ਲਈ ਬਲਿ ਰਾਮ ਜੀਉ ॥ | Egotism and falsehood are deep within her; deluded by falsehood, she deals only in falsehood. |
| ਕੂੜੁ ਕਪਟੁ ਕਮਾਵੈ ਮਹਾ ਦੁਖੁ ਪਾਵੈ<br>ਵਿਣੁ ਸਤਿਗੁਰ ਮਗੁ ਨ ਪਾਇਆ ॥ | Practicing fraud and falsehood, she suffers terrible pain; without the True Guru, she does not find the way. |
| ਉਝੜ ਪੰਥਿ ਭ੍ਰਮੈ ਗਾਵਾਰੀ ਖਿਨੁ<br>ਖਿਨੁ ਧਕੇ ਖਾਇਆ ॥ | The foolish soul-bride wanders along dismal pathways; each and every moment, she is bumped and pushed. |
| ਆਪੇ ਦਇਆ ਕਰੇ ਪ੍ਰਭੁ ਦਾਤਾ<br>ਸਤਿਗੁਰੁ ਪੁਰਖੁ ਮਿਲਾਏ ॥ | God, the Great Giver, shows His Mercy, and leads her to meet the True Guru, the Primal Being. |
| ਜਨਮ ਜਨਮ ਕੇ ਵਿਛੁੜੇ ਜਨ ਮੇਲੇ<br>ਨਾਨਕ ਸਹਜਿ ਸੁਭਾਏ ॥੩॥ | Those beings who have been separated for countless incarnations, O Nanak, are reunited with the Lord, with intuitive ease. ‖3‖ |
| ਆਇਆ ਲਗਨੁ ਗਣਾਇ ਹਿਰਦੈ<br>ਧਨ ਓਮਾਹੀਆ ਬਲਿ ਰਾਮ ਜੀਉ ॥ | Calculating the most auspicious moment, the Lord comes into the bride's home; her heart is filled with ecstasy. |
| ਪੰਡਿਤ ਪਾਧੇ ਆਣਿ ਪਤੀ ਬਹਿ<br>ਵਾਚਾਈਆ ਬਲਿ ਰਾਮ ਜੀਉ ॥ | The Pandits and astrologers have come, to sit and consult the almanacs. |
| ਪਤੀ ਵਾਚਾਈ ਮਨਿ ਵਜੀ ਵਧਾਈ<br>ਜਬ ਸਾਜਨ ਸੁਣੇ ਘਰਿ ਆਏ ॥ | They have consulted the almanacs, and the bride's mind vibrates with bliss, when she hears that her Friend is coming into the home of her heart. |
| ਗੁਣੀ ਗਿਆਨੀ ਬਹਿ ਮਤਾ<br>ਪਕਾਇਆ ਫੇਰੇ ਤਤੁ ਦਿਵਾਏ ॥ | The virtuous and wise men sat down and decided to perform the marriage immediately. |
| ਵਰੁ ਪਾਇਆ ਪੁਰਖੁ ਅਗੰਮੁ ਅਗੋਚਰੁ<br>ਸਦ ਨਵਤਨੁ ਬਾਲ ਸਖਾਈ ॥ | She has found her Husband, the Inaccessible, Unfathomable Primal Lord, who is forever young; He is her Best Friend from her earliest childhood. |

| | |
|---|---|
| ਨਾਨਕ ਕਿਰਪਾ ਕਰਿ ਕੈ ਮੇਲੇ ਵਿਛੁੜਿ ਕਦੇ ਨ ਜਾਈ ॥੪॥੧॥ | O Nanak, he has mercifully united the bride with Himself. She shall never be separated again. \|\|4\|\|1\|\| |
| ਸੂਹੀ ਮਹਲਾ ੪ ॥ | Soohee, Fourth Mehl: |
| ਹਰਿ ਪਹਿਲੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ ਬਲਿ ਰਾਮ ਜੀਉ ॥ | In the first round of the marriage ceremony, the Lord sets out His Instructions for performing the daily duties of married life. |
| ਬਾਣੀ ਬ੍ਰਹਮਾ ਵੇਦੁ ਧਰਮੁ ਦ੍ਰਿੜਹੁ ਪਾਪ ਤਜਾਇਆ ਬਲਿ ਰਾਮ ਜੀਉ ॥ | Instead of the hymns of the Vedas to Brahma, embrace the righteous conduct of Dharma, and renounce sinful actions. |
| ਧਰਮੁ ਦ੍ਰਿੜਹੁ ਹਰਿ ਨਾਮੁ ਧਿਆਵਹੁ ਸਿਮ੍ਰਿਤਿ ਨਾਮੁ ਦ੍ਰਿੜਾਇਆ ॥ | Meditate on the Lord's Name; embrace and enshrine the contemplative remembrance of the Naam. |
| ਸਤਿਗੁਰੁ ਗੁਰੁ ਪੂਰਾ ਆਰਾਧਹੁ ਸਭਿ ਕਿਲਵਿਖ ਪਾਪ ਗਵਾਇਆ ॥ | Worship and adore the Guru, the Perfect True Guru, and all your sins shall be dispelled. |
| ਸਹਜ ਅਨੰਦੁ ਹੋਆ ਵਡਭਾਗੀ ਮਨਿ ਹਰਿ ਹਰਿ ਮੀਠਾ ਲਾਇਆ ॥ | By great good fortune, celestial bliss is attained, and the Lord, Har, Har, seems sweet to the mind. |
| ੭੭੪ | 774 |
| ਜਨੁ ਕਹੈ ਨਾਨਕੁ ਲਾਵ ਪਹਿਲੀ ਆਰੰਭੁ ਕਾਜੁ ਰਚਾਇਆ ॥੧॥ | Servant Nanak proclaims that, in this, the first round of the marriage ceremony, the marriage ceremony has begun. \|\|1\|\| |
| ਹਰਿ ਦੂਜੜੀ ਲਾਵ ਸਤਿਗੁਰੁ ਪੁਰਖੁ ਮਿਲਾਇਆ ਬਲਿ ਰਾਮ ਜੀਉ ॥ | In the second round of the marriage ceremony, the Lord leads you to meet the True Guru, the Primal Being. |
| ਨਿਰਭਉ ਭੈ ਮਨੁ ਹੋਇ ਹਉਮੈ ਮੈਲੁ ਗਵਾਇਆ ਬਲਿ ਰਾਮ ਜੀਉ ॥ | With the Fear of God, the Fearless Lord in the mind, the filth of egotism is eradicated. |
| ਨਿਰਮਲੁ ਭਉ ਪਾਇਆ ਹਰਿ ਗੁਣ ਗਾਇਆ ਹਰਿ ਵੇਖੈ ਰਾਮੁ ਹਦੂਰੇ ॥ | In the Fear of God, the Immaculate Lord, sing the Glorious Praises of the Lord, and behold the Lord's Presence before you. |
| ਹਰਿ ਆਤਮ ਰਾਮੁ ਪਸਾਰਿਆ ਸੁਆਮੀ ਸਰਬ ਰਹਿਆ ਭਰਪੂਰੇ ॥ | The Lord, the Supreme Soul, is the Lord and Master of the Universe; He is pervading and permeating everywhere, fully filling all spaces. |
| ਅੰਤਰਿ ਬਾਹਰਿ ਹਰਿ ਪ੍ਰਭੁ ਏਕੋ ਮਿਲਿ ਹਰਿ ਜਨ ਮੰਗਲ ਗਾਏ ॥ | Deep within, and outside as well, there is only the One Lord God. Meeting together, the humble servants of the Lord sing the songs of joy. |
| ਜਨ ਨਾਨਕ ਦੂਜੀ ਲਾਵ ਚਲਾਈ ਅਨਹਦ ਸਬਦ ਵਜਾਏ ॥੨॥ | Servant Nanak proclaims that, in this, the second round of the marriage ceremony, the unstruck sound current of the Shabad resounds. \|\|2\|\| |

ਹਰਿ ਤੀਜੜੀ ਲਾਵ ਮਨਿ ਚਾਉ ਭਇਆ ਬੈਰਾਗੀਆ ਬਲਿ ਰਾਮ ਜੀਉ ॥

In the third round of the marriage ceremony, the mind is filled with Divine Love.

ਸੰਤ ਜਨਾ ਹਰਿ ਮੇਲੁ ਹਰਿ ਪਾਇਆ ਵਡਭਾਗੀਆ ਬਲਿ ਰਾਮ ਜੀਉ ॥

Meeting with the humble Saints of the Lord, I have found the Lord, by great good fortune.

ਨਿਰਮਲੁ ਹਰਿ ਪਾਇਆ ਹਰਿ ਗੁਣ ਗਾਇਆ ਮੁਖਿ ਬੋਲੀ ਹਰਿ ਬਾਣੀ ॥

I have found the Immaculate Lord, and I sing the Glorious Praises of the Lord. I speak the Word of the Lord's Bani.

ਸੰਤ ਜਨਾ ਵਡਭਾਗੀ ਪਾਇਆ ਹਰਿ ਕਥੀਐ ਅਕਥ ਕਹਾਣੀ ॥

By great good fortune, I have found the humble Saints, and I speak the Unspoken Speech of the Lord.

ਹਿਰਦੈ ਹਰਿ ਹਰਿ ਹਰਿ ਧੁਨਿ ਉਪਜੀ ਹਰਿ ਜਪੀਐ ਮਸਤਕਿ ਭਾਗੁ ਜੀਉ ॥

The Name of the Lord, Har, Har, Har, vibrates and resounds within my heart; meditating on the Lord, I have realized the destiny inscribed upon my forehead.

ਜਨੁ ਨਾਨਕੁ ਬੋਲੇ ਤੀਜੀ ਲਾਵੈ ਹਰਿ ਉਪਜੈ ਮਨਿ ਬੈਰਾਗੁ ਜੀਉ ॥੩॥

Servant Nanak proclaims that, in this, the third round of the marriage ceremony, the mind is filled with Divine Love for the Lord. ||3||

ਹਰਿ ਚਉਥੜੀ ਲਾਵ ਮਨਿ ਸਹਜੁ ਭਇਆ ਹਰਿ ਪਾਇਆ ਬਲਿ ਰਾਮ ਜੀਉ ॥

In the fourth round of the marriage ceremony, my mind has become peaceful; I have found the Lord.

ਗੁਰਮੁਖਿ ਮਿਲਿਆ ਸੁਭਾਇ ਹਰਿ ਮਨਿ ਤਨਿ ਮੀਠਾ ਲਾਇਆ ਬਲਿ ਰਾਮ ਜੀਉ ॥

As Gurmukh, I have met Him, with intuitive ease; the Lord seems so sweet to my mind and body.

ਹਰਿ ਮੀਠਾ ਲਾਇਆ ਮੇਰੇ ਪ੍ਰਭ ਭਾਇਆ ਅਨਦਿਨੁ ਹਰਿ ਲਿਵ ਲਾਈ ॥

The Lord seems so sweet; I am pleasing to my God. Night and day, I lovingly focus my consciousness on the Lord.

ਮਨ ਚਿੰਦਿਆ ਫਲੁ ਪਾਇਆ ਸੁਆਮੀ ਹਰਿ ਨਾਮਿ ਵਜੀ ਵਾਧਾਈ ॥

I have obtained my Lord and Master, the fruit of my mind's desires. The Lord's Name resounds and resonates.

ਹਰਿ ਪ੍ਰਭਿ ਠਾਕੁਰਿ ਕਾਜੁ ਰਚਾਇਆ ਧਨ ਹਿਰਦੈ ਨਾਮਿ ਵਿਗਾਸੀ ॥

The Lord God, my Lord and Master, blends with His bride, and her heart blossoms forth in the Naam.

ਜਨੁ ਨਾਨਕੁ ਬੋਲੇ ਚਉਥੀ ਲਾਵੈ ਹਰਿ ਪਾਇਆ ਪ੍ਰਭੁ ਅਵਿਨਾਸੀ ॥੪॥੨॥

Servant Nanak proclaims that, in this, the fourth round of the marriage ceremony, we have found the Eternal Lord God. ||4||2||

| | |
|---|---|
| ੧ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਰਾਗੁ ਸੂਹੀ ਛੰਤ ਮਹਲਾ ੪ ਘਰੁ ੨ ॥ | Raag Soohee, Chhant, Fourth Mehl, Second House: |
| ਗੁਰਮੁਖਿ ਹਰਿ ਗੁਣ ਗਾਏ ॥ | The Gurmukhs sing the Glorious Praises of the Lord; |
| ਹਿਰਦੈ ਰਸਨ ਰਸਾਏ ॥ | in their hearts, and on their tongues, they enjoy and savor His taste. |
| ਹਰਿ ਰਸਨ ਰਸਾਏ ਮੇਰੇ ਪ੍ਰਭ ਭਾਏ ਮਿਲਿਆ ਸਹਜਿ ਸੁਭਾਏ ॥ | They enjoy and savor His taste, and are pleasing to my God, who meets them with natural ease. |
| ਅਨਦਿਨੁ ਭੋਗ ਭੋਗੇ ਸੁਖਿ ਸੋਵੈ ਸਬਦਿ ਰਹੈ ਲਿਵ ਲਾਏ ॥ | Night and day, they enjoy enjoyments, and they sleep in peace; they remain lovingly absorbed in the Word of the Shabad. |
| ਵਡੈ ਭਾਗਿ ਗੁਰੁ ਪੂਰਾ ਪਾਈਐ ਅਨਦਿਨੁ ਨਾਮੁ ਧਿਆਏ ॥ | By great good fortune, one obtains the Perfect Guru; night and day, meditate on the Naam, the Name of the Lord. |
| ਸਹਜੇ ਸਹਜਿ ਮਿਲਿਆ ਜਗਜੀਵਨੁ ਨਾਨਕ ਸੁੰਨਿ ਸਮਾਏ ॥੧॥ | In absolute ease and poise, one meets the Life of the World. O Nanak, one is absorbed in the state of absolute absorption. ‖1‖ |
| ਸੰਗਤਿ ਸੰਤ ਮਿਲਾਏ ॥ ਹਰਿ ਸਰਿ ਨਿਰਮਲਿ ਨਾਏ ॥ | Joining the Society of the Saints, I bathe in the Immaculate Pool of the Lord. |
| ਨਿਰਮਲਿ ਜਲਿ ਨਾਏ ਮੈਲੁ ਗਵਾਏ ਭਏ ਪਵਿਤੁ ਸਰੀਰਾ ॥ | Bathing in these Immaculate Waters, my filth is removed, and my body is purified and sanctified. |
| ਦੁਰਮਤਿ ਮੈਲੁ ਗਈ ਭ੍ਰਮੁ ਭਾਗਾ ਹਉਮੈ ਬਿਨਠੀ ਪੀਰਾ ॥ | The filth of intellectual evil-mindedness is removed, doubt is gone, and the pain of egotism is dispelled. |
| ਨਦਰਿ ਪ੍ਰਭੂ ਸਤਸੰਗਤਿ ਪਾਈ ਨਿਜ ਘਰਿ ਹੋਆ ਵਾਸਾ ॥ | By God's Grace, I found the Sat Sangat, the True Congregation. I dwell in the home of my own inner being. |
| ੭੭੫ | 775 |
| ਹਰਿ ਮੰਗਲ ਰਸਿ ਰਸਨ ਰਸਾਏ ਨਾਨਕ ਨਾਮੁ ਪ੍ਰਗਾਸਾ ॥੨॥ | My tongue tastes the taste of the Lord's joyous song; O Nanak, the Naam shines forth brightly. ‖2‖ |
| ਅੰਤਰਿ ਰਤਨੁ ਬੀਚਾਰੇ ॥ ਗੁਰਮੁਖਿ ਨਾਮੁ ਪਿਆਰੇ ॥ | The Gurmukh loves the Name of the Lord; deep within, she contemplates the jewel of the Naam. |
| ਹਰਿ ਨਾਮੁ ਪਿਆਰੇ ਸਬਦਿ ਨਿਸਤਾਰੇ ਅਗਿਆਨੁ ਅਧੇਰੁ ਗਵਾਇਆ ॥ | Those who love the Lord's Name are emancipated through the Word of the Shabad. The darkness of ignorance is dispelled. |

| | |
|---|---|
| ਗਿਆਨੁ ਪ੍ਰਚੰਡੁ ਬਲਿਆ ਘਟਿ ਚਾਨਣੁ ਘਰ ਮੰਦਰ ਸੋਹਾਇਆ ॥ | Spiritual wisdom burns brilliantly, illuminating the heart; their homes and temples are embellished and blessed. |
| ਤਨੁ ਮਨੁ ਅਰਪਿ ਸੀਗਾਰ ਬਣਾਏ ਹਰਿ ਪ੍ਰਭ ਸਾਚੇ ਭਾਇਆ ॥ | I have made my body and mind into adornments, and dedicated them to the True Lord God, pleasing Him. |
| ਜੋ ਪ੍ਰਭੁ ਕਹੈ ਸੋਈ ਪਰੁ ਕੀਜੈ ਨਾਨਕ ਅੰਕਿ ਸਮਾਇਆ ॥੩॥ | Whatever God says, I gladly do. O Nanak, I have merged into the fiber of His Being. \|\|3\|\| |
| ਹਰਿ ਪ੍ਰਭਿ ਕਾਜੁ ਰਚਾਇਆ ॥ | The Lord God has arranged the marriage ceremony; |
| ਗੁਰਮੁਖਿ ਵੀਆਹਣਿ ਆਇਆ ॥ | He has come to marry the Gurmukh. |
| ਵੀਆਹਣਿ ਆਇਆ ਗੁਰਮੁਖਿ ਹਰਿ ਪਾਇਆ ਸਾ ਧਨ ਕੰਤ ਪਿਆਰੀ ॥ | He has come to marry the Gurmukh, who has found the Lord. That bride is very dear to her Lord. |
| ਸੰਤ ਜਨਾ ਮਿਲਿ ਮੰਗਲ ਗਾਏ ਹਰਿ ਜੀਉ ਆਪਿ ਸਵਾਰੀ ॥ | The humble Saints join together and sing the songs of joy; the Dear Lord Himself has adorned the soul-bride. |
| ਸੁਰਿ ਨਰ ਗਣ ਗੰਧਰਬ ਮਿਲਿ ਆਏ ਅਪੂਰਬ ਜੰਞ ਬਣਾਈ ॥ | The angels and mortal beings, the heavenly heralds and celestial singers, have come together and formed a wondrous wedding party. |
| ਨਾਨਕ ਪ੍ਰਭੁ ਪਾਇਆ ਮੈ ਸਾਚਾ ਨਾ ਕਦੇ ਮਰੈ ਨ ਜਾਈ ॥੪॥੧॥੩॥ | O Nanak, I have found my True Lord God, who never dies, and is not born. \|\|4\|\|1\|\|3\|\| |
| ਰਾਗੁ ਸੂਹੀ ਛੰਤ ਮਹਲਾ ੪ ਘਰੁ ੩ | Raag Soohee, Chhant, Fourth Mehl, Third House: |
| ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਆਵਹੋ ਸੰਤ ਜਨਹੁ ਗੁਣ ਗਾਵਹ ਗੋਵਿੰਦ ਕੇਰੇ ਰਾਮ ॥ | Come, humble Saints, and sing the Glorious Praises of the Lord of the Universe. |
| ਗੁਰਮੁਖਿ ਮਿਲਿ ਰਹੀਐ ਘਰਿ ਵਾਜਹਿ ਸਬਦ ਘਨੇਰੇ ਰਾਮ ॥ | Let us gather together as Gurmukh; within the home of our own heart, the Shabad vibrates and resonates. |
| ਸਬਦ ਘਨੇਰੇ ਹਰਿ ਪ੍ਰਭ ਤੇਰੇ ਤੂ ਕਰਤਾ ਸਭ ਥਾਈ ॥ | The many melodies of the Shabad are Yours, O Lord God; O Creator Lord, You are everywhere. |
| ਅਹਿਨਿਸਿ ਜਪੀ ਸਦਾ ਸਾਲਾਹੀ ਸਾਚ ਸਬਦਿ ਲਿਵ ਲਾਈ ॥ | Day and night, I chant His Praises forever, lovingly focusing on the True Word of the Shabad. |
| ਅਨਦਿਨੁ ਸਹਜਿ ਰਹੈ ਰੰਗਿ ਰਾਤਾ ਰਾਮ ਨਾਮੁ ਰਿਦ ਪੂਜਾ ॥ | Night and day, I remain intuitively attuned to the Lord's Love; in my heart, I worship the Lord's Name. |
| ਨਾਨਕ ਗੁਰਮੁਖਿ ਏਕੁ ਪਛਾਣੈ ਅਵਰੁ ਨ ਜਾਣੈ ਦੂਜਾ ॥੧॥ | O Nanak, as Gurmukh, I have realized the One Lord; I do not know any other. \|\|1\|\| |

ਸਭ ਮਹਿ ਰਵਿ ਰਹਿਆ ਸੋ ਪ੍ਰਭੁ ਅੰਤਰਜਾਮੀ ਰਾਮ ॥

He is contained amongst all; He is God, the Inner-knower, the Searcher of hearts.

ਗੁਰ ਸਬਦਿ ਰਵੈ ਰਵਿ ਰਹਿਆ ਸੋ ਪ੍ਰਭੁ ਮੇਰਾ ਸੁਆਮੀ ਰਾਮ ॥

One who meditates and dwells upon God, through the Word of the Guru's Shabad, knows that God, my Lord and Master, is pervading everywhere.

ਪ੍ਰਭੁ ਮੇਰਾ ਸੁਆਮੀ ਅੰਤਰਜਾਮੀ ਘਟਿ ਘਟਿ ਰਵਿਆ ਸੋਈ ॥

God, my Lord and Master, is the Inner-knower, the Searcher of hearts; He pervades and permeates each and every heart.

ਗੁਰਮਤਿ ਸਚੁ ਪਾਈਐ ਸਹਜਿ ਸਮਾਈਐ ਤਿਸੁ ਬਿਨੁ ਅਵਰੁ ਨ ਕੋਈ ॥

Through the Guru's Teachings, Truth is obtained, and then, one merges in celestial bliss. There is no other than Him.

ਸਹਜੇ ਗੁਣ ਗਾਵਾ ਜੇ ਪ੍ਰਭ ਭਾਵਾ ਆਪੇ ਲਏ ਮਿਲਾਏ ॥

I sing His Praises with intuitive ease. If it pleases God, He shall unite me with Himself.

ਨਾਨਕ ਸੋ ਪ੍ਰਭੁ ਸਬਦੇ ਜਾਪੈ ਅਹਿਨਿਸਿ ਨਾਮੁ ਧਿਆਏ ॥੨॥

O Nanak, through the Shabad, God is known; meditate on the Naam, day and night. ||2||

ਇਹੁ ਜਗੋ ਦੁਤਰੁ ਮਨਮੁਖੁ ਪਾਰਿ ਨ ਪਾਈ ਰਾਮ ॥

This world is treacherous and impassable; the self-willed manmukh cannot cross over.

ਅੰਤਰੇ ਹਉਮੈ ਮਮਤਾ ਕਾਮੁ ਕ੍ਰੋਧੁ ਚਤੁਰਾਈ ਰਾਮ ॥

Within him is egotism, self-conceit, sexual desire, anger and cleverness.

ਅੰਤਰਿ ਚਤੁਰਾਈ ਥਾਇ ਨ ਪਾਈ ਬਿਰਥਾ ਜਨਮੁ ਗਵਾਇਆ ॥

Within him is cleverness; he is not approved, and his life is uselessly wasted and lost.

ਜਮ ਮਗਿ ਦੁਖੁ ਪਾਵੈ ਚੋਟਾ ਖਾਵੈ ਅੰਤਿ ਗਇਆ ਪਛੁਤਾਇਆ ॥

On the Path of Death, he suffers in pain, and must endure abuse; in the end, he departs regretfully.

ਬਿਨੁ ਨਾਵੈ ਕੋ ਬੇਲੀ ਨਾਹੀ ਪੁਤੁ ਕੁਟੰਬੁ ਸੁਤੁ ਭਾਈ ॥

Without the Name, he has no friends, no children, family or relatives.

ਨਾਨਕ ਮਾਇਆ ਮੋਹੁ ਪਸਾਰਾ ਆਗੈ ਸਾਥਿ ਨ ਜਾਈ ॥੩॥

O Nanak, the wealth of Maya, attachment and ostentatious shows - none of them shall go along with him to the world hereafter. ||3||

ਹਉ ਪੂਛਉ ਅਪਨਾ ਸਤਿਗੁਰੁ ਦਾਤਾ ਕਿਨ ਬਿਧਿ ਦੁਤਰੁ ਤਰੀਐ ਰਾਮ ॥

I ask my True Guru, the Giver, how to cross over the treacherous and difficult world-ocean.

ਸਤਿਗੁਰ ਭਾਇ ਚਲਹੁ ਜੀਵਤਿਆ ਇਵ ਮਰੀਐ ਰਾਮ ॥

Walk in harmony with the True Guru's Will, and remain dead while yet alive.

ਜੀਵਤਿਆ ਮਰੀਐ ਭਉਜਲੁ ਤਰੀਐ ਗੁਰਮੁਖਿ ਨਾਮਿ ਸਮਾਵੈ ॥

Remaining dead while yet alive, cross over the terrifying world-ocean; as Gurmukh, merge in the Naam.

| ੭੭੬ | 776 |
|---|---|
| ਪੂਰਾ ਪੁਰਖੁ ਪਾਇਆ ਵਡਭਾਗੀ ਸਚਿ ਨਾਮਿ ਲਿਵ ਲਾਵੈ ॥ | One obtains the Perfect Primal Lord, by great good fortune, lovingly focusing on the True Name. |
| ਮਤਿ ਪਰਗਾਸੁ ਭਈ ਮਨੁ ਮਾਨਿਆ ਰਾਮ ਨਾਮਿ ਵਡਿਆਈ ॥ | The intellect is enlightened, and the mind is satisfied, through the glory of the Lord's Name. |
| ਨਾਨਕ ਪ੍ਰਭੁ ਪਾਇਆ ਸਬਦਿ ਮਿਲਾਇਆ ਜੋਤੀ ਜੋਤਿ ਮਿਲਾਈ ॥੪॥੧॥੪॥ | O Nanak, God is found, merging in the Shabad, and one's light blends into the Light. \|\|4\|\|1\|\|4\|\| |
| ਸੂਹੀ ਮਹਲਾ ੪ ਘਰੁ ੫ | Soohee, Fourth Mehl, Fifth House: |
| ੧ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਗੁਰੁ ਸੰਤ ਜਨੋ ਪਿਆਰਾ ਮੈ ਮਿਲਿਆ ਮੇਰੀ ਤ੍ਰਿਸਨਾ ਬੁਝਿ ਗਈਆਸੇ ॥ | O humble Saints, I have met my Beloved Guru; the fire of my desire is quenched, and my yearning is gone. |
| ਹਉ ਮਨੁ ਤਨੁ ਦੇਵਾ ਸਤਿਗੁਰੈ ਮੈ ਮੇਲੇ ਪ੍ਰਭ ਗੁਣਤਾਸੇ ॥ | I dedicate my mind and body to the True Guru; I pray that may He unite me with God, the treasure of virtue. |
| ਧਨੁ ਧੰਨੁ ਗੁਰੂ ਵਡ ਪੁਰਖੁ ਹੈ ਮੈ ਦਸੇ ਹਰਿ ਸਾਬਾਸੇ ॥ | Blessed, blessed is the Guru, the Supreme Being, who tells me of the most blessed Lord. |
| ਵਡਭਾਗੀ ਹਰਿ ਪਾਇਆ ਜਨ ਨਾਨਕ ਨਾਮਿ ਵਿਗਾਸੇ ॥੧॥ | By great good fortune, servant Nanak has found the Lord; he blossoms forth in the Naam. \|\|1\|\| |
| ਗੁਰੁ ਸਜਣੁ ਪਿਆਰਾ ਮੈ ਮਿਲਿਆ ਹਰਿ ਮਾਰਗੁ ਪੰਥੁ ਦਸਾਹਾ ॥ | I have met my Beloved Friend, the Guru, who has shown me the Path to the Lord. |
| ਘਰਿ ਆਵਹੁ ਚਿਰੀ ਵਿਛੁੰਨਿਆ ਮਿਲੁ ਸਬਦਿ ਗੁਰੂ ਪ੍ਰਭ ਨਾਹਾ ॥ | Come home - I have been separated from You for so long! Please, let me merge with You, through the Word of the Guru's Shabad, O my Lord God. |
| ਹਉ ਤੁਝੁ ਬਾਝਹੁ ਖਰੀ ਉਡੀਣੀਆ ਜਿਉ ਜਲ ਬਿਨੁ ਮੀਨੁ ਮਰਾਹਾ ॥ | Without You, I am so sad; like a fish out of water, I shall die. |
| ਵਡਭਾਗੀ ਹਰਿ ਧਿਆਇਆ ਜਨ ਨਾਨਕ ਨਾਮਿ ਸਮਾਹਾ ॥੨॥ | The very fortunate ones meditate on the Lord; servant Nanak merges into the Naam. \|\|2\|\| |
| ਮਨੁ ਦਹ ਦਿਸਿ ਚਲਿ ਚਲਿ ਭਰਮਿਆ ਮਨਮੁਖੁ ਭਰਮਿ ਭੁਲਾਇਆ ॥ | The mind runs around in the ten directions; the self-willed manmukh wanders around, deluded by doubt. |

| | |
|---|---|
| ਨਿਤ ਆਸਾ ਮਨਿ ਚਿਤਵੈ ਮਨ ਤ੍ਰਿਸਨਾ ਭੁਖ ਲਗਾਇਆ ॥ | In his mind, he continually conjures up hopes; his mind is gripped by hunger and thirst. |
| ਅਨਤਾ ਧਨੁ ਧਰਿ ਦਬਿਆ ਫਿਰਿ ਬਿਖੁ ਭਾਲਣ ਗਇਆ ॥ | There is an infinite treasure buried within the mind, but still, he goes out, searching for poison. |
| ਜਨ ਨਾਨਕ ਨਾਮੁ ਸਲਾਹਿ ਤੂ ਬਿਨੁ ਨਾਵੈ ਪਚਿ ਪਚਿ ਮੁਇਆ ॥੩॥ | O servant Nanak, praise the Naam, the Name of the Lord; without the Name, he rots away, and wastes away to death. \|\|3\|\| |
| ਗੁਰੁ ਸੁੰਦਰੁ ਮੋਹਨੁ ਪਾਇ ਕਰੇ ਹਰਿ ਪ੍ਰੇਮ ਬਾਣੀ ਮਨੁ ਮਾਰਿਆ ॥ | Finding the beautiful and fascinating Guru, I have conquered my mind, through the Bani, the Word of my Beloved Lord. |
| ਮੇਰੈ ਹਿਰਦੈ ਸੁਧਿ ਬੁਧਿ ਵਿਸਰਿ ਗਈ ਮਨ ਆਸਾ ਚਿੰਤ ਵਿਸਾਰਿਆ ॥ | My heart has forgotten its common sense and wisdom; my mind has forgotten its hopes and cares. |
| ਮੈ ਅੰਤਰਿ ਵੇਦਨ ਪ੍ਰੇਮ ਕੀ ਗੁਰ ਦੇਖਤ ਮਨੁ ਸਾਧਾਰਿਆ ॥ | Deep within my self, I feel the pains of divine love. Beholding the Guru, my mind is comforted and consoled. |
| ਵਡਭਾਗੀ ਪ੍ਰਭ ਆਇ ਮਿਲੁ ਜਨੁ ਨਾਨਕੁ ਖਿਨੁ ਖਿਨੁ ਵਾਰਿਆ ॥੪॥੧॥੫॥ | Awaken my good destiny, O God - please, come and meet me! Each and every instant, servant Nanak is a sacrifice to You. \|\|4\|\|1\|\|5\|\| |
| ਸੂਹੀ ਛੰਤ ਮਹਲਾ ੪ ॥ | Soohee, Chhant, Fourth Mehl: |
| ਮਾਰੇਹਿਸੁ ਵੇ ਜਨ ਹਉਮੈ ਬਿਖਿਆ ਜਿਨਿ ਹਰਿ ਪ੍ਰਭ ਮਿਲਣ ਨ ਦਿਤੀਆ ॥ | Eradicate the poison of egotism, O human being; it is holding you back from meeting your Lord God. |
| ਦੇਹ ਕੰਚਨ ਵੇ ਵੰਨੀਆ ਇਨਿ ਹਉਮੈ ਮਾਰਿ ਵਿਗੁਤੀਆ ॥ | This golden-colored body has been disfigured and ruined by egotism. |
| ਮੋਹੁ ਮਾਇਆ ਵੇ ਸਭ ਕਾਲਖਾ ਇਨਿ ਮਨਮੁਖਿ ਮੂੜਿ ਸਜੁਤੀਆ ॥ | Attachment to Maya is total darkness; this foolish, self-willed manmukh is attached to it. |
| ਜਨ ਨਾਨਕ ਗੁਰਮੁਖਿ ਉਬਰੇ ਗੁਰ ਸਬਦੀ ਹਉਮੈ ਛੁਟੀਆ ॥੧॥ | O servant Nanak, the Gurmukh is saved; through the Word of the Guru's Shabad, he is released from egotism. \|\|1\|\| |
| ਵਸਿ ਆਣਿਹੁ ਵੇ ਜਨ ਇਸੁ ਮਨ ਕਉ ਮਨੁ ਬਾਸੇ ਜਿਉ ਨਿਤ ਭਉਦਿਆ ॥ | Overcome and subdue this mind; your mind wanders around continually, like a falcon. |
| ਦੁਖਿ ਰੈਣਿ ਵੇ ਵਿਹਾਣੀਆ ਨਿਤ ਆਸਾ ਆਸ ਕਰੇਦਿਆ ॥ | The mortal's life-night passes painfully, in constant hope and desire. |

| | |
|---|---|
| ਗੁਰੁ ਪਾਇਆ ਵੇ ਸੰਤ ਜਨੋ ਮਨਿ ਆਸ ਪੂਰੀ ਹਰਿ ਚਉਦਿਆ ॥ | I have found the Guru, O humble Saints; my mind's hopes are fulfilled, chanting the Lord's Name. |
| ਜਨ ਨਾਨਕ ਪ੍ਰਭ ਦੇਹੁ ਮਤੀ ਛਡਿ ਆਸਾ ਨਿਤ ਸੁਖਿ ਸਉਦਿਆ ॥੨॥ | Please bless servant Nanak, O God, with such understanding, that abandoning false hopes, he may always sleep in peace. \|\|2\|\| |
| ਸਾ ਧਨ ਆਸਾ ਚਿਤਿ ਕਰੇ ਰਾਮ ਰਾਜਿਆ ਹਰਿ ਪ੍ਰਭ ਸੇਜੜੀਐ ਆਈ ॥ | The bride hopes in her mind, that her Sovereign Lord God will come to her bed. |
| ਮੇਰਾ ਠਾਕੁਰੁ ਅਗਮ ਦਇਆਲੁ ਹੈ ਰਾਮ ਰਾਜਿਆ ਕਰਿ ਕਿਰਪਾ ਲੇਹੁ ਮਿਲਾਈ ॥ | My Lord and Master is infinitely compassionate; O Sovereign Lord, be merciful, and merge me into Yourself. |
| ੭੭੭ | 777 |
| ਮੇਰੈ ਮਨਿ ਤਨਿ ਲੋਚਾ ਗੁਰਮੁਖੇ ਰਾਮ ਰਾਜਿਆ ਹਰਿ ਸਰਧਾ ਸੇਜ ਵਿਛਾਈ ॥ | My mind and body long to behold the Guru's face. O Sovereign Lord, I have spread out my bed of loving faith. |
| ਜਨ ਨਾਨਕ ਹਰਿ ਪ੍ਰਭ ਭਾਣੀਆ ਰਾਮ ਰਾਜਿਆ ਮਿਲਿਆ ਸਹਜਿ ਸੁਭਾਈ ॥੩॥ | O servant Nanak, when the bride pleases her Lord God, her Sovereign Lord meets her with natural ease. \|\|3\|\| |
| ਇਕਤੁ ਸੇਜੈ ਹਰਿ ਪ੍ਰਭੋ ਰਾਮ ਰਾਜਿਆ ਗੁਰੁ ਦਸੇ ਹਰਿ ਮੇਲੇਈ ॥ | My Lord God, my Sovereign Lord, is on the one bed. The Guru has shown me how to meet my Lord. |
| ਮੈ ਮਨਿ ਤਨਿ ਪ੍ਰੇਮ ਬੈਰਾਗੁ ਹੈ ਰਾਮ ਰਾਜਿਆ ਗੁਰੁ ਮੇਲੇ ਕਿਰਪਾ ਕਰੇਈ ॥ | My mind and body are filled with love and affection for my Sovereign Lord. In His Mercy, the Guru has united me with Him. |
| ਹਉ ਗੁਰ ਵਿਟਹੁ ਘੋਲਿ ਘੁਮਾਇਆ ਰਾਮ ਰਾਜਿਆ ਜੀਉ ਸਤਿਗੁਰ ਆਗੈ ਦੇਈ ॥ | I am a sacrifice to my Guru, O my Sovereign Lord; I surrender my soul to the True Guru. |
| ਗੁਰੁ ਤੁਠਾ ਜੀਉ ਰਾਮ ਰਾਜਿਆ ਜਨ ਨਾਨਕ ਹਰਿ ਮੇਲੇਈ ॥੪॥੨॥੬॥੫॥੭॥੬॥੧੮॥ | When the Guru is totally pleased, O servant Nanak, he unites the soul with the Lord, the Sovereign Lord. \|\|4\|\|2\|\|6\|\|5\|\|7\|\|6\|\|18\|\| |
| ਰਾਗੁ ਸੂਹੀ ਛੰਤ ਮਹਲਾ ੫ ਘਰੁ ੧ | Raag Soohee, Chhant, Fifth Mehl, First House: |
| ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਸੁਣਿ ਬਾਵਰੇ ਤੂ ਕਾਏ ਦੇਖਿ ਭੁਲਾਨਾ ॥ | Listen, madman: gazing upon the world, why have you gone crazy? |

| | |
|---|---|
| ਸੁਣਿ ਬਾਵਰੇ ਨੇਹੁ ਕੂੜਾ ਲਾਇਓ ਕੁਸੰਭ ਰੰਗਾਨਾ ॥ | Listen, madman: you have been trapped by false love, which is transitory, like the fading color of the safflower. |
| ਕੂੜੀ ਡੇਖਿ ਭੁਲੋ ਅਢੁ ਲਹੈ ਨ ਮੁਲੋ ਗੋਵਿਦ ਨਾਮੁ ਮਜੀਠਾ ॥ | Gazing upon the false world, you are fooled. It is not worth even half a shell. Only the Name of the Lord of the Universe is permanent. |
| ਥੀਵਹਿ ਲਾਲਾ ਅਤਿ ਗੁਲਾਲਾ ਸਬਦੁ ਚੀਨਿ ਗੁਰ ਮੀਠਾ ॥ | You shall take on the deep and lasting red color of the poppy, contemplating the sweet Word of the Guru's Shabad. |
| ਮਿਥਿਆ ਮੋਹਿ ਮਗਨੁ ਥੀ ਰਹਿਆ ਝੂਠ ਸੰਗਿ ਲਪਟਾਨਾ ॥ | You remain intoxicated with false emotional attachment; you are attached to falsehood. |
| ਨਾਨਕ ਦੀਨ ਸਰਣਿ ਕਿਰਪਾ ਨਿਧਿ ਰਾਖੁ ਲਾਜ ਭਗਤਾਨਾ ॥੧॥ | Nanak, meek and humble, seeks the Sanctuary of the Lord, the treasure of mercy. He preserves the honor of His devotees. \|\|1\|\| |
| ਸਲੋਕੁ ਮਃ ੩ ॥ | Shalok, Third Mehl: |
| ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨ੍ਹਿ ॥ | Do not call them 'satee', who burn themselves along with their husbands' corpses. |
| ਨਾਨਕ ਸਤੀਆ ਜਾਣੀਅਨ੍ਹਿ ਜਿ ਬਿਰਹੇ ਚੋਟ ਮਰੰਨ੍ਹਿ ॥੧॥ | O Nanak, they alone are known as 'satee', who die from the shock of separation. ‖1‖ |
| ਮਃ ੩ ॥ | Third Mehl: |
| ਭੀ ਸੋ ਸਤੀਆ ਜਾਣੀਅਨਿ ਸੀਲ ਸੰਤੋਖਿ ਰਹੰਨ੍ਹਿ ॥ | They are also known as 'satee', who abide in modesty and contentment. |
| ਸੇਵਨਿ ਸਾਈ ਆਪਣਾ ਨਿਤ ਉਠਿ ਸੰਮ੍ਹਾਲੰਨ੍ਹਿ ॥੨॥ | They serve their Lord, and rise in the early hours to contemplate Him. ‖2‖ |

ਮਃ ੩ ॥ | Third Mehl:

ਕੰਤਾ ਨਾਲਿ ਮਹੇਲੀਆ ਸੇਤੀ ਅਗਿ ਜਲਾਹਿ ॥ | The widows burn themselves in the fire, along with their husbands' corpses.

ਜੇ ਜਾਣਹਿ ਪਿਰੁ ਆਪਣਾ ਤਾ ਤਨਿ ਦੁਖ ਸਹਾਹਿ ॥ | If they truly knew their husbands, then they suffer terrible bodily pain.

ਨਾਨਕ ਕੰਤ ਨ ਜਾਣਨੀ ਸੇ ਕਿਉ ਅਗਿ ਜਲਾਹਿ ॥ | O Nanak, if they did not truly know their husbands, why should they burn themselves in the fire?

ਭਾਵੈ ਜੀਵਉ ਕੈ ਮਰਉ ਦੂਰਹੁ ਹੀ ਭਜਿ ਜਾਹਿ ॥੩॥ | Whether their husbands are alive or dead, those wives remain far away from them. ||3||

ਪਉੜੀ ॥ | Pauree:

ਤੁਧੁ ਦੁਖੁ ਸੁਖੁ ਨਾਲਿ ਉਪਾਇਆ ਲੇਖੁ ਕਰਤੈ ਲਿਖਿਆ ॥ | You created pain along with pleasure; O Creator, such is the writ You have written.

ਨਾਵੈ ਜੇਵਡ ਹੋਰ ਦਾਤਿ ਨਾਹੀ ਤਿਸੁ ਰੂਪੁ ਨ ਰਿਖਿਆ ॥ | There is no other gift as great as the Name; it has no form or sign.

ਨਾਮੁ ਅਖੁਟੁ ਨਿਧਾਨੁ ਹੈ ਗੁਰਮੁਖਿ ਮਨਿ ਵਸਿਆ ॥ | The Naam, the Name of the Lord, is an inexhaustible treasure; it abides in the mind of the Gurmukh.

ਕਰਿ ਕਿਰਪਾ ਨਾਮੁ ਦੇਵਸੀ ਫਿਰਿ ਲੇਖੁ ਨ ਲਿਖਿਆ ॥ | In His Mercy, He blesses us with the Naam, and then, the writ of pain and pleasure is not written.

ਸੇਵਕ ਭਾਇ ਸੇ ਜਨ ਮਿਲੇ ਜਿਨ ਹਰਿ ਜਪੁ ਜਪਿਆ ॥੬॥ | Those humble servants who serve with love, meet the Lord, chanting the Chant of the Lord. ||6||

ਸਲੋਕੁ ਮਃ ੨ ॥ | Shalok, Second Mehl:

ਜਿਨੀ ਚਲਣੁ ਜਾਣਿਆ ਸੇ ਕਿਉ ਕਰਹਿ ਵਿਥਾਰ ॥ | They know that they will have to depart, so why do they make such ostentatious displays?

ਚਲਣ ਸਾਰ ਨ ਜਾਣਨੀ ਕਾਜ ਸਵਾਰਣਹਾਰ ॥੧॥ | Those who do not know that they will have to depart, continue to arrange their affairs. ||1||

ਮਃ ੨ ॥ | Second Mehl:

ਰਾਤਿ ਕਾਰਣਿ ਧਨੁ ਸੰਚੀਐ ਭਲਕੇ ਚਲਣੁ ਹੋਇ ॥ | He accumulates wealth during the night of his life, but in the morning, he must depart.

ਨਾਨਕ ਨਾਲਿ ਨ ਚਲਈ ਫਿਰਿ ਪਛੁਤਾਵਾ ਹੋਇ ॥੨॥ | O Nanak, it shall not go along with him, and so he regrets. ||2||

ਮਃ ੨ ॥

Second Mehl:

ਬਧਾ ਚਟੀ ਜੋ ਭਰੇ ਨਾ ਗੁਣੁ ਨਾ ਉਪਕਾਰੁ ॥

Paying a fine under pressure, does not bring either merit or goodness.

ਸੇਤੀ ਖੁਸੀ ਸਵਾਰੀਐ ਨਾਨਕ ਕਾਰਜੁ ਸਾਰੁ ॥੩॥

That alone is a good deed, O Nanak, which is done by one's own free will. ||3||

ਮਃ ੨ ॥

Second Mehl:

ਮਨਹਠਿ ਤਰਫ ਨ ਜਿਪਈ ਜੇ ਬਹੁਤਾ ਘਾਲੇ ॥

Stubborn-mindedness will not win the Lord to one's side, no matter how much it is tried.

ਤਰਫ ਜਿਣੈ ਸਤ ਭਾਉ ਦੇ ਜਨ ਨਾਨਕ ਸਬਦੁ ਵੀਚਾਰੇ ॥੪॥

The Lord is won over to your side, by offering Him your true love, O servant Nanak, and contemplating the Word of the Shabad. ||4||

ਪਉੜੀ ॥

Pauree:

ਕਰਤੈ ਕਾਰਣੁ ਜਿਨਿ ਕੀਆ ਸੋ ਜਾਣੈ ਸੋਈ ॥

The Creator created the world; He alone understands it.

ਆਪੇ ਸ੍ਰਿਸਟਿ ਉਪਾਈਅਨੁ ਆਪੇ ਫੁਨਿ ਗੋਈ ॥

He Himself created the Universe, and He Himself shall destroy it afterwards.

੭੮੮

788

ਜੁਗ ਚਾਰੇ ਸਭ ਭਵਿ ਥਕੀ ਕਿਨਿ ਕੀਮਤਿ ਹੋਈ ॥

All have grown weary of wandering throughout the four ages, but none know the Lord's worth.

ਸਤਿਗੁਰਿ ਏਕੁ ਵਿਖਾਲਿਆ ਮਨਿ ਤਨਿ ਸੁਖੁ ਹੋਈ ॥

The True Guru has shown me the One Lord, and my mind and body are at peace.

ਗੁਰਮੁਖਿ ਸਦਾ ਸਲਾਹੀਐ ਕਰਤਾ ਕਰੇ ਸੁ ਹੋਈ ॥੭॥

The Gurmukh praises the Lord forever; that alone happens, which the Creator Lord does. ||7||

ਸਲੋਕ ਮਹਲਾ ੨ ॥

Shalok, Second Mehl:

ਜਿਨਾ ਭਉ ਤਿਨ੍ ਨਾਹਿ ਭਉ ਮੁਚੁ ਭਉ ਨਿਭਵਿਆਹ ॥

Those who have the Fear of God, have no other fears; those who do not have the Fear of God, are very afraid.

ਨਾਨਕ ਏਹੁ ਪਟੰਤਰਾ ਤਿਤੁ ਦੀਬਾਣਿ ਗਇਆਹ ॥੧॥

O Nanak, this mystery is revealed at the Court of the Lord. ||1||

| | |
|---|---|
| ਮਃ ੨ ॥ | Second Mehl: |
| ਤੁਰਦੇ ਕਉ ਤੁਰਦਾ ਮਿਲੈ ਉਡਤੇ ਕਉ ਉਡਤਾ ॥ | That which flows, mingles with that which flows; that which blows, mingles with that which blows. |
| ਜੀਵਤੇ ਕਉ ਜੀਵਤਾ ਮਿਲੈ ਮੂਏ ਕਉ ਮੂਆ ॥ | The living mingle with the living, and the dead mingle with the dead. |
| ਨਾਨਕ ਸੋ ਸਾਲਾਹੀਐ ਜਿਨਿ ਕਾਰਣੁ ਕੀਆ ॥੨॥ | O Nanak, praise the One who created the creation. \|\|2\|\| |
| ਪਉੜੀ ॥ | Pauree: |
| ਸਚੁ ਧਿਆਇਨਿ ਸੇ ਸਚੇ ਗੁਰ ਸਬਦਿ ਵੀਚਾਰੀ ॥ | Those who meditate on the True Lord are true; they contemplate the Word of the Guru's Shabad. |
| ਹਉਮੈ ਮਾਰਿ ਮਨੁ ਨਿਰਮਲਾ ਹਰਿ ਨਾਮੁ ਉਰਿ ਧਾਰੀ ॥ | They subdue their ego, purify their minds, and enshrine the Lord's Name within their hearts. |
| ਕੋਠੇ ਮੰਡਪ ਮਾੜੀਆ ਲਗਿ ਪਏ ਗਾਵਾਰੀ ॥ | The fools are attached to their homes, mansions and balconies. |
| ਜਿਨ੍ਹਿ ਕੀਏ ਤਿਸਹਿ ਨ ਜਾਣਨੀ ਮਨਮੁਖਿ ਗੁਬਾਰੀ ॥ | The self-willed manmukhs are caught in darkness; they do not know the One who created them. |
| ਜਿਸੁ ਬੁਝਾਇਹਿ ਸੋ ਬੁਝਸੀ ਸਚਿਆ ਕਿਆ ਜੰਤ ਵਿਚਾਰੀ ॥੮॥ | He alone understands, whom the True Lord causes to understand; what can the helpless creatures do? \|\|8\|\| |
| ਸਲੋਕ ਮਃ ੩ ॥ | Shalok, Third Mehl: |
| ਕਾਮਣਿ ਤਉ ਸੀਗਾਰੁ ਕਰਿ ਜਾ ਪਹਿਲਾਂ ਕੰਤੁ ਮਨਾਇ ॥ | O bride, decorate yourself, after you surrender and accept your Husband Lord. |
| ਮਤੁ ਸੇਜੈ ਕੰਤੁ ਨ ਆਵਈ ਏਵੈ ਬਿਰਥਾ ਜਾਇ ॥ | Otherwise, your Husband Lord will not come to your bed, and your ornaments will be useless. |
| ਕਾਮਣਿ ਪਿਰ ਮਨੁ ਮਾਨਿਆ ਤਉ ਬਣਿਆ ਸੀਗਾਰੁ ॥ | O bride, your decorations will adorn you, only when your Husband Lord's Mind is pleased. |
| ਕੀਆ ਤਉ ਪਰਵਾਣੁ ਹੈ ਜਾ ਸਹੁ ਧਰੇ ਪਿਆਰੁ ॥ | Your ornaments will be acceptable and approved, only when your Husband Lord loves you. |
| ਭਉ ਸੀਗਾਰੁ ਤਬੋਲ ਰਸੁ ਭੋਜਨੁ ਭਾਉ ਕਰੇਇ ॥ | So make the Fear of God your ornaments, joy your betel nuts to chew, and love your food. |
| ਤਨੁ ਮਨੁ ਸਉਪੇ ਕੰਤ ਕਉ ਤਉ ਨਾਨਕ ਭੋਗੁ ਕਰੇਇ ॥੧॥ | Surrender your body and mind to your Husband Lord, and then, O Nanak, He will enjoy you. \|\|1\|\| |

ਮਃ ੩ ॥

Third Mehl:

ਕਾਜਲ ਫੂਲ ਤੰਬੋਲ ਰਸੁ ਲੇ ਧਨ ਕੀਆ ਸੀਗਾਰੁ ॥

The wife takes flowers, and fragrance of betel, and decorates herself.

ਸੇਜੈ ਕੰਤੁ ਨ ਆਇਓ ਏਵੈ ਭਇਆ ਵਿਕਾਰੁ ॥੨॥

But her Husband Lord does not come to her bed, and so these efforts are useless. ||2||

ਮਃ ੩ ॥

Third Mehl:

ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ ॥

They are not said to be husband and wife, who merely sit together.

ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ ॥੩॥

They alone are called husband and wife, who have one light in two bodies. ||3||

ਪਉੜੀ ॥

Pauree:

ਭੈ ਬਿਨੁ ਭਗਤਿ ਨ ਹੋਵਈ ਨਾਮਿ ਨ ਲਗੈ ਪਿਆਰੁ ॥

Without the Fear of God, there is no devotional worship, and no love for the Naam, the Name of the Lord.

ਸਤਿਗੁਰਿ ਮਿਲਿਐ ਭਉ ਊਪਜੈ ਭੈ ਭਾਇ ਰੰਗੁ ਸਵਾਰਿ ॥

Meeting with the True Guru, the Fear of God wells up, and one is embellished with the Fear and the Love of God.

ਤਨੁ ਮਨੁ ਰਤਾ ਰੰਗ ਸਿਉ ਹਉਮੈ ਤ੍ਰਿਸਨਾ ਮਾਰਿ ॥

When the body and mind are imbued with the Lord's Love, egotism and desire are conquered and subdued.

ਮਨੁ ਤਨੁ ਨਿਰਮਲੁ ਅਤਿ ਸੋਹਣਾ ਭੇਟਿਆ ਕ੍ਰਿਸਨ ਮੁਰਾਰਿ ॥

The mind and body become immaculately pure and very beautiful, when one meets the Lord, the Destroyer of ego.

ਭਉ ਭਾਉ ਸਭੁ ਤਿਸ ਦਾ ਸੋ ਸਚੁ ਵਰਤੈ ਸੰਸਾਰਿ ॥੯॥

Fear and love all belong to Him; He is the True Lord, permeating and pervading the Universe. ||9||

ਸਲੋਕ ਮਃ ੧ ॥

Shalok, First Mehl:

ਵਾਹੁ ਖਸਮ ਤੂ ਵਾਹੁ ਜਿਨਿ ਰਚਿ ਰਚਨਾ ਹਮ ਕੀਏ ॥

Waaho! Waaho! You are wonderful and great, O Lord and Master; You created the creation, and made us.

ਸਾਗਰ ਲਹਰਿ ਸਮੁੰਦ ਸਰ ਵੇਲਿ ਵਰਸ ਵਰਾਹੁ ॥

You made the waters, waves, oceans, pools, plants, clouds and mountains.

ਆਪਿ ਖੜੋਵਹਿ ਆਪਿ ਕਰਿ ਆਪੀਣੈ ਆਪਾਹੁ ॥

You Yourself stand in the midst of what You Yourself created.

ਗੁਰਮੁਖਿ ਸੇਵਾ ਥਾਇ ਪਵੈ ਉਨਮਨਿ ਤਤੁ ਕਮਾਹੁ ॥

The selfless service of the Gurmukhs is approved; in celestial peace, they live the essence of reality.

ਮਸਕਤਿ ਲਹਹੁ ਮਜੂਰੀਆ ਮੰਗਿ ਮੰਗਿ ਖਸਮ ਦਰਾਹੁ ॥

They receive the wages of their labor, begging at the Door of their Lord and Master.

ਨਾਨਕ ਪੁਰ ਦਰ ਵੇਪਰਵਾਹ ਤਉ ਦਰਿ ਊਣਾ ਨਾਹਿ ਕੋ ਸਚਾ ਵੇਪਰਵਾਹੁ ॥੧॥

O Nanak, the Court of the Lord is overflowing and carefree; O my True Carefree Lord, no one returns empty-handed from Your Court. ||1||

ਮਹਲਾ ੧ ॥

First Mehl:

ਉਜਲ ਮੋਤੀ ਸੋਹਣੇ ਰਤਨਾ ਨਾਲਿ ਜੁੜੰਨਿ ॥

The teeth are like brilliant, beautiful pearls, and the eyes are like sparkling jewels.

ਤਿਨ ਜਰੁ ਵੈਰੀ ਨਾਨਕਾ ਜਿ ਬੁਢੇ ਥੀਇ ਮਰੰਨਿ ॥੨॥

Old age is their enemy, O Nanak; when they grow old, they waste away. ||2||

## ੭੮੯

## 789

ਪਉੜੀ ॥

Pauree:

ਹਰਿ ਸਾਲਾਹੀ ਸਦਾ ਸਦਾ ਤਨੁ ਮਨੁ ਸਉਪਿ ਸਰੀਰੁ ॥

Praise the Lord, forever and ever; dedicate your body and mind to Him.

ਗੁਰ ਸਬਦੀ ਸਚੁ ਪਾਇਆ ਸਚਾ ਗਹਿਰ ਗੰਭੀਰੁ ॥

Through the Word of the Guru's Shabad, I have found the True, Profound and Unfathomable Lord.

ਮਨਿ ਤਨਿ ਹਿਰਦੈ ਰਵਿ ਰਹਿਆ ਹਰਿ ਹੀਰਾ ਹੀਰੁ ॥

The Lord, the jewel of jewels, is permeating my mind, body and heart.

ਜਨਮ ਮਰਣ ਕਾ ਦੁਖੁ ਗਇਆ ਫਿਰਿ ਪਵੈ ਨ ਫੀਰੁ ॥

The pains of birth and death are gone, and I shall never again be consigned to the cycle of reincarnation.

ਨਾਨਕ ਨਾਮੁ ਸਲਾਹਿ ਤੂ ਹਰਿ ਗੁਣੀ ਗਹੀਰੁ ॥੧੦॥

O Nanak, praise the Naam, the Name of the Lord, the ocean of excellence. ||10||

ਸਲੋਕ ਮਃ ੧ ॥

Shalok, First Mehl:

ਨਾਨਕ ਇਹੁ ਤਨੁ ਜਾਲਿ ਜਿਨਿ ਜਲਿਐ ਨਾਮੁ ਵਿਸਾਰਿਆ ॥

O Nanak, burn this body; this burnt body has forgotten the Naam, the Name of the Lord.

ਪਉਦੀ ਜਾਇ ਪਰਾਲਿ ਪਿਛੈ ਹਥੁ ਨ ਅੰਬੜੈ ਤਿਤੁ ਨਿਵੰਧੈ ਤਾਲਿ ॥੧॥

The dirt is piling up, and in the world hereafter, your hand shall not be able to reach down into this stagnant pond to clean it out. ||1||

| | |
|---|---|
| ਮਃ ੧ ॥ | First Mehl: |
| ਨਾਨਕ ਮਨ ਕੇ ਕੰਮ ਫਿਟਿਆ ਗਣਤ ਨ ਆਵਹੀ ॥ | O Nanak, wicked are the uncountable actions of the mind. |
| ਕਿਤੀ ਲਹਾ ਸਹੰਮ ਜਾ ਬਖਸੇ ਤਾ ਧਕਾ ਨਹੀ ॥੨॥ | They bring terrible and painful retributions, but if the Lord forgives me, then I will be spared this punishment. ‖2‖ |
| ਪਉੜੀ ॥ | Pauree: |
| ਸਚਾ ਅਮਰੁ ਚਲਾਇਓਨੁ ਕਰਿ ਸਚੁ ਫੁਰਮਾਣੁ ॥ | True is the Command He sends forth, and True are the Orders He issues. |
| ਸਦਾ ਨਿਹਚਲੁ ਰਵਿ ਰਹਿਆ ਸੋ ਪੁਰਖੁ ਸੁਜਾਣੁ ॥ | Forever unmoving and unchanging, permeating and pervading everywhere, He is the All-knowing Primal Lord. |
| ਗੁਰ ਪਰਸਾਦੀ ਸੇਵੀਐ ਸਚੁ ਸਬਦਿ ਨੀਸਾਣੁ ॥ | By Guru's Grace, serve Him, through the True Insignia of the Shabad. |
| ਪੂਰਾ ਥਾਟੁ ਬਣਾਇਆ ਰੰਗੁ ਗੁਰਮਤਿ ਮਾਣੁ ॥ | That which He makes is perfect; through the Guru's Teachings, enjoy His Love. |
| ਅਗਮ ਅਗੋਚਰੁ ਅਲਖੁ ਹੈ ਗੁਰਮੁਖਿ ਹਰਿ ਜਾਣੁ ॥੧੧॥ | He is inaccessible, unfathomable and unseen; as Gurmukh, know the Lord. ‖11‖ |
| ਸਲੋਕ ਮਃ ੧ ॥ | Shalok, First Mehl: |
| ਨਾਨਕ ਬਦਰਾ ਮਾਲ ਕਾ ਭੀਤਰਿ ਧਰਿਆ ਆਣਿ ॥ | O Nanak, the bags of coins are brought in |
| ਖੋਟੇ ਖਰੇ ਪਰਖੀਅਨਿ ਸਾਹਿਬ ਕੈ ਦੀਬਾਣਿ ॥੧॥ | and placed in the Court of our Lord and Master, and there, the genuine and the counterfeit are separated. ‖1‖ |
| ਮਃ ੧ ॥ | First Mehl: |
| ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ ॥ | They go and bathe at sacred shrines of pilgrimage, but their minds are still evil, and their bodies are thieves. |
| ਇਕੁ ਭਾਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ ॥ | Some of their filth is washed off by these baths, but they only accumulate twice as much. |
| ਬਾਹਰਿ ਧੋਤੀ ਤੂਮੜੀ ਅੰਦਰਿ ਵਿਸੁ ਨਿਕੋਰ ॥ | Like a gourd, they may be washed off on the outside, but on the inside, they are still filled with poison. |
| ਸਾਧ ਭਲੇ ਅਣਨਾਤਿਆ ਚੋਰ ਸਿ ਚੋਰਾ ਚੋਰ ॥੨॥ | The holy man is blessed, even without such bathing, while a thief is a thief, no matter how much he bathes. ‖2‖ |

| | |
|---|---|
| ਪਉੜੀ ॥ | Pauree: |
| ਆਪੇ ਹੁਕਮੁ ਚਲਾਇਦਾ ਜਗੁ ਧੰਧੈ ਲਾਇਆ ॥ | He Himself issues His Commands, and links the people of the world to their tasks. |
| ਇਕਿ ਆਪੇ ਹੀ ਆਪਿ ਲਾਇਅਨੁ ਗੁਰ ਤੇ ਸੁਖੁ ਪਾਇਆ ॥ | He Himself joins some to Himself, and through the Guru, they find peace. |
| ਦਹ ਦਿਸ ਇਹੁ ਮਨੁ ਧਾਵਦਾ ਗੁਰਿ ਠਾਕਿ ਰਹਾਇਆ ॥ | The mind runs around in the ten directions; the Guru holds it still. |
| ਨਾਵੈ ਨੋ ਸਭ ਲੋਚਦੀ ਗੁਰਮਤੀ ਪਾਇਆ ॥ | Everyone longs for the Name, but it is only found through the Guru's Teachings. |
| ਧੁਰਿ ਲਿਖਿਆ ਮੇਟਿ ਨ ਸਕੀਐ ਜੋ ਹਰਿ ਲਿਖਿ ਪਾਇਆ ॥੧੨॥ | Your pre-ordained destiny, written by the Lord in the very beginning, cannot be erased. ‖12‖ |
| ਸਲੋਕ ਮਃ ੧ ॥ | Shalok, First Mehl: |
| ਦੁਇ ਦੀਵੇ ਚਉਦਹ ਹਟਨਾਲੇ ॥ | The two lamps light the fourteen markets. |
| ਜੇਤੇ ਜੀਅ ਤੇਤੇ ਵਣਜਾਰੇ ॥ | There are just as many traders as there are living beings. |
| ਖੁਲ੍ਹੇ ਹਟ ਹੋਆ ਵਾਪਾਰੁ ॥ | The shops are open, and trading is going on; |
| ਜੋ ਪਹੁਚੈ ਸੋ ਚਲਣਹਾਰੁ ॥ | whoever comes there, is bound to depart. |
| ਧਰਮੁ ਦਲਾਲੁ ਪਾਏ ਨੀਸਾਣੁ ॥ | The Righteous Judge of Dharma is the broker, who gives his sign of approval. |
| ਨਾਨਕ ਨਾਮੁ ਲਾਹਾ ਪਰਵਾਣੁ ॥ | O Nanak, those who earn the profit of the Naam are accepted and approved. |
| ਘਰਿ ਆਏ ਵਜੀ ਵਾਧਾਈ ॥ | And when they return home, they are greeted with cheers; |
| ਸਚ ਨਾਮ ਕੀ ਮਿਲੀ ਵਡਿਆਈ ॥੧॥ | they obtain the glorious greatness of the True Name. ‖1‖ |
| ਮਃ ੧ ॥ | First Mehl: |
| ਰਾਤੀ ਹੋਵਨਿ ਕਾਲੀਆ ਸੁਪੇਦਾ ਸੇ ਵੰਨ ॥ | Even when the night is dark, whatever is white retains its white color. |
| ਦਿਹੁ ਬਗਾ ਤਪੈ ਘਣਾ ਕਾਲਿਆ ਕਾਲੇ ਵੰਨ ॥ | And even when the light of day is dazzlingly bright, whatever is black retains its black color. |
| ਅੰਧੇ ਅਕਲੀ ਬਾਹਰੇ ਮੂਰਖ ਅੰਧ ਗਿਆਨੁ ॥ | The blind fools have no wisdom at all; their understanding is blind. |

| | |
|---|---|
| ਨਾਨਕ ਨਦਰੀ ਬਾਹਰੇ ਕਬਹਿ ਨ ਪਾਵਹਿ ਮਾਨੁ ॥੨॥ | O Nanak, without the Lord's Grace, they will never receive honor. ‖2‖ |
| ਪਉੜੀ ॥ | Pauree: |
| ਕਾਇਆ ਕੋਟੁ ਰਚਾਇਆ ਹਰਿ ਸਚੈ ਆਪੇ ॥ | The True Lord Himself created the body-fortress. |
| ਇਕਿ ਦੂਜੈ ਭਾਇ ਖੁਆਇਅਨੁ ਹਉਮੈ ਵਿਚਿ ਵਿਆਪੇ ॥ | Some are ruined through the love of duality, engrossed in egotism. |
| ਇਹੁ ਮਾਨਸ ਜਨਮੁ ਦੁਲੰਭੁ ਸਾ ਮਨਮੁਖ ਸੰਤਾਪੇ ॥ | This human body is so difficult to obtain; the self-willed manmukhs suffer in pain. |
| ਜਿਸੁ ਆਪਿ ਬੁਝਾਏ ਸੋ ਬੁਝਸੀ ਜਿਸੁ ਸਤਿਗੁਰੁ ਥਾਪੇ ॥ | He alone understands, whom the Lord Himself causes to understand; he is blessed by the True Guru. |
| ਸਭੁ ਜਗੁ ਖੇਲੁ ਰਚਾਇਓਨੁ ਸਭ ਵਰਤੈ ਆਪੇ ॥੧੩॥ | He created the entire world for His play; He is pervading amongst all. ‖13‖ |

## ੭੯੦ — 790

| | |
|---|---|
| ਸਲੋਕ ਮਃ ੧ ॥ | Shalok, First Mehl: |
| ਚੋਰਾ ਜਾਰਾ ਰੰਡੀਆ ਕੁਟਣੀਆ ਦੀਬਾਣੁ ॥ ਵੇਦੀਨਾ ਕੀ ਦੋਸਤੀ ਵੇਦੀਨਾ ਕਾ ਖਾਣੁ ॥ | Thieves, adulterers, prostitutes and pimps, make friendships with the unrighteous, and eat with the unrighteous. |
| ਸਿਫਤੀ ਸਾਰ ਨ ਜਾਣਨੀ ਸਦਾ ਵਸੈ ਸੈਤਾਨੁ ॥ | They do not know the value of the Lord's Praises, and Satan is always with them. |
| ਗਦਹੁ ਚੰਦਨਿ ਖਉਲੀਐ ਭੀ ਸਾਹੂ ਸਿਉ ਪਾਣੁ ॥ | If a donkey is anointed with sandalwood paste, he still loves to roll in the dirt. |
| ਨਾਨਕ ਕੂੜੈ ਕਤਿਐ ਕੂੜਾ ਤਣੀਐ ਤਾਣੁ ॥ | O Nanak, by spinning falsehood, a fabric of falsehood is woven. |
| ਕੂੜਾ ਕਪੜੁ ਕਛੀਐ ਕੂੜਾ ਪੈਨਣੁ ਮਾਣੁ ॥੧॥ | False is the cloth and its measurement, and false is pride in such a garment. ‖1‖ |
| ਮਃ ੧ ॥ | First Mehl: |
| ਬਾਂਗਾ ਬੁਰਗੂ ਸਿੰਙੀਆ ਨਾਲੇ ਮਿਲੀ ਕਲਾਣ ॥ | The callers to prayer, the flute-players, the horn-blowers, and also the singers |

| | |
|---|---|
| ਇਕਿ ਦਾਤੇ ਇਕਿ ਮੰਗਤੇ ਨਾਮੁ ਤੇਰਾ ਪਰਵਾਣੁ ॥ | - some are givers, and some are beggars; they become acceptable only through Your Name, Lord. |
| ਨਾਨਕ ਜਿਨੀ ਸੁਣਿ ਕੈ ਮੰਨਿਆ ਹਉ ਤਿਨਾ ਵਿਟਹੁ ਕੁਰਬਾਣੁ ॥੨॥ | O Nanak, I am a sacrifice to those who hear and accept the Name. ‖2‖ |
| ਪਉੜੀ ॥ | Pauree: |
| ਮਾਇਆ ਮੋਹੁ ਸਭੁ ਕੂੜੁ ਹੈ ਕੂੜੋ ਹੋਇ ਗਇਆ ॥ | Attachment to Maya is totally false, and false are those who go that way. |
| ਹਉਮੈ ਝਗੜਾ ਪਾਇਓਨੁ ਝਗੜੈ ਜਗੁ ਮੁਇਆ ॥ | Through egotism, the world is caught in conflict and strife, and it dies. |
| ਗੁਰਮੁਖਿ ਝਗੜੁ ਚੁਕਾਇਓਨੁ ਇਕੋ ਰਵਿ ਰਹਿਆ ॥ | The Gurmukh is free of conflict and strife, and sees the One Lord, pervading everywhere. |
| ਸਭੁ ਆਤਮ ਰਾਮੁ ਪਛਾਣਿਆ ਭਉਜਲੁ ਤਰਿ ਗਇਆ ॥ | Recognizing that the Supreme Soul is everywhere, he crosses over the terrifying world-ocean. |
| ਜੋਤਿ ਸਮਾਣੀ ਜੋਤਿ ਵਿਚਿ ਹਰਿ ਨਾਮਿ ਸਮਇਆ ॥੧੪॥ | His light merges into the Light, and he is absorbed into the Lord's Name. ‖14‖ |
| ਸਲੋਕ ਮਃ ੧ ॥ | Shalok: First Mehl: |
| ਸਤਿਗੁਰ ਭੀਖਿਆ ਦੇਹਿ ਮੈ ਤੂੰ ਸੰਮ੍ਰਥੁ ਦਾਤਾਰੁ ॥ | O True Guru, bless me with Your charity; You are the All-powerful Giver. |
| ਹਉਮੈ ਗਰਬੁ ਨਿਵਾਰੀਐ ਕਾਮੁ ਕ੍ਰੋਧੁ ਅਹੰਕਾਰੁ ॥ | May I subdue and quiet my egotism, pride, sexual desire, anger and self-conceit. |
| ਲਬੁ ਲੋਭੁ ਪਰਜਾਲੀਐ ਨਾਮੁ ਮਿਲੈ ਆਧਾਰੁ ॥ | Burn away all my greed, and give me the Support of the Naam, the Name of the Lord. |
| ਅਹਿਨਿਸਿ ਨਵਤਨ ਨਿਰਮਲਾ ਮੈਲਾ ਕਬਹੂੰ ਨ ਹੋਇ ॥ | Day and night, keep me ever-fresh and new, spotless and pure; let me never be soiled by sin. |
| ਨਾਨਕ ਇਹ ਬਿਧਿ ਛੁਟੀਐ ਨਦਰਿ ਤੇਰੀ ਸੁਖੁ ਹੋਇ ॥੧॥ | O Nanak, in this way I am saved; by Your Grace, I have found peace. ‖1‖ |
| ਮਃ ੧ ॥ | First Mehl: |
| ਇਕੋ ਕੰਤੁ ਸਬਾਈਆ ਜਿਤੀ ਦਰਿ ਖੜੀਆਹ ॥ | There is only the one Husband Lord, for all who stand at His Door. |

| | |
|---|---|
| ਨਾਨਕ ਕੰਤੈ ਰਤੀਆ ਪੁਛਹਿ ਬਾਤੜੀਆਹ ॥੨॥ | O Nanak, they ask for news of their Husband Lord, from those who are imbued with His Love. ‖2‖ |
| ਮਃ ੧ ॥ | First Mehl: |
| ਸਭੇ ਕੰਤੈ ਰਤੀਆ ਮੈ ਦੋਹਾਗਣਿ ਕਿਤੁ ॥ | All are imbued with love for their Husband Lord; I am a discarded bride - what good am I? |
| ਮੈ ਤਨਿ ਅਵਗਣ ਏਤੜੇ ਖਸਮੁ ਨ ਫੇਰੇ ਚਿਤੁ ॥੩॥ | My body is filled with so many faults; my Lord and Master does not even turn His thoughts to me. ‖3‖ |
| ਮਃ ੧ ॥ | First Mehl: |
| ਹਉ ਬਲਿਹਾਰੀ ਤਿਨ ਕਉ ਸਿਫਤਿ ਜਿਨਾ ਦੈ ਵਾਤਿ ॥ | I am a sacrifice to those who praise the Lord with their mouths. |
| ਸਭਿ ਰਾਤੀ ਸੋਹਾਗਣੀ ਇਕ ਮੈ ਦੋਹਾਗਣਿ ਰਾਤਿ ॥੪॥ | All the nights are for the happy soul-brides; I am a discarded bride - if only I could have even one night with Him! ‖4‖ |
| ਪਉੜੀ ॥ | Pauree: |
| ਦਰਿ ਮੰਗਤੁ ਜਾਚੈ ਦਾਨੁ ਹਰਿ ਦੀਜੈ ਕ੍ਰਿਪਾ ਕਰਿ ॥ | I am a beggar at Your Door, begging for charity; O Lord, please grant me Your Mercy, and give to me. |
| ਗੁਰਮੁਖਿ ਲੇਹੁ ਮਿਲਾਇ ਜਨੁ ਪਾਵੈ ਨਾਮੁ ਹਰਿ ॥ | As Gurmukh, unite me, your humble servant, with You, that I may receive Your Name. |
| ਅਨਹਦ ਸਬਦੁ ਵਜਾਇ ਜੋਤੀ ਜੋਤਿ ਧਰਿ ॥ | Then, the unstruck melody of the Shabad will vibrate and resound, and my light will blend with the Light. |
| ਹਿਰਦੈ ਹਰਿ ਗੁਣ ਗਾਇ ਜੈ ਜੈ ਸਬਦੁ ਹਰਿ ॥ | Within my heart, I sing the Glorious Praises of the Lord, and celebrate the Word of the Lord's Shabad. |
| ਜਗ ਮਹਿ ਵਰਤੈ ਆਪਿ ਹਰਿ ਸੇਤੀ ਪ੍ਰੀਤਿ ਕਰਿ ॥੧੫॥ | The Lord Himself is pervading and permeating the world; so fall in love with Him! ‖15‖ |
| ਸਲੋਕ ਮਃ ੧ ॥ | Shalok, First Mehl: |
| ਜਿਨੀ ਨ ਪਾਇਓ ਪ੍ਰੇਮ ਰਸੁ ਕੰਤ ਨ ਪਾਇਓ ਸਾਉ ॥ | Those who do not obtain the sublime essence, the love and delight of their Husband Lord, |
| ਸੁੰਞੇ ਘਰ ਕਾ ਪਾਹੁਣਾ ਜਿਉ ਆਇਆ ਤਿਉ ਜਾਉ ॥੧॥ | are like guests in a deserted house; they leave just as they have come, empty-handed. ‖1‖ |

| | |
|---|---|
| ਮਃ ੧ ॥ | First Mehl: |
| ਸਉ ਓਲਾਮ੍ਹੇ ਦਿਨੈ ਕੇ ਰਾਤੀ ਮਿਲਨ੍ਹਿ ਸਹੰਸ ॥ | He receives hundreds and thousands of reprimands, day and night; |
| ਸਿਫਤਿ ਸਲਾਹਣੁ ਛਡਿ ਕੈ ਕਰੰਗੀ ਲਗਾ ਹੰਸੁ ॥ | the swan-soul has renounced the Lord's Praises, and attached itself to a rotting carcass. |
| ਫਿਟੁ ਇਵੇਹਾ ਜੀਵਿਆ ਜਿਤੁ ਖਾਇ ਵਧਾਇਆ ਪੇਟੁ ॥ | Cursed is that life, in which one only eats to fill his belly. |
| ਨਾਨਕ ਸਚੇ ਨਾਮ ਵਿਣੁ ਸਭੋ ਦੁਸਮਨੁ ਹੇਤੁ ॥੨॥ | O Nanak, without the True Name, all one's friends turn to enemies. ‖2‖ |
| ਪਉੜੀ ॥ | Pauree: |
| ਢਾਢੀ ਗੁਣ ਗਾਵੈ ਨਿਤ ਜਨਮੁ ਸਵਾਰਿਆ ॥ | The minstrel continually sings the Glorious Praises of the Lord, to embellish his life. |
| ਗੁਰਮੁਖਿ ਸੇਵਿ ਸਲਾਹਿ ਸਚਾ ਉਰ ਧਾਰਿਆ ॥ | The Gurmukh serves and praises the True Lord, enshrining Him within his heart. |
| **੭੯੧** | **791** |
| ਘਰੁ ਦਰੁ ਪਾਵੈ ਮਹਲੁ ਨਾਮੁ ਪਿਆਰਿਆ ॥ | He obtains his own home and mansion, by loving the Naam, the Name of the Lord. |
| ਗੁਰਮੁਖਿ ਪਾਇਆ ਨਾਮੁ ਹਉ ਗੁਰ ਕਉ ਵਾਰਿਆ ॥ | As Gurmukh, I have obtained the Naam; I am a sacrifice to the Guru. |
| ਤੂ ਆਪਿ ਸਵਾਰਹਿ ਆਪਿ ਸਿਰਜਨਹਾਰਿਆ ॥੧੬॥ | You Yourself embellish and adorn us, O Creator Lord. ‖16‖ |
| ਸਲੋਕ ਮਃ ੧ ॥ | Shalok, First Mehl: |
| ਦੀਵਾ ਬਲੈ ਅੰਧੇਰਾ ਜਾਇ ॥ | When the lamp is lit, the darkness is dispelled; |
| ਬੇਦ ਪਾਠ ਮਤਿ ਪਾਪਾ ਖਾਇ ॥ | reading the Vedas, sinful intellect is destroyed. |
| ਉਗਵੈ ਸੂਰੁ ਨ ਜਾਪੈ ਚੰਦੁ ॥ | When the sun rises, the moon is not visible. |
| ਜਹ ਗਿਆਨ ਪ੍ਰਗਾਸੁ ਅਗਿਆਨੁ ਮਿਟੰਤੁ ॥ | Wherever spiritual wisdom appears, ignorance is dispelled. |
| ਬੇਦ ਪਾਠ ਸੰਸਾਰ ਕੀ ਕਾਰ ॥ | Reading the Vedas is the world's occupation; |

| | |
|---|---|
| ਪੜਿ ਪੜਿ ਪੰਡਿਤ ਕਰਹਿ ਬੀਚਾਰ ॥ | the Pandits read them, study them and contemplate them. |
| ਬਿਨੁ ਬੂਝੇ ਸਭ ਹੋਇ ਖੁਆਰ ॥ | Without understanding, all are ruined. |
| ਨਾਨਕ ਗੁਰਮੁਖਿ ਉਤਰਸਿ ਪਾਰਿ ॥੧॥ | O Nanak, the Gurmukh is carried across. \|\|1\|\| |
| ਮਃ ੧ ॥ | First Mehl: |
| ਸਬਦੈ ਸਾਦੁ ਨ ਆਇਓ ਨਾਮਿ ਨ ਲਗੋ ਪਿਆਰੁ ॥ | Those who do not savor the Word of the Shabad, do not love the Naam, the Name of the Lord. |
| ਰਸਨਾ ਫਿਕਾ ਬੋਲਣਾ ਨਿਤ ਨਿਤ ਹੋਇ ਖੁਆਰੁ ॥ | They speak insipidly with their tongues, and are continually disgraced. |
| ਨਾਨਕ ਪਇਐ ਕਿਰਤਿ ਕਮਾਵਣਾ ਕੋਇ ਨ ਮੇਟਣਹਾਰੁ ॥੨॥ | O Nanak, they act according to the karma of their past actions, which no one can erase. \|\|2\|\| |
| ਪਉੜੀ ॥ | Pauree: |
| ਜਿ ਪ੍ਰਭੁ ਸਾਲਾਹੇ ਆਪਣਾ ਸੋ ਸੋਭਾ ਪਾਏ ॥ | One who praises his God, receives honor. |
| ਹਉਮੈ ਵਿਚਹੁ ਦੂਰਿ ਕਰਿ ਸਚੁ ਮੰਨਿ ਵਸਾਏ ॥ | He drives out egotism from within himself, and enshrines the True Name within his mind. |
| ਸਚੁ ਬਾਣੀ ਗੁਣ ਉਚਰੈ ਸਚਾ ਸੁਖੁ ਪਾਏ ॥ | Through the True Word of the Guru's Bani, he chants the Glorious Praises of the Lord, and finds true peace. |
| ਮੇਲੁ ਭਇਆ ਚਿਰੀ ਵਿਛੁੰਨਿਆ ਗੁਰ ਪੁਰਖਿ ਮਿਲਾਏ ॥ | He is united with the Lord, after being separated for so long; the Guru, the Primal Being, unites him with the Lord. |
| ਮਨੁ ਮੈਲਾ ਇਵ ਸੁਧੁ ਹੈ ਹਰਿ ਨਾਮੁ ਧਿਆਏ ॥੧੭॥ | In this way, his filthy mind is cleansed and purified, and he meditates on the Name of the Lord. \|\|17\|\| |
| ਸਲੋਕ ਮਃ ੧ ॥ | Shalok, First Mehl: |
| ਕਾਇਆ ਕੂਮਲ ਫੁਲ ਗੁਣ ਨਾਨਕ ਗੁਪਸਿ ਮਾਲ ॥ | With the fresh leaves of the body, and the flowers of virtue, Nanak has weaved his garland. |
| ਏਨੀ ਫੁਲੀ ਰਉ ਕਰੇ ਅਵਰ ਕਿ ਚੁਣੀਅਹਿ ਡਾਲ ॥੧॥ | The Lord is pleased with such garlands, so why pick any other flowers? \|\|1\|\| |

ਮਹਲਾ ੨ ॥

Second Mehl:

ਨਾਨਕ ਤਿਨਾ ਬਸੰਤੁ ਹੈ ਜਿਨ੍ ਘਰਿ ਵਸਿਆ ਕੰਤੁ ॥

O Nanak, it is the spring season for those, within whose homes their Husband Lord abides.

ਜਿਨ ਕੇ ਕੰਤ ਦਿਸਾਪੁਰੀ ਸੇ ਅਹਿਨਿਸਿ ਫਿਰਹਿ ਜਲੰਤ ॥੨॥

But those, whose Husband Lord is far away in distant lands, continue burning, day and night. ||2||

ਪਉੜੀ ॥

Pauree:

ਆਪੇ ਬਖਸੇ ਦਇਆ ਕਰਿ ਗੁਰ ਸਤਿਗੁਰ ਬਚਨੀ ॥

The Merciful Lord Himself forgives those who dwell upon the Word of the Guru, the True Guru.

ਅਨਦਿਨੁ ਸੇਵੀ ਗੁਣ ਰਵਾ ਮਨੁ ਸਚੈ ਰਚਨੀ ॥

Night and day, I serve the True Lord, and chant His Glorious Praises; my mind merges into Him.

ਪ੍ਰਭੁ ਮੇਰਾ ਬੇਅੰਤੁ ਹੈ ਅੰਤੁ ਕਿਨੈ ਨ ਲਖਨੀ ॥

My God is infinite; no one knows His limit.

ਸਤਿਗੁਰ ਚਰਣੀ ਲਗਿਆ ਹਰਿ ਨਾਮੁ ਨਿਤ ਜਪਨੀ ॥

Grasping hold of the feet of the True Guru, meditate continually on the Lord's Name.

ਜੋ ਇਛੈ ਸੋ ਫਲੁ ਪਾਇਸੀ ਸਭਿ ਘਰੈ ਵਿਚਿ ਜਚਨੀ ॥੧੮॥

Thus you shall obtain the fruits of your desires, and all wishes shall be fulfilled within your home. ||18||

ਸਲੋਕ ਮਃ ੧ ॥

Shalok, First Mehl:

ਪਹਿਲ ਬਸੰਤੈ ਆਗਮਨਿ ਪਹਿਲਾ ਮਉਲਿਓ ਸੋਇ ॥

Spring brings forth the first blossoms, but the Lord blossoms earlier still.

ਜਿਤੁ ਮਉਲਿਐ ਸਭ ਮਉਲੀਐ ਤਿਸਹਿ ਨ ਮਉਲਿਹੁ ਕੋਇ ॥੧॥

By His blossoming, everything blossoms; no one else causes Him to blossom forth. ||1||

ਮਃ ੨ ॥

Second Mehl:

ਪਹਿਲ ਬਸੰਤੈ ਆਗਮਨਿ ਤਿਸ ਕਾ ਕਰਹੁ ਬੀਚਾਰੁ ॥

He blossoms forth even earlier than the spring; reflect upon Him.

ਨਾਨਕ ਸੋ ਸਾਲਾਹੀਐ ਜਿ ਸਭਸੈ ਦੇ ਆਧਾਰੁ ॥੨॥

O Nanak, praise the One who gives Support to all. ||2||

ਮਃ ੨ ॥

Second Mehl:

ਮਿਲਿਐ ਮਿਲਿਆ ਨਾ ਮਿਲੈ ਮਿਲੈ ਮਿਲਿਆ ਜੇ ਹੋਇ ॥

By uniting, the united one is not united; he unites, only if he is united.

| | |
|---|---|
| ਅੰਤਰ ਆਤਮੈ ਜੋ ਮਿਲੈ ਮਿਲਿਆ ਕਹੀਐ ਸੋਇ ॥੩॥ | But if he unites deep within his soul, then he is said to be united. ‖3‖ |
| ਪਉੜੀ ॥ | Pauree: |
| ਹਰਿ ਹਰਿ ਨਾਮੁ ਸਲਾਹੀਐ ਸਚੁ ਕਾਰ ਕਮਾਵੈ ॥ | Praise the Name of the Lord, Har, Har, and practice truthful deeds. |
| ਦੂਜੀ ਕਾਰੈ ਲਗਿਆ ਫਿਰਿ ਜੋਨੀ ਪਾਵੈ ॥ | Attached to other deeds, one is consigned to wander in reincarnation. |
| ਨਾਮਿ ਰਤਿਆ ਨਾਮੁ ਪਾਈਐ ਨਾਮੇ ਗੁਣ ਗਾਵੈ ॥ | Attuned to the Name, one obtains the Name, and through the Name, sings the Lord's Praises. |
| ਗੁਰ ਕੈ ਸਬਦਿ ਸਲਾਹੀਐ ਹਰਿ ਨਾਮਿ ਸਮਾਵੈ ॥ | Praising the Word of the Guru's Shabad, he merges in the Lord's Name. |
| ਸਤਿਗੁਰ ਸੇਵਾ ਸਫਲ ਹੈ ਸੇਵਿਐ ਫਲ ਪਾਵੈ ॥੧੯॥ | Service to the True Guru is fruitful and rewarding; serving Him, the fruits are obtained. ‖19‖ |
| ਸਲੋਕ ਮਃ ੨ ॥ | Shalok, Second Mehl: |
| ਕਿਸ ਹੀ ਕੋਈ ਕੋਇ ਮੰਞੁ ਨਿਮਾਣੀ ਇਕੁ ਤੂ ॥ | Some people have others, but I am forlorn and dishonored; I have only You, Lord. |
| **੭੯੨** | **792** |
| ਕਿਉ ਨ ਮਰੀਜੈ ਰੋਇ ਜਾ ਲਗੁ ਚਿਤਿ ਨ ਆਵਹੀ ॥੧॥ | I might as well just die crying, if You will not come into my mind. ‖1‖ |
| ਮਃ ੨ ॥ | Second Mehl: |
| ਜਾਂ ਸੁਖੁ ਤਾ ਸਹੁ ਰਾਵਿਓ ਦੁਖਿ ਭੀ ਸੰਮ੍ਹਾਲਿਓਇ ॥ | When there is peace and pleasure, that is the time to remember your Husband Lord. In times of suffering and pain, remember Him then as well. |
| ਨਾਨਕੁ ਕਹੈ ਸਿਆਣੀਏ ਇਉ ਕੰਤ ਮਿਲਾਵਾ ਹੋਇ ॥੨॥ | Says Nanak, O wise bride, this is the way to meet your Husband Lord. ‖2‖ |
| ਪਉੜੀ ॥ | Pauree: |
| ਹਉ ਕਿਆ ਸਾਲਾਹੀ ਕਿਰਮ ਜੰਤੁ ਵਡੀ ਤੇਰੀ ਵਡਿਆਈ ॥ | I am a worm - how can I praise You, O Lord; Your glorious greatness is so great! |

| | |
|---|---|
| ਤੂ ਅਗਮ ਦਇਆਲੁ ਅਗੰਮੁ ਹੈ ਆਪਿ ਲੈਹਿ ਮਿਲਾਈ ॥ | You are inaccessible, merciful and unapproachable; You Yourself unite us with Yourself. |
| ਮੈ ਤੁਝ ਬਿਨੁ ਬੇਲੀ ਕੋ ਨਹੀ ਤੂ ਅੰਤਿ ਸਖਾਈ ॥ | I have no other friend except You; in the end, You alone will be my Companion and Support. |
| ਜੋ ਤੇਰੀ ਸਰਣਾਗਤੀ ਤਿਨ ਲੈਹਿ ਛਡਾਈ ॥ | You save those who enter Your Sanctuary. |
| ਨਾਨਕ ਵੇਪਰਵਾਹੁ ਹੈ ਤਿਸੁ ਤਿਲੁ ਨ ਤਮਾਈ ॥੨੦॥੧॥ | O Nanak, He is care-free; He has no greed at all. ‖20‖1‖ |

ਰਾਗੁ ਸੂਹੀ ਬਾਣੀ ਸ੍ਰੀ ਕਬੀਰ ਜੀਉ ਤਥਾ ਸਭਨਾ ਭਗਤਾ ਕੀ ॥

Raag Soohee, The Word Of Kabeer Jee, And Other Devotees.

ਕਬੀਰ ਕੇ

Of Kabeer

ੴ ਸਤਿਗੁਰ ਪ੍ਰਸਾਦਿ ॥

One Universal Creator God. By The Grace Of The True Guru:

| | |
|---|---|
| ਅਵਤਰਿ ਆਇ ਕਹਾ ਤੁਮ ਕੀਨਾ ॥ | Since your birth, what have you done? |
| ਰਾਮ ਕੋ ਨਾਮੁ ਨ ਕਬਹੂ ਲੀਨਾ ॥੧॥ | You have never even chanted the Name of the Lord. ‖1‖ |
| ਰਾਮ ਨ ਜਪਹੁ ਕਵਨ ਮਤਿ ਲਾਗੇ ॥ | You have not meditated on the Lord; what thoughts are you attached to? |
| ਮਰਿ ਜਇਬੇ ਕਉ ਕਿਆ ਕਰਹੁ ਅਭਾਗੇ ॥੧॥ ਰਹਾਉ ॥ | What preparations are you making for your death, O unfortunate one? ‖1‖Pause‖ |
| ਦੁਖ ਸੁਖ ਕਰਿ ਕੈ ਕੁਟੰਬੁ ਜੀਵਾਇਆ ॥ | Through pain and pleasure, you have taken care of your family. |
| ਮਰਤੀ ਬਾਰ ਇਕਸਰ ਦੁਖੁ ਪਾਇਆ ॥੨॥ | But at the time of death, you shall have to endure the agony all alone. ‖2‖ |
| ਕੰਠ ਗਹਨ ਤਬ ਕਰਨ ਪੁਕਾਰਾ ॥ | When you are seized by the neck, then you shall cry out. |
| ਕਹਿ ਕਬੀਰ ਆਗੇ ਤੇ ਨ ਸੰਮ੍ਾਰਾ ॥੩॥੧॥ | Says Kabeer, why didn't you remember the Lord before this? ‖3‖1‖ |

ਸੂਹੀ ਕਬੀਰ ਜੀ ॥

Soohee, Kabeer Jee:

| | |
|---|---|
| ਥਰਹਰ ਕੰਪੈ ਬਾਲਾ ਜੀਉ ॥ | My innocent soul trembles and shakes. |
| ਨਾ ਜਾਨਉ ਕਿਆ ਕਰਸੀ ਪੀਉ ॥੧॥ | I do not know how my Husband Lord will deal with me. ‖1‖ |

| | |
|---|---|
| ਰੈਨਿ ਗਈ ਮਤ ਦਿਨੁ ਭੀ ਜਾਇ ॥ | The night of my youth has passed away; will the day of old age also pass away? |
| ਭਵਰ ਗਏ ਬਗ ਬੈਠੇ ਆਇ ॥੧॥ ਰਹਾਉ ॥ | My dark hairs, like bumble bees, have gone away, and grey hairs, like cranes, have settled upon my head. \|\|1\|\|Pause\|\| |
| ਕਾਚੈ ਕਰਵੈ ਰਹੈ ਨ ਪਾਨੀ ॥ | Water does not remain in the unbaked clay pot; |
| ਹੰਸੁ ਚਲਿਆ ਕਾਇਆ ਕੁਮਲਾਨੀ ॥੨॥ | when the soul-swan departs, the body withers away. \|\|2\|\| |
| ਕੁਆਰ ਕੰਨਿਆ ਜੈਸੇ ਕਰਤ ਸੀਗਾਰਾ ॥ | I decorate myself like a young virgin; |
| ਕਿਉ ਰਲੀਆ ਮਾਨੈ ਬਾਝੁ ਭਤਾਰਾ ॥੩॥ | but how can I enjoy pleasures, without my Husband Lord? \|\|3\|\| |
| ਕਾਗ ਉਡਾਵਤ ਭੁਜਾ ਪਿਰਾਨੀ ॥ | My arm is tired, driving away the crows. |
| ਕਹਿ ਕਬੀਰ ਇਹ ਕਥਾ ਸਿਰਾਨੀ ॥੪॥੨॥ | Says Kabeer, this is the way the story of my life ends. \|\|4\|\|2\|\| |
| ਸੂਹੀ ਕਬੀਰ ਜੀਉ ॥ | Soohee, Kabeer Jee: |
| ਅਮਲੁ ਸਿਰਾਨੋ ਲੇਖਾ ਦੇਨਾ ॥ | Your time of service is at its end, and you will have to give your account. |
| ਆਏ ਕਠਿਨ ਦੂਤ ਜਮ ਲੇਨਾ ॥ | The hard-hearted Messenger of Death has come to take you away. |
| ਕਿਆ ਤੈ ਖਟਿਆ ਕਹਾ ਗਵਾਇਆ ॥ | What have you earned, and what have you lost? |
| ਚਲਹੁ ਸਿਤਾਬ ਦੀਬਾਨਿ ਬੁਲਾਇਆ ॥੧॥ | Come immediately! You are summoned to His Court! \|\|1\|\| |
| ਚਲੁ ਦਰਹਾਲੁ ਦੀਵਾਨਿ ਬੁਲਾਇਆ ॥ | Get going! Come just as you are! You have been summoned to His Court. |
| ਹਰਿ ਫੁਰਮਾਨੁ ਦਰਗਹ ਕਾ ਆਇਆ ॥੧॥ ਰਹਾਉ ॥ | The Order has come from the Court of the Lord. \|\|1\|\|Pause\|\| |
| ਕਰਉ ਅਰਦਾਸਿ ਗਾਵ ਕਿਛੁ ਬਾਕੀ ॥ | I pray to the Messenger of Death: please, I still have some outstanding debts to collect in the village. |
| ਲੇਉ ਨਿਬੇਰਿ ਆਜੁ ਕੀ ਰਾਤੀ ॥ | I will collect them tonight; |
| ਕਿਛੁ ਭੀ ਖਰਚੁ ਤੁਮ੍ਾਰਾ ਸਾਰਉ ॥ | I will also pay you something for your expenses, |

| | |
|---|---|
| ਸੁਬਹ ਨਿਵਾਜ ਸਰਾਇ ਗੁਜਾਰਉ ॥੨॥ | and I will recite my morning prayers on the way. ‖2‖ |
| ਸਾਧਸੰਗਿ ਜਾ ਕਉ ਹਰਿ ਰੰਗੁ ਲਾਗਾ ॥ ਧਨੁ ਧਨੁ ਸੋ ਜਨੁ ਪੁਰਖੁ ਸਭਾਗਾ ॥ | Blessed, blessed is the most fortunate servant of the Lord, who is imbued with the Lord's Love, in the Saadh Sangat, the Company of the Holy. |
| ਈਤ ਊਤ ਜਨ ਸਦਾ ਸੁਹੇਲੇ ॥ | Here and there, the humble servants of the Lord are always happy. |
| ਜਨਮੁ ਪਦਾਰਥੁ ਜੀਤਿ ਅਮੋਲੇ ॥੩॥ | They win the priceless treasure of this human life. ‖3‖ |
| ਜਾਗਤੁ ਸੋਇਆ ਜਨਮੁ ਗਵਾਇਆ ॥ | When he is awake, he is sleeping, and so he loses this life. |
| ਮਾਲੁ ਧਨੁ ਜੋਰਿਆ ਭਇਆ ਪਰਾਇਆ ॥ | The property and wealth he has accumulated passes on to someone else. |
| ਕਹੁ ਕਬੀਰ ਤੇਈ ਨਰ ਭੂਲੇ ॥ | Says Kabeer, those people are deluded, |
| ਖਸਮੁ ਬਿਸਾਰਿ ਮਾਟੀ ਸੰਗਿ ਰੂਲੇ ॥੪॥੩॥ | who forget their Lord and Master, and roll in the dust. ‖4‖3‖ |

## ੭੯੩ — 793

| | |
|---|---|
| ਸੂਹੀ ਕਬੀਰ ਜੀਉ ਲਲਿਤ ॥ | Soohee, Kabeer Jee, Lallit: |
| ਥਾਕੇ ਨੈਨ ਸ੍ਰਵਨ ਸੁਨਿ ਥਾਕੇ ਥਾਕੀ ਸੁੰਦਰਿ ਕਾਇਆ ॥ | My eyes are exhausted, and my ears are tired of hearing; my beautiful body is exhausted. |
| ਜਰਾ ਹਾਕ ਦੀ ਸਭ ਮਤਿ ਥਾਕੀ ਏਕ ਨ ਥਾਕਸਿ ਮਾਇਆ ॥੧॥ | Driven forward by old age, all my senses are exhausted; only my attachment to Maya is not exhausted. ‖1‖ |
| ਬਾਵਰੇ ਤੈ ਗਿਆਨ ਬੀਚਾਰੁ ਨ ਪਾਇਆ ॥ | O mad man, you have not obtained spiritual wisdom and meditation. |
| ਬਿਰਥਾ ਜਨਮੁ ਗਵਾਇਆ ॥੧॥ ਰਹਾਉ ॥ | You have wasted this human life, and lost. ‖1‖Pause‖ |
| ਤਬ ਲਗੁ ਪ੍ਰਾਨੀ ਤਿਸੈ ਸਰੇਵਹੁ ਜਬ ਲਗੁ ਘਟ ਮਹਿ ਸਾਸਾ ॥ | O mortal, serve the Lord, as long as the breath of life remains in the body. |
| ਜੇ ਘਟੁ ਜਾਇ ਤ ਭਾਉ ਨ ਜਾਸੀ ਹਰਿ ਕੇ ਚਰਨ ਨਿਵਾਸਾ ॥੨॥ | And even when your body dies, your love for the Lord shall not die; you shall dwell at the Feet of the Lord. ‖2‖ |
| ਜਿਸ ਕਉ ਸਬਦੁ ਬਸਾਵੈ ਅੰਤਰਿ ਚੂਕੈ ਤਿਸਹਿ ਪਿਆਸਾ ॥ | When the Word of the Shabad abides deep within, thirst and desire are quenched. |

| | |
|---|---|
| ਹੁਕਮੈ ਬੂਝੈ ਚਉਪੜਿ ਖੇਲੈ ਮਨੁ ਜਿਣਿ ਢਾਲੇ ਪਾਸਾ ॥੩॥ | When one understands the Hukam of the Lord's Command, he plays the game of chess with the Lord; throwing the dice, he conquers his own mind. ‖3‖ |
| ਜੋ ਜਨ ਜਾਨਿ ਭਜਹਿ ਅਬਿਗਤ ਕਉ ਤਿਨ ਕਾ ਕਛੂ ਨ ਨਾਸਾ ॥ | Those humble beings, who know the Imperishable Lord and meditate on Him, are not destroyed at all. |
| ਕਹੁ ਕਬੀਰ ਤੇ ਜਨ ਕਬਹੁ ਨ ਹਾਰਹਿ ਢਾਲਿ ਜੁ ਜਾਨਹਿ ਪਾਸਾ ॥੪॥੪॥ | Says Kabeer, those humble beings who know how to throw these dice, never lose the game of life. ‖4‖4‖ |
| ਸੂਹੀ ਲਲਿਤ ਕਬੀਰ ਜੀਉ ॥ | Soohee, Lalit, Kabeer Jee: |
| ਏਕੁ ਕੋਟੁ ਪੰਚ ਸਿਕਦਾਰਾ ਪੰਚੇ ਮਾਗਹਿ ਹਾਲਾ ॥ | In the one fortress of the body, there are five rulers, and all five demand payment of taxes. |
| ਜਿਮੀ ਨਾਹੀ ਮੈ ਕਿਸੀ ਕੀ ਬੋਈ ਐਸਾ ਦੇਨੁ ਦੁਖਾਲਾ ॥੧॥ | I have not farmed anyone's land, so such payment is difficult for me to pay. ‖1‖ |
| ਹਰਿ ਕੇ ਲੋਗਾ ਮੋ ਕਉ ਨੀਤਿ ਡਸੈ ਪਟਵਾਰੀ ॥ | O people of the Lord, the tax-collector is constantly torturing me! |
| ਊਪਰਿ ਭੁਜਾ ਕਰਿ ਮੈ ਗੁਰ ਪਹਿ ਪੁਕਾਰਿਆ ਤਿਨਿ ਹਉ ਲੀਆ ਉਬਾਰੀ ॥੧॥ ਰਹਾਉ ॥ | Raising my arms up, I complained to my Guru, and He has saved me. ‖1‖Pause‖ |
| ਨਉ ਡਾਡੀ ਦਸ ਮੁੰਸਫ ਧਾਵਹਿ ਰਈਅਤਿ ਬਸਨ ਨ ਦੇਹੀ ॥ | The nine tax-assessors and the ten magistrates go out; they do not allow their subjects to live in peace. |
| ਡੋਰੀ ਪੂਰੀ ਮਾਪਹਿ ਨਾਹੀ ਬਹੁ ਬਿਸਟਾਲਾ ਲੇਹੀ ॥੨॥ | They do not measure with a full tape, and they take huge amounts in bribes. ‖2‖ |
| ਬਹਤਰਿ ਘਰ ਇਕੁ ਪੁਰਖੁ ਸਮਾਇਆ ਉਨਿ ਦੀਆ ਨਾਮੁ ਲਿਖਾਈ ॥ | The One Lord is contained in the seventy-two chambers of the body, and He has written off my account. |
| ਧਰਮ ਰਾਇ ਕਾ ਦਫਤਰੁ ਸੋਧਿਆ ਬਾਕੀ ਰਿਜਮ ਨ ਕਾਈ ॥੩॥ | The records of the Righteous Judge of Dharma have been searched, and I owe absolutely nothing. ‖3‖ |
| ਸੰਤਾ ਕਉ ਮਤਿ ਕੋਈ ਨਿੰਦਹੁ ਸੰਤ ਰਾਮੁ ਹੈ ਏਕੋ ॥ | Let no one slander the Saints, because the Saints and the Lord are as one. |
| ਕਹੁ ਕਬੀਰ ਮੈ ਸੋ ਗੁਰੁ ਪਾਇਆ ਜਾ ਕਾ ਨਾਉ ਬਿਬੇਕੋ ॥੪॥੫॥ | Says Kabeer, I have found that Guru, whose Name is Clear Understanding. ‖4‖5‖ |

| | |
|---|---|
| ਰਾਗੁ ਸੂਹੀ ਬਾਣੀ<br>ਸ੍ਰੀ ਰਵਿਦਾਸ ਜੀਉ ਕੀ | Raag Soohee, The Word Of<br>Sree Ravi Daas Jee: |
| ੴ ਸਤਿਗੁਰ ਪ੍ਰਸਾਦਿ ॥ | One Universal Creator God.<br>By The Grace Of The True Guru: |
| ਸਹ ਕੀ ਸਾਰ ਸੁਹਾਗਨਿ ਜਾਨੈ ॥ | The happy soul-bride knows the worth of her Husband Lord. |
| ਤਜਿ ਅਭਿਮਾਨੁ ਸੁਖ ਰਲੀਆ ਮਾਨੈ ॥ | Renouncing pride, she enjoys peace and pleasure. |
| ਤਨੁ ਮਨੁ ਦੇਇ ਨ ਅੰਤਰੁ ਰਾਖੈ ॥ | She surrenders her body and mind to Him, and does not remain separate from Him. |
| ਅਵਰਾ ਦੇਖਿ ਨ ਸੁਨੈ ਅਭਾਖੈ ॥੧॥ | She does not see or hear, or speak to another. \|\|1\|\| |
| ਸੋ ਕਤ ਜਾਨੈ ਪੀਰ ਪਰਾਈ ॥ | How can anyone know the pain of another, |
| ਜਾ ਕੈ ਅੰਤਰਿ ਦਰਦੁ ਨ ਪਾਈ ॥੧॥ ਰਹਾਉ ॥ | if there is no compassion and sympathy within? \|\|1\|\|Pause\|\| |
| ਦੁਖੀ ਦੁਹਾਗਨਿ ਦੁਇ ਪਖ ਹੀਨੀ ॥ | The discarded bride is miserable, and loses both worlds; |
| ਜਿਨਿ ਨਾਹ ਨਿਰੰਤਰਿ ਭਗਤਿ ਨ ਕੀਨੀ ॥ | she does not worship her Husband Lord. |
| ਪੁਰ ਸਲਾਤ ਕਾ ਪੰਥੁ ਦੁਹੇਲਾ ॥ | The bridge over the fire of hell is difficult and treacherous. |
| ਸੰਗਿ ਨ ਸਾਥੀ ਗਵਨੁ ਇਕੇਲਾ ॥੨॥ | No one will accompany you there; you will have to go all alone. \|\|2\|\| |
| ਦੁਖੀਆ ਦਰਦਵੰਦੁ ਦਰਿ ਆਇਆ ॥ | Suffering in pain, I have come to Your Door,<br>O Compassionate Lord. |
| ਬਹੁਤੁ ਪਿਆਸ ਜਬਾਬੁ ਨ ਪਾਇਆ ॥ | I am so thirsty for You, but You do not answer me. |
| ਕਹਿ ਰਵਿਦਾਸ ਸਰਨਿ ਪ੍ਰਭ ਤੇਰੀ ॥ | Says Ravi Daas, I seek Your Sanctuary, God; |
| ਜਿਉ ਜਾਨਹੁ ਤਿਉ ਕਰੁ ਗਤਿ ਮੇਰੀ ॥੩॥੧॥ | as You know me, so will You save me. \|\|3\|\|1\|\| |
| ਸੂਹੀ ॥ | Soohee: |
| ਜੋ ਦਿਨ ਆਵਹਿ ਸੋ ਦਿਨ ਜਾਹੀ ॥ | That day which comes, that day shall go. |
| ਕਰਨਾ ਕੂਚੁ ਰਹਨੁ ਥਿਰੁ ਨਾਹੀ ॥ | You must march on; nothing remains stable. |
| ਸੰਗੁ ਚਲਤ ਹੈ ਹਮ ਭੀ ਚਲਨਾ ॥ | Our companions are leaving, and we must leave as well. |
| ਦੂਰਿ ਗਵਨੁ ਸਿਰ ਊਪਰਿ ਮਰਨਾ ॥੧॥ | We must go far away. Death is hovering over our heads. \|\|1\|\| |

| ੭੯੪ | 794 |
|---|---|
| ਕਿਆ ਤੂ ਸੋਇਆ ਜਾਗੁ ਇਆਨਾ ॥ | Why are you asleep? Wake up, you ignorant fool! |
| ਤੈ ਜੀਵਨੁ ਜਗਿ ਸਚੁ ਕਰਿ ਜਾਨਾ ॥੧॥ ਰਹਾਉ ॥ | You believe that your life in the world is true. \|\|1\|\|Pause\|\| |
| ਜਿਨਿ ਜੀਉ ਦੀਆ ਸੁ ਰਿਜਕੁ ਅੰਬਰਾਵੈ ॥ | The One who gave you life shall also provide you with nourishment. |
| ਸਭ ਘਟ ਭੀਤਰਿ ਹਾਟੁ ਚਲਾਵੈ ॥ | In each and every heart, He runs His shop. |
| ਕਰਿ ਬੰਦਿਗੀ ਛਾਡਿ ਮੈ ਮੇਰਾ ॥ | Meditate on the Lord, and renounce your egotism and self-conceit. |
| ਹਿਰਦੈ ਨਾਮੁ ਸਮੑਾਰਿ ਸਵੇਰਾ ॥੨॥ | Within your heart, contemplate the Naam, the Name of the Lord, sometime. \|\|2\|\| |
| ਜਨਮੁ ਸਿਰਾਨੋ ਪੰਥੁ ਨ ਸਵਾਰਾ ॥ | Your life has passed away, but you have not arranged your path. |
| ਸਾਂਝ ਪਰੀ ਦਹ ਦਿਸ ਅੰਧਿਆਰਾ ॥ | Evening has set in, and soon there will be darkness on all sides. |
| ਕਹਿ ਰਵਿਦਾਸ ਨਿਦਾਨਿ ਦਿਵਾਨੇ ॥ | Says Ravi Daas, O ignorant mad-man, |
| ਚੇਤਸਿ ਨਾਹੀ ਦੁਨੀਆ ਫਨ ਖਾਨੇ ॥੩॥੨॥ | don't you realize, that this world is the house of death?! \|\|3\|\|2\|\| |
| ਸੂਹੀ ॥ | Soohee: |
| ਊਚੇ ਮੰਦਰ ਸਾਲ ਰਸੋਈ ॥ | You may have lofty mansions, halls and kitchens. |
| ਏਕ ਘਰੀ ਫੁਨਿ ਰਹਨੁ ਨ ਹੋਈ ॥੧॥ | But you cannot stay in them, even for an instant, after death. \|\|1\|\| |
| ਇਹੁ ਤਨੁ ਐਸਾ ਜੈਸੇ ਘਾਸ ਕੀ ਟਾਟੀ ॥ | This body is like a house of straw. |
| ਜਲਿ ਗਇਓ ਘਾਸੁ ਰਲਿ ਗਇਓ ਮਾਟੀ ॥੧॥ ਰਹਾਉ ॥ | When it is burnt, it mixes with dust. \|\|1\|\|Pause\|\| |
| ਭਾਈ ਬੰਧ ਕੁਟੰਬ ਸਹੇਰਾ ॥ ਓਇ ਭੀ ਲਾਗੇ ਕਾਢੁ ਸਵੇਰਾ ॥੨॥ | Even relatives, family and friends begin to say, "Take his body out, immediately!"\|\|2\|\| |
| ਘਰ ਕੀ ਨਾਰਿ ਉਰਹਿ ਤਨ ਲਾਗੀ ॥ | And the wife of his house, who was so attached to his body and heart, |
| ਉਹ ਤਉ ਭੂਤੁ ਭੂਤੁ ਕਰਿ ਭਾਗੀ ॥੩॥ | runs away, crying out, "Ghost! Ghost!"\|\|3\|\| |

| | |
|---|---|
| ਕਹਿ ਰਵਿਦਾਸ ਸਭੈ ਜਗੁ ਲੂਟਿਆ ॥ | Says Ravi Daas, the whole world has been plundered, |
| ਹਮ ਤਉ ਏਕ ਰਾਮੁ ਕਹਿ ਛੂਟਿਆ ॥੪॥੩॥ | but I have escaped, chanting the Name of the One Lord. ‖4‖3‖ |
| ੧ਓ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਰਾਗੁ ਸੂਹੀ ਬਾਣੀ ਸੇਖ ਫਰੀਦ ਜੀ ਕੀ ॥ | Raag Soohee, The Word Of Shaykh Fareed Jee: |
| ਤਪਿ ਤਪਿ ਲੁਹਿ ਲੁਹਿ ਹਾਥ ਮਰੋਰਉ ॥ | Burning and burning, writhing in pain, I wring my hands. |
| ਬਾਵਲਿ ਹੋਈ ਸੋ ਸਹੁ ਲੋਰਉ ॥ | I have gone insane, seeking my Husband Lord. |
| ਤੈ ਸਹਿ ਮਨ ਮਹਿ ਕੀਆ ਰੋਸੁ ॥ | O my Husband Lord, You are angry with me in Your Mind. |
| ਮੁਝੁ ਅਵਗਨ ਸਹ ਨਾਹੀ ਦੋਸੁ ॥੧॥ | The fault is with me, and not with my Husband Lord. ‖1‖ |
| ਤੈ ਸਾਹਿਬ ਕੀ ਮੈ ਸਾਰ ਨ ਜਾਨੀ ॥ | O my Lord and Master, I do not know Your excellence and worth. |
| ਜੋਬਨੁ ਖੋਇ ਪਾਛੈ ਪਛੁਤਾਨੀ ॥੧॥ ਰਹਾਉ ॥ | Having wasted my youth, now I come to regret and repent. ‖1‖Pause‖ |
| ਕਾਲੀ ਕੋਇਲ ਤੂ ਕਿਤ ਗੁਨ ਕਾਲੀ ॥ | O black bird, what qualities have made you black? |
| ਅਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ ॥ | "I have been burnt by separation from my Beloved." |
| ਪਿਰਹਿ ਬਿਹੂਨ ਕਤਹਿ ਸੁਖੁ ਪਾਏ ॥ | Without her Husband Lord, how can the soul-bride ever find peace? |
| ਜਾ ਹੋਇ ਕ੍ਰਿਪਾਲੁ ਤਾ ਪ੍ਰਭੂ ਮਿਲਾਏ ॥੨॥ | When He becomes merciful, then God unites us with Himself. ‖2‖ |
| ਵਿਧਣ ਖੂਹੀ ਮੁੰਧ ਇਕੇਲੀ ॥ | The lonely soul-bride suffers in the pit of the world. |
| ਨਾ ਕੋ ਸਾਥੀ ਨਾ ਕੋ ਬੇਲੀ ॥ | She has no companions, and no friends. |
| ਕਰਿ ਕਿਰਪਾ ਪ੍ਰਭਿ ਸਾਧਸੰਗਿ ਮੇਲੀ ॥ | In His Mercy, God has united me with the Saadh Sangat, the Company of the Holy. |
| ਜਾ ਫਿਰਿ ਦੇਖਾ ਤਾ ਮੇਰਾ ਅਲਹੁ ਬੇਲੀ ॥੩॥ | And when I look again, then I find God as my Helper. ‖3‖ |
| ਵਾਟ ਹਮਾਰੀ ਖਰੀ ਉਡੀਣੀ ॥ | The path upon which I must walk is very depressing. |

| | |
|---|---|
| ਖੰਨਿਅਹੁ ਤਿਖੀ ਬਹੁਤੁ ਪਿਈਣੀ ॥ | It is sharper than a two-edged sword, and very narrow. |
| ਉਸੁ ਊਪਰਿ ਹੈ ਮਾਰਗੁ ਮੇਰਾ ॥ | That is where my path lies. |
| ਸੇਖ ਫਰੀਦਾ ਪੰਥੁ ਸਮ੍ਹਾਰਿ ਸਵੇਰਾ ॥੪॥੧॥ | O Shaykh Fareed, think of that path early on. ‖4‖1‖ |
| ਸੂਹੀ ਲਲਿਤ ॥ | Soohee, Lalit: |
| ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ ॥ | You were not able to make yourself a raft when you should have. |
| ਭਰਿ ਸਰਵਰੁ ਜਬ ਊਛਲੈ ਤਬ ਤਰਣੁ ਦੁਹੇਲਾ ॥੧॥ | When the ocean is churning and over-flowing, then it is very difficult to cross over it. ‖1‖ |
| ਹਥੁ ਨ ਲਾਇ ਕਸੁੰਭੜੈ ਜਲਿ ਜਾਸੀ ਢੋਲਾ ॥੧॥ ਰਹਾਉ ॥ | Do not touch the safflower with your hands; its color will fade away, my dear. ‖1‖Pause‖ |
| ਇਕ ਆਪੀਨ੍ਹੈ ਪਤਲੀ ਸਹ ਕੇਰੇ ਬੋਲਾ ॥ | First, the bride herself is weak, and then, her Husband Lord's Order is hard to bear. |
| ਦੁਧਾ ਥਣੀ ਨ ਆਵਈ ਫਿਰਿ ਹੋਇ ਨ ਮੇਲਾ ॥੨॥ | Milk does not return to the breast; it will not be collected again. ‖2‖ |
| ਕਹੈ ਫਰੀਦੁ ਸਹੇਲੀਹੋ ਸਹੁ ਅਲਾਏਸੀ ॥ | Says Fareed, O my companions, when our Husband Lord calls, |
| ਹੰਸੁ ਚਲਸੀ ਡੁੰਮਣਾ ਅਹਿ ਤਨੁ ਢੇਰੀ ਥੀਸੀ ॥੩॥੨॥ | the soul departs, sad at heart, and this body returns to dust. ‖3‖2‖ |

## ੭੯੫ | 795

| | |
|---|---|
| ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ | One Universal Creator God. Truth Is The Name. Creative Being Personified. No Fear. No Hatred. Image Of The Undying. Beyond Birth. Self-Existent. By Guru's Grace: |
| ਰਾਗੁ ਬਿਲਾਵਲੁ ਮਹਲਾ ੧ ਚਉਪਦੇ ਘਰੁ ੧ ॥ | Raag Bilaaval, First Mehl, Chau-Padas, First House: |
| ਤੂ ਸੁਲਤਾਨੁ ਕਹਾ ਹਉ ਮੀਆ ਤੇਰੀ ਕਵਨ ਵਡਾਈ ॥ | You are the Emperor, and I call You a chief - how does this add to Your greatness? |
| ਜੋ ਤੂ ਦੇਹਿ ਸੁ ਕਹਾ ਸੁਆਮੀ ਮੈ ਮੂਰਖ ਕਹਣੁ ਨ ਜਾਈ ॥੧॥ | As You permit me, I praise You, O Lord and Master; I am ignorant, and I cannot chant Your Praises. ‖1‖ |

ਤੇਰੇ ਗੁਣ ਗਾਵਾ ਦੇਹਿ ਬੁਝਾਈ ॥

Please bless me with such understanding, that I may sing Your Glorious Praises.

ਜੈਸੇ ਸਚ ਮਹਿ ਰਹਉ ਰਜਾਈ ॥੧॥ ਰਹਾਉ ॥

May I dwell in Truth, according to Your Will. ||1||Pause||

ਜੋ ਕਿਛੁ ਹੋਆ ਸਭੁ ਕਿਛੁ ਤੁਝ ਤੇ ਤੇਰੀ ਸਭ ਅਸਨਾਈ ॥

Whatever has happened, has all come from You. You are All-knowing.

ਤੇਰਾ ਅੰਤੁ ਨ ਜਾਣਾ ਮੇਰੇ ਸਾਹਿਬ ਮੈ ਅੰਧੁਲੇ ਕਿਆ ਚਤੁਰਾਈ ॥੨॥

Your limits cannot be known, O my Lord and Master; I am blind - what wisdom do I have? ||2||

ਕਿਆ ਹਉ ਕਥੀ ਕਥੇ ਕਥਿ ਦੇਖਾ ਮੈ ਅਕਥੁ ਨ ਕਥਨਾ ਜਾਈ ॥

What should I say? While talking, I talk of seeing, but I cannot describe the indescribable.

ਜੋ ਤੁਧੁ ਭਾਵੈ ਸੋਈ ਆਖਾ ਤਿਲੁ ਤੇਰੀ ਵਡਿਆਈ ॥੩॥

As it pleases Your Will, I speak; it is just the tiniest bit of Your greatness. ||3||

ਏਤੇ ਕੂਕਰ ਹਉ ਬੇਗਾਨਾ ਭਉਕਾ ਇਸੁ ਤਨ ਤਾਈ ॥

Among so many dogs, I am an outcast; I bark for my body's belly.

ਭਗਤਿ ਹੀਣੁ ਨਾਨਕੁ ਜੇ ਹੋਇਗਾ ਤਾ ਖਸਮੈ ਨਾਉ ਨ ਜਾਈ ॥੪॥੧॥

Without devotional worship, O Nanak, even so, still, my Master's Name does not leave me. ||4||1||

ਬਿਲਾਵਲੁ ਮਹਲਾ ੧ ॥

Bilaawal, First Mehl:

ਮਨੁ ਮੰਦਰੁ ਤਨੁ ਵੇਸ ਕਲੰਦਰੁ ਘਟ ਹੀ ਤੀਰਥਿ ਨਾਵਾ ॥

My mind is the temple, and my body is the simple cloth of the humble seeker; deep within my heart, I bathe at the sacred shrine.

ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ ਬਾਹੁੜਿ ਜਨਮਿ ਨ ਆਵਾ ॥੧॥

The One Word of the Shabad abides within my mind; I shall not come to be born again. ||1||

ਮਨੁ ਬੇਧਿਆ ਦਇਆਲ ਸੇਤੀ ਮੇਰੀ ਮਾਈ ॥

My mind is pierced through by the Merciful Lord, O my mother!

ਕਉਣੁ ਜਾਣੈ ਪੀਰ ਪਰਾਈ ॥

Who can know the pain of another?

ਹਮ ਨਾਹੀ ਚਿੰਤ ਪਰਾਈ ॥੧॥ ਰਹਾਉ ॥

I think of none other than the Lord. ||1||Pause||

ਅਗਮ ਅਗੋਚਰ ਅਲਖ ਅਪਾਰਾ ਚਿੰਤਾ ਕਰਹੁ ਹਮਾਰੀ ॥

O Lord, inaccessible, unfathomable, invisible and infinite: please, take care of me!

| | |
|---|---|
| ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ ਘਟਿ ਘਟਿ ਜੋਤਿ ਤੁਮ੍ਾਰੀ ॥੨॥ | In the water, on the land and in sky, You are totally pervading. Your Light is in each and every heart. \|\|2\|\| |
| ਸਿਖ ਮਤਿ ਸਭ ਬੁਧਿ ਤੁਮ੍ਾਰੀ ਮੰਦਿਰ ਛਾਵਾ ਤੇਰੇ ॥ | All teachings, instructions and understandings are Yours; the mansions and sanctuaries are Yours as well. |
| ਤੁਝ ਬਿਨੁ ਅਵਰੁ ਨ ਜਾਣਾ ਮੇਰੇ ਸਾਹਿਬਾ ਗੁਣ ਗਾਵਾ ਨਿਤ ਤੇਰੇ ॥੩॥ | Without You, I know no other, O my Lord and Master; I continually sing Your Glorious Praises. \|\|3\|\| |
| ਜੀਅ ਜੰਤ ਸਭਿ ਸਰਣਿ ਤੁਮ੍ਾਰੀ ਸਰਬ ਚਿੰਤ ਤੁਧੁ ਪਾਸੇ ॥ | All beings and creatures seek the Protection of Your Sanctuary; all thought of their care rests with You. |
| ਜੋ ਤੁਧੁ ਭਾਵੈ ਸੋਈ ਚੰਗਾ ਇਕ ਨਾਨਕ ਕੀ ਅਰਦਾਸੇ ॥੪॥੨॥ | That which pleases Your Will is good; this alone is Nanak's prayer. \|\|4\|\|2\|\| |
| ਬਿਲਾਵਲੁ ਮਹਲਾ ੧ ॥ | Bilaawal, First Mehl: |
| ਆਪੇ ਸਬਦੁ ਆਪੇ ਨੀਸਾਨੁ ॥ | He Himself is the Word of the Shabad, and He Himself is the Insignia. |
| ਆਪੇ ਸੁਰਤਾ ਆਪੇ ਜਾਨੁ ॥ | He Himself is the Listener, and He Himself is the Knower. |
| ਆਪੇ ਕਰਿ ਕਰਿ ਵੇਖੈ ਤਾਣੁ ॥ | He Himself created the creation, and He Himself beholds His almighty power. |
| ਤੂ ਦਾਤਾ ਨਾਮੁ ਪਰਵਾਣੁ ॥੧॥ | You are the Great Giver; Your Name alone is approved. \|\|1\|\| |
| **੭੯੬** | **796** |
| ਐਸਾ ਨਾਮੁ ਨਿਰੰਜਨ ਦੇਉ ॥ | Such is the Name of the Immaculate, Divine Lord. |
| ਹਉ ਜਾਚਿਕੁ ਤੂ ਅਲਖ ਅਭੇਉ ॥੧॥ ਰਹਾਉ ॥ | I am just a beggar; You are invisible and unknowable. \|\|1\|\|Pause\|\| |
| ਮਾਇਆ ਮੋਹੁ ਧਰਕਟੀ ਨਾਰਿ ॥ ਭੂੰਡੀ ਕਾਮਣਿ ਕਾਮਣਿਆਰਿ ॥ | Love of Maya is like a cursed woman, ugly, dirty and promiscuous. |
| ਰਾਜੁ ਰੂਪੁ ਝੂਠਾ ਦਿਨ ਚਾਰਿ ॥ | Power and beauty are false, and last for only a few days. |
| ਨਾਮੁ ਮਿਲੈ ਚਾਨਣੁ ਅੰਧਿਆਰਿ ॥੨॥ | But when one is blessed with the Naam, the darkness within is illuminated. \|\|2\|\| |
| ਚਖਿ ਛੋਡੀ ਸਹਸਾ ਨਹੀ ਕੋਇ ॥ | I tasted Maya and renounced it, and now, I have no doubts. |
| ਬਾਪੁ ਦਿਸੈ ਵੇਜਾਤਿ ਨ ਹੋਇ ॥ | One whose father is known, cannot be illegitimate. |

| | |
|---|---|
| ਏਕੇ ਕਉ ਨਾਹੀ ਭਉ ਕੋਇ ॥ | One who belongs to the One Lord, has no fear. |
| ਕਰਤਾ ਕਰੇ ਕਰਾਵੈ ਸੋਇ ॥੩॥ | The Creator acts, and causes all to act. \|\|3\|\| |
| ਸਬਦਿ ਮੁਏ ਮਨੁ ਮਨ ਤੇ ਮਾਰਿਆ ॥ | One who dies in the Word of the Shabad conquers his mind, through his mind. |
| ਠਾਕਿ ਰਹੇ ਮਨੁ ਸਾਚੈ ਧਾਰਿਆ ॥ | Keeping his mind restrained, he enshrines the True Lord within his heart. |
| ਅਵਰੁ ਨ ਸੂਝੈ ਗੁਰ ਕਉ ਵਾਰਿਆ ॥ | He does not know any other, and he is a sacrifice to the Guru. |
| ਨਾਨਕ ਨਾਮਿ ਰਤੇ ਨਿਸਤਾਰਿਆ ॥੪॥੩॥ | O Nanak, attuned to the Naam, he is emancipated. \|\|4\|\|3\|\| |
| ਬਿਲਾਵਲੁ ਮਹਲਾ ੧ ॥ | Bilaaval, First Mehl: |
| ਗੁਰ ਬਚਨੀ ਮਨੁ ਸਹਜ ਧਿਆਨੇ ॥ | Through the Word of the Guru's Teachings, the mind intuitively meditates on the Lord. |
| ਹਰਿ ਕੈ ਰੰਗਿ ਰਤਾ ਮਨੁ ਮਾਨੇ ॥ | Imbued with the Lord's Love, the mind is satisfied. |
| ਮਨਮੁਖ ਭਰਮਿ ਭੁਲੇ ਬਉਰਾਨੇ ॥ | The insane, self-willed manmukhs wander around, deluded by doubt. |
| ਹਰਿ ਬਿਨੁ ਕਿਉ ਰਹੀਐ ਗੁਰ ਸਬਦਿ ਪਛਾਨੇ ॥੧॥ | Without the Lord, how can anyone survive? Through the Word of the Guru's Shabad, He is realized. \|\|1\|\| |
| ਬਿਨੁ ਦਰਸਨ ਕੈਸੇ ਜੀਵਉ ਮੇਰੀ ਮਾਈ ॥ | Without the Blessed Vision of His Darshan, how can I live, O my mother? |
| ਹਰਿ ਬਿਨੁ ਜੀਅਰਾ ਰਹਿ ਨ ਸਕੈ ਖਿਨੁ ਸਤਿਗੁਰਿ ਬੂਝ ਬੁਝਾਈ ॥੧॥ ਰਹਾਉ ॥ | Without the Lord, my soul cannot survive, even for an instant; the True Guru has helped me understand this. \|\|1\|\|Pause\|\| |
| ਮੇਰਾ ਪ੍ਰਭੁ ਬਿਸਰੈ ਹਉ ਮਰਉ ਦੁਖਾਲੀ ॥ | Forgetting my God, I die in pain. |
| ਸਾਸਿ ਗਿਰਾਸਿ ਜਪਉ ਅਪੁਨੇ ਹਰਿ ਭਾਲੀ ॥ | With each breath and morsel of food, I meditate on my Lord, and seek Him. |
| ਸਦ ਬੈਰਾਗਨਿ ਹਰਿ ਨਾਮੁ ਨਿਹਾਲੀ ॥ | I remain always detached, but I am enraptured with the Lord's Name. |
| ਅਬ ਜਾਨੇ ਗੁਰਮੁਖਿ ਹਰਿ ਨਾਲੀ ॥੨॥ | Now, as Gurmukh, I know that the Lord is always with me. \|\|2\|\| |
| ਅਕਥ ਕਥਾ ਕਹੀਐ ਗੁਰ ਭਾਇ ॥ | The Unspoken Speech is spoken, by the Will of the Guru. |

| | |
|---|---|
| ਪ੍ਰਭੁ ਅਗਮ ਅਗੋਚਰੁ ਦੇਇ ਦਿਖਾਇ ॥ | He shows us that God is unapproachable and unfathomable. |
| ਬਿਨੁ ਗੁਰ ਕਰਣੀ ਕਿਆ ਕਾਰ ਕਮਾਇ ॥ | Without the Guru, what lifestyle could we practice, and what work could we do? |
| ਹਉਮੈ ਮੇਟਿ ਚਲੈ ਗੁਰ ਸਬਦਿ ਸਮਾਇ ॥੩॥ | Eradicating egotism, and walking in harmony with the Guru's Will, I am absorbed in the Word of the Shabad. \|\|3\|\| |
| ਮਨਮੁਖੁ ਵਿਛੁੜੈ ਖੋਟੀ ਰਾਸਿ ॥ | The self-willed manmukhs are separated from the Lord, gathering false wealth. |
| ਗੁਰਮੁਖਿ ਨਾਮਿ ਮਿਲੈ ਸਾਬਾਸਿ ॥ | The Gurmukhs are celebrated with the glory of the Naam, the Name of the Lord. |
| ਹਰਿ ਕਿਰਪਾ ਧਾਰੀ ਦਾਸਨਿ ਦਾਸ ॥ | The Lord has showered His Mercy upon me, and made me the slave of His slaves. |
| ਜਨ ਨਾਨਕ ਹਰਿ ਨਾਮ ਧਨੁ ਰਾਸਿ ॥੪॥੪॥ | The Name of the Lord is the wealth and capital of servant Nanak. \|\|4\|\|4\|\| |
| ਬਿਲਾਵਲੁ ਮਹਲਾ ੩ ਘਰੁ ੧ | Bilaaval, Third Mehl, First House: |
| ੧ਓ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਧ੍ਰਿਗੁ ਧ੍ਰਿਗੁ ਖਾਇਆ ਧ੍ਰਿਗੁ ਧ੍ਰਿਗੁ ਸੋਇਆ ਧ੍ਰਿਗੁ ਧ੍ਰਿਗੁ ਕਾਪੜੁ ਅੰਗਿ ਚੜਾਇਆ ॥ | Cursed, cursed is the food; cursed, cursed is the sleep; cursed, cursed are the clothes worn on the body. |
| ਧ੍ਰਿਗੁ ਸਰੀਰੁ ਕੁਟੰਬ ਸਹਿਤ ਸਿਉ ਜਿਤੁ ਹੁਣਿ ਖਸਮੁ ਨ ਪਾਇਆ ॥ | Cursed is the body, along with family and friends, when one does not find his Lord and Master in this life. |
| ਪਉੜੀ ਛੁੜਕੀ ਫਿਰਿ ਹਾਥਿ ਨ ਆਵੈ ਅਹਿਲਾ ਜਨਮੁ ਗਵਾਇਆ ॥੧॥ | He misses the step of the ladder, and this opportunity will not come into his hands again; his life is wasted, uselessly. \|\|1\|\| |
| ਦੂਜਾ ਭਾਉ ਨ ਦੇਈ ਲਿਵ ਲਾਗਣਿ ਜਿਨਿ ਹਰਿ ਕੇ ਚਰਣ ਵਿਸਾਰੇ ॥ | The love of duality does not allow him to lovingly focus his attention on the Lord; he forgets the Feet of the Lord. |
| ਜਗਜੀਵਨ ਦਾਤਾ ਜਨ ਸੇਵਕ ਤੇਰੇ ਤਿਨ ਕੇ ਤੈ ਦੂਖ ਨਿਵਾਰੇ ॥੧॥ ਰਹਾਉ ॥ | O Life of the World, O Great Giver, you eradicate the sorrows of your humble servants. \|\|1\|\|Pause\|\| |
| ਤੂ ਦਇਆਲੁ ਦਇਆਪਤਿ ਦਾਤਾ ਕਿਆ ਏਹਿ ਜੰਤ ਵਿਚਾਰੇ ॥ | You are Merciful, O Great Giver of Mercy; what are these poor beings? |

ਮੁਕਤ ਬੰਧ ਸਭਿ ਤੁਝ ਤੇ ਹੋਏ ਐਸਾ ਆਖਿ ਵਖਾਣੇ ॥

All are liberated or placed into bondage by You; this is all one can say.

ਗੁਰਮੁਖਿ ਹੋਵੈ ਸੋ ਮੁਕਤੁ ਕਹੀਐ ਮਨਮੁਖ ਬੰਧ ਵਿਚਾਰੇ ॥੨॥

One who becomes Gurmukh is said to be liberated, while the poor self-willed manmukhs are in bondage. ||2||

ਸੋ ਜਨੁ ਮੁਕਤੁ ਜਿਸੁ ਏਕ ਲਿਵ ਲਾਗੀ ਸਦਾ ਰਹੈ ਹਰਿ ਨਾਲੇ ॥

He alone is liberated, who lovingly focuses his attention on the One Lord, always dwelling with the Lord.

ਤਿਨ ਕੀ ਗਹਣ ਗਤਿ ਕਹੀ ਨ ਜਾਈ ਸਚੈ ਆਪਿ ਸਵਾਰੇ ॥

His depth and condition cannot be described. The True Lord Himself embellishes him.

## ੭੯੭ — 797

ਭਰਮਿ ਭੁਲਾਣੇ ਸਿ ਮਨਮੁਖ ਕਹੀਅਹਿ ਨਾ ਉਰਵਾਰਿ ਨ ਪਾਰੇ ॥੩॥

Those who wander around, deluded by doubt, are called manmukhs; they are neither on this side, nor on the other side. ||3||

ਜਿਸ ਨੋ ਨਦਰਿ ਕਰੇ ਸੋਈ ਜਨੁ ਪਾਏ ਗੁਰ ਕਾ ਸਬਦੁ ਸਮ੍ਾਲੇ ॥

That humble being, who is blessed by the Lord's Glance of Grace obtains Him, and contemplates the Word of the Guru's Shabad.

ਹਰਿ ਜਨ ਮਾਇਆ ਮਾਹਿ ਨਿਸਤਾਰੇ ॥

In the midst of Maya, the Lord's servant is emancipated.

ਨਾਨਕ ਭਾਗੁ ਹੋਵੈ ਜਿਸੁ ਮਸਤਕਿ ਕਾਲਹਿ ਮਾਰਿ ਬਿਦਾਰੇ ॥੪॥੧॥

O Nanak, one who has such destiny inscribed upon his forehead, conquers and destroys death. ||4||1||

### ਬਿਲਾਵਲੁ ਮਹਲਾ ੩ ॥ — Bilaaval, Third Mehl:

ਅਤੁਲੁ ਕਿਉ ਤੋਲਿਆ ਜਾਇ ॥

How can the unweighable be weighed?

ਦੂਜਾ ਹੋਇ ਤ ਸੋਝੀ ਪਾਇ ॥

If there is anyone else as great, then he alone could understand the Lord.

ਤਿਸ ਤੇ ਦੂਜਾ ਨਾਹੀ ਕੋਇ ॥

There is no other than Him.

ਤਿਸ ਦੀ ਕੀਮਤਿ ਕਿਕੂ ਹੋਇ ॥੧॥

How can His value be estimated? ||1||

ਗੁਰ ਪਰਸਾਦਿ ਵਸੈ ਮਨਿ ਆਇ ॥

By Guru's Grace, He comes to dwell in the mind.

ਤਾ ਕੋ ਜਾਣੈ ਦੁਬਿਧਾ ਜਾਇ ॥੧॥ ਰਹਾਉ ॥

One comes to know Him, when duality departs. ||1||Pause||

ਆਪਿ ਸਰਾਫੁ ਕਸਵਟੀ ਲਾਏ ॥

He Himself is the Assayer, applying the touch-stone to test it.

| | |
|---|---|
| ਆਪੇ ਪਰਖੇ ਆਪਿ ਚਲਾਏ ॥ | He Himself analyzes the coin, and He Himself approves it as currency. |
| ਆਪੇ ਤੋਲੇ ਪੂਰਾ ਹੋਇ ॥ | He Himself weights it perfectly. |
| ਆਪੇ ਜਾਣੈ ਏਕੋ ਸੋਇ ॥੨॥ | He alone knows; He is the One and Only Lord. \|\|2\|\| |
| ਮਾਇਆ ਕਾ ਰੂਪੁ ਸਭੁ ਤਿਸ ਤੇ ਹੋਇ ॥ | All the forms of Maya emanate from Him. |
| ਜਿਸ ਨੋ ਮੇਲੇ ਸੁ ਨਿਰਮਲੁ ਹੋਇ ॥ | He alone becomes pure and immaculate, who is united with the Lord. |
| ਜਿਸ ਨੋ ਲਾਏ ਲਗੈ ਤਿਸੁ ਆਇ ॥ | He alone is attached, whom the Lord attaches. |
| ਸਭੁ ਸਚੁ ਦਿਖਾਲੇ ਤਾ ਸਚਿ ਸਮਾਇ ॥੩॥ | All Truth is revealed to him, and then, he merges in the True Lord. \|\|3\|\| |
| ਆਪੇ ਲਿਵ ਧਾਤੁ ਹੈ ਆਪੇ ॥ | He Himself leads the mortals to focus on Him, and He Himself causes them to chase after Maya. |
| ਆਪਿ ਬੁਝਾਏ ਆਪੇ ਜਾਪੇ ॥ | He Himself imparts understanding, and He reveals Himself. |
| ਆਪੇ ਸਤਿਗੁਰੁ ਸਬਦੁ ਹੈ ਆਪੇ ॥ | He Himself is the True Guru, and He Himself is the Word of the Shabad. |
| ਨਾਨਕ ਆਖਿ ਸੁਣਾਏ ਆਪੇ ॥੪॥੨॥ | O Nanak, He Himself speaks and teaches. \|\|4\|\|2\|\| |
| ਬਿਲਾਵਲੁ ਮਹਲਾ ੩ ॥ | Bilaaval, Third Mehl: |
| ਸਾਹਿਬ ਤੇ ਸੇਵਕੁ ਸੇਵ ਸਾਹਿਬ ਤੇ ਕਿਆ ਕੋ ਕਹੈ ਬਹਾਨਾ ॥ | My Lord and Master has made me His servant, and blessed me with His service; how can anyone argue about this? |
| ਐਸਾ ਇਕੁ ਤੇਰਾ ਖੇਲੁ ਬਨਿਆ ਹੈ ਸਭ ਮਹਿ ਏਕੁ ਸਮਾਨਾ ॥੧॥ | Such is Your play, One and Only Lord; You are the One, contained among all. \|\|1\|\| |
| ਸਤਿਗੁਰਿ ਪਰਚੈ ਹਰਿ ਨਾਮਿ ਸਮਾਨਾ ॥ ਜਿਸੁ ਕਰਮੁ ਹੋਵੈ ਸੋ ਸਤਿਗੁਰੁ ਪਾਏ ਅਨਦਿਨੁ ਲਾਗੈ ਸਹਜ ਧਿਆਨਾ ॥੧॥ ਰਹਾਉ ॥ | When the True Guru is pleased and appeased, one is absorbed in the Lord's Name. One who is blessed by the Lord's Mercy, finds the True Guru; night and day, he automatically remains focused on the Lord's meditation. \|\|1\|\|Pause\|\| |
| ਕਿਆ ਕੋਈ ਤੇਰੀ ਸੇਵਾ ਕਰੇ ਕਿਆ ਕੋ ਕਰੇ ਅਭਿਮਾਨਾ ॥ | How can I serve You? How can I be proud of this? |
| ਜਬ ਅਪੁਨੀ ਜੋਤਿ ਖਿੰਚਹਿ ਤੂ ਸੁਆਮੀ ਤਬ ਕੋਈ ਕਰਉ ਦਿਖਾ ਵਖਿਆਨਾ ॥੨॥ | When You withdraw Your Light, O Lord and Master, then who can speak and teach? \|\|2\|\| |

ਆਪੇ ਗੁਰੁ ਚੇਲਾ ਹੈ ਆਪੇ ਆਪੇ ਗੁਣੀ ਨਿਧਾਨਾ ॥

You Yourself are the Guru, and You Yourself are the chaylaa, the humble disciple; You Yourself are the treasure of virtue.

ਜਿਉ ਆਪਿ ਚਲਾਏ ਤਿਵੈ ਕੋਈ ਚਾਲੈ ਜਿਉ ਹਰਿ ਭਾਵੈ ਭਗਵਾਨਾ ॥੩॥

As You cause us to move, so do we move, according to the Pleasure of Your Will, O Lord God. ||3||

ਕਹਤ ਨਾਨਕੁ ਤੂ ਸਾਚਾ ਸਾਹਿਬੁ ਕਉਣੁ ਜਾਣੈ ਤੇਰੇ ਕਾਮਾਂ ॥

Says Nanak, You are the True Lord and Master; who can know Your actions?

